BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

You dont marry the person you can live with
You marry the person you can't live without
ROKA USA.com
Coming Soon

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fourth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 10, March 11, 2023
20451 N. Plum Grove Rd., Palatine, IL 60074
Ph:847-359-0746, Fax:847-705-9388

# ਪੰਜਾਬ ਵਿਧਾਨ ਸਭਾ ਜੰਗ ਦਾ ਅਖਾੜਾ ਬਣੀ

## ਭਗਵੰਤ ਮਾਨ ਅਤੇ ਮੰਤਰੀਆਂ ਦੀਆਂ ਵਿਰੋਧੀ ਧਿਰਾਂ ਨਾਲ 'ਝੜਪਾਂ'

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਵਿਰੋਧੀ ਧਿਰਾਂ ਨੇ ਭ੍ਰਿਸ਼ਟਾਚਾਰ ਅਤੇ ਲਾਕਾਨੂੰਨੀ ਦੇ ਮੁੱਦੇ ਉਤੇ ਮਾਨ ਸਰਕਾਰ ਨੂੰ ਘੇਰਨ ਲਈ ਟਿੱਲ ਲਾ ਦਿੱਤਾ ਹੈ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦੇ ਮੰਤਰੀਆਂ ਦੀਆਂ ਵਿਰੋਧੀ ਧਿਰਾਂ ਦੇ ਆਗੂਆਂ ਨਾਲ 'ਝੜਪਾਂ' ਨੇ ਵਿਧਾਨ ਸਭਾ ਅੰਦਰ ਮਾਹੌਲ ਭਖਾ ਦਿੱਤਾ। ਰਾਜਪਾਲ ਦੇ ਭਾਸ਼ਣ 'ਤੇ ਬਹਿਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਭ੍ਰਿਸ਼ਟਾਚਾਰ' ਦੇ ਮੁੱਦੇ ਉਤੇ ਖਹਿਬੜ ਪਏ। ਦੋਵੇਂ ਆਗੂ ਪਹਿਲਾਂ ਮਿਹਣੋ-ਮਿਹਣੀ ਹੋਏ ਅਤੇ ਪਿੱਛੋਂ ਮਾਹੌਲ ਤਿੱਖੀ ਤਕਰਾਰ ਵਿਚ ਬਦਲ ਗਿਆ। ਦੋਵਾਂ ਨੇ ਇਕ ਦੂਜੇ 'ਤੇ ਜੰਮ ਕੇ ਹੱਲੇ ਬੋਲੇ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਦਾ ਪੈਸਾ ਖਾਣ ਵਾਲਿਆਂ ਤੋਂ ਇਕ-ਇਕ ਪੈਸੇ ਦਾ ਹਿਸਾਬ ਲੈਣਗੇ। ਉਧਰ, ਬਾਜਵਾ ਨੇ ਮੁੱਖ ਮੰਤਰੀ 'ਤੇ ਵਿਰੋਧੀ ਧਿਰ ਦੇ ਸਾਰੇ ਮੈਂਬਰਾਂ ਨੂੰ ਧਮਕਾਉਣ ਅਤੇ ਮਾੜੀ ਸ਼ਬਦਾਵਲੀ ਵਰਤਣ ਦਾ ਦੋਸ਼ ਲਾਇਆ। ਬਾਜਵਾ ਨੇ ਇਥੋਂ ਤੱਕ ਆਖ ਦਿੱਤਾ ਕਿ ਭਵਿੱਖ 'ਚ ਕਿਸੇ ਮੈਂਬਰ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਲਈ ਸਿੱਧੇ ਤੌਰ 'ਤੇ ਮੁੱਖ ਮੰਤਰੀ ਜ਼ਿੰਮੇਵਾਰ ਹੋਣਗੇ। ਸੁਖਪਾਲ ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਬਿਨਾ ਕਿਸੇ ਕੇਸ ਦੇ ਪਹਿਲਾਂ ਹੀ ਸਾਰੇ ਮੈਂਬਰਾਂ ਨੂੰ ਨਾਮਜ਼ਦ ਕਰ ਦਿੱਤਾ ਹੈ। ਅਕਾਲੀ ਦਲ, ਬਸਪਾ ਅਤੇ ਭਾਜਪਾ ਦੇ ਵਿਧਾਇਕ ਨੇ ਇਹ ਸਾਰਾ ਸਿਆਸੀ ਤਮਾਸ਼ਾ ਚੁੱਪਚਾਪ ਦੇਖਿਆ। ਮੁੱਖ ਮੰਤਰੀ ਨੇ ਤਾਂ ਬਾਜਵਾ ਅੱਗੇ 'ਕੁਰੱਪਟ' ਲੋਕਾਂ ਨਾਲ ਨਜਿੱਠਣ ਦਾ ਰੋਡ ਮੈਪ ਹੀ ਰੱਖ ਦਿੱਤਾ। ਦੋਵਾਂ ਨੇ ਇਕ ਦੂਜੇ ਉਤੇ ਧਮਕੀ ਦਿੱਤੇ ਜਾਣ ਦੇ ਇਲਜ਼ਾਮ ਵੀ ਲਾਏ। ਮਾਨ ਨੇ ਤਿੱਖੇ ਅੰਦਾਜ਼ 'ਚ ਕਿਹਾ ਕਿ ਜਨਤਾ ਦੇ ਪੈਸੇ ਦੀ ਦੁਰਵਰਤੋਂ ਕਰਨ



ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਚਾਹੇ ਕੋਈ ਵੀ ਹੋਵੇ। ਉਨ੍ਹਾਂ ਕਿਹਾ ਕਿ ਜਦੋਂ ਅਮਰਿੰਦਰ ਸਿੰਘ 40 ਜਣਿਆਂ ਦੀ ਸੂਚੀ ਸੋਨੀਆ ਗਾਂਧੀ ਕੋਲ ਲੈ ਕੇ ਗਏ ਸਨ ਤਾਂ ਅੱਗਿਓਂ ਪਾਰਟੀ ਦੀ ਬਦਨਾਮੀ ਦੇ ਡਰੋਂ ਚੁੱਪ ਕਰਾ ਦਿੱਤਾ ਗਿਆ ਸੀ। ਜਦੋਂ ਮੁੱਖ ਮੰਤਰੀ ਨੇ ਵਿਰੋਧੀ ਧਿਰ ਦੇ ਬੈਂਚਾਂ ਵੱਲ ਇਸ਼ਾਰਾ ਕਰ ਕੇ ਕਿਹਾ ਕਿ 'ਤੁਸੀਂ ਆਪਣੀ ਪਾਰਟੀ ਬਚਾ ਲਓ, ਪਹਿਲੀ ਕਤਾਰ ਵਾਲੇ ਜਾਖੜ, ਮਨਪ੍ਰੀਤ ਬਾਦਲ, ਫਤਹਿਜੰਗ ਬਾਜਵਾ, ਕਾਂਗੜ ਤੇ ਬਲਬੀਰ ਸਿੱਧੂ ਅੱਜ ਕਿੱਥੇ ਨੇ।' ਅੱਗਿਓਂ ਬਾਜਵਾ ਨੇ ਆਖ ਦਿੱਤਾ ਕਿ 'ਚੰਦ ਦਿਨ ਹੀ ਲੱਗਣੇ ਨੇ, ਦਿੱਲੀ ਆਲੇ ਤੁਹਾਡੇ ਗੁਆਂਢ ਬਹਿਣ ਵਾਲੇ ਨੇ ਤੇ ਤੁਸੀਂ ਵੀ ਆਪਣੀ ਤਿਆਰੀ ਰੱਖੋ।' ਮੁੱਖ ਮੰਤਰੀ ਨੇ ਇਸ 'ਤੇ ਕਿਹਾ ਕਿ 'ਸਾਡੀ ਕਮੀਜ਼ 'ਤੇ ਕੋਈ ਧੱਬੇ ਨਹੀਂ'। ਜਵਾਬ 'ਚ ਬਾਜਵਾ ਨੇ ਕਿਹਾ ਕਿ 'ਤੁਹਾਡੀ ਕਮੀਜ਼ ਹੀ ਪਾਟ ਜਾਣੀ ਹੈ।' ਬਾਜਵਾ ਨੇ ਰੇਤਾ ਬਜਰੀ 'ਚੋਂ 20 ਹਜ਼ਾਰ ਕਰੋੜ ਦੀ ਕਮਾਈ ਦੇ ਦਾਅਵੇ 'ਤੇ ਸੁਆਲ ਚੁੱਕਿਆ ਤਾਂ ਅੱਗਿਓਂ ਮੁੱਖ ਮੰਤਰੀ ਨੇ ਕਿਹਾ ਕਿ 'ਕਿਹੜੇ-ਕਿਹੜੇ ਮਾਫ਼ੀਆ ਫੜੇ ਨੇ, ਚਿੱਠੇ ਵੱਡੇ ਵੱਡੇ ਨੇ, ਚੰਨੀ ਦਾ ਵੀ ਨਾਮ ਹੈ।' ਮੁੱਖ ਮੰਤਰੀ ਨੇ ਬਾਜਵਾ ਨੂੰ ਕਿਹਾ ਕਿ 'ਤੁਸੀਂ ਭ੍ਰਿਸ਼ਟਾਚਾਰੀਆਂ ਨੂੰ ਬਚਾ ਰਹੇ ਹੋ।' ਮਾਹੌਲ ਉਦੋਂ ਭਖ ਗਿਆ ਜਦੋਂ ਬਾਜਵਾ ਦੇ ਪਿੱਛੇ ਸੁਖਪਾਲ ਸਿੰਘ ਖਹਿਰਾ ਖੜ੍ਹੇ ਹੋ ਕੇ ਬੋਲਣ ਲੱਗੇ। ਸੱਤਾਧਾਰੀ ਬੈਂਚ ਤੋਂ ਸਾਰੇ ਵਿਧਾਇਕ ਤੇ ਵਜ਼ੀਰ ਖਹਿਰਾ ਨੂੰ ਇਕਦਮ ਪੈ ਨਿਕਲੇ ਅਤੇ ਮੁੱਖ ਮੰਤਰੀ ਨੇ ਕਿਹਾ ਕਿ 'ਖਹਿਰਾ ਟਵੀਟੋ-ਟਵੀਟੀ ਖੇਡ ਲਵੇ, ਇਸ ਨਾਲ ਕੋਈ ਗੱਲ ਨਹੀਂ'।

ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ 'ਚ ਸਿਫਰ ਕਾਲ ਦੌਰਾਨ ਸਿੰਗਾਪੁਰ 'ਚ ਸਿਖਲਾਈ ਲਈ ਭੇਜੇ ਪ੍ਰਿੰਸੀਪਲਾਂ ਦੇ ਮਾਮਲੇ 'ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ 'ਚ ਤਿੱਖੀ ਝੜਪ ਹੋਈ। ਵਿਦੇਸ਼ੀ ਸਿਖਲਾਈ ਲਈ ਭੇਜੇ ਪ੍ਰਿੰਸੀਪਲਾਂ ਦੀ ਚੋਣ ਲਈ ਸੇਵਾਮੁਕਤੀ ਤੋਂ ਪਹਿਲਾਂ ਦੀ ਪੰਜ ਸਾਲ ਦੀ ਸ਼ਰਤ ਸਬੰਧੀ ਸੁਖਪਾਲ ਖਹਿਰਾ ਨੇ ਇਕ ਪੱਤਰ ਦੇ ਹਵਾਲੇ ਨਾਲ ਸਿੱਖਿਆ ਮੰਤਰੀ ਨੂੰ ਘੇਰਨਾ ਚਾਹਿਆ। ਜਦੋਂ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਪਲਟਵਾਰ ਕੀਤਾ ਤਾਂ ਖਹਿਰਾ ਫਸਦੇ ਨਜ਼ਰ ਆਏ।

ਰਾਜਪਾਲ ਦੇ ਭਾਸ਼ਣ 'ਤੇ ਬਹਿਸ ਦੇ ਆਖ਼ਰੀ ਪੜਾਅ 'ਤੇ ਸਿੰਜਾਈ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਅਮਨ ਕਾਨੂੰਨ ਦੀ ਵਿਵਸਥਾ ਦੇ ਮੁੱਦੇ 'ਤੇ ਆਹਮੋ-ਸਾਹਮਣੇ

(ਬਾਕੀ ਸਫਾ 6 'ਤੇ)

## ਅਕਾਲੀ ਦਲ ਤੇ ਕਾਂਗਰਸ ਵੱਲੋਂ ਰਾਜਪਾਲ ਕੋਲ ਪਹੁੰਚ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਆਗੂਆਂ ਦੇ ਵਫ਼ਦ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਚੰਡੀਗੜ੍ਹ ਰਾਜ ਭਵਨ ਵਿਚ ਮੁਲਾਕਾਤ ਕਰ ਕੇ ਮੰਗ ਪੱਤਰ ਸੌਂਪਿਆ। ਅਕਾਲੀ ਦਲ ਦੇ ਵਫ਼ਦ ਨੇ ਰਾਜਪਾਲ ਨੂੰ ਪੰਜਾਬ ਵਿਚ ਲਗਾਤਾਰ ਵਿਗੜ ਰਹੀ ਅਮਨ ਤੇ ਕਾਨੂੰਨ ਦੀ ਸਥਿਤੀ ਤੋਂ ਜਾਣੂ ਕਰਵਾਇਆ। ਇਸ ਦੇ ਨਾਲ ਹੀ ਸੂਬੇ 'ਚ ਕਾਨੂੰਨ ਵਿਵਸਥਾ ਬਰਕਰਾਰ ਰੱਖਣ ਵਿਚ ਨਾਕਾਮ ਰਹਿਣ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬਰਖ਼ਾਸਤ ਕਰਨ ਦੀ ਮੰਗ ਕੀਤੀ। ਇਸੇ ਤਰ੍ਹਾਂ ਕਾਂਗਰਸ ਵਿਧਾਇਕ ਦਲ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕੀਤੀ ਤੇ ਮੰਗ ਪੱਤਰ ਸੌਂਪਿਆ। ਕਾਂਗਰਸੀ ਵਿਧਾਇਕਾਂ ਨੇ ਪੰਜਾਬ ਦੀ ਆਬਕਾਰੀ ਨੀਤੀ ਅਤੇ ਰੇਤ ਮਾਫੀਆ ਨੂੰ ਲੈ ਕੇ ਮੌਜੂਦਾ 'ਆਪ' ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ।

# ਅੰਮ੍ਰਿਤਪਾਲ ਸਿੰਘ ਦੇ ਹਥਿਆਰਬੰਦ ਸਮਰਥਕਾਂ ਖਿਲਾਫ ਕਾਰਵਾਈ ਹੋਵੇਗੀ



**ਚੰਡੀਗੜ੍ਹ:** ਖਾਲਿਸਤਾਨੀ ਵਿਚਾਰਧਾਰਾ ਦੇ ਹਮਾਇਤੀ ਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਮਰਥਕਾਂ ਵੱਲੋਂ ਅਜਨਾਲਾ ਥਾਣੇ ਉਤੇ ਬੋਲੇ ਧਾਵੇ ਮਗਰੋਂ ਪੰਜਾਬ ਸਰਕਾਰ ਨੇ ਹੁਣ ਇਨ੍ਹਾਂ ਦੇ ਅਸਲਾ ਲਾਇਸੈਂਸ ਰੱਦ ਕਰਨ ਦੀ ਤਿਆਰੀ ਖਿੱਚ ਲਈ ਹੈ। ਅੰਮ੍ਰਿਤਪਾਲ ਸਿੰਘ ਤੇ ਉਸ ਦੀ ਸੁਰੱਖਿਆ ਵਿਚ ਸ਼ਾਮਲ ਅੱਠ ਹਮਾਇਤੀਆਂ ਦੇ ਅਸਲਾ ਲਾਇਸੈਂਸਾਂ 'ਤੇ ਨਜ਼ਰਸਾਨੀ ਦੇ ਹੁਕਮ ਦਿੱਤੇ ਗਏ ਹਨ।ਪਤਾ ਲੱਗਾ ਹੈ ਕਿ ਇਨ੍ਹਾਂ ਵਿਚੋਂ ਦੋ ਹਮਾਇਤੀ ਭਾਵੇਂ ਪੰਜਾਬ ਦੇ ਵਸਨੀਕ ਹਨ ਪਰ ਉਨ੍ਹਾਂ ਅਸਲਾ ਲਾਇਸੈਂਸ ਜੰਮੂ ਕਸ਼ਮੀਰ ਤੋਂ ਲਏ ਹਨ। ਅੰਮ੍ਰਿਤਪਾਲ ਸਿੰਘ ਦੇ ਇਕ ਹੋਰ ਹਮਾਇਤੀ ਗੁਰਭੇਜ ਸਿੰਘ ਵਾਸੀ ਬਾਜਾਖਾਨਾ (ਫਰੀਦਕੋਟ) ਦਾ ਲਾਇਸੈਂਸ 20 ਫਰਵਰੀ ਨੂੰ ਪਹਿਲਾਂ ਹੀ ਰੱਦ ਕੀਤਾ ਜਾ ਚੁੱਕਾ ਹੈ। ਉਸ ਕੋਲ .32 ਬੋਰ ਰਿਵਾਲਵਰ ਤੇ .315 ਬੋਰ ਰਾਈਫਲ ਦਾ ਲਾਇਸੈਂਸ ਸੀ। ਅੰਮ੍ਰਿਤਪਾਲ ਸਿੰਘ ਦੇ ਦੋ ਹੋਰ ਸਮਰਥਕ ਵਰਿੰਦਰ ਸਿੰਘ ਤੇ ਤਲਵਿੰਦਰ ਸਿੰਘ ਤਰਨ ਤਾਰਨ ਦੇ ਵਸਨੀਕ ਹਨ ਪਰ ਉਨ੍ਹਾਂ ਨੂੰ ਅਸਲਾ ਲਾਇਸੈਂਸ ਕ੍ਰਮਵਾਰ ਕਿਸ਼ਤਵਾੜ ਤੇ ਜੰਮੂ

(ਬਾਕੀ ਸਫਾ 6 'ਤੇ)

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
Banquet Hall Available Up to 550 People
Amber Indian Restau-
Restaurant-Fine Indian Cuisine
12510 N. Meridian St., Carmel, IN
We do private party's & catering at your
Call, Lakhvir S. Johal
www.indianpalaceindy.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
3312 Klondike Rd, West Lafayette, IN 47906
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:

Buying Or Selling Home In Chicagoland And Suburbs ?
We Can Help You With
Buying
Selling
Investing
Managing
Call For More Info:
+1 847-322-5832
ishowhomes@yahoo.com
20 S Roselle Rd Schaumburg IL 60193
Pradeep Singh
Realtor (14 Years of Experience)

Regal Jewels
RAJVEER GILL
847-907-1525
NEW SPECIALS EVERY MONTH
22KT GOLD & DIAMONDS
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
2625 W. Devon Ave. Chicago, IL 60659
773-262-4377
773-517-0574
www.RegalJewels.com

# ਗੈਂਗਸਟਰਾਂ ਦੇ ਖੌਫ ਅੱਗੇ ਜੇਲ੍ਹ ਪ੍ਰਸ਼ਾਸਨ ਵੀ ਬੇਵੱਸ ਹੋਇਆ

**ਸ੍ਰੀ ਗੋਇੰਦਵਾਲ ਸਾਹਿਬ:** ਕੇਂਦਰੀ ਜੇਲ੍ਹ ਗੋਇੰਦਵਾਲ ਵਿਚ ਸਿੱਧੂ ਮੂਸੇਵਾਲਾ ਕਤਲ ਕਾਂਡ ਨਾਲ ਜੁੜੇ ਗੈਂਗਸਟਰਾਂ ਦੀ ਲੜਾਈ ਮੌਕੇ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਜੇਲ੍ਹ ਅਧਿਕਾਰੀਆਂ ਦੀ ਬੇਵੱਸੀ ਜੱਗ ਜ਼ਾਹਰ ਹੋ ਗਈ ਹੈ। ਇਸ ਵੀਡੀਓ ਵਿਚ ਲਾਰੈਂਸ ਗੈਂਗ ਦੇ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਅਪਸ਼ਬਦ ਬੋਲਦੇ ਹੋਏ ਮਨਦੀਪ ਸਿੰਘ ਤੂਫਾਨ ਅਤੇ ਮਨਮੋਹਨ ਸਿੰਘ ਮੋਹਣੇ ਦੀਆਂ ਜੇਲ੍ਹ ਵਿਚ ਪਈਆਂ ਲਾਸ਼ਾਂ ਦਿਖਾ ਰਹੇ ਹਨ ਤੇ ਇਹ ਸਭ ਜੇਲ੍ਹ ਵਿਚਲੀ ਪੁਲਿਸ ਸਾਹਮਣੇ ਹੋ ਰਿਹਾ ਹੈ। ਇਸ ਵੀਡੀਓ ਵਿਚ ਪੁਲਿਸ ਮੁਲਾਜ਼ਮ ਸਭ ਕੁਝ ਦੇਖਦੇ ਹੋਏ ਵੀ ਬੇਵੱਸ ਨਜ਼ਰ ਆ ਰਹੇ ਹਨ। ਇਹ ਵੀਡੀਓ ਬਣਾਉਣ ਵਾਲਾ ਆਪਣਾ ਨਾਮ ਸਚਿਨ ਭਿਵਾਨੀ ਦੱਸਦੇ ਹੋਏ ਇਨ੍ਹਾਂ ਦੋਵੇਂ ਕਤਲਾਂ ਦੀ ਜ਼ਿੰਮੇਵਾਰੀ ਲੈਂਦਾ ਹੋਇਆ ਆਪਣੇ ਸਾਥੀ ਅੰਕਿਤ ਸੇਰਸਾ ਤੇ ਸਾਥੀਆਂ ਨਾਲ ਮਨਦੀਪ ਸਿੰਘ ਤੂਫਾਨ ਤੇ ਮਨਮੋਹਨ ਸਿੰਘ ਮੋਹਣੇ ਦੀ ਮੌਤ ਦਾ ਜਸ਼ਨ ਮਨਾਉਂਦੇ ਹੋਏ ਆਖ ਰਿਹਾ ਹੈ ਕਿ ਜੱਗੂ ਭਗਵਾਨਪੁਰੀਆ ਨੂੰ ਪਿਉ ਮੰਨਣ ਵਾਲਿਆਂ ਨੂੰ ਸਬਕ ਸਿਖਾ ਦਿੱਤਾ ਗਿਆ ਹੈ। ਗੈਂਗਸਟਰ ਅਪਸ਼ਬਦ ਬੋਲਦੇ ਹੋਏ ਜੱਗੂ ਗੈਂਗ ਦੇ ਬਾਕੀ ਬਚੇ ਸਾਥੀਆਂ ਨੂੰ ਸਬਕ ਸਿਖਾਉਣ ਦੀ ਗੱਲ ਕਹਿ ਰਹੇ ਹਨ।

ਸਿੱਧੂ ਮੂਸੇਵਾਲਾ ਦੇ ਕਤਲ ਸਮੇਂ ਸਭ ਤੋਂ ਨੇੜਿਉਂ ਗੋਲੀਆਂ ਚਲਾਉਣ ਵਾਲਾ ਹਰਿਆਣਾ ਦਾ ਸਭ ਤੋਂ ਛੋਟੀ ਉਮਰ ਦਾ ਸ਼ਾਰਪ ਸ਼ੂਟਰ ਅੰਕਿਤ ਸੇਰਸਾ ਉਰਫ ਛੋਟੂ ਮੁੜ ਸੁਰਖੀਆਂ ਵਿਚ ਆ ਗਿਆ ਹੈ। ਸੋਨੀਪਤ ਦੇ ਸਰਸਾ ਪਿੰਡ ਦੇ ਰਹਿਣ ਵਾਲੇ ਅੰਕਿਤ ਨੇ ਨੌਂ ਮਹੀਨਿਆਂ 'ਚ ਦੂਜਾ ਕਤਲ ਕੀਤਾ ਹੈ। ਇਸ ਵਾਰ ਉਸ ਦਾ ਨਾਂ ਦੋਹਰੇ ਕਤਲ ਕੇਸ ਵਿਚ ਜੁੜਿਆ ਹੈ। ਉਸ ਨੇ 19 ਸਾਲ ਦੀ ਉਮਰ ਵਿਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਕਰ ਦਿੱਤਾ ਸੀ ਅਤੇ ਹੁਣ ਮਾਨਸਾ ਜ਼ਿਲ੍ਹੇ ਦੇ ਪਿੰਡ ਰੱਲੀ ਦੇ ਮਨਮੋਹਨ ਸਿੰਘ ਮੋਹਣਾ ਸਮੇਤ ਮਨਦੀਪ ਸਿੰਘ ਤੂਫਾਨ ਦੇ ਗੋਇੰਦਵਾਲ ਜੇਲ੍ਹ ਵਿਚ ਕਤਲ ਕਰਨ ਦੇ ਮਾਮਲੇ ਵਿਚ ਨਾਮ ਬੋਲਣ ਲੱਗਿਆ ਹੈ। ਪੰਜਾਬ ਦੀ ਗੋਇੰਦਵਾਲ ਜੇਲ੍ਹ ਵਿਚ ਜੱਗੂ ਭਗਵਾਨਪੁਰੀਆ ਦੇ ਸਾਥੀ ਮਨਮੋਹਨ ਸਿੰਘ ਮੋਹਣਾ ਅਤੇ ਮਨਦੀਪ ਤੂਫਾਨ ਦੇ ਕਤਲ ਲਈ ਜਿਹੜੇ ਸੱਤ ਗੈਂਗਸਟਰਾਂ 'ਤੇ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ, ਉਨ੍ਹਾਂ ਵਿਚ ਅੰਕਿਤ ਸੇਰਸਾ ਦਾ ਨਾਮ ਵੀ ਸ਼ਾਮਲ ਹੈ।



## ਅਣਗਹਿਲੀ ਵਰਤਣ ਵਾਲੇ ਪੰਜ ਜੇਲ੍ਹ ਅਧਿਕਾਰੀ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਦੇ ਗੋਇੰਦਵਾਲ ਜੇਲ੍ਹ 'ਚ ਬੰਦ ਗੈਂਗਸਟਰਾਂ ਵਿਚਕਾਰ ਹੋਈ ਝੜਪ ਤੋਂ ਬਾਅਦ ਜੇਲ੍ਹ ਦੀ ਵੀਡੀਓ ਵਾਇਰਲ ਹੋਣ ਦੇ ਮਾਮਲੇ ਵਿਚ ਪੰਜਾਬ ਪੁਲਿਸ ਨੇ ਸੱਤ ਜੇਲ੍ਹ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਵਿਚੋਂ ਜੇਲ੍ਹ ਸੁਪਰਡੈਂਟ ਸਣੇ ਪੰਜ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਆਈ.ਜੀ.ਪੀ. ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਕਿਹਾ ਕਿ ਗ੍ਰਿਫ਼ਤਾਰ ਤੇ ਮੁਅੱਤਲ ਕੀਤੇ ਗਏ ਪੰਜ ਜੇਲ੍ਹ ਅਧਿਕਾਰੀਆਂ ਦੀ ਪਛਾਣ ਜੇਲ੍ਹ ਸੁਪਰਡੈਂਟ ਇਕਬਾਲ ਸਿੰਘ ਬਰਾੜ, ਵਧੀਕ ਜੇਲ੍ਹ ਸੁਪਰਡੈਂਟ ਵਿਜੇ ਕੁਮਾਰ, ਸਹਾਇਕ ਜੇਲ੍ਹ ਸੁਪਰਡੈਂਟ ਹਰੀਸ਼ ਕੁਮਾਰ, ਏ.ਐਸ.ਆਈ. ਜੋਗਿੰਦਰ ਸਿੰਘ ਅਤੇ ਏ.ਐਸ.ਆਈ. ਹਰਚੰਦ ਸਿੰਘ ਵਜੋਂ ਹੋਈ ਹੈ। ਇਸ ਤੋਂ ਇਲਾਵਾ ਵਧੀਕ ਜੇਲ੍ਹ ਸੁਪਰਡੈਂਟ ਜਸਪਾਲ ਸਿੰਘ ਖਹਿਰਾ ਅਤੇ ਹੈੱਡ ਕਾਂਸਟੇਬਲ ਸ਼ਵਿੰਦਰ ਸਿੰਘ ਨੂੰ ਵੀ ਮੁਅੱਤਲ ਕਰ ਦਿੱਤਾ ਗਿਆ ਹੈ।

## ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਨਹੀਂ ਲਵੇਗੀ ਮਾਨ ਸਰਕਾਰ

**ਚੰਡੀਗੜ੍ਹ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਨਾ ਲੈਣ ਸਬੰਧੀ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਹੋਣ ਵਾਲੇ ਨੁਕਸਾਨ ਨੂੰ ਰੋਕਣ ਲਈ ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਲੈਣੇ ਬੰਦ ਕੀਤੇ ਜਾਣ। ਮੁੱਖ ਸਕੱਤਰ ਨੂੰ ਲਿਖੇ ਪੱਤਰ ਵਿਚ ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਗੁਣਵੱਤਾ ਅਤੇ ਮਿਆਰੀ ਸਿੱਖਿਆ ਦੇਣ ਲਈ ਵਚਨਬੱਧ ਹਨ। ਉਨ੍ਹਾਂ ਮੁੱਖ ਸਕੱਤਰ ਨੂੰ ਕਿਹਾ ਕਿ ਆਪਣੀ ਪ੍ਰਧਾਨਗੀ ਹੇਠ, ਮੁੱਖ ਚੋਣ ਅਫਸਰ ਪੰਜਾਬ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਤੇ ਪ੍ਰਮੁੱਖ ਸਕੱਤਰ ਪ੍ਰਬੰਧਕੀ ਸੁਧਾਰ ਦੀ ਕਮੇਟੀ ਬਣਾ ਕੇ ਨੀਤੀ ਤਿਆਰ ਕੀਤੀ ਜਾਵੇ ਅਤੇ ਤਿੰਨ ਮਹੀਨਿਆਂ ਅੰਦਰ ਇਸ ਸਬੰਧੀ ਰਿਪੋਰਟ ਪੇਸ਼ ਕੀਤੀ ਜਾਵੇ। ਪੰਜਾਬ ਦੇ 15584 ਸਰਕਾਰੀ ਸਕੂਲਾਂ 'ਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਲਈ 26.40 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ।

# Oneness Run 5K Run/Walk ਵਿਚ ਹਿੱਸਾ ਲੈਣ ਦਾ ਸੱਦਾ

**ਸ਼ਿਕਾਗੋ:** Oneness Run 5K Run/Walk ਜੋ ਸਥਾਨਕ ਭਾਈਚਾਰੇ ਨੂੰ ਗਰਮੀਆਂ ਵਿਚ ਇਕੱਠੇ ਹੋਣ ਲਈ ਮਜ਼ੇਦਾਰ ਅਤੇ ਸਿਹਤਮੰਦ ਪਲੇਟਫਾਰਮ ਪ੍ਰਦਾਨ ਕਰਦਾ ਹੈ, ਆਪਣੇ ਛੇਵੇਂ ਸਾਲ 'ਚ ਪੁੱਜ ਗਿਆ। ਇਹ ਇਵੈਂਟ ਸੋਹਣੇ ਵਾਤਾਵਰਣ ਦਾ ਆਨੰਦ ਲੈਣ ਦਾ ਵਧੀਆ ਮੌਕਾ ਹੈ ਤੇ ਸਮਾਜਸੇਵੀ ਕਾਰਜ ਲਈ ਕਰਵਾਇਆ ਜਾਂਦਾ ਹੈ। ਇਸ ਤੋਂ ਜੋ ਕਮਾਈ ਹੋਏਗੀ ਉਹ ਸਥਾਨਕ ਸਕੂਲਾਂ ਦੇ ਕਰਾਸ-ਕੰਟਰੀ ਪ੍ਰੋਗਰਾਮਾਂ ਵਿਚ ਗਰੀਬ ਬੱਚਿਆਂ ਨੂੰ ਲਾਭ ਪਹੁੰਚਾਏਗੀ। ਇਨ੍ਹਾਂ ਬੱਚਿਆਂ ਨੂੰ ਸਾਡੇ ਸਹਿਯੋਗ ਦੀ ਲੋੜ ਹੈ!



ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਨੇ ਸ਼ਿਕਾਗੋ ਦੇ ਹਰੇਕ ਵਿਅਕਤੀ ਨੂੰ ਨਸਲ ਜਾਂ ਧਰਮ ਦੀ ਪਰਵਾਹ ਕੀਤੇ ਬਿਨਾਂ ਸ਼ਨਿਚਰਵਾਰ ਦੀ ਸਵੇਰ ਨੂੰ ਇਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਇੱਕੋ ਹਾਂ ਅਤੇ ਸਾਰਿਆਂ ਨੂੰ ਇਸ ਇਵੈਂਟ ਵਿਚ ਹਿੱਸਾ ਲੈ ਕੇ ਆਪਣਾ ਸਮਰਥਨ ਦੇਣਾ ਚਾਹੀਦਾ ਹੈ।

ਇਹ ਇਵੈਂਟ 10 ਜੂਨ, 2023 ਨੂੰ ਪੈਲਾਟਾਈਨ ਵਿਚ 1599 Pepper Tree Lane at East Deer Grove Park ਵਿਚ ਹੋਵੇਗਾ। ਇਵੈਂਟ ਵਿਚ ਭਾਗ ਲੈਣ ਲਈ www.onenessrun.org 'ਤੇ ਰਜਿਸਟਰ ਕਰੋ।

2022 ਵਿੱਚ, Oneness Run ਨੇ Cihcago Voyagers ਨੂੰ 5000 ਡਾਲਰ ਦਾਨ ਕੀਤਾ। ਇਸ ਸਾਲ, ਲੋੜਵੰਦ ਬੱਚਿਆਂ ਨੂੰ ਉਨ੍ਹਾਂ ਦੇ ਕਰਾਸ-ਕੰਟਰੀ ਪ੍ਰੋਗਰਾਮਾਂ ਵਿਚ ਮਦਦ ਕਰਨ ਲਈ ਸਥਾਨਕ ਸਕੂਲਾਂ ਨਾਲ ਭਾਈਵਾਲੀ ਕੀਤੀ ਗਈ ਹੈ। ਸ਼ਨਿਚਰਵਾਰ ਦੇ ਪ੍ਰਗਰਾਮ ਵਿਚ ਹਿੱਸਾ ਲੈਣ ਵਾਲੇ ਸ਼ਿਕਾਗੋਲੈਂਡ ਦੇ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਲਈ ਹਲਕੇ ਭੋਜਨ ਦਾ ਪ੍ਰਬੰਧ ਵੀ ਹੋਵੇਗਾ। ਤੇ ਜੇ ਕੋਈ ਆਨਸਾਈਟ ਮੰਗਵਾਉਣ ਚਾਹੇ ਤਾਂ ਉਹ ਪੈਸੇ ਦੇ ਕੇ ਸਿੰਘ ਕਿਚਨ ਤੋਂ ਮੰਗਵਾ ਸਕੇਗਾ।


RE-ELECT
ADER HUNT KHAN
DISTRICT 15 BOARD OF EDUCATION



Fulfilling Our Commitments. Building for the Future.

Our District 15 community put their trust in us nearly four years ago and **we have delivered on the commitments we made as candidates, but there's still more work to be done.** That's why we are running for re-election for District 15's Board of Education. In this next term, our priorities will be:

> **Create the District 15 of Tomorrow:** We will deliver on the Moving 15 Forward Plan and create a new strategic plan that sets a bold vision for District 15.

> **Future-Ready Students:** We will work to ensure every student has access to the support and opportunities they need to be successful in District 15, high school, and beyond.

> **Build Together:** We will maintain a high-functioning, diverse Board of Education that is accountable to and engaged with our community. We will continue building collaborative relationships with our staff.




ACCOMPLISHMENTS

During our term as Board of Education members, District 15 has:


- **Built and passed the community-informed Moving 15 Forward plan** to bring full-day Kindergarten, improve the safety and security of our schools, and bring needed repairs to our buildings
- **All schools received the 'commendable' designation**
- Received the **second highest financial rating** from the state
- Developed a **5-Year Facilities and Maintenance plan**
- **Expanded mental health support** for students
- Expanded culturally and linguistically responsive teaching practices and **modernized our curriculum**
- **Built collaborative relationships with staff and expanded our community engagement**

Vote for
ADER - HUNT - KHAN
DISTRICT 15 BOARD OF EDUCATION
Early Voting: March 20 - April 3, 2023 Election Day: April 4, 2023
www.AderHuntKhan.com



No Cost Financing Available!
Call 919-307-7577 or 847-530-1550
MKhatri@PrismHomeLending.com
NC, IL and CA Mortgage Loans

Prism Lending Inc. NMLS # 1587080
CA, FL, GA, IL, IN, NC, TX, WI Licensee
850 E Higgins road, Suite #125W, Schaumburg, IL 60173



Madan Khatri
NMLS #1980752

PropertyZoom Inc.
Want to Buy/Sell Home or RE Investments
(Up to 30% Comm'n Credit – NC License # C34703)
17 years of Exp. / 500+ Transactions
700+ Residence and Investment units
Call Now 919-307-7577 or 847-530-1550
Top 1st or 2nd Producer for Several Years at
Berkshire Hathaway HS AH-IL Office
1204 Nichols Creek Road, Durham NC 27703

# Matrimonials

## ਲੜਕੀ ਦੀ ਲੋੜ ਹੈ

US settled, Jatt Sikh, well educated, landlord family seeks professionally qualified match for US Citizen, handsome, turbaned boy, 6”, 26, B.E. Computer Science, excellent salary, teetotaler, well versed in both cultures. Please respond with recent photographs and detailed particulars at singhusa2022@gmail.com, or WhatsApp: +1-248-854-0003

5-8

Khatri Hindu family looking for a suitable match for their son US Citizen 38, 5’9" divorced with full custody of child, non-smoker/non-drinker. Caste and religion no bar. Well settled in California.
Please contact Whatsapp/Phone: 909-286-5400"

3-6

An educated Jatt Sikh family looking for a suitable match for their 42, 5’10" son - US citizen, a lawyer working at a major US University. Doctorate degree from US. Divorced, shared custody of two kids. Please contact us at: dsr9822@gmail.com

2-5

Looking for a suitable match for our USA green card holder, 5’7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or
E-mail at: santokhkainth53@gmail.com.

1-4

Suitable Jatt Sikh match for US born Jatt Sikh Gill boy 30, 5’8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com

1-4

Sikh Family looking for a suitable match for their USA Citizen handsome son 32, 5’11" , Well educated, Well Settled. Prefer Punjabi Girl in America or Canada. Minimum height 5’4". Serious enquiries only.
Please Contact us at: +15103968812

9-12

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also. Want sikh beautiful girl with professional qualifications. Please Contact us at: +9198963-19944 (India).

4-7

ਗਰੀਨ ਕਾਰਡ ਹੋਲਡਰ ਰਾਮਗੜੀਆ ਸਿੱਖ, 36 ਸਾਲ, ਕੱਦ 5’11" ਡਿਗਰੀ ਹੋਲਡਰ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕਾ ਰਹਿੰਦੀ ਸੋਹਣੀ ਸੁਨੱਖੀ (ਤਲਾਕਸ਼ੁਦਾ ਜਾਂ ਬੱਚੇ ਵਾਲੀ ਵੀ ਵਿਚਾਰਨਯੋਗ) ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ:
765-602-6904 (ਵ੍ਹਟਸਐਪ)।

2-5

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5’10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906
or E-mail at sanjogmatri27@gmail.com

1-4

Looking for suitable, educated match for Jatt Sikh boy, born in 1995, 5’10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com

1-4

Jatt Sikh family looking for a suitable Jatt Sikh girl for their US born 27 years, 5’11”, Mechanical Engineer son. Boy is well established and doing a federal job. Girl must be Engineer or Doctor. Serious enquiries only.
Please contact us at 678-448-2202.

53-3


**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**


## ਫਿਰੋਜ਼ਪੁਰ: ਮਾਪਿਆਂ ਦੇ ਸਾਹਮਣੇ ਕਾਰ ’ਚ ਜਿੰਦਾ ਸੜ ਗਈ ਪੰਜ ਸਾਲਾ ਧੀ



**ਫ਼ਿਰੋਜ਼ਪੁਰ:** ਇਥੋਂ ਦੇ ਨਜ਼ਦੀਕੀ ਪਿੰਡ ਕੋਟ ਕਰੋੜ ਕਲਾਂ ਵਿਚ ਰਾਸ਼ਟਰੀ ਰਾਜ ਮਾਰਗ ‘ਤੇ ਸੜਕ ਹਾਦਸੇ ਵਿਚ ਫੌਜੀ ਜਵਾਨ ਦੀ ਪੰਜ ਸਾਲਾ ਧੀ ਉਸ ਦੀਆਂ ਅੱਖਾਂ ਸਾਹਮਣੇ ਕਾਰ ਵਿਚ ਝੁਲਸ ਕੇ ਦਮ ਤੋੜ ਗਈ। ਇਸ ਘਟਨਾ ਵੇਲੇ ਉਸ ਦੀ ਪਤਨੀ ਤੇ ਤਿੰਨ ਬੱਚੇ ਵੀ ਮੌਕੇ ‘ਤੇ ਮੌਜੂਦ ਸਨ।

ਵੇਰਵਿਆਂ ਮੁਤਾਬਕ ਫ਼ਰੀਦਕੋਟ ਦੇ ਪਿੰਡ ਕਲੇਰ ਨਿਵਾਸੀ ਗੁਰਜੀਤ ਸਿੰਘ, ਜੋ ਫੌਜ ਵਿਚ ਨੌਕਰੀ ਕਰਦਾ ਹੈ, ਹੁਣ ਛੁੱਟੀ ‘ਤੇ ਆਇਆ ਹੋਇਆ ਹੈ ਅਤੇ ਆਪਣੀ ਪਤਨੀ, ਤਿੰਨ ਬੇਟੀਆਂ ਤੇ ਬੇਟੇ ਨਾਲ ਸ਼ਾਮ ਦੇ ਵਕਤ ਧਰਮਕੋਟ ਤੋਂ ਵਾਪਸ ਆਪਣੇ ਪਿੰਡ ਜਾ ਰਿਹਾ ਸੀ। ਇਹ ਸਾਰੇ ਸਵਿਫ਼ਟ ਕਾਰ ਪੀਬੀ19ਏ-6969 ਵਿਚ ਸਵਾਰ ਸਨ। ਪਿੰਡ ਕੋਟ ਕਰੋੜ ਕਲਾਂ ਦੇ ਨਜ਼ਦੀਕ ਜਦੋਂ ਕਾਰ ਪਹੁੰਚੀ ਤਾਂ ਅਚਾਨਕ ਉਸ ਵਿਚ ਕੋਈ ਨੁਕਸ ਪੈ ਗਿਆ। ਗੁਰਜੀਤ ਕਾਰ ਨੂੰ ਸੜਕ ਕਿਨਾਰੇ ਖੜ੍ਹੀ ਕਰਕੇ ਉਸ ਦਾ ਇੰਜਣ ਜਾਂਚ ਰਿਹਾ ਸੀ ਤਾਂ ਅਚਾਨਕ ਕਾਰ ਨੂੰ ਅੱਗ ਲੱਗ ਗਈ। ਪਿਛਲੀ ਸੀਟ ‘ਤੇ ਬੈਠੀ ਗੁਰਜੀਤ ਦੀ ਪਤਨੀ ਨੇ ਆਪਣੀਆਂ ਦੋ ਧੀਆਂ ਤੇ ਪੁੱਤਰ ਨੂੰ ਤਾਂ ਕਾਰ ਵਿਚੋਂ ਬਾਹਰ ਕੱਢ ਲਿਆ ਪਰ ਇਸ ਦੌਰਾਨ ਕਾਰ ਦੀਆਂ ਸਾਰੀਆਂ ਬਾਰੀਆਂ ਲੌਕ ਹੋਣ ਕਾਰਨ ਕਾਰ ਦੀ ਅਗਲੀ ਸੀਟ ‘ਤੇ ਬੈਠੀ ਉਸ ਦੀ ਪੰਜ ਸਾਲਾ ਧੀ ਤਨਵੀਰ ਉਰਫ ਤਨੂੰ ਅੱਗ ਦੀ ਲਪੇਟ ਵਿਚ ਆ ਗਈ। ਲੰਘ ਰਹੇ ਲੋਕਾਂ ਨੇ ਅੱਗ ‘ਤੇ ਕਾਬੂ ਪਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ।

## ਭਗਵੰਤ ਮਾਨ ਨੇ ਕਾਨੂੰਨ ਵਿਵਸਥਾ ਦੇ ਮੁੱਦੇ ’ਤੇ ਕੇਂਦਰ ਤੋਂ ਸਹਿਯੋਗ ਮੰਗਿਆ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੀ ਅਮਨ ਕਾਨੂੰਨ ਵਿਵਸਥਾ ਤੇ ਸਰਹੱਦੀ ਸੁਰੱਖਿਆ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ।

ਚੇਤੇ ਰਹੇ ਕਿ ਅਮਨ-ਕਾਨੂੰਨ ਮਾਮਲੇ ‘ਤੇ ਵਿਰੋਧੀ ਧਿਰਾਂ ਖਾਸ ਕਰ ਕੇ ਭਾਜਪਾ ਦੀ ਪੰਜਾਬ ਇਕਾਈ ਵੱਲੋਂ ਸੂਬੇ ਵਿਚ ਰਾਸ਼ਟਰਪਤੀ ਰਾਜ ਲਗਾਏ ਜਾਣ ਦੀ ਮੰਗ ਕੀਤੀ ਜਾ ਰਹੀ ਹੈ।



ਅਜਨਾਲਾ ਘਟਨਾ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਮਿਤ ਸ਼ਾਹ ਨਾਲ ਇਹ ਪਹਿਲੀ ਮੁਲਾਕਾਤ ਹੈ। ਉਹ ਪਿਛਲੀ ਵਾਰ 9 ਦਸੰਬਰ 2022 ਨੂੰ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਨਾਲ ਮੀਟਿੰਗ ਕਰਕੇ ਕਾਨੂੰਨ ਵਿਵਸਥਾ ਦੇ ਮੁੱਦੇ ‘ਤੇ ਕੇਂਦਰ ਤੋਂ ਸਹਿਯੋਗ ਦੀ ਮੰਗ ਕੀਤੀ। ਸ੍ਰੀ ਮਾਨ ਨੇ ਕਿਹਾ ਕਿ ਸਰਹੱਦ ਪਾਰ ਤੋਂ ਨਸ਼ਿਆਂ ਅਤੇ ਹਥਿਆਰਾਂ ਦੀ ਸਪਲਾਈ ਦੀ ਚੁਣੌਤੀ ਨੂੰ ਪੰਜਾਬ ਤੇ ਕੇਂਦਰ ਸਰਕਾਰ ਸਾਂਝੇ ਯਤਨਾਂ ਨਾਲ ਮੂੰਹ-ਤੋੜਵਾਂ ਜੁਆਬ ਦੇ ਸਕਦੇ ਹਨ। ਇਹ ਮੀਟਿੰਗ ਕਰੀਬ 40 ਮਿੰਟ ਚੱਲੀ ਜੋ ਕਿ ਪਾਕਿਸਤਾਨ ਤੋਂ ਡਰੋਨ ਰਾਹੀਂ ਆਉਂਦੇ ਨਸ਼ੇ ਅਤੇ ਹਥਿਆਰਾਂ ਦੇ ਮੁੱਦੇ ‘ਤੇ ਕੇਂਦਰਿਤ ਰਹੀ। ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਆਉਂਦੇ ਸਮੇਂ ‘ਚ ਪੰਜਾਬ ਵਿਚ ਭਾਜਪਾ ਵੱਲੋਂ ਸ਼ੁਰੂ ਕੀਤੀ ਜਾ ਰਹੀ ਨਸ਼ਿਆਂ ਵਿਰੁੱਧ ਮੁਹਿੰਮ ਵਿਚ ਸ਼ਾਮਲ ਹੋਣ ਲਈ ਆਉਣਗੇ। ਭਗਵੰਤ ਮਾਨ ਨੇ ਨਸ਼ਿਆਂ ਅਤੇ ਹਥਿਆਰਾਂ ਨੂੰ ਸਪਲਾਈ ਰੋਕਣ ਵਾਸਤੇ ਕੇਂਦਰੀ ਗ੍ਰਹਿ ਮੰਤਰੀ ਤੋਂ ਫੰਡਾਂ ਦੀ ਮੰਗ ਕੀਤੀ। ਸੂਤਰਾਂ ਅਨੁਸਾਰ ਅਮਿਤ ਸ਼ਾਹ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਅਜਨਾਲਾ ਘਟਨਾ ਅਤੇ ਗੈਂਗਸਟਰਾਂ ਦੀ ਸਥਿਤੀ ਬਾਰੇ ਜਾਣਕਾਰੀ ਲਈ। ਮੁੱਖ ਮੰਤਰੀ ਨੇ ਫੜੇ ਗਏ ਗੈਂਗਸਟਰਾਂ ਬਾਰੇ ਦੱਸਿਆ ਅਤੇ ਭਰੋਸਾ ਦਿਵਾਇਆ ਕਿ ਸੂਬੇ ਵਿਚ ਅਮਨ-ਕਾਨੂੰਨ ਬਰਕਰਾਰ ਰੱਖਣ ਲਈ ਸਰਕਾਰ ਪਾਬੰਦ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਲਿਸ ਦੇ ਆਧੁਨਿਕੀਕਰਨ ਵਾਸਤੇ ਕੇਂਦਰ ਖੁੱਲ੍ਹੇ ਦਿਲ ਨਾਲ ਫੰਡ ਦੇਵੇ।

# ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣਾ ਗੁਰਦੁਆਰਾ ਐਕਟ ਰੱਦ ਕਰਨ ਦਾ ਮਤਾ ਪਾਸ

**ਅੰਮ੍ਰਿਤਸਰ:** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਤੇ ਉਥੋਂ ਦੇ ਗੁਰਦੁਆਰਿਆਂ 'ਤੇ ਜਬਰੀ ਕਬਜ਼ਾ ਕਰਨ ਦੇ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਨੇ ਭਾਰਤ ਸਰਕਾਰ ਕੋਲੋਂ ਸੰਸਦ ਦਾ ਵਿਸ਼ੇਸ਼ ਇਜਲਾਸ ਸੱਦ ਕੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ 2014 ਰੱਦ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਛੇ ਮੈਂਬਰੀ ਕਮੇਟੀ ਵੀ ਕਾਇਮ ਕੀਤੀ ਗਈ, ਜੋ ਦੇਸ ਵਿਚ ਵੱਖ-ਵੱਖ ਪਾਰਟੀਆਂ ਅਤੇ ਸੰਸਦ ਦੇ ਦੋਵੇਂ ਸਦਨਾਂ ਦੇ ਮੈਂਬਰਾਂ ਨਾਲ ਰਾਬਤਾ ਕਰ ਕੇ ਸਿੱਖਾਂ ਦੀ ਸੰਵਿਧਾਨਕ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਜਬਰੀ ਖੰਡਿਤ ਕਰਨ ਬਾਰੇ ਆਵਾਜ਼ ਚੁੱਕਣ ਲਈ ਆਖੇਗੀ।

ਇਹ ਵਿਸ਼ੇਸ਼ ਜਨਰਲ ਇਜਲਾਸ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸੱਦਿਆ ਗਿਆ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਸਮੇਤ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ, ਤਖਤਾਂ ਦੇ ਜਥੇਦਾਰ ਅਤੇ ਵਿਰੋਧੀ ਧਿਰ ਨਾਲ ਸਬੰਧਤ ਸ਼੍ਰੋਮਣੀ ਕਮੇਟੀ



ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਜਨਰਲ ਇਜਲਾਸ ਨੇ ਹਰਿਆਣਾ ਸਰਕਾਰ ਤੇ ਉਸ ਦੀ ਨਾਮਜ਼ਦ ਐਡਹਾਕ ਗੁਰਦੁਆਰਾ ਕਮੇਟੀ ਵੱਲੋਂ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧਾਂ 'ਤੇ ਜਬਰੀ ਕਬਜ਼ਾ ਕਰਨ ਦੀ ਸਖ਼ਤ ਨਿਖੇਧੀ ਦਾ ਮਤਾ ਪਾਸ ਕੀਤਾ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਮੀਟਿੰਗ ਵਿਚ ਭਾਜਪਾ ਸਰਕਾਰ ਵੱਲੋਂ ਘੱਟ ਗਿਣਤੀਆਂ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ਤੇ ਧੱਕੇਸ਼ਾਹੀ ਵਿਰੁੱਧ ਵੀ ਮਤਾ ਪਾਸ ਕੀਤਾ ਗਿਆ ਹੈ। ਇਜਲਾਸ ਵਿਚ ਵੱਖ-ਵੱਖ ਬੁਲਾਰਿਆਂ ਨੇ ਹਰਿਆਣਾ ਸਰਕਾਰ ਵੱਲੋਂ ਨਾਮਜ਼ਦ ਐਡਹਾਕ ਕਮੇਟੀ ਰਾਹੀਂ ਗੁਰੂ ਘਰਾਂ ਦੀਆਂ ਗੋਲਕਾਂ ਦੇ ਤਾਲੇ ਤੋੜਨ, ਬਾਵਰਦੀ ਤੇ ਜੁੱਤੀਆਂ ਸਮੇਤ ਪੁਲੀਸ ਨੂੰ ਗੁਰੂ ਘਰਾਂ ਅੰਦਰ ਲਿਜਾਣ ਅਤੇ ਸੰਗਤ ਨੂੰ ਗੁਰੂ ਘਰੋਂ ਧੱਕੇ ਮਾਰ ਕੇ ਬਾਹਰ ਕਰਨ ਦੀ ਨਿਖੇਧੀ ਕਰਦਿਆਂ ਸਰਕਾਰਾਂ ਦੀਆਂ ਅਜਿਹੀਆਂ ਸਿੱਖ ਵਿਰੋਧੀ ਕਾਰਵਾਈਆਂ ਦਾ ਵਿਰੋਧ ਕੀਤਾ। ਗੁਰਦੁਆਰਿਆਂ ਅੰਦਰ ਸਰਕਾਰੀ ਦਖ਼ਲਅੰਦਾਜ਼ੀ ਲਈ ਉਨ੍ਹਾਂ ਸਿੱਧੇ ਤੌਰ 'ਤੇ ਭਾਜਪਾ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ। ਇਸ ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਬਣਾਈ ਗਈ ਵੱਖਰੀ ਕਮੇਟੀ ਵੱਲੋਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਹਥਿਆਉਣਾ ਇਕ ਵੱਡੀ ਗਲਤੀ ਹੈ, ਜੋ ਉਨ੍ਹਾਂ ਨੂੰ ਮੰਨ ਲੈਣੀ ਚਾਹੀਦੀ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਇਜਲਾਸ ਦੌਰਾਨ ਸਭ ਦੀ ਸਹਿਮਤੀ ਨਾਲ ਦੋ ਮਤੇ ਪਾਸ ਕੀਤੇ ਗਏ ਹਨ। ਇਕ ਮਤੇ ਵਿਚ ਭਾਰਤ ਸਰਕਾਰ ਨੂੰ ਹਰਿਆਣਾ ਗੁਰਦੁਆਰਾ ਐਕਟ 2014 ਰੱਦ ਕਰ ਕੇ ਉਥੋਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਵਾਪਸ ਦਿਵਾਉਣ ਲਈ ਸੰਸਦ ਅੰਦਰ ਕਾਰਵਾਈ ਕਰਨ ਦੀ ਅਪੀਲ ਕੀਤੀ ਗਈ ਹੈ ਕਿਉਂਕਿ ਸਿੱਖ ਗੁਰਦੁਆਰਾ ਐਕਟ 1925 ਅੱਜ ਵੀ ਬਰਕਰਾਰ ਹੈ। ਦੂਜੇ ਮਤੇ ਵਿੱਚ ਘੱਟ ਗਿਣਤੀ ਕੌਮਾਂ ਨੂੰ ਦਬਾਉਣ ਲਈ ਸਰਕਾਰਾਂ ਦੀਆਂ ਚਾਲਾਂ ਦੀ ਆਲੋਚਨਾ ਕੀਤੀ ਗਈ।

ਜ਼ਿਕਰਯੋਗ ਹੈ ਕਿ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੇ ਸਥਾਪਤ ਹੋਣ ਮਗਰੋਂ ਨਵੀਂ ਕਮੇਟੀ ਨੇ ਹਰਿਆਣਾ ਦੀ ਭਾਜਪਾ ਸਰਕਾਰ ਦੀ ਮਦਦ ਨਾਲ ਉਥੋਂ ਦੇ ਗੁਰਦੁਆਰਿਆਂ, ਦਫਤਰਾਂ ਤੇ ਹੋਰ ਅਦਾਰਿਆਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਹੈ ਜਿਸ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਜਾਂਚ ਕਮੇਟੀ ਬਣਾਈ ਗਈ ਸੀ ਜਿਸ ਦੀ ਰਿਪੋਰਟ ਵਿਚਾਰਨ ਵਾਸਤੇ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਗਈ ਸੀ। ਇਸ ਤੋਂ ਬਾਅਦ ਹੁਣ ਸਮੂਹ ਮੈਂਬਰਾਂ ਦੀ ਹੰਗਾਮੀ ਮੀਟਿੰਗ ਸੱਦੀ ਗਈ।

# ਸ਼੍ਰੋਮਣੀ ਕਮੇਟੀ ਦਾ ਬਜਟ ਇਜਲਾਸ 28 ਮਾਰਚ ਨੂੰ



## ਹਰਿਆਣਾ ਦੇ ਗੁਰਦੁਆਰਿਆਂ ਦਾ ਬਜਟ ਸ਼ਾਮਲ ਨਹੀਂ ਹੋਵੇਗਾ

**ਚੰਡੀਗੜ੍ਹ:** ਇਸ ਵਾਰ ਦੇ ਬਜਟ ਵਿਚ ਹਰਿਆਣਾ ਦੇ ਗੁਰਦੁਆਰਿਆਂ ਦਾ ਬਜਟ ਸ਼ਾਮਲ ਨਹੀਂ ਹੋਵੇਗਾ। ਇਹ ਪਹਿਲੀ ਵਾਰ ਹੈ ਕਿ ਹਰਿਆਣਾ ਦੇ ਗੁਰਦੁਆਰਿਆਂ ਦਾ ਖਰਚ ਤੇ ਆਮਦਨ ਬਜਟ ਵਿਚੋਂ ਮਨਫ਼ੀ ਹੋਵੇਗਾ। ਹਰਿਆਣਾ ਵਿਚ ਇਸ ਵੇਲੇ 52 ਗੁਰਦੁਆਰੇ ਹਨ ਜਿਨ੍ਹਾਂ ਵਿਚੋਂ ਅੱਠ ਇਤਿਹਾਸਕ ਗੁਰਦੁਆਰੇ ਹਨ। ਇਨ੍ਹਾਂ ਗੁਰਦੁਆਰਿਆਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣਾ ਵਿਚ ਮੀਰੀ-ਪੀਰੀ ਮੈਡੀਕਲ ਕਾਲਜ ਤੇ ਹਸਪਤਾਲ ਸਮੇਤ ਹੋਰ ਕਈ ਵਿੱਦਿਅਕ ਅਦਾਰੇ ਖੋਲ੍ਹੇ ਹੋਏ ਹਨ।

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲਾਨਾ ਬਜਟ ਇਜਲਾਸ 28 ਮਾਰਚ ਨੂੰ ਤੇਜਾ ਸਿੰਘ ਸਮੁੰਦਰੀ ਹਾਲ 'ਚ ਹੋਵੇਗਾ। ਇਹ ਫੈਸਲਾ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ। ਇਸ ਤੋਂ ਇਲਾਵਾ ਸਿੱਖ ਸੰਸਥਾ ਵੱਲੋਂ ਹਰ ਸਾਲ 25 ਗੁਰਸਿੱਖ ਬੱਚਿਆਂ ਨੂੰ ਆਈ.ਏ.ਐਸ, ਆਈ.ਪੀ.ਐਸ ਅਤੇ ਪੀ.ਸੀ.ਐਸ. ਦੀਆਂ ਮੁਕਾਬਲਾ ਪ੍ਰੀਖਿਆਵਾਂ ਲਈ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਸਿੱਖ ਸੰਸਥਾ ਵੱਲੋਂ ਹਰ ਸਾਲ 25 ਗੁਰਸਿੱਖ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਲਈ ਤਿਆਰ ਕੀਤਾ ਜਾਵੇਗਾ।

ਇਸ ਸਬੰਧੀ ਚੰਡੀਗੜ੍ਹ ਦੇ ਇਕ ਇੰਸਟੀਚਿਊਟ ਨਾਲ ਸਮਝੌਤਾ ਕੀਤਾ ਗਿਆ ਹੈ। ਇਸ ਦਾ ਖਰਚਾ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਇਸ ਵਾਰ 25 ਬੱਚਿਆਂ ਤੋਂ ਇਲਾਵਾ 10 ਹੋਰ ਬੱਚਿਆਂ ਦਾ ਖਰਚਾ ਯੂਨਾਈਟਿਡ ਸਿੰਘ ਸਭਾ ਫਾਊਂਡੇਸ਼ਨ ਦੇ ਆਗੂ ਭਾਈ ਰਾਮ ਸਿੰਘ ਵੱਲੋਂ ਚੁੱਕਣ ਦੀ ਸਹਿਮਤੀ ਦਿੱਤੀ ਗਈ ਹੈ। ਇਹ ਕੰਮ ਪਹਿਲੀ ਅਪਰੈਲ ਤੋਂ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਬਜਟ ਇਜਲਾਸ ਵਿਚ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ, ਟਰੱਸਟ, ਜਨਰਲ ਬੋਰਡ ਫੰਡ, ਗੁਰਦੁਆਰਿਆਂ, ਪ੍ਰੈੱਸਾਂ ਅਤੇ ਵਿਦਿਅਕ ਅਦਾਰਿਆਂ ਆਦਿ ਦਾ ਬਜਟ ਪੇਸ਼ ਕੀਤਾ ਜਾਵੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਸਰਕਾਰਾਂ ਵੱਲੋਂ ਸਿੱਖ ਮਸਲਿਆਂ ਵਿਚ ਸਿੱਧੀ ਅਸਿੱਧੀ ਦਖ਼ਲਅੰਦਾਜ਼ੀ ਦਾ ਵੀ ਗੰਭੀਰ ਨੋਟਿਸ ਲਿਆ ਹੈ। ਹਾਲ ਹੀ ਵਿਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਗੁਰੂ ਨਾਨਕ ਦੇਵ ਦੇ ਪਾਵਨ ਅਸਥਾਨ ਗੁਰਦੁਆਰਾ ਗੁਰੂ ਡਾਂਗਮਾਰ ਸਿੱਕਮ ਦੇ ਇਤਿਹਾਸ ਨੂੰ ਰੱਦ ਕਰਕੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਹੈ। ਇਥੇ ਗੁਰੂ ਸਾਹਿਬ ਤੀਜੀ ਉਦਾਸੀ ਵੇਲੇ ਪਹੁੰਚੇ ਸਨ। ਇਸ ਦਾ ਕੇਸ ਸ਼੍ਰੋਮਣੀ ਕਮੇਟੀ ਵੱਲੋਂ ਸਿੱਕਮ ਹਾਈ ਕੋਰਟ ਵਿਚ ਲੜਿਆ ਜਾ ਰਿਹਾ ਹੈ।

# ਰਾਜੋਆਣਾ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਬਾਰੇ ਫੈਸਲਾ ਰਾਖਵਾਂ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਬਲਵੰਤ ਸਿੰਘ ਰਾਜੋਆਣਾ ਵੱਲੋਂ ਆਪਣੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਲਈ ਦਾਇਰ ਕੀਤੀ ਗਈ ਅਰਜ਼ੀ 'ਤੇ ਫੈਸਲਾ ਰਾਖਵਾਂ ਰੱਖ ਲਿਆ ਹੈ। ਜ਼ਿਕਰਯੋਗ ਹੈ ਕਿ ਰਾਜੋਆਣਾ 2005 ਵਿਚ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕਰਨ ਦੇ ਦੋਸ਼ ਹੇਠ ਮੌਤ ਦਾ ਸਜਾ ਭੁਗਤ ਰਿਹਾ ਹੈ।

ਬੈਂਚ ਨੇ ਰਾਜੋਆਣਾ ਵੱਲੋਂ ਅਦਾਲਤ ਵਿਚ ਪੇਸ਼ ਹੋਏ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਅਤੇ ਕੇਂਦਰ ਵੱਲੋਂ ਪੇਸ਼ ਹੋਏ ਐਡੀਸ਼ਨਲ ਸੌਲੀਸਿਟਰ ਜਨਰਲ ਕੇ ਐਮ ਨਟਰਾਜ ਦੀਆਂ ਅਰਜ਼ੀਆਂ 'ਤੇ ਸੁਣਵਾਈ ਕੀਤੀ। ਇਸ ਮਗਰੋਂ ਉਨ੍ਹਾਂ ਆਪਣਾ ਫੈਸਲਾ ਰਾਖਵਾਂ ਰੱਖ ਲਿਆ। ਜ਼ਿਕਰਯੋਗ ਹੈ ਕਿ ਪਿਛਲੇ 26 ਵਰ੍ਹਿਆਂ ਤੋਂ ਰਾਜੋਆਣਾ ਜੇਲ੍ਹ ਵਿਚ ਕੈਦ ਹੈ। ਐਡਵੋਕੇਟ ਰੋਹਤਗੀ ਨੇ ਕਿਹਾ ਕਿ ਰਾਜੋਆਣਾ ਦੀ ਰਹਿਮ ਦੀ ਅਪੀਲ ਨੂੰ ਲੰਬੇ ਸਮੇਂ ਤੱਕ ਲਟਕਾ ਕੇ ਉਸ ਦੀ ਮੌਤ ਦੀ ਸਜਾ ਬਰਕਰਾਰ ਰੱਖਣਾ ਉਸ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਹੈ। ਦੱਸ ਦਈਏ ਕਿ ਦਹਾਕੇ ਤੋਂ ਉਸ ਦੀ ਰਹਿਮ ਦੀ ਅਪੀਲ ਸਰਕਾਰ ਕੋਲ ਪੈਂਡਿੰਗ ਪਈ ਹੈ। ਸਿਖਰਲੀ ਅਦਾਲਤ ਨੇ ਪਿਛਲੇ ਸਾਲ 11 ਅਕਤੂਬਰ ਨੂੰ ਕਿਹਾ ਸੀ ਕਿ ਰਾਜੋਆਣਾ ਦੀ ਅਪੀਲ 'ਤੇ ਤਿੰਨ ਜੱਜਾਂ ਵੱਲੋਂ ਸੁਣਵਾਈ ਕੀਤੀ ਜਾਵੇਗੀ। ਇਸ 'ਤੇ ਰੋਹਤਗੀ ਨੇ ਕਿਹਾ ਸੀ ਕਿ ਉਸ ਦਾ ਮੁਵੱਕਿਲ ਪਿਛਲੇ 26 ਵਰ੍ਹਿਆਂ ਤੋਂ ਜੇਲ੍ਹ ਵਿਚ ਬੰਦ ਹੈ ਅਤੇ ਇਹ ਉਸ ਦੇ ਸੰਵਿਧਾਨ ਦੀ ਧਾਰਾ 21 ਅਧੀਨ ਆਉਂਦੇ ਅਧਿਕਾਰਾਂ ਦੀ ਉਲੰਘਣਾ ਹੈ। ਗੌਰਤਲਬ ਹੈ ਕਿ ਸਿਖਰਲੀ ਅਦਾਲਤ ਨੇ ਪਿਛਲੇ ਸਾਲ 28 ਸਤੰਬਰ ਨੂੰ ਰਾਜੋਆਣਾ ਦੀ ਮੌਤ ਦੀ ਸਜਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਅਰਜ਼ੀ 'ਤੇ ਫੈਸਲਾ ਲੈਣ ਵਿਚ ਨਾਕਾਮ ਰਹਿਣ 'ਤੇ ਅਸੰਤੁਸ਼ਟੀ ਜ਼ਾਹਰ ਕੀਤੀ ਸੀ। ਰੋਹਤਗੀ ਨੇ ਕਿਹਾ ਸੀ ਕਿ ਰਾਜੋਆਣਾ ਜਨਵਰੀ 1996 ਤੋਂ ਜੇਲ੍ਹ ਵਿਚ ਬੰਦ ਹੈ ਅਤੇ ਉਸ ਦੀ ਰਹਿਮ ਦੀ ਅਪੀਲ ਮਾਰਚ 2012 ਤੋਂ ਲਟਕ ਰਹੀ ਹੈ। ਸੁਪਰੀਮ ਕੋਰਟ ਨੇ ਲੰਘੇ ਵਰ੍ਹੇ 2 ਮਈ ਨੂੰ ਕੇਂਦਰ ਨੂੰ ਕਿਹਾ ਸੀ ਕਿ ਉਹ ਰਾਜੋਆਣਾ ਦੀ ਸਜਾ ਤਬਦੀਲੀ ਸਬੰਧੀ ਅਰਜ਼ੀ 'ਤੇ ਦੋ ਮਹੀਨਿਆਂ ਦੇ ਅੰਦਰ ਫੈਸਲਾ ਕਰੇ।

# ਪਾਵਨ ਸਰੂਪ ਲਿਜਾਣ ਦਾ ਮਾਮਲਾ: ਜਥੇਦਾਰ ਨੇ 15 ਮੈਂਬਰੀ ਉਪ ਕਮੇਟੀ ਬਣਾਈ

**ਅੰਮ੍ਰਿਤਸਰ:** ਰੋਸ ਪ੍ਰਦਰਸ਼ਨਾਂ, ਮੁਜ਼ਾਹਰਿਆਂ, ਧਰਨਿਆਂ ਤੇ ਕਬਜ਼ੇ ਵਾਲੀਆਂ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਲੈ ਕੇ ਜਾਣ ਅਤੇ ਪ੍ਰਕਾਸ਼ ਕਰਨ ਦੇ ਰੁਝਾਨ ਸਬੰਧੀ ਕੋਈ ਯੋਗ ਨਿਰਣਾ ਲੈਣ ਵਾਸਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸੰਪਰਦਾਵਾਂ, ਸਿੱਖ ਜਥੇਬੰਦੀਆਂ ਅਤੇ ਸਿੱਖ ਵਿਦਵਾਨਾਂ 'ਤੇ ਅਧਾਰਿਤ 15 ਮੈਂਬਰੀ ਸਬ-ਕਮੇਟੀ ਦਾ ਗਠਨ ਕੀਤਾ ਹੈ, ਜੋ 15 ਦਿਨਾਂ ਅੰਦਰ ਆਪਣੀ ਸਾਂਝੀ ਰਾਏ ਅਨੁਸਾਰ ਰਿਪੋਰਟ ਤਿਆਰ ਕਰ ਕੇ ਅਕਾਲ ਤਖਤ ਨੂੰ ਸੌਂਪੇਗਾ। ਚੇਤੇ ਰਹੇ ਕਿ ਅਜਨਾਲਾ ਥਾਣੇ ਵਿਚ ਵਾਪਰੀ ਹਿੰਸਕ ਘਟਨਾ ਸਮੇਂ 'ਵਾਰਿਸ



ਪੰਜਾਬ ਦੇ' ਜਥੇਬੰਦੀ ਵੱਲੋਂ ਪਾਵਨ ਸਰੂਪ ਵਾਲੇ ਵਾਹਨ ਨੂੰ ਨਾਲ ਲੈ ਕੇ ਜਾਣ ਦੇ ਮਾਮਲੇ ਤੋਂ ਬਾਅਦ ਅਕਾਲ ਤਖਤ ਨੇ ਇਸ ਘਟਨਾ ਦਾ ਨੋਟਿਸ ਲਿਆ ਹੈ। ਇਸ ਘਟਨਾ ਵਿਚ ਪਾਵਨ ਸਰੂਪ ਨੂੰ ਢਾਲ ਬਣਾਉਣ ਦਾ ਸਿੱਖ ਅਤੇ ਗੈਰ-ਸਿੱਖ ਹਲਕਿਆਂ ਵਿਚ ਭਾਰੀ ਵਿਰੋਧ ਹੋ ਰਿਹਾ ਹੈ। ਅਕਾਲ ਤਖਤ ਵੱਲੋਂ ਇਸ ਕਮੇਟੀ ਦਾ ਐਲਾਨ ਭਾਵੇਂ ਪਹਿਲਾਂ ਹੀ ਕਰ ਦਿੱਤਾ ਗਿਆ ਸੀ, ਪਰ ਇਸ ਦੇ ਮੈਂਬਰਾਂ ਦੇ ਨਾਵਾਂ ਦਾ ਐਲਾਨ ਹੁਣ ਕੀਤਾ ਗਿਆ ਹੈ। ਸਾਬਕਾ ਫੈਡਰੇਸ਼ਨ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਸਲਾਹਕਾਰ ਬੋਰਡ ਦੇ ਮੈਂਬਰ ਕਰਨੈਲ ਸਿੰਘ ਪੀਰ ਮੁਹੰਮਦ ਨੂੰ ਸਬ-ਕਮੇਟੀ ਦਾ ਕੋਆਰਡੀਨੇਟਰ ਬਣਾਇਆ ਗਿਆ ਹੈ। ਅਕਾਲ ਤਖਤ ਦੇ ਸਕੱਤਰੇਤ ਤੋਂ ਜਾਰੀ ਪੱਤਰ ਅਨੁਸਾਰ ਸਬ-ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਦਿੱਲੀ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ, ਨਿਹੰਗ ਜਥੇਬੰਦੀ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਸੰਤ ਬਾਬਾ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ, ਜਥੇਦਾਰ ਬਾਬਾ ਬਲਵੀਰ ਸਿੰਘ ਮੁਖੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ, ਬਾਬਾ ਗੱਜਣ ਸਿੰਘ ਤਰਨਾ ਦਲ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ, ਚੇਅਰਮੈਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ ਚੌਂਤਾ ਕਲਾਂ, ਰਜਿੰਦਰ ਸਿੰਘ ਮਹਿਤਾ ਮੈਂਬਰ ਸ਼੍ਰੋਮਣੀ ਕਮੇਟੀ, ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਿੱਖ ਵਿਦਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ, ਤਲਵਿੰਦਰ ਸਿੰਘ ਬੁੱਟਰ ਅਤੇ ਡਾ. ਅਮਰਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਕਮੇਟੀ ਵਲੋਂ ਗੁਰਬਾਣੀ, ਸਿਧਾਂਤ, ਇਤਿਹਾਸ, ਮਰਿਆਦਾ ਅਤੇ ਪਰੰਪਰਾ ਦੀ ਰੌਸ਼ਨੀ ਵਿਚ ਧਰਨਿਆਂ, ਮੁਜ਼ਾਹਰਿਆਂ ਅਤੇ ਕਬਜ਼ਿਆਂ ਵਾਲੀਆਂ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦੇ ਵਧ ਰਹੇ ਰੁਝਾਨ ਸਬੰਧੀ ਸਾਂਝੀ ਰਾਏ ਤਿਆਰ ਕਰਕੇ ਸ੍ਰੀ ਅਕਾਲ ਤਖਤ ਨੂੰ ਸੌਂਪੀ ਜਾਵੇਗੀ, ਜਿਸ ਦੇ ਆਧਾਰ 'ਤੇ ਅਕਾਲ ਤਖਤ ਦੇ ਜਥੇਦਾਰ ਵਲੋਂ ਭਵਿੱਖ ਲਈ ਕੋਈ ਢੁਕਵੀਂ ਨੀਤੀ ਤੈਅ ਕੀਤੀ ਜਾਵੇਗੀ।

# ਅੰਮ੍ਰਿਤਪਾਲ ਦੀ ਅਕਾਲ ਤਖਤ ਦੇ ਜਥੇਦਾਰ ਨਾਲ ਮੁਲਾਕਾਤ ਦੇ ਚਰਚੇ

**ਅੰਮ੍ਰਿਤਸਰ:** ਅੰਮ੍ਰਿਤਸਰ: ਅਜਨਾਲਾ ਥਾਣੇ ਸਾਹਮਣੇ ਵਾਪਰੀ ਹਿੰਸਕ ਘਟਨਾ ਕਾਰਨ ਵਿਵਾਦਾਂ ਵਿਚ ਘਿਰੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੇ ਇਥੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਬੰਦ ਕਮਰਾ ਮੀਟਿੰਗ ਕੀਤੀ।

ਇਸ ਤੋਂ ਪਹਿਲਾਂ ਅੰਮ੍ਰਿਤਪਾਲ ਸਿੰਘ ਨੇ ਆਪਣੇ ਸਮਰਥਕਾਂ ਸਮੇਤ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ। ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਮੀਟਿੰਗ ਵਿਚ ਅਜਨਾਲਾ ਮਾਮਲੇ ਸਬੰਧੀ ਬਣਾਈ ਕਮੇਟੀ ਬਾਰੇ ਕੋਈ ਗੱਲਬਾਤ ਨਹੀਂ ਹੋਈ। ਇਸ ਦੌਰਾਨ ਪੰਜਾਬ ਦੇ ਹਾਲਾਤ ਅਤੇ ਸਿੱਖ ਨੌਜਵਾਨੀ ਸਮੇਤ ਪੰਥਕ ਮਾਮਲੇ ਵਿਚਾਰੇ ਗਏ ਹਨ। ਅਕਾਲ ਤਖਤ ਦੇ ਸਕੱਤਰੇਤ ਵਿਚ ਲਗਭਗ ਡੇਢ-ਦੋ ਘੰਟੇ ਚੱਲੀ ਇਸ ਮੀਟਿੰਗ ਬਾਰੇ ਦੋਵਾਂ ਧਿਰਾਂ ਵੱਲੋਂ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਦਿੱਤੀ ਗਈ ਪਰ ਮੀਟਿੰਗ ਮਗਰੋਂ ਅੰਮ੍ਰਿਤਪਾਲ ਸਿੰਘ ਨੇ ਇਸ ਬਾਰੇ ਸੰਖੇਪ ਗੱਲਬਾਤ ਕਰਦਿਆਂ ਆਖਿਆ ਕਿ ਅੱਜ ਦੀ ਮੀਟਿੰਗ ਵਿਚ ਪੰਥਕ ਮਸਲਿਆਂ ਅਤੇ ਪੰਜਾਬ ਦੀ ਨੌਜਵਾਨੀ ਬਾਰੇ ਗੱਲਬਾਤ ਹੋਈ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਅਕਾਲ ਤਖਤ ਵੱਲੋਂ ਧਰਨਿਆਂ ਅਤੇ ਰੋਸ ਮੁਜ਼ਾਹਰਿਆਂ ਵਾਲੀਆਂ ਥਾਵਾਂ 'ਤੇ ਪਾਵਨ ਸਰੂਪ ਲਿਜਾਣ ਸਬੰਧੀ ਅਕਾਲ ਤਖਤ ਵੱਲੋਂ ਕਾਇਮ 15 ਮੈਂਬਰੀ ਕਮੇਟੀ ਮਾਮਲੇ ਬਾਰੇ ਕੋਈ ਚਰਚਾ ਨਹੀਂ ਹੋਈ। ਅੰਮ੍ਰਿਤਪਾਲ ਸਿੰਘ ਨੇ ਆਖਿਆ ਕਿ ਉਹ ਪੰਜਾਬੀ ਹਨ ਅਤੇ ਪੰਜਾਬ ਵਿਚ ਰਹਿਣਾ ਉਨ੍ਹਾਂ ਦਾ ਹੱਕ ਹੈ, ਜੇ ਕਿਸੇ ਨੂੰ ਵੀ ਇਤਰਾਜ਼ ਹੈ ਤਾਂ ਉਹ ਪੰਜਾਬ ਛੱਡ ਕੇ ਜਾ ਸਕਦਾ ਹੈ। ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਉਨ੍ਹਾਂ ਆਖਿਆ ਕਿ ਉਹ ਪੰਜਾਬੀ ਹਨ ਅਤੇ ਪੰਜਾਬ ਉਹ ਧਰਤੀ ਹੈ, ਜਿਸ ਦੇ ਵਾਸਤੇ ਪੁਰਖਿਆਂ ਨੇ ਆਪਣਾ ਖ਼ੂਨ ਦਿੱਤਾ ਹੈ। ਇਸ ਲਈ ਪੰਜਾਬ ਛੱਡ ਕੇ ਕਿਉਂ ਜਾਵਾਂਗੇ ਜੇ ਕਿਸੇ ਨੂੰ ਇਤਰਾਜ਼ ਹੈ ਤਾਂ ਉਹ ਪੰਜਾਬ ਛੱਡ ਕੇ ਜਾਵੇ। ਉਨ੍ਹਾਂ ਨੇ ਹਾਲ ਹੀ ਵਿਚ ਭਾਰਤੀ ਨਾਗਰਿਕ



## ਪੰਜਾਬ ਵਿਚ ਰਹਿਣਾ ਮੇਰਾ ਹੱਕ: ਅੰਮ੍ਰਿਤਪਾਲ

**ਅੰਮ੍ਰਿਤਸਰ:** ਮੀਟਿੰਗ ਤੋਂ ਪਹਿਲਾਂ ਅੰਮ੍ਰਿਤਪਾਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਹ ਪੰਜਾਬੀ ਹਨ ਅਤੇ ਪੰਜਾਬ ਵਿਚ ਰਹਿਣਾ ਉਨ੍ਹਾਂ ਦਾ ਹੱਕ ਹੈ। ਪੰਜਾਬ ਲਈ ਉਨ੍ਹਾਂ ਦੇ ਪੁਰਖਿਆਂ ਨੇ ਖ਼ੂਨ ਦਿੱਤਾ ਹੈ। ਉਨ੍ਹਾਂ ਕਿਹਾ, ''ਮੈਂ ਪੰਜਾਬ ਛੱਡ ਕੇ ਕਿਉਂ ਜਾਵਾਂ। ਜੇ ਕਿਸੇ ਨੂੰ ਇਤਰਾਜ਼ ਹੈ ਤਾਂ ਉਹ ਪੰਜਾਬ ਛੱਡ ਕੇ ਜਾਵੇ।'' ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਹਾਲ ਹੀ ਵਿਚ ਭਾਰਤੀ ਨਾਗਰਿਕ ਹੋਣ ਤੋਂ ਇਨਕਾਰ ਕੀਤਾ ਸੀ, ਜਿਸ ਤੋਂ ਬਾਅਦ ਇਹ ਵਿਵਾਦ ਉਠਿਆ ਸੀ ਕਿ ਜੇ ਉਹ ਭਾਰਤੀ ਨਹੀਂ ਤਾਂ ਉਹ ਇਸ ਦੇਸ ਵਿਚ ਕੀ ਕਰ ਰਹੇ ਹਨ।

ਹੋਣ ਤੋ ਨਾਂਹ ਕੀਤੀ ਸੀ, ਜਿਸ ਤੋਂ ਬਾਅਦ ਇਹ ਵਿਵਾਦ ਉਠਿਆ ਸੀ ਕਿ ਜੇ ਉਹ ਭਾਰਤੀ ਨਹੀਂ ਤਾਂ ਫਿਰ ਇਸ ਦੇਸ ਵਿਚ ਕੀ ਕਰ ਰਿਹਾ ਹੈ। ਥਾਣਾ ਅਜਨਾਲਾ ਦੀ ਘਟਨਾ ਮੌਕੇ ਪਾਵਨ ਸਰੂਪ ਨੂੰ ਨਾਲ ਲਿਜਾ ਕੇ ਹੋਈ ਮਰਿਆਦਾ ਦੀ ਉਲੰਘਣਾ ਬਾਰੇ ਉਨ੍ਹਾਂ ਕਿਹਾ ਕਿ ਉਹ ਸਿਧਾਂਤਕ ਤੌਰ 'ਤੇ ਠੀਕ ਹਨ ਅਤੇ ਜੇ ਉਨ੍ਹਾਂ ਨੂੰ ਕੋਈ ਗਲਤ ਸਾਬਤ ਕਰ ਦੇਵੇਗਾ ਤਾਂ ਹਰ ਸਜਾ ਲਈ ਤਿਆਰ ਹਨ। ਧਰਨਿਆਂ, ਮੁਜ਼ਾਹਰਿਆਂ ਅਤੇ ਲੜਾਈ-ਝਗੜੇ ਵਾਲੀਆਂ ਥਾਵਾਂ 'ਤੇ ਪਾਵਨ ਸਰੂਪ ਲੈ ਕੇ ਜਾਣ ਦੇ ਮਾਮਲੇ ਬਾਰੇ ਨੀਤੀ ਬਣਾਉਣ ਵਾਸਤੇ ਅਕਾਲ ਤਖਤ ਵੱਲੋਂ 15 ਮੈਂਬਰੀ ਕਮੇਟੀ ਵੀ ਬਣਾਈ ਗਈ ਹੈ। ਉਨ੍ਹਾਂ ਆਖਿਆ ਕਿ ਜੇ ਇਸ ਮਾਮਲੇ ਵਿਚ ਅਕਾਲ ਤਖਤ ਵੱਲੋਂ ਉਨ੍ਹਾਂ ਨੂੰ ਬੁਲਾਇਆ ਜਾਵੇਗਾ ਤਾਂ ਉਹ ਅਕਾਲ ਤਖਤ 'ਤੇ ਪੇਸ਼ ਹੋਣਗੇ, ਉਹ ਅਕਾਲ ਤਖਤ ਤੋਂ ਭਗੌੜੇ ਨਹੀਂ ਹਨ ਸਗੋਂ ਅਕਾਲ ਤਖਤ ਨੂੰ ਸਮਰਪਿਤ ਹਨ। ਸ੍ਰੀ ਹਰਿਮੰਦਰ ਸਾਹਿਬ ਵਿਚ ਹਥਿਆਰ ਲੈ ਕੇ ਆਉਣ ਬਾਰੇ ਉਨ੍ਹਾਂ ਕਿਹਾ ਕਿ ਸਿੱਖਾਂ ਵਿਚ ਮੀਰੀ-ਪੀਰੀ ਦਾ ਸਿਧਾਂਤ ਹੈ। ਜਾਨ ਨੂੰ ਖਤਰਾ ਹੋਣ ਸਬੰਧੀ ਖ਼ਦਸ਼ਿਆਂ ਬਾਰੇ ਉਨ੍ਹਾਂ ਕਿਹਾ ਕਿ ਇਹ ਸਭ ਏਜੰਸੀਆਂ ਆਖ ਰਹੀਆਂ ਹਨ ਅਤੇ ਉਨ੍ਹਾਂ ਤੋਂ ਹੀ ਖਤਰਾ ਹੈ। ਉਨ੍ਹਾਂ ਕਿਹਾ ਕਿ ਉਹ ਜਿਸ ਮਾਰਗ 'ਤੇ ਚਲੇ ਹਨ, ਉਥੇ ਧਮਕੀਆਂ ਆਉਣਾ ਸਹਿਜ ਹੈ।

# ਕੈਨੇਡਾ ਗਏ ਸੈਲਾਨੀ ਵਰਕ ਪਰਮਿਟ ਲਈ ਮੁੜ ਕਰ ਸਕਣਗੇ ਅਪਲਾਈ



**ਟੋਰਾਂਟੋ:** ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਗਏ ਵਿਦੇਸ਼ੀ ਨਾਗਰਿਕ, ਜਿਨ੍ਹਾਂ ਕੋਲ ਕਿਸੇ ਵੈਧ ਜੌਬ ਦੀ ਪੇਸ਼ਕਸ਼ ਹੈ, ਉਹ ਹੁਣ ਬਿਨਾਂ ਮੁਲਕ ਛੱਡੇ ਵਰਕ ਪਰਮਿਟ ਲਈ ਅਪਲਾਈ ਕਰ ਸਕਣਗੇ। ਇਹ ਐਲਾਨ ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਕੀਤਾ ਹੈ।

ਆਈ.ਆਰ.ਸੀ.ਸੀ. ਦੀ ਇਹ ਪੇਸ਼ਕਦਮੀ ਕਰੋਨਾ ਮਹਾਮਾਰੀ ਦੌਰਾਨ ਜਾਰੀ ਆਰਜ਼ੀ ਪਬਲਿਕ ਪਾਲਿਸੀ ਦਾ ਹੀ ਵਾਧਾ। ਇਸ ਪਾਲਿਸੀ ਨੂੰ ਹੁਣ ਦੋ ਸਾਲ ਲਈ 28 ਫਰਵਰੀ 2025 ਤੱਕ ਵਧਾ ਦਿੱਤਾ ਗਿਆ ਹੈ।

ਇਸ ਸਰਕਾਰੀ ਪਾਲਿਸੀ ਤਹਿਤ ਅਪਲਾਈ ਕਰਨ ਵਾਲੇ ਵਿਜ਼ਿਟਰ, ਜਿਨ੍ਹਾਂ ਕੋਲ ਪਿਛਲੇ 12 ਮਹੀਨਿਆਂ ਤੋਂ ਵਰਕ ਪਰਮਿਟ ਹੈ, ਵੀ ਹੁਣ ਆਪਣੇ ਕਿਸੇ ਨਵੇਂ ਰੁਜ਼ਗਾਰਦਾਤੇ (ਐਂਪਲਾਇਰ) ਕੋਲ ਆਰਜ਼ੀ ਵਰਕ ਆਥੋਰਾਈਜੇਸ਼ਨ ਦੀ ਅਰਜ਼ੀ ਦਾਖਲ ਕਰ ਸਕਣਗੇ। ਪਾਲਿਸੀ ਵਿਚ ਕੀਤੇ ਇਸ ਆਰਜ਼ੀ ਬਦਲਾਅ ਤੋਂ ਪਹਿਲਾਂ ਕੈਨੇਡਾ ਵਿਚ ਕੰਮ ਲਈ ਅਪਲਾਈ ਕਰਨ ਵਾਲਿਆਂ ਨੂੰ ਇਸ ਮੁਲਕ ਵਿਚ ਆਉਣ ਤੋਂ ਪਹਿਲਾਂ ਹੀ ਸ਼ੁਰੂਆਤੀ ਵਰਕ ਪਰਮਿਟ ਲਈ ਅਪਲਾਈ ਕਰਨ ਦੀ ਲੋੜ ਹੁੰਦੀ ਸੀ। ਜੇਕਰ ਉਹ ਪਹਿਲਾਂ ਹੀ ਵਿਜ਼ਿਟਰ ਵੀਜ਼ਾ 'ਤੇ ਕੈਨੇਡਾ ਵਿਚ ਸਨ, ਤਾਂ ਉਨ੍ਹਾਂ ਨੂੰ ਆਪਣਾ ਵਰਕ ਪਰਮਿਟ ਹਾਸਲ ਕਰਨ ਲਈ ਮੁਲਕ ਛੱਡਣਾ ਪੈਂਦਾ ਸੀ। ਹੁਣ ਇਸ ਨਵੀਂ ਪਾਲਿਸੀ ਨਾਲ ਵਿਜ਼ਿਟਰ ਵੀਜ਼ੇ 'ਤੇ ਆਏ ਲੋਕਾਂ ਨੂੰ ਕੈਨੇਡਾ ਛੱਡਣ ਦੀ ਲੋੜ ਨਹੀਂ ਪਏਗੀ। ਇਸ ਆਰਜ਼ੀ ਪਾਲਿਸੀ ਦਾ ਲਾਹਾ ਲੈਣ ਵਾਲਿਆਂ ਕੋਲ ਵਰਕ ਪਰਮਿਟ ਲਈ ਅਪਲਾਈ ਕਰਨ ਵਾਲੇ ਦਿਨ ਕੈਨੇਡਾ ਵਿਚ ਠਹਿਰ ਦਾ ਵੈਧ ਸਟੇਟਸ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਕੋਲ ਜੌਬ ਪੇਸ਼ਕਸ਼ ਹੋਵੇ ਜਿਸ ਨਾਲ ਲੇਬਰ ਮਾਰਕੀਟ ਇੰਪੈਕਟ ਅਸੈੱਸਮੈਂਟ (ਐਲ.ਐਮ.ਆਈ.ਏ.) ਜਾਂ ਐਲ.ਐਮ.ਆਈ.ਏ. ਤੋਂ ਛੋਟ ਵਾਲਾ ਪੱਤਰ ਹੋਵੇ।

## ਵਿਦੇਸ਼ ਜਾਣ ਦੇ ਰੁਝਾਨ ਕਰਕੇ ਪੰਜਾਬ ਆਰਥਿਕ ਪੱਖੋਂ ਕਮਜ਼ੋਰ ਹੋ ਰਿਹੈ: ਰਾਜੇਵਾਲ

**ਧੂਰੀ:** ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਨੌਜਵਾਨਾਂ ਲਈ ਰੁਜ਼ਗਾਰ ਦੇ ਵਧੀਆ ਵਸੀਲੇ ਪੈਦਾ ਨਾ ਕਰਨ ਕਰਕੇ ਅੱਜ ਇਹ ਸਥਿਤੀ ਬਣ ਗਈ ਹੈ ਕਿ ਲਗਭਗ ਸਾਰਾ ਨੌਜਵਾਨ ਵਰਗ ਵਿਦੇਸ਼ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਪੰਜਾਬ ਆਰਥਿਕ ਪੱਖੋਂ ਦਿਨੋਂ ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹੀ ਰੁਝਾਨ ਰਿਹਾ ਤਾਂ ਪੰਜਾਬ ਦੀਆਂ ਉੱਚ ਪੱਧਰੀ ਪੋਸਟਾਂ 'ਤੇ ਵੀ ਕੋਈ ਪੰਜਾਬੀ ਨੌਜਵਾਨ ਦਿਖਾਈ ਨਹੀਂ ਦੇਵੇਗਾ। ਉਨ੍ਹਾਂ ਕਿਹਾ ਕਿ ਵਿਦੇਸ਼ ਜਾਣ ਦੇ ਇਸ ਰੁਝਾਨ ਨਾਲ ਨਾ ਸਿਰਫ ਨੌਜਵਾਨ ਵਰਗ ਸਗੋਂ ਪੰਜਾਬ ਦਾ ਪੈਸਾ ਵੀ ਬਾਹਰ ਜਾ ਰਿਹਾ ਹੈ।

# ਨਸਲੀ ਟਿੱਪਣੀਆਂ: ਦੋ ਸਿੱਖ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪਹੁੰਚੇ

**ਮੈਲਬਰਨ:** ਨਸਲੀ ਟਿੱਪਣੀਆਂ ਦੇ ਮਾਮਲੇ ਵਿਚ ਨਿਊਜ਼ੀਲੈਂਡ ਦੇ ਦੋ ਸਿੱਖ ਟਰੱਕ ਡਰਾਈਵਰਾਂ ਨੇ ਆਪਣੇ ਸਾਬਕਾ ਕੰਪਨੀ ਮਾਲਕ ਖ਼ਿਲਾਫ਼ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਕੰਪਨੀ ਮਾਲਕ ਨੇ ਉਸ ਮੈਨੇਜਰ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਿਸ ਨੇ ਉਨ੍ਹਾਂ (ਸਿੱਖਾਂ) ਨੂੰ 'ਅਤਿਵਾਦੀ' ਕਿਹਾ ਸੀ। ਇਕ ਮੀਡੀਆ ਰਿਪੋਰਟ ਮੁਤਾਬਕ ਰਮਿੰਦਰ ਸਿੰਘ ਤੇ ਸੁਮਿਤ ਨੰਦਪੁਰੀ ਟੋਇੰਗ ਕੰਪਨੀ ਦੇ ਸਾਬਕਾ ਮੁਲਾਜ਼ਮ ਹਨ। ਰਿਪੋਰਟ ਮੁਤਾਬਕ ਕੰਪਨੀ ਦੀ ਮਾਲਕ ਪੈਮ ਵਾਟਸਨ ਨੇ ਨਸਲੀ ਦੁਰਵਿਹਾਰ ਦੇ ਮਾਮਲੇ 'ਚ ਆਪਣੇ ਮੈਨੇਜਰ ਖ਼ਿਲਾਫ਼ ਕੋਈ ਕਦਮ ਨਹੀਂ ਚੁੱਕਿਆ, ਜਦਕਿ ਦੋਵਾਂ ਮੁਲਾਜ਼ਮਾਂ ਨੇ ਇਸ ਵਿਰੁੱਧ ਸ਼ਿਕਾਇਤ ਕੀਤੀ ਸੀ। ਇਸ ਤੋਂ ਬਾਅਦ ਰਮਿੰਦਰ ਤੇ ਸੁਮਿਤ ਨੇ ਅਸਤੀਫਾ ਦੇ ਦਿੱਤਾ ਸੀ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਇਕ ਨਵੇਂ ਆਏ ਮੈਨੇਜਰ ਨੇ ਕਿਹਾ ਸੀ ਕਿ, 'ਸਾਰੇ ਸਿੱਖ ਅਤਿਵਾਦੀ ਹਨ, ਤੇ ਇਕ ਹੋਰ ਮੌਕੇ ਉਤੇ ਉਸ ਨੇ ਆਪਣੇ ਸਹਿ-ਕਰਮੀ ਨਾਲ ਗੱਲ ਕਰ ਰਹੇ ਨੰਦਪੁਰੀ ਨੂੰ ਵਿਚਾਲੇ ਹੀ ਟੋਕ ਦਿੱਤਾ। ਉਨ੍ਹਾਂ ਮੁਤਾਬਕ ਮੈਨੇਜਰ ਨੇ ਸਿੱਖ ਭਾਈਚਾਰੇ ਵਿਰੁੱਧ ਇਤਰਾਜ਼ਯੋਗ ਸ਼ਬਦਾਵਲੀ ਵੀ ਵਰਤੀ ਸੀ। ਇਸ ਤੋਂ ਬਾਅਦ ਦੋਵਾਂ ਨੇ ਵਾਟਸਨ ਨੂੰ ਸ਼ਿਕਾਇਤ ਕੀਤੀ ਪਰ ਕੋਈ ਠੋਸ ਕਾਰਵਾਈ ਨਾ ਹੋਣ 'ਤੇ ਅਸਤੀਫਾ ਦੇ ਦਿੱਤਾ। ਨੌਕਰੀ ਛੱਡਣ ਵੇਲੇ ਵੀ ਉਨ੍ਹਾਂ ਨੂੰ ਮਾਲਕ ਕੰਪਨੀ ਤੋਂ ਕੋਈ ਮੁਆਫੀਨਾਮਾ ਨਹੀਂ ਮਿਲਿਆ- ਬਲਕਿ ਸਵਾਲ ਕੀਤਾ ਗਿਆ ਕਿ ਕੀ ਉਨ੍ਹਾਂ ਬਰਤਾਨੀਆ ਦੀ ਮਹਾਰਾਣੀ ਐਲਿਜਾਬੈੱਥ ਦੋਇਮ ਦੀ ਮੌਤ ਦਾ ਜਸ਼ਨ ਮਨਾਇਆ ਸੀ।



ਇਸ ਤੋਂ ਬਾਅਦ ਦੋਵਾਂ ਨੇ ਮਨੁੱਖੀ ਹੱਕ ਕਮਿਸ਼ਨ (ਐਚ.ਆਰ.ਸੀ.) ਨੂੰ ਸ਼ਿਕਾਇਤ ਕੀਤੀ ਸੀ ਜਿਸ ਵੱਲੋਂ ਇਸ ਮਹੀਨੇ ਸੁਣਵਾਈ ਸ਼ੁਰੂ ਕੀਤੀ ਜਾਵੇਗੀ। ਜੇਕਰ ਐਚ.ਆਰ.ਸੀ. ਕੋਈ ਫੈਸਲਾ ਕਰਨ 'ਚ ਸਫਲ ਨਹੀਂ ਹੁੰਦਾ ਤਾਂ ਇਹ ਸ਼ਿਕਾਇਤ ਮਨੁੱਖੀ ਅਧਿਕਾਰ ਸਮੀਖਿਆ ਟ੍ਰਿਬਿਊਨਲ ਕੋਲ ਵੀ ਭੇਜੀ ਜਾ ਸਕਦੀ ਹੈ। ਦੱਸਣਯੋਗ ਹੈ ਕਿ ਰਮਿੰਦਰ ਸਿੰਘ ਨੇ ਕੰਪਨੀ ਲਈ ਢਾਈ ਸਾਲ ਕੰਮ ਕਰਨ ਤੋਂ ਬਾਅਦ ਅਸਤੀਫਾ ਦੇ ਦਿੱਤਾ ਸੀ। ਰਮਿੰਦਰ ਨੇ ਕਿਹਾ ਕਿ ਉਹ ਦੋਵੇਂ ਨਿਊਜ਼ੀਲੈਂਡ ਦੇ ਨਾਗਰਿਕ ਹਨ ਤੇ ਰਿਕਾਰਡ ਬਿਲਕੁਲ ਸਾਫ ਹੈ, ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਅਪਰਾਧੀਆਂ ਵਰਗਾ ਮਹਿਸੂਸ ਕਰਾਇਆ ਗਿਆ ਹੈ।

# ਅਮਰੀਕਾ 'ਚ ਦਾਖਲ ਹੋਣ ਵਾਲੇ ਦੋ ਭਾਰਤੀਆਂ ਸਣੇ ਪੰਜ ਗ੍ਰਿਫਤਾਰ

**ਨਿਊ ਯਾਰਕ:** ਕੈਨੇਡਾ ਤੋਂ ਬੇੜੀ ਰਾਹੀਂ ਅਮਰੀਕਾ 'ਚ ਗੈਰਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਦੋ ਭਾਰਤੀਆਂ ਸਣੇ ਪੰਜ ਵਿਅਕਤੀਆਂ ਨੂੰ ਅਮਰੀਕਾ ਦੀ ਬਾਰਡਰ ਅਥਾਰਿਟੀ ਨੇ ਕਾਬੂ ਕੀਤਾ ਹੈ। ਯੂ.ਐਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਵੱਲੋਂ ਜਾਰੀ ਕੀਤੇ ਗਏ ਬਿਆਨ ਮੁਤਾਬਕ ਅਮਰੀਕਾ ਦੇ ਬਾਰਡਰ 'ਤੇ ਗਸ਼ਤੀ ਟੀਮ ਨੇ ਮਿਸ਼ੀਗਨ ਵਿਚ ਅਲਗੋਨੇਕ ਨੇੜਿਓਂ ਪੰਜ ਵਿਦੇਸ਼ੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ। ਬਿਆਨ ਮੁਤਾਬਕ ਸਰਹੱਦ 'ਤੇ ਗਸ਼ਤ ਕਰਨ ਵਾਲੀ ਟੀਮ ਨੇ 20 ਫਰਵਰੀ ਨੂੰ ਦੇਰ ਰਾਤ ਸਰਵੇਲੈਂਸ ਵੀਡੀਓ ਵਿਚ ਸੇਂਟ ਕਲੇਅਰ ਨਦੀ 'ਤੇ ਸਮੁੰਦਰੀ ਜਹਾਜ਼ ਨੂੰ ਸਮਗਲਿੰਗ ਰੂਟ ਨੇੜੇ ਕੌਮਾਂਤਰੀ ਸਰਹੱਦ ਪਾਰ ਕਰਦੇ ਦੇਖਿਆ। ਇਸ ਮਗਰੋਂ ਉਨ੍ਹਾਂ ਤੁਰਤ ਆਪਣੇ ਸਾਥੀਆਂ ਦੇ ਧਿਆਨ ਵਿਚ ਲਿਆਂਦਾ। ਇਸ 'ਤੇ ਉਨ੍ਹਾਂ ਤੁਰਤ ਕਾਰਵਾਈ ਕਰਦਿਆਂ ਪੰਜਾਂ ਵਿਅਕਤੀਆਂ ਨੂੰ ਕਾਬੂ ਕਰ ਲਿਆ। ਇਸ ਦੌਰਾਨ ਇਨ੍ਹਾਂ ਵਿਅਕਤੀਆਂ ਨੇ ਕੈਨੇਡਾ ਤੋਂ ਕਿਸ਼ਤੀ ਰਾਹੀਂ ਬਾਰਡਰ ਪਾਰ ਕਰਨ ਦੀ ਗੱਲ ਮੰਨੀ। ਮਗਰੋਂ ਇਨ੍ਹਾਂ ਨੂੰ ਸਥਾਨਕ ਸਟੇਸ਼ਨ 'ਚ ਭੇਜ ਦਿੱਤਾ ਗਿਆ ਹੈ। ਸੀ.ਬੀ.ਪੀ. ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਇਨ੍ਹਾਂ ਵਿਚੋਂ ਦੋ ਜਣੇ ਭਾਰਤ ਜਦੋਂ ਬਾਕੀ ਤਿੰਨ ਨਾਇਜ਼ੀਰੀਆ, ਮੈਕਸਿਕੋ ਅਤੇ ਡੋਮੀਨਿਕਨ ਰਿਪਬਲਿਕ ਨਾਲ ਸਬੰਧਤ ਹਨ।



# ਟੋਰਾਂਟੋ ਤੇ ਨਿਊ ਯਾਰਕ ਤੋਂ ਅੰਮ੍ਰਿਤਸਰ ਲਈ 6 ਅਪਰੈਲ ਤੋਂ ਸ਼ੁਰੂ ਹੋਣਗੀਆਂ ਉਡਾਣਾਂ

**ਅੰਮ੍ਰਿਤਸਰ:** ਇਟਲੀ ਦੀ ਨਿਓਸ ਏਅਰਲਾਈਨ 6 ਅਪਰੈਲ ਤੋਂ ਅੰਮ੍ਰਿਤਸਰ ਨੂੰ ਕੈਨੇਡਾ ਦੇ ਟੋਰਾਂਟੋ ਤੇ ਅਮਰੀਕਾ ਦੇ ਨਿਊ ਯਾਰਕ ਤੱਕ ਮਿਲਾਨ ਦੇ ਮਾਲਪੈਂਸਾ ਹਵਾਈ ਅੱਡੇ ਰਾਹੀਂ ਜੋੜਨ ਜਾ ਰਹੀ ਹੈ। ਅੰਮ੍ਰਿਤਸਰ ਤੋਂ ਟੋਰਾਂਟੋ ਤੇ ਵੈਨਕੂਵਰ ਲਈ ਸਿੱਧੀਆਂ ਉਡਾਣਾਂ ਦੀ ਮੰਗ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਸੀ।

ਨਵੀਂ ਉਡਾਣ ਦੇ ਸ਼ੁਰੂ ਹੋਣ ਨਾਲ ਟੋਰਾਂਟੋ ਜਾਣ ਵਾਲੇ ਪੰਜਾਬੀਆਂ ਨੂੰ ਰਾਹਤ ਮਿਲੇਗੀ। ਅਮਰੀਕਾ ਤੋਂ ਫਲਾਈਂਗ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਨੇ ਦੱਸਿਆ ਕਿ ਨਿਓਸ ਏਅਰ ਨੇ ਦਸੰਬਰ 2022 ਵਿਚ ਮਿਲਾਨ ਮਾਲਪੈਂਸਾ ਤੇ ਅੰਮ੍ਰਿਤਸਰ ਵਿਚਕਾਰ ਨਿਰਧਾਰਤ ਉਡਾਣਾਂ ਸ਼ੁਰੂ ਕੀਤੀਆਂ ਸਨ। ਏਅਰਲਾਈਨ ਨੇ ਕੋਵਿਡ ਦੌਰਾਨ ਪਹਿਲੀ ਵਾਰ ਸਤੰਬਰ 2021 ਵਿਚ ਇਟਲੀ ਅਤੇ



ਅੰਮ੍ਰਿਤਸਰ ਵਿਚਕਾਰ ਚਾਰਟਰ ਸੇਵਾਵਾਂ ਸ਼ੁਰੂ ਕੀਤੀਆਂ ਸਨ।

ਇਸ ਦੇ ਨਾਲ ਹੀ ਅੰਮ੍ਰਿਤਸਰ ਤੋਂ ਮਿਲਾਨ ਦੇ ਬਰਗਾਮੋ ਤੇ ਰੋਮ ਏਅਰਪੋਰਟ ਤੱਕ ਸਪਾਈਸਜੈੱਟ ਨੇ ਵੀ ਚਾਰਟਰ ਉਡਾਣਾਂ ਮਗਰੋਂ ਪਿਛਲੇ ਸਾਲ ਨਵੰਬਰ ਵਿਚ ਨਿਰਧਾਰਤ ਉਡਾਣਾਂ ਸ਼ੁਰੂ ਕੀਤੀਆਂ ਸਨ। ਉਨ੍ਹਾਂ ਦੱਸਿਆ ਕਿ ਨਿਓਸ ਏਅਰਲਾਈਨ 6 ਅਪਰੈਲ ਤੋਂ ਅੰਮ੍ਰਿਤਸਰ ਤੋਂ ਟੋਰਾਂਟੋ ਤੇ ਨਿਊ ਯਾਰਕ ਲਈ ਹਰ ਵੀਰਵਾਰ ਨੂੰ ਉਡਾਣ ਭਰੇਗੀ, ਜੋ ਸਵੇਰੇ 3.15 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ ਉਸੇ ਦਿਨ ਸਵੇਰੇ 8.20 'ਤੇ ਮਿਲਾਨ ਪਹੁੰਚੇਗੀ। ਇਥੇ ਯਾਤਰੀ ਲਗਭਗ 4 ਘੰਟੇ 10 ਮਿੰਟ ਰੁਕਣਗੇ, ਫਿਰ ਉਡਾਣ ਦੁਪਹਿਰ 12.30 ਵਜੇ ਰਵਾਨਾ ਹੋ ਕੇ ਬਾਅਦ ਦੁਪਹਿਰ 3 ਵਜੇ ਟੋਰਾਂਟੋ ਪਹੁੰਚੇਗੀ। ਟੋਰਾਂਟੋ ਦੇ ਪੀਅਰਸਨ ਏਅਰਪੋਰਟ ਤੋਂ ਇਹ ਉਡਾਣ ਵਾਪਸੀ ਲਈ ਹਰ ਵੀਰਵਾਰ ਸ਼ਾਮ 5 ਵਜੇ ਰਵਾਨਾ ਹੋਵੇਗੀ ਤੇ ਸ਼ੁੱਕਰਵਾਰ ਨੂੰ ਸਵੇਰੇ 6.50 ਵਜੇ ਮਿਲਾਨ ਪਹੁੰਚ ਕੇ 3 ਘੰਟੇ 10 ਮਿੰਟਾਂ ਬਾਅਦ ਸਵੇਰੇ 10 ਵਜੇ ਰਵਾਨਾ ਹੋਵੇਗੀ ਤੇ ਸ਼ੁੱਕਰਵਾਰ ਰਾਤ 9.15 ਵਜੇ ਅੰਮ੍ਰਿਤਸਰ ਪਹੁੰਚੇਗੀ।

# ਕੈਨੇਡਾ ਗਈ ਮੰਗੇਤਰ ਮੁੱਕਰੀ, ਨਿਰਾਸ਼ ਨੌਜਵਾਨ ਟੈਂਕੀ 'ਤੇ ਚੜ੍ਹਿਆ


**ਲੁਧਿਆਣਾ:** ਕੈਨੇਡਾ ਗਈ ਮੰਗੇਤਰ ਦੇ ਵਿਆਹ ਤੋਂ ਮੁੱਕਰ ਜਾਣ ਕਾਰਨ ਇਕ ਨੌਜਵਾਨ ਅਦਾਲਤੀ ਕੰਪਲੈਕਸ ਦੀ ਟੈਂਕੀ 'ਤੇ ਚੜ੍ਹ ਗਿਆ, ਜਿਸ ਨੇ ਉਪਰੋਂ ਛਾਲ ਮਾਰਨ ਦੀ ਧਮਕੀ ਦੇ ਦਿੱਤੀ। ਨੌਜਵਾਨ ਨੂੰ ਟੈਂਕੀ 'ਤੇ ਚੜ੍ਹਿਆ ਦੇਖ ਕੇ ਉਥੇ ਮੌਜੂਦ ਲੋਕਾਂ ਨੇ ਪੁਲਿਸ ਨੂੰ ਸੂਚਨਾ ਦਿੱਤੀ। ਪੁਲਿਸ ਮੁਲਾਜ਼ਮਾਂ ਨੇ ਮੌਕੇ 'ਤੇ ਪੁੱਜ ਕੇ ਨੌਜਵਾਨ ਹਰਪ੍ਰੀਤ ਨੂੰ ਹੇਠਾਂ ਲਿਆਉਣ ਦੀ ਕੋਸ਼ਿਸ਼ ਕੀਤੀ।

ਨੌਜਵਾਨ ਨੇ ਦੋਸ਼ ਲਾਇਆ ਕਿ ਉਸ ਦੀ ਮੰਗੇਤਰ ਉਸ ਨਾਲ 10 ਲੱਖ ਰੁਪਏ ਦੀ ਠੱਗੀ ਮਾਰ ਕੇ ਕੈਨੇਡਾ ਚਲੀ ਗਈ ਹੈ ਤੇ ਵਿਦੇਸ਼ੀ ਧਰਤੀ 'ਤੇ ਪੁੱਜਦੇ ਹੀ ਉਸ ਨੇ ਵਿਆਹ ਤੋਂ ਸਾਫ਼ ਮਨ੍ਹਾਂ ਕਰ ਦਿੱਤਾ ਹੈ। ਕਰੀਬ ਡੇਢ ਘੰਟੇ ਬਾਅਦ ਹਰਪ੍ਰੀਤ ਦੇ ਦੋਸਤਾਂ ਨੇ ਉਸ ਨੂੰ ਮਨਾਇਆ ਤੇ ਹੇਠਾਂ ਉਤਾਰਿਆ। ਪੁਲਿਸ ਨੇ ਵੀ ਉਸ ਨੂੰ ਮਾਮਲੇ ਦੀ ਜਾਂਚ ਕਰਨ ਦਾ ਭਰੋਸਾ ਦਿੱਤਾ ਹੈ। ਹਰਪ੍ਰੀਤ ਦੇ ਪਿਤਾ ਲਛਮਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਨੇ ਉਕਤ ਲੜਕੀ ਨਾਲ ਮੰਗਣੀ ਕੀਤੀ ਸੀ, ਜੋ ਕਿ ਵਿਦੇਸ਼ ਜਾਣਾ ਚਾਹੁੰਦੀ ਸੀ। ਦੋਵਾਂ 'ਚ ਸਮਝੌਤਾ ਹੋਇਆ ਕਿ ਹਰਪ੍ਰੀਤ ਪੈਸੇ ਲਗਾ ਕੇ ਲੜਕੀ ਨੂੰ ਵਿਦੇਸ਼ ਭੇਜੇਗਾ ਤੇ ਬਾਅਦ ਵਿਚ ਲੜਕੀ ਹਰਪ੍ਰੀਤ ਨੂੰ ਕੈਨੇਡਾ ਬੁਲਾ ਲਵੇਗੀ। ਪੀੜਤ ਨੌਜਵਾਨ ਦੇ ਪਿਤਾ ਨੇ ਦੋਸ਼ ਲਾਇਆ ਕਿ ਉਨ੍ਹਾਂ ਨੇ 10 ਲੱਖ ਰੁਪਏ ਖਰਚ ਕਰ ਕੇ ਲੜਕੀ ਨੂੰ ਵਿਦੇਸ਼ ਭੇਜਿਆ। ਇਸ ਤੋਂ ਬਾਅਦ ਕੈਨੇਡਾ ਜਾ ਕੇ ਪਹਿਲਾਂ ਤਾਂ ਲੜਕੀ ਟਾਲ-ਮਟੋਲ ਕਰਦੀ ਰਹੀ ਤੇ ਬਾਅਦ 'ਚ ਵਿਆਹ ਤੋਂ ਸਾਫ ਮਨ੍ਹਾਂ ਕਰ ਦਿੱਤਾ। ਇਸ ਮਾਮਲੇ ਬਾਰੇ ਹਰਪ੍ਰੀਤ ਨੇ ਪੁਲਿਸ ਨੂੰ ਵੀ ਜਾਣਕਾਰੀ ਦਿੱਤੀ ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਨੌਜਵਾਨ ਦੇ ਮਾਤਾ-ਪਿਤਾ ਦਾ ਕਹਿਣਾ ਹੈ ਕਿ ਉਹ ਗਰੀਬ ਪਰਿਵਾਰ ਨਾਲ ਸਬੰਧਤ ਹਨ ਤੇ ਲੜਕੇ ਦੀ ਖੁਸ਼ੀ ਲਈ ਉਨ੍ਹਾਂ ਨੇ ਲੋਕਾਂ ਤੋਂ ਪੈਸੇ ਉਧਾਰ ਲੈ ਕੇ ਲੜਕੀ ਨੂੰ ਵਿਦੇਸ਼ ਭੇਜਿਆ ਸੀ।

# ਯੂ.ਕੇ. ਅਤੇ ਭਾਰਤ ਵੱਲੋਂ ਨੌਜਵਾਨਾਂ ਲਈ ਵੀਜ਼ਾ ਸਕੀਮ ਸ਼ੁਰੂ

**ਲੰਡਨ:** ਇਥੇ ਸਥਿਤ ਭਾਰਤੀ ਹਾਈ ਕਮਿਸ਼ਨ ਨੇ ਯੂਕੇ ਦੇ ਨਾਗਰਿਕਾਂ ਲਈ 'ਯੰਗ ਪ੍ਰੋਫੈਸ਼ਨਲਜ ਸਕੀਮ' (ਵਾਈ.ਪੀ.ਐਸ.) ਲਈ ਵੀਜ਼ਾ ਅਰਜ਼ੀ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਨਵੀਂ ਦਿੱਲੀ ਸਥਿਤ ਬ੍ਰਿਟਿਸ਼ ਹਾਈ ਕਮਿਸ਼ਨ ਨੇ ਵੀ ਭਾਰਤੀ ਗ੍ਰੈਜੂਏਟਾਂ ਲਈ ਇਸੇ ਤਰ੍ਹਾਂ ਦਾ ਵੀਜ਼ਾ ਸ਼ੁਰੂ ਕੀਤਾ ਹੈ।

ਜ਼ਿਕਰਯੋਗ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਯੂਕੇ ਦੇ ਹਮਰੁਤਬਾ ਰਿਸ਼ੀ ਸੂਨਕ ਨਾਲ ਪਿਛਲੇ ਸਾਲ ਇਸ ਸਕੀਮ ਉਤੇ ਸਹੀ ਪਾਈ ਸੀ। ਇਸ ਤਹਿਤ 18-30 ਸਾਲ ਦੇ ਵਿਚਾਲੇ ਭਾਰਤੀ ਤੇ ਬਰਤਾਨਵੀ ਨਾਗਰਿਕ ਦੋ ਸਾਲ ਤੱਕ ਇਕ-ਦੂਜੇ ਦੇ ਦੇਸ਼ ਵਿਚ ਰਹਿ ਕੇ ਕੰਮ ਕਰ ਸਕਦੇ ਹਨ। ਇਸ ਸਕੀਮ ਤਹਿਤ ਵੀਜ਼ਾ ਅਰਜ਼ੀ ਦੇਣ ਲਈ ਕੁਝ ਸ਼ਰਤਾਂ ਰੱਖੀਆਂ ਗਈਆਂ ਹਨ। ਉਨ੍ਹਾਂ ਨੂੰ ਇਕ-ਦੂਜੇ ਦੇ ਦੇਸ਼ ਵਿਚ ਰਹਿਣ ਲਈ ਗ੍ਰੈਜੂਏਟ ਡਿਗਰੀ ਤੇ ਲੋੜੀਂਦੇ ਫੰਡ ਦਿਖਾਉਣੇ ਪੈਣਗੇ। ਯੂਕੇ ਸਥਿਤ ਭਾਰਤੀ ਹਾਈ ਕਮਿਸ਼ਨ ਨੇ ਇਹ ਸਕੀਮ ਲਾਗੂ



ਕਰ ਦਿੱਤੀ ਹੈ। ਵੈੱਬਸਾਈਟ ਉਤੇ ਪਾਈ ਗਈ ਜਾਣਕਾਰੀ ਮੁਤਾਬਕ ਇਸ ਲਈ 720 ਪਾਊਂਡ ਫੀਸ ਰੱਖੀ ਗਈ ਹੈ। ਵੀਜ਼ਾ ਅਰਜ਼ੀ ਈ-1 ਵੀਜ਼ਾ ਤਹਿਤ ਦਿੱਤੀ ਜਾਵੇਗੀ ਜਿਸ ਨੂੰ ਵੀ.ਐਫ.ਐੱਸ. ਗਲੋਬਲ ਵੀਜ਼ਾ ਸਰਵਿਸ ਪ੍ਰੋਵਾਈਡਰ ਲੈ ਕੇ ਅੱਗੇ ਭੇਜੇਗਾ। ਹਰੇਕ ਅਰਜ਼ੀਕਰਤਾ ਨੂੰ ਅਰਜ਼ੀ ਦੇਣ ਵੇਲੇ ਘੱਟੋ-ਘੱਟ 30 ਦਿਨਾਂ ਲਈ 2,50,000 ਰੁਪਏ ਦੇ ਫੰਡ ਦਿਖਾਉਣੇ ਪੈਣਗੇ। ਹਾਈ ਕਮਿਸ਼ਨ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਸਫਲ ਅਰਜ਼ੀਕਰਤਾ ਰੁਜ਼ਗਾਰ ਨੂੰ ਆਪਣੀ ਠਾਹਰ ਦੇ 'ਇਤਫਾਕਨ ਹਿੱਸੇ' ਵਜੋਂ ਲੈ ਸਕਦੇ ਹਨ। ਹਾਲਾਂਕਿ ਇਸ ਦੇ ਦਾਇਰੇ ਵਿਚ ਰੁਜ਼ਗਾਰ ਦੇ ਕਈ ਖੇਤਰ ਨਹੀਂ ਆਉਣਗੇ ਜਿਨ੍ਹਾਂ ਵਿਚ ਰੱਖਿਆ, ਟੈਲੀਕਾਮ, ਪੁਲਾੜ, ਰਣਨੀਤਕ ਪ੍ਰੋਜੈਕਟ, ਨਾਗਰਿਕ ਹਵਾਬਾਜ਼ੀ, ਪਰਮਾਣੂ ਊਰਜਾ, ਮਨੁੱਖੀ ਅਧਿਕਾਰ ਤੇ ਵਾਤਾਵਰਨ ਨਾਲ ਸਬੰਧਤ ਪ੍ਰੋਜੈਕਟ ਸ਼ਾਮਲ ਹਨ। ਬ੍ਰਿਟਿਸ਼ ਹਾਈ ਕਮਿਸ਼ਨ ਦਿੱਲੀ ਨੇ ਬੈਲਟ ਦੇ ਪਹਿਲੇ ਸੈੱਟ ਵਿਚ 2400 ਵੀਜ਼ਿਆਂ ਦੀ ਪੇਸ਼ਕਸ਼ ਕੀਤੀ। ਬੈੱਲਟ ਵਿਚ ਸਫਲ ਹੋਣ ਵਾਲੇ ਵਿਦਿਆਰਥੀਆਂ ਨੂੰ ਵੀਜ਼ਾ ਅਰਜ਼ੀ ਦੇਣ ਲਈ ਕਿਹਾ ਜਾਵੇਗਾ। ਸਫਲ ਹੋਣ ਵਾਲੇ ਉਮੀਦਵਾਰਾਂ ਨੂੰ ਵੀਜ਼ਾ ਮਿਲਣ ਦੇ ਛੇ ਮਹੀਨਿਆਂ ਦੇ ਅੰਦਰ ਯੂਕੇ ਜਾਣਾ ਪਵੇਗਾ।

## ਭਾਰਤ ਵੱਲੋਂ ਅਜੈ ਬੰਗਾ ਨੂੰ ਸਮਰਥਨ

**ਨਵੀਂ ਦਿੱਲੀ:** ਵਿਸ਼ਵ ਬੈਂਕ ਦੇ ਪ੍ਰਧਾਨ ਵਜੋਂ ਅਜੈ ਬੰਗਾ ਨੂੰ ਆਪਣਾ ਸਮਰਥਨ ਦਿੰਦਿਆਂ ਭਾਰਤ ਨੇ ਕਿਹਾ ਕਿ ਉਨ੍ਹਾਂ ਦੀ ਨਾਮਜ਼ਦਗੀ ਅਜਿਹੇ ਸਮੇਂ ਹੋਈ ਹੈ ਜਦੋਂ ਵਿਸ਼ਵ ਬੈਂਕ ਅਗਲੀ ਪੀੜ੍ਹੀ ਦੇ ਸੁਧਾਰਾਂ 'ਤੇ ਵਿਚਾਰ ਕਰ ਰਿਹਾ ਹੈ। ਵਿੱਤ ਮੰਤਰਾਲੇ ਨੇ ਟਵੀਟ ਕਰਦਿਆਂ ਲਿਖਿਆ,'ਵਿਸ਼ਵ ਬੈਂਕ ਦੇ ਪ੍ਰਧਾਨ ਲਈ ਨਾਮਜ਼ਦ ਹੋਣ 'ਤੇ ਅਜੇ ਬੰਗਾ ਨੂੰ ਮੁਬਾਰਕਬਾਦ। ਭਾਰਤ ਬੰਗਾ ਦੀ ਨਾਮਜ਼ਦਗੀ ਦੀ ਹਮਾਇਤ ਕਰਦਾ ਹੈ।' ਜ਼ਿਕਰਯੋਗ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਪਿਛਲੇ ਮਹੀਨੇ ਵਿਸ਼ਵ ਬੈਂਕ ਦੇ ਸਿਖਰਲੇ ਅਹੁਦੇ ਲਈ ਅਜੈ ਬੰਗਾ ਨੂੰ ਨਾਮਜ਼ਦ ਕੀਤਾ ਸੀ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**Indiana/MI**
Harkirat Singh Ahluwalia
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਦਲਾਂ ਸਣੇ ਸੱਤ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਹੋਣ ਦਾ ਹੁਕਮ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਪੇਸ਼ ਕੀਤੇ ਗਏ ਚਲਾਨ ਨੂੰ ਚੈੱਕ ਕਰਨ ਤੋਂ ਬਾਅਦ ਮੈਜਿਸਟਰੇਟ ਅਜੈਪਾਲ ਸਿੰਘ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ.ਐਸ.ਪੀ. ਸੁਖਮਿੰਦਰ ਸਿੰਘ ਮਾਨ, ਚਰਨਜੀਤ ਸ਼ਰਮਾ ਅਤੇ ਡੀ.ਆਈ.ਜੀ. ਅਮਰ ਸਿੰਘ ਚਾਹਲ ਨੂੰ ਨੋਟਿਸ ਜਾਰੀ ਕਰ ਕੇ 23 ਮਾਰਚ ਨੂੰ ਅਦਾਲਤ ਵਿਚ ਨਿੱਜੀ ਤੌਰ 'ਤੇ ਹਾਜਰ ਹੋਣ ਦਾ ਆਦੇਸ਼ ਦਿੱਤਾ ਹੈ। ਨੋਟਿਸ ਵਿਚ ਕਿਹਾ ਗਿਆ ਹੈ ਕਿ ਜੇਕਰ ਉਹ ਨਿੱਜੀ ਤੌਰ 'ਤੇ ਹਾਜਰ ਨਹੀਂ ਹੁੰਦੇ ਤਾਂ ਉਨ੍ਹਾਂ ਖ਼ਿਲਾਫ਼ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।



ਵਿਸ਼ੇਸ਼ ਜਾਂਚ ਟੀਮ ਨੇ 24 ਫਰਵਰੀ ਨੂੰ 7 ਹਜ਼ਾਰ ਪੰਨਿਆਂ ਦਾ ਚਲਾਨ ਅਦਾਲਤ ਵਿਚ ਪੇਸ਼ ਕੀਤਾ ਸੀ। ਇਸ ਕੇਸ ਵਿਚ ਪਰਮਰਾਜ ਸਿੰਘ ਉਮਰਾਨੰਗਲ, ਸਮੇਧ ਸੈਣੀ ਅਤੇ ਸਾਬਕਾ ਐਸ.ਐਸ.ਪੀ ਚਰਨਜੀਤ ਸ਼ਰਮਾ ਨੂੰ ਹਾਈ ਕੋਰਟ ਤੋਂ ਜ਼ਮਾਨਤ ਮਿਲੀ ਹੋਈ ਹੈ ਜਦੋਂ ਕਿ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸਾਬਕਾ ਐਸ.ਐਸ.ਪੀ ਸੁਖਮਿੰਦਰ ਸਿੰਘ ਮਾਨ, ਡੀ.ਆਈ.ਜੀ. ਅਮਰ ਸਿੰਘ ਚਾਹਲ ਨੂੰ ਇਸ ਕੇਸ ਵਿਚ ਅਜੇ ਤੱਕ ਕਿਸੇ ਵੀ ਅਦਾਲਤ ਵਿਚੋਂ ਜ਼ਮਾਨਤ ਨਹੀਂ ਮਿਲੀ। ਇਸ ਚਲਾਨ ਵਿਚ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਡੀ.ਜੀ.ਪੀ ਸੁਮੇਧ ਸੈਣੀ ਨੂੰ ਕੋਟਕਪੂਰਾ ਗੋਲੀ ਕਾਂਡ ਦਾ ਮੁੱਖ ਸਾਜਿਸ਼ਘਾੜਾ ਦੱਸਿਆ ਗਿਆ ਹੈ ਜਦੋਂ ਕਿ ਪ੍ਰਕਾਸ਼ ਸਿੰਘ ਬਾਦਲ ਉੱਪਰ ਇਸ ਸਾਜ਼ਿਸ਼ ਨੂੰ ਅੰਜਾਮ ਦੇਣ ਵਿਚ ਸਹਿਯੋਗ ਦੇਣ ਦੇ ਦੋਸ਼ ਹਨ। ਇਸੇ ਦਰਮਿਆਨ ਵਿਸ਼ੇਸ਼ ਜਾਂਚ ਟੀਮ ਨੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਨੂੰ ਅੱਗੇ ਤੋਰਦਿਆਂ 14 ਅਕਤੂਬਰ 2015 ਨੂੰ ਕੋਟਕਪੂਰਾ ਗੋਲੀ ਕਾਂਡ ਤੋਂ ਕੁਝ ਮਿੰਟ ਪਹਿਲਾਂ ਦੀ ਵੀਡੀਓ ਜਾਰੀ ਕੀਤੀ ਹੈ, ਜਿਸ ਵਿਚ ਆਮ ਲੋਕਾਂ ਨੂੰ ਸ਼ੱਕੀ ਵਿਅਕਤੀ ਦੀ ਪਛਾਣ ਕਰਨ ਲਈ ਕਿਹਾ ਗਿਆ ਹੈ ਜੋ ਸ਼ਾਂਤਮਈ ਧਰਨੇ ਦੇ ਪਿਛਲੇ ਪਾਸੇ ਹਥਿਆਰਬੰਦ ਹੋ ਕੇ ਘੁੰਮ ਰਿਹਾ ਹੈ।

## ਘਪਲੇ ਸਬੰਧੀ ਪਰਲ ਗਰੁੱਪ ਦਾ ਡਾਇਰੈਕਟਰ ਹਰਚੰਦ ਗਿੱਲ ਗ੍ਰਿਫਤਾਰ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਪਰਲ ਗਰੁੱਪ ਦੇ ਡਾਇਰੈਕਟਰ ਹਰਚੰਦ ਸਿੰਘ ਗਿੱਲ ਨੂੰ ਗ੍ਰਿਫਤਾਰ ਕਰ ਲਿਆ ਹੈ। ਗਿੱਲ ਨੂੰ ਬਹੁ-ਕਰੋੜੀ ਪੋਂਜੀ ਘਪਲੇ ਦੀ ਜਾਂਚ ਦੇ ਮੱਦੇਨਜ਼ਰ ਫਿਜੀ ਤੋਂ ਭਾਰਤ ਹਵਾਲੇ ਕੀਤਾ ਗਿਆ ਹੈ। ਗਿੱਲ ਨੂੰ ਫਿਜੀ ਤੋਂ ਦੇਰ ਰਾਤ ਵਿਦੇਸ਼ਾਂ ਵਿਚ ਰਹਿ ਰਹੇ ਭਗੌੜਿਆਂ ਨੂੰ ਵਾਪਸ ਲਿਆਉਣ ਲਈ ਸੀ.ਬੀ.ਆਈ. ਵੱਲੋਂ ਸ਼ੁਰੂ ਕੀਤੇ 'ਅਪਰੇਸ਼ਨ ਤ੍ਰਿਸ਼ੂਲ' ਤਹਿਤ ਦੇਸ ਲਿਆਂਦਾ ਗਿਆ। ਏਜੰਸੀ ਨੇ 19 ਫਰਵਰੀ 2014 ਨੂੰ ਪਰਲਜ ਗਰੁੱਪ ਅਤੇ ਇਸ ਦੇ ਸੰਸਥਾਪਕ ਨਿਰਮਲ ਸਿੰਘ ਭੰਗੂ ਵਿਰੁੱਧ ਨਿਵੇਸ਼ਕਾਂ ਨੂੰ ਨਿਵੇਸ਼ ਦੇ ਬਦਲੇ ਜਮੀਨ ਦੀ ਪੇਸ਼ਕਸ਼ ਕਰਕੇ ਕਰੋੜਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਜਾਂਚ ਸ਼ੁਰੂ ਕੀਤੀ ਸੀ। ਏਜੰਸੀ ਨੇ ਦੋਸ਼ ਲਾਇਆ ਹੈ ਕਿ ਕੰਪਨੀ ਨੇ ਦੇਸ ਭਰ ਦੇ ਨਿਵੇਸ਼ਕਾਂ ਨੂੰ ਧੋਖਾ ਦੇ ਕੇ 60,000 ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਕੀਤੀ ਹੈ।

## ਮੂਸੇਵਾਲਾ ਦੇ ਮਾਪਿਆਂ ਨੇ ਧਰਨਾ ਚੁੱਕਿਆ

**ਚੰਡੀਗੜ੍ਹ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੇ ਇਥੇ ਪੰਜਾਬ ਵਿਧਾਨ ਸਭਾ ਕੰਪਲੈਕਸ ਦੇ ਬਾਹਰ ਆਪਣੇ ਪੁੱਤਰ ਲਈ ਇਨਸਾਫ ਦੀ ਮੰਗ ਕਰਦਿਆਂ ਧਰਨਾ ਦਿੱਤਾ। ਸਿੱਧੂ ਮੂਸੇਵਾਲਾ ਦੇ ਨਾਂ ਨਾਲ ਮਸ਼ਹੂਰ ਸ਼ੁਭਦੀਪ ਸਿੰਘ ਸਿੱਧੂ ਦੀ 29 ਮਈ ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ ਦੇ ਪਿਤਾ ਬਲਕੌਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦੇ ਪੁੱਤਰ ਦੇ ਕਤਲ ਦੇ ਮੁੱਖ ਸਾਜ਼ਿਸ਼ਕਰਤਾ ਫਰਾਰ ਹਨ।

ਜਾਂਚ ਏਜੰਸੀਆਂ ਵੱਲੋਂ ਕੁਝ ਵੀ ਠੋਸ ਨਹੀਂ ਕੀਤਾ ਗਿਆ। ਉਨ੍ਹਾਂ ਇਸ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਤੋਂ ਜਾਂਚ ਦੀ ਮੰਗ ਵੀ ਕੀਤੀ। ਸ੍ਰੀ ਬਲਕੌਰ ਸਿੰਘ ਤੇ ਉਨ੍ਹਾਂ ਦੀ ਪਤਨੀ ਚਰਨ ਕੌਰ ਨੇ ਹੱਥਾਂ ਵਿਚ ਤਖਤੀਆਂ ਲੈ ਕੇ ਵਿਧਾਨ ਸਭਾ ਦੇ ਬਾਹਰ ਧਰਨਾ ਦਿੱਤਾ। ਉਨ੍ਹਾਂ ਦੇ ਨਾਲ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਮੇਤ ਪੰਜਾਬ ਕਾਂਗਰਸ ਦੇ ਕੁਝ ਸੀਨੀਅਰ ਆਗੂ ਵੀ ਸਨ।

ਇਸ ਦੌਰਾਨ ਪੰਜਾਬ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵਲੋਂ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ 20 ਮਾਰਚ ਤੋਂ ਬਾਅਦ ਮਿਲਾਉਣ ਦਾ ਭਰੋਸਾ ਦਿਵਾਉਣ ਤੋਂ ਬਾਅਦ ਉਨ੍ਹਾਂ ਨੇ ਵਿਧਾਨ ਸਭਾ ਦੇ ਬਾਹਰ ਲਾਇਆ ਧਰਨਾ ਚੁੱਕ ਲਿਆ ਹੈ।

## ਮਨੀਕਰਨ 'ਚ ਸ਼ਰਧਾਲੂਆਂ ਤੇ ਸਥਾਨਕ ਲੋਕਾਂ ਵਿਚਾਲੇ ਝੜਪ; 4 ਜ਼ਖਮੀ

**ਸ਼ਿਮਲਾ:** ਹਿਮਾਚਲ ਪ੍ਰਦੇਸ ਦੇ ਮਨੀਕਰਨ ਵਿਚ ਇਕ ਮੇਲੇ ਦੌਰਾਨ ਪੰਜਾਬ ਤੋਂ ਆਏ ਕੁਝ ਸਰਧਾਲੂਆਂ ਅਤੇ ਸਥਾਨਕ ਲੋਕਾਂ ਵਿਚਾਲੇ ਹੋਈ ਝੜਪ ਵਿਚ ਚਾਰ ਵਿਅਕਤੀ ਜ਼ਖ਼ਮੀ ਹੋ ਗਏ। ਮਨੀਕਰਨ ਸਿੱਖਾਂ ਦਾ ਪ੍ਰਸਿੱਧ ਧਾਰਮਿਕ ਸਥਾਨ ਹੈ। ਅਧਿਕਾਰੀਆਂ ਨੇ ਦੱਸਿਆ ਕਿ ਦੋਵਾਂ ਧਿਰਾਂ ਵੱਲੋਂ ਇੱਕ-ਦੂਜੇ ਖ਼ਿਲਾਫ਼ ਕੀਤੀਆਂ ਗਈਆਂ ਕੁਝ ਟਿੱਪਣੀਆਂ ਤੋਂ ਬਾਅਦ ਰਾਤ ਨੂੰ ਇਹ ਝੜਪ ਹੋਈ। ਇਸ ਤੋਂ ਬਾਅਦ ਕੁਝ ਸਥਾਨਕ ਲੋਕਾਂ ਨੇ ਯਾਤਰੀਆਂ ਦੇ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ। ਇਸ ਦੇ ਜਵਾਬ ਵਿਚ ਯਾਤਰੀਆਂ ਨੇ ਵੀ ਪੱਥਰਬਾਜ਼ੀ ਕੀਤੀ। ਇਸ ਘਟਨਾ ਦੀ ਇਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ, ਜਿਸ ਵਿਚ ਪੰਜਾਬ ਤੋਂ ਆਏ ਕੁਝ ਸਰਧਾਲੂ ਗੁਰਦੁਆਰਾ ਮਨੀਕਰਨ ਸਾਹਿਬ ਨੇੜੇ ਸਥਾਨਕ ਨਿਵਾਸੀਆਂ ਦੇ ਘਰਾਂ 'ਤੇ ਪਥਰਾਅ ਕਰਦੇ ਨਜ਼ਰ ਆ ਰਹੇ ਹਨ।

ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਿਹਾ ਕਿ ਇਹ ਨੌਜਵਾਨਾਂ ਵਿਚਾਲੇ ਟਕਰਾਅ ਸੀ ਅਤੇ ਇਸ ਨੂੰ ਧਾਰਮਿਕ ਰੰਗਤ ਨਹੀਂ ਦਿੱਤੀ ਜਾਣੀ ਚਾਹੀਦੀ। ਉਨ੍ਹਾਂ ਕਿਹਾ ਕਿ ਯਾਤਰੀਆਂ ਅਤੇ ਸਰਧਾਲੂਆਂ ਨੂੰ ਸੁਰੱਖਿਆ ਦੇਣਾ ਉਨ੍ਹਾਂ ਦਾ ਫਰਜ਼ ਹੈ। ਸੁੱਖੂ ਨੇ ਕਿਹਾ, ''ਅਸੀਂ ਸਾਰੇ ਭੈਣ-ਭਰਾ ਹਾਂ। ਸਾਨੂੰ ਇਕੱਠੇ ਰਹਿਣਾ ਚਾਹੀਦਾ ਹੈ।'' ਇਸ ਦੌਰਾਨ ਸਥਾਨਕ ਲੋਕਾਂ ਨੇ ਦੋਸ਼ ਲਾਇਆ ਕਿ ਕੁਝ ਸਰਧਾਲੂਆਂ ਵੱਲੋਂ ਔਰਤਾਂ ਲਈ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ, ਜਿਸ ਮਗਰੋਂ ਝੜਪ ਸ਼ੁਰੂ ਹੋ ਗਈ। ਉਧਰ ਸ਼ਰਧਾਲੂਆਂ ਨੇ ਦਾਅਵਾ ਕੀਤਾ ਸਥਾਨਕ ਵਿਅਕਤੀ ਦੀ ਟਿੱਪਣੀ ਤੋਂ ਬਾਅਦ ਝਗੜਾ ਹੋਇਆ। ਪੁਲਿਸ ਨੇ ਦੱਸਿਆ ਕਿ ਦੋਵੇਂ ਧਿਰਾਂ ਦੇ ਕੁਝ ਵਿਅਕਤੀ ਨਸ਼ੇ ਵਿਚ ਸਨ।

## ਅੰਮ੍ਰਿਤਪਾਲ ਸਿੰਘ ਦੇ ਹਥਿਆਰਬੰਦ ਸਮਰਥਕਾਂ ਖਿਲਾਫ ਕਾਰਵਾਈ ਹੋਵੇਗੀ

*(ਪਹਿਲੇ ਸਫੇ ਦੀ ਬਾਕੀ)*

ਤੋਂ ਜਾਰੀ ਕੀਤੇ ਗਏ ਹਨ। ਸਰਕਾਰ ਨੇ ਇਨ੍ਹਾਂ ਜ਼ਿਲ੍ਹਿਆਂ ਦੇ ਮੈਜਿਸਟਰੇਟਾਂ ਨੂੰ ਅਜਨਾਲਾ ਵਿਚ ਹੋਈ ਹਾਲੀਆ ਹਿੰਸਾ ਦੀ ਰੌਸ਼ਨੀ ਵਿਚ ਲਾਇਸੈਂਸਾਂ 'ਤੇ ਨਜ਼ਰਸਾਨੀ ਲਈ ਕਿਹਾ ਹੈ। ਚੇਤੇ ਰਹੇ ਕਿ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਮਰਥਕਾਂ ਨੇ ਪਿਛਲੇ ਦਿਨੀਂ ਅਜਨਾਲਾ ਥਾਣੇ ਵਿਚ ਬੰਦ ਆਪਣੇ ਇਕ ਸਾਥੀ ਦੀ ਰਿਹਾਈ ਨੂੰ ਲੈ ਕੇ ਥਾਣੇ 'ਤੇ ਧਾਵਾ ਬੋਲਿਆ ਸੀ। ਇਹ ਹਮਲਾ ਪੰਜਾਬ ਸਰਕਾਰ ਤੇ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੂੰ ਸਿੱਧੀ ਚੁਣੌਤੀ ਸੀ। ਅਸਲਾ ਧਾਰਕਾਂ ਦੀ ਸੂਚੀ ਮੁਤਾਬਕ ਅੰਮ੍ਰਿਤਪਾਲ ਕੋਲ .32 ਬੋਰ ਦੇ ਰਿਵਾਲਵਰ ਦਾ ਲਾਇਸੈਂਸ ਹੈ ਜੋ ਤਰਨ ਤਾਰਨ ਜ਼ਿਲ੍ਹੇ ਵੱਲੋਂ ਜਾਰੀ ਕੀਤਾ ਗਿਆ ਹੈ। ਇਹ ਲਾਇਸੈਂਸ 2027 ਤੱਕ ਪ੍ਰਮਾਣਕ ਹੈ ਪਰ ਇਸ 'ਤੇ ਜਾਰੀ ਕਰਨ ਦੀ ਤਰੀਕ ਦਾ ਜ਼ਿਕਰ ਨਹੀਂ ਹੈ। ਹੋਰਨਾਂ ਸਮਰਥਕਾਂ ਵਿਚ ਪਟਿਆਲਾ ਦੇ ਹਰਪ੍ਰੀਤ ਦੇਵਗਨ ਕੋਲ .32 ਬੋਰ ਦਾ ਰਿਵਾਲਵਰ, 30.06 ਸਪਰਿੰਗ ਫੀਲਡ ਰਾਈਫਲ, ਕੋਟਕਪੂਰਾ ਦੇ ਰਾਮ ਸਿੰਘ ਬਰਾੜ ਕੋਲ 12 ਬੋਰ ਦੋਨਾਲੀ ਬੰਦੂਕ ਤੇ .32 ਬੋਰ ਰਿਵਾਲਵਰ, ਮੋਗਾ ਦੇ ਗੁਰਮੀਤ ਸਿੰਘ ਬੁੱਕਣਵਾਲਾ ਕੋਲ .32 ਬੋਰ ਦਾ ਰਿਵਾਲਵਰ, ਛਾਜਲੀ ਸੰਗਰੂਰ ਦੇ ਅਵਤਾਰ ਸਿੰਘ ਕੋਲ 12 ਬੋਰ ਦੋਨਾਲੀ ਬੰਦੂਕ, ਖਿਲਚੀਆਂ ਅੰਮ੍ਰਿਤਸਰ ਦੇ ਹਰਜੀਤ ਸਿੰਘ ਕੋਲ 12 ਬੋਰ ਦੋਨਾਲੀ ਬੰਦੂਕ ਤੇ ਐਨ.ਪੀ. ਬੋਰ ਪਿਸਟਲ ਅਤੇ ਅੰਮ੍ਰਿਤਸਰ ਦੇ ਬਲਜਿੰਦਰ ਸਿੰਘ ਕੋਲ ਦੋਨਾਲੀ ਬੰਦੂਕ, .32 ਬੋਰ ਦਾ ਰਿਵਾਲਵਰ ਤੇ .315 ਬੋਰ ਦੀ ਰਾਈਫਲ ਸ਼ਾਮਲ ਹਨ।

## ਜੀ-20 ਸੰਮੇਲਨ ਦੀ ਮੇਜ਼ਬਾਨੀ ਲਈ ਪੰਜਾਬ ਪੂਰੀ ਤਰ੍ਹਾਂ ਤਿਆਰ: ਭਗਵੰਤ ਮਾਨ

**ਅੰਮ੍ਰਿਤਸਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਜੀ-20 ਸੰਮੇਲਨ ਅੰਮ੍ਰਿਤਸਰ ਵਿਚ ਆਪਣੇ ਨਿਰਧਾਰਤ ਪ੍ਰੋਗਰਾਮ ਅਨੁਸਾਰ ਹੋ ਰਿਹਾ ਹੈ। ਇਸ ਸਬੰਧੀ ਅਫਵਾਹਾਂ ਰਾਹੀਂ ਸਰਕਾਰ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਗਿਆ ਹੈ। ਭਗਵੰਤ ਮਾਨ ਨੇ ਇਥੇ ਦੌਰਾ ਕਰਦਿਆਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਸੂਬੇ ਵਿਚ 15, 17 ਅਤੇ 19, 20 ਮਾਰਚ ਨੂੰ ਹੋਣ ਵਾਲੇ ਜੀ-20 ਸੰਮੇਲਨ ਨੂੰ ਪੂਰੀ ਤਰ੍ਹਾਂ ਸਫਲ ਬਣਾਉਣ ਲਈ ਕੰਮ ਕਰਨ। ਕੌਮਾਂਤਰੀ ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਇਸ ਸਮਾਗਮ ਦੀ ਮੇਜ਼ਬਾਨੀ ਲਈ ਪੂਰੀ ਤਰ੍ਹਾਂ ਤਿਆਰ ਹੈ।

ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਅਗਲੇ ਹਫਤੇ ਅੰਮ੍ਰਿਤਸਰ ਵਿਚ ਹੋਣ ਵਾਲੇ ਜੀ-20 ਸੰਮੇਲਨ ਦੇ ਕਾਰਜਕਾਰੀ ਸੈਸ਼ਨਾਂ ਲਈ ਪੁਖਤਾ ਪ੍ਰਬੰਧ ਯਕੀਨੀ ਬਣਾਉਣ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਇਕ ਚੰਗਾ ਮੌਕਾ ਹੈ ਕਿ ਸੂਬੇ ਵਿਚ ਅਜਿਹਾ ਵੱਡਾ ਸਮਾਗਮ ਕਰਵਾਉਣ ਦਾ ਮੌਕਾ ਮਿਲਿਆ ਹੈ ਪਰ ਅਫਵਾਹਾਂ ਜਰੀਏ ਪੰਜਾਬ ਨੂੰ ਬਦਨਾਮ ਕਰਨ ਵਾਲੇ ਕਦੇ ਕਾਮਯਾਬ ਨਹੀਂ ਹੋਣਗੇ। ਸ੍ਰੀ ਮਾਨ ਨੇ ਅਧਿਕਾਰੀਆਂ ਨੂੰ ਕਿਹਾ ਕਿ ਸੰਮੇਲਨ ਵਿਚ ਹਿੱਸਾ ਲੈਣ ਵਾਲੇ ਪਤਵੰਤਿਆਂ ਦੇ ਆਰਾਮਦਾਇਕ ਠਹਿਰਾਅ ਲਈ ਪੁਖਤਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮਹਿਮਾਨਾਂ ਨੂੰ ਰਵਾਇਤੀ ਪੰਜਾਬੀ ਪਕਵਾਨ ਪਰੋਸੇ ਜਾਣਗੇ ਅਤੇ ਸ਼ਾਮ ਨੂੰ ਸੱਭਿਆਚਾਰਕ ਸਮਾਗਮਾਂ ਦੌਰਾਨ ਪੰਜਾਬੀ ਸੱਭਿਆਚਾਰ ਦੀ ਝਲਕ ਵੀ ਦਿਖਾਈ ਜਾਵੇਗੀ।

## ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਪ੍ਰਕਿਰਿਆ ਤੇਜ਼ ਕਰਨ ਦਾ ਐਲਾਨ

**ਵਾਸ਼ਿੰਗਟਨ:** ਅਮਰੀਕਾ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਕੁਝ ਸ਼੍ਰੇਣੀਆਂ ਲਈ ਅਰਜ਼ੀਆਂ ਦੀ ਪ੍ਰੀਮੀਅਮ ਪ੍ਰੋਸੈਸਿੰਗ (ਵੀਜ਼ੇ ਤੇਜੀ ਨਾਲ ਜਾਰੀ ਕਰਨ) ਦਾ ਐਲਾਨ ਕੀਤਾ, ਜਿਸ ਨਾਲ ਵਿਦਿਆਰਥੀਆਂ ਲਈ ਅਮਰੀਕਾ ਵਿਚ (ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ) ਵਿਸ਼ਿਆਂ ਦਾ ਅਧਿਐਨ ਕਰਨ ਲਈ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਲਾਭ ਮਿਲਣ ਦੀ ਸੰਭਾਵਨਾ ਹੈ।

## ਪੰਜਾਬ ਵਿਧਾਨ ਸਭਾ ਜੰਗ ਦਾ ਅਖਾੜਾ ਬਣੀ

*(ਪਹਿਲੇ ਸਫੇ ਦੀ ਬਾਕੀ)*

ਹੋਏ। ਮਿੱਠੀਆਂ ਸੁਰਾਂ 'ਚ ਦੋਹਾਂ ਨੇਤਾਵਾਂ ਨੇ ਠੋਸ ਆਧਾਰਾਂ 'ਤੇ ਆਪਣੀ ਗੱਲ ਰੱਖੀ। ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਵਿਚ ਮੁੜ ਮੂਲਵਾਦੀ ਤੱਤ ਤੇ ਖਾਲਿਸਤਾਨੀ ਤਿਆਰੀ ਕਰਨ ਲੱਗੇ ਹਨ ਅਤੇ ਅੰਮ੍ਰਿਤਪਾਲ ਸਿੰਘ ਦੇ ਸਲਾਹਕਾਰ ਅਕਸਰ ਲਾਹੌਰ ਜਾਂਦੇ ਹਨ ਜਿੱਥੇ ਦੇਸ਼ ਤੇ ਵਿਦੇਸ਼ ਦੀਆਂ ਤਾਕਤਾਂ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕਰਨ ਦੀਆਂ ਸਾਜ਼ਿਸ਼ਾਂ ਰਚਦੀਆਂ ਹਨ ਪ੍ਰੰਤੂ ਉਹ ਸੂਬੇ ਦਾ ਮਾਹੌਲ ਹਰਗਿਜ਼ ਖ਼ਰਾਬ ਨਹੀਂ ਹੋਣ ਦੇਣਗੇ।

ਰਾਜਪਾਲ ਦੇ ਭਾਸ਼ਨ 'ਤੇ ਚਰਚਾ ਦੌਰਾਨ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ ਦੇ ਮੁੱਦੇ 'ਤੇ ਆਪਸ ਵਿਚ ਖਹਿਬੜ ਪਏ। ਸੁਖਪਾਲ ਖਹਿਰਾ ਇਸ ਮਾਮਲੇ 'ਤੇ ਘਿਰੇ ਘਿਰੇ ਨਜ਼ਰ ਆਏ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਫ਼ਾਈ ਦੇਣ ਦਾ ਮੌਕਾ ਵੀ ਨਹੀਂ ਮਿਲ ਸਕਿਆ। ਧਾਲੀਵਾਲ ਨੇ ਖਹਿਰਾ 'ਤੇ ਵਾਰ ਕਰਦਿਆਂ ਕਿਹਾ ਕਿ ਸੁਖਪਾਲ ਖਹਿਰਾ ਦੇ ਸ਼ਰੀਕੇ ਵਾਲਿਆਂ ਨੇ ਖਹਿਰਾ ਦੇ ਜੱਦੀ ਪਿੰਡ ਰਾਮਗੜ੍ਹ ਵਿਚ ਹੀ ਪੰਚਾਇਤ ਦੀ ਜ਼ਮੀਨ ਨੱਪੀ ਹੋਈ ਹੈ ਤੇ ਖਹਿਰਾ ਇਸ ਜ਼ਮੀਨ ਨੂੰ ਛੁਡਾਉਣ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਹੋਲਾ ਮਹੱਲਾ ਅਤੇ ਨਾਨਕਸ਼ਾਹੀ ਸੰਮਤ 555 ਦੀ ਅਰੰਭਤਾ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ ਹੋਣ ਜੀ।

ਨਾਨਕਸ਼ਾਹੀ ਸੰਮਤ ੫੫੫

**੧ ਚੇਤ**

14 March 2023



## ਪ੍ਰੋਗਰਾਮ Program:

**ਹੋਲਾ ਮਹੱਲਾ ਬੁੱਧਵਾਰ ੮ ਮਾਰਚ**

Holla Mohalla Wednesday March 8, 6pm

**ਨਵਾਂ ਸਾਲ ਮੰਗਲਵਾਰ ੧੪ ਮਾਰਚ**

New Year Tuesday March 14, 6pm

## ਵਿਸ਼ੇਸ਼ ਦੀਵਾਨ

ਬੁੱਧਵਾਰ 8 ਮਾਰਚ, ਸ਼ਾਮ 6 ਵਜੇ ਤੋਂ
ਸ਼ਨਿਚਰਵਾਰ 11 ਮਾਰਚ, ਸ਼ਾਮ 6 ਵਜੇ
ਐਤਵਾਰ 12 ਮਾਰਚ ਸਵੇਰੇ 7:30 ਵਜੇ ਤੋਂ
ਮੰਗਲਵਾਰ 14 ਮਾਰਚ, ਸ਼ਾਮ 6 ਵਜੇ ਤੋਂ



ਭਾਈ ਇੰਦਰਜੀਤ ਸਿੰਘ ਬੰਬੇ ਵਾਲੇ
Bhai Inderjit Singh Bombay Wale
Visiting from March 11-14

**ਗੁਰਦਵਾਰਾ ਸਾਹਿਬ ਪੈਲਾਟਾਈਨ ਵਿਖੇ ਆਪ ਜੀ ਦੇ ਸਹਿਯੋਗ ਨਾਲ ਇਹ ਸ਼ੁਭ ਦਿਹਾੜੇ ਮਨਾਉਣ ਲਈ ਵਿਸ਼ੇਸ਼ ਸਮਾਗਮ ਉਲੀਕੇ ਗਏ ਹਨ। ਇਹਨਾਂ ਕਾਰਜਾਂ ਲਈ ਤਨ, ਮਨ ਅਤੇ ਧੰਨ ਨਾਲ ਯੋਗਦਾਨ ਪਾਵੋ ਜੀ ।**

SIKH Religious Society
PALATINE GURDWARA

1280 Winnetka Street, Palatine, IL 60067 Phone: (847) 358-1117
1050 Deer Avenue Palatine, IL 60067
Website: www.srschicago.org Email: contactus@srschicago.org
501 (c) (3) Non-Profit organization IRS Tax ID# 36-4048422R05

# ਪੰਜਾਬੀ ਜਾਇਆਂ ਨੇ ਮਾਂ ਬੋਲੀ ਨੂੰ ਕੀਤਾ ਸਿਜਦਾ

## ਕੌਮਾਂਤਰੀ ਮਾਂ ਬੋਲੀ ਦਿਹਾੜੇ 'ਤੇ ਪੰਜਾਬੀ ਬੋਲਣ, ਪੜ੍ਹਨ ਤੇ ਲਿਖਣ ਦਾ ਦਿੱਤਾ ਸੱਦਾ; ਕਵੀਆਂ, ਕਲਾਕਾਰਾਂ ਨੇ ਮੋਹਿਆ ਦਰਸ਼ਕਾਂ ਦਾ ਦਿਲ

**ਅੱਖਰਾਂ ਵਿਚ ਸਮੁੰਦਰ ਰੱਖਾਂ,**
**ਮੈਂ ਇਕਬਾਲ ਪੰਜਾਬੀ ਦਾ**
**ਝੱਖੜਾਂ ਦੇ ਵਿਚ ਰੱਖ ਦਿੱਤਾ ਏ,**
**ਦੀਵਾ ਬਾਲ ਪੰਜਾਬੀ ਦਾ ।**
**-ਬਾਬਾ ਨਜ਼ਮੀ**

**ਸ਼ਿਕਾਗੋ (ਅੰਮ੍ਰਿਤ ਪਾਲ ਕੌਰ):** ਬਾਬਾ ਨਜ਼ਮੀ ਵਾਂਗ ਹੀ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਇਸ ਦੇ ਵਿਦੇਸ਼ੀਂ ਬੈਠੇ ਪੁੱਤਾਂ-ਧੀਆਂ ਨੇ ਵੀ 'ਪੰਜਾਬੀ ਦਾ ਦੀਵਾ' ਵਿਦੇਸ਼ਾਂ ਵਿਚ ਬਾਲਿਆ ਹੋਇਆ ਹੈ। ਮਾਂ ਬੋਲੀ ਦੀ ਚੜ੍ਹਦੀ ਕਲਾ ਤੇ ਇਸ ਦੇ ਪ੍ਰਚਾਰ-ਪ੍ਰਸਾਰ ਲਈ ਸ਼ਿਕਾਗੋ ਵਸਦੇ ਪੰਜਾਬੀਆਂ ਵਲੋਂ ਪੁਰਜ਼ੋਰ ਕੋਸ਼ਿਸ਼ਾਂ ਜਾਰੀ ਹਨ। ਇਸੇ ਤਹਿਤ ਹੀ ਪਿਛਲੇ ਦੋ ਵਰ੍ਹਿਆਂ ਵਾਂਗ ਇਸ ਸਾਲ ਵੀ ਮਿਡਵੈਸਟ ਦੇ ਸਮੂਹ ਪੰਜਾਬੀ ਭਾਈਚਾਰੇ ਵੱਲੋਂ ਮਿਲ-ਜੁਲ ਕੇ ਕੌਮਾਂਤਰੀ ਮਾਂ-ਬੋਲੀ ਦਿਹਾੜਾ 4 ਮਾਰਚ 2023 ਨੂੰ ਪ੍ਰੇਅਰੀ ਸੈਂਟਰ ਸ਼ਾਮਬਰਗ ਦੇ ਖ਼ੂਬਸੂਰਤ ਹਾਲ ਵਿਚ ਪੰਜਾਬੀ ਅਤੇ ਪ੍ਰਵਾਸੀ ਭਾਰਤੀ ਸਨਮਾਨ ਐਵਾਰਡੀ ਸ. ਦਰਸ਼ਨ ਸਿੰਘ ਧਾਲੀਵਾਲ ਦੀ ਸਰਪ੍ਰਸਤੀ ਹੇਠ ਮਨਾਇਆ ਗਿਆ। ਉਨ੍ਹਾਂ ਨੇ ਖਰਚੇ ਦਾ ਵੱਡਾ ਹਿੱਸਾ ਸਪਾਂਸਰ ਕੀਤਾ।



ਪ੍ਰੋਗਰਾਮ ਵਿਚ ਕਰੀਬ ਪੰਜ ਮੁਲਕਾਂ ਦੇ ਅਦੀਬ, ਸ਼ਾਇਰ ਸ਼ਾਮਿਲ ਹੋਏ। ਪੂਰੇ ਮਿਡਵੈਸਟ (ਓਹਾਇਓ, ਇੰਡੀਅਨਐਪਲਿਸ, ਸਿਨਸਿਨੈਟੀ, ਵਿਸਕਾਨਸਿਨ, ਆਇਓਵਾ ਅਤੇ ਮਿਸ਼ੀਗਨ) ਤੋਂ ਕਰੀਬ 500 ਲੋਕਾਂ ਦਾ ਸ਼ਾਮਲ ਹੋਣਾ ਹੀ ਇਸ ਪ੍ਰੋਗਰਾਮ ਦੇ ਕਾਮਯਾਬ ਹੋਣ ਦੀ ਸ਼ਾਹਦੀ ਭਰਦਾ ਹੈ। 2021-22 ਵਿਚ ਪੰਜਾਬੀਆਂ ਵਲੋਂ ਮਿਲੇ ਸ਼ਾਨਦਾਰ ਹੁੰਗਾਰੇ ਤੋਂ ਉਤਸ਼ਾਹਤ ਹੋ ਕੇ ਇਸ ਵਾਰ ਦਾ ਪ੍ਰੋਗਰਾਮ ਹੋਰ ਵੀ ਉਚੇਚ ਨਾਲ ਉਲੀਕਿਆ ਗਿਆ ਸੀ।

ਪ੍ਰੋਗਰਾਮ ਦਾ ਆਗਾਜ਼ ਡਾ. ਹਰਜਿੰਦਰ ਖਹਿਰਾ ਨੇ ਦੂਰ-ਦੁਰੇਡਿਓਂ ਆਏ ਮਾਂ ਬੋਲੀ ਦੇ ਜਾਇਆਂ ਨੂੰ 'ਜੀ ਆਇਆਂ' ਆਖ ਕੇ ਕੀਤਾ। ਮਹਿਮਾਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਬੱਚਿਆਂ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ ਤੇ ਨਵਰੂਪ ਕੌਰ ਅਤੇ ਸਾਥੀਆਂ ਨੇ ਤਾੜੀਆਂ ਦੀ ਗੂੰਜ ਵਿਚ ਕਵਿਤਾ ਅਤੇ ਮੁਹਾਰਨੀ ਗਾ ਕੇ ਮਾਂ ਬੋਲੀ ਨਾਲ ਆਪਣੇ ਮੋਹ ਦਾ ਪ੍ਰਗਟਾਵਾ ਕੀਤਾ। ਪ੍ਰੋਗਰਾਮ ਦੌਰਾਨ ਖ਼ੂਬਸੂਰਤ ਸ਼ਾਇਰੀ ਦਾ ਦੌਰ ਵੀ ਚੱਲਿਆ ਤੇ ਸਰੋਤਿਆਂ ਨੇ ਹਰ ਚੰਗੇ ਸ਼ੇਅਰ ਨੂੰ ਦਿਲੀ ਦਾਦ ਦੇ ਕੇ ਸ਼ਾਇਰਾਂ ਦੀ ਹੌਸਲਾ-ਅਫ਼ਜ਼ਾਈ ਕੀਤੀ। ਵਿਦਵਾਨਾਂ ਤੇ ਕਵੀਆਂ ਨੇ ਆਪਣੀਆਂ ਪੇਸ਼ਕਾਰੀਆਂ ਨਾਲ ਸਮਾਂ ਬੰਨ੍ਹ ਦਿੱਤਾ। ਸੁਖਨਵਰ ਪੰਜਾਬ ਦੇ ਕਰਤਾ-ਧਰਤਾ ਪਾਕਿਸਤਾਨੀ ਸ਼ਇਰ ਆਬਿਦ ਰਸ਼ੀਦ ਨੇ ਖੁਦ ਨੂੰ ਖੁਸ਼ਨਸੀਬ ਦੱਸਿਆ ਕਿ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਨੇ ਕਾਲਜ ਪੜ੍ਹਦਿਆਂ ਲਿਖੀ ਆਪਣੀ ਪਹਿਲੀ ਨਜ਼ਮ 'ਤੇਰਾ ਧੁੱਪਾਂ ਵਰਗਾ ਰੰਗ ਬੱਲੀਏ' ਨਾਲ ਮਾਹੌਲ ਨੂੰ ਰੁਮਾਂਟਿਕ ਤੇ ਖੁਸ਼ਨੁਮਾ ਬਣਾ ਦਿੱਤਾ। ਆਪਣੀਆਂ ਨਜ਼ਮਾਂ ਰਾਹੀਂ ਉਨ੍ਹਾਂ ਨੇ ਦਰਸ਼ਕਾਂ ਤੋਂ ਖ਼ੂਬ ਵਾਹ-ਵਾਹ ਖੱਟੀ। ਸਾਜਿਦ ਚੌਧਰੀ ਨੇ ਕਿਹਾ ਕਿ ਸੁਖਨਵਰ ਪੰਜਾਬ ਦਾ ਉਦੇਸ਼ ਸਰਹੱਦਾਂ ਨੂੰ ਪਾਸੇ ਰੱਖ ਕੇ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਅਦੀਬਾਂ ਵਲੋਂ ਮਾਂ ਬੋਲੀ ਦੀ ਸੇਵਾ ਕਰਨਾ ਹੈ। ਉਨ੍ਹਾਂ ਮਾਂ ਬੋਲੀ ਦਿਹਾੜਾ ਮਨਾਉਣ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਕੌਂਸਲ ਰਣਜੀਤ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ 'ਬੋਲ ਪੰਜਾਬੀ ਬੋਲ, ਮਿੱਠੜੇ ਤੇਰੇ ਬੋਲ' ਰਾਹੀਂ ਪੰਜਾਬੀ ਦੀ ਮਹੱਤਤਾ ਦਰਸਾਈ। ਪ੍ਰੋਗਰਾਮ ਦੀ ਵਿਸ਼ੇਸ਼ਤਾ ਇਹ ਵੀ ਰਹੀ ਕਿ ਦੋਨਾਂ ਪੰਜਾਬਾਂ ਦੇ ਅਦੀਬ ਰਲ-ਮਿਲ ਬੈਠੇ ਸਨ।

ਪ੍ਰੋਗਰਾਮ ਦੇ ਕਨਵੀਨਰ ਰਾਜ ਲਾਲੀ ਬਟਾਲਾ ਨੇ

ਮਾਂ ਬੋਲੀ ਦੇ ਵਾਰਸੋ,
ਤੁਹਾਨੂੰ ਸਭ ਨੂੰ ਮੇਰਾ ਸਲਾਮ
ਮਾਂ ਬੋਲੀ ਅੱਜ ਖੁਸ਼ੀ 'ਚ ਝੂਮੇ ਤੇ
ਖਿੜ ਖਿੜ ਜਾਵੇ ਸ਼ਾਮ।

ਸ਼ੇਅਰ ਰਾਹੀਂ ਨੌਜਵਾਨ ਕਵਿੱਤਰੀ ਰਾਕਿੰਦ ਕੌਰ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਤੇ ਨੌਜਵਾਨ ਕਵੀਆਂ ਨੂੰ ਪੰਜਾਬੀ ਦਾ ਭਵਿੱਖ ਦੱਸਿਆ। ਰਾਕਿੰਦ ਕੌਰ ਨੇ ਆਪਣੀ ਕਵਿਤਾ 'ਮੇਰਾ ਪਿੰਡ ਕਿਹੜਾ' ਰਾਹੀਂ ਵਿਦੇਸ਼ਾਂ 'ਚ ਜੰਮੇ ਪਲੇ ਪੰਜਾਬੀ ਬੱਚਿਆਂ ਦੀ ਦੁਬਿਧਾ ਦਾ ਪ੍ਰਗਟਾਵਾ ਕੀਤਾ। ਥੋੜ੍ਹੀ ਦੇਰ ਪਹਿਲਾਂ ਹੀ ਭਾਰਤ ਤੋਂ ਸ਼ਿਕਾਗੋ ਆ ਕੇ ਵਸੇ ਅੰਤਰਰਾਸ਼ਟਰੀ ਐਂਕਰ ਗੁਰਲੀਨ ਕੌਰ ਨੇ ਆਪਣੀ ਪੁਸਤਕ 'ਰੂਹਦਾਰੀ' ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਗਲਾ ਖ਼ਰਾਬ ਹੋਣ ਦੇ ਬਾਵਜੂਦ ਆਪਣੀ ਕਵਿਤਾ 'ਮੈਂ ਪੰਜਾਬ ਦੀ ਧੀ ਹਾਂ ਪਰ ਪੰਜਾਬੀ ਮੇਰੀ ਮਾਂ ਨਾ ਰਹੀ' ਰਾਹੀਂ ਪੰਜਾਬ ਦੀਆਂ ਵਿਦੇਸ਼ੀਂ ਵਸਦੀਆਂ ਧੀਆਂ ਦਾ ਦਰਦ ਬਾਖ਼ੂਬੀ ਬਿਆਨ ਕੀਤਾ। ਪੋ. ਲਖਵਿੰਦਰ ਲੱਕੀ ਨੇ 'ਮਾਂ ਬੋਲੀ ਹੈ ਮਾਂ ਦੇ ਵਰਗੀ' ਸ਼ੇਅਰ ਸੁਣਾਇਆ ਅਤੇ ਪੰਜਾਬ 'ਤੇ ਲਿਖੀ 'ਹੂਕ' ਤਰੰਨੁਮ ਵਿਚ ਗਾ ਕੇ ਪੰਜਾਬ ਦੀ ਪੀੜ ਸੁਣਾਈ ਜਿਸ ਨੇ ਸਾਰੇ ਪੰਜਾਬੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਇੰਗਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਆਏ ਲੇਖਕ ਅਜ਼ੀਮ ਸ਼ੇਖਰ ਨੇ ਮਾਂ ਬੋਲੀ ਦਿਹਾੜੇ ਦੇ ਇਤਿਹਾਸ ਬਾਰੇ ਦੱਸਿਆ ਅਤੇ ਆਪਣੀ ਗ਼ਜ਼ਲ 'ਸੁਰਾਂ ਜਿਨ੍ਹਾਂ ਦੀਆਂ ਕਰ ਕੇ ਸੀ ਵੱਸਣਾ ਸ਼ਹਿਰ ਖ਼ੁਆਬਾਂ ਦਾ' ਸੁਣਾਈ। ਇੰਗਲੈਂਡ ਤੋਂ ਹੀ ਪੁੱਜੇ ਰਜਿੰਦਰ ਜੀਤ ਨੇ ਦੋਵਾਂ ਪੰਜਾਬਾਂ ਦੇ ਲੋਕਾਂ ਨੂੰ ਗੁਰਮੁਖੀ ਤੇ ਸ਼ਾਹਮੁਖੀ ਦੋਵੇਂ ਲਿਪੀਆਂ ਸਿੱਖਣ ਅਤੇ ਗੁਰੂਘਰਾਂ ਵਿਚ ਪੰਜਾਬੀ ਨੂੰ ਧਰਮ ਨਾਲ ਨਾ ਜੋੜ ਕੇ ਭਾਸ਼ਾ ਜਾਂ ਲਿਪੀ ਦੇ ਤੌਰ 'ਤੇ ਸਿਖਾਉਣ ਦਾ ਸੱਦਾ ਦਿੱਤਾ। ਉਨ੍ਹਾਂ ਆਪਣੇ ਸ਼ੇਅਰ 'ਪਾਣੀ ਦੇ ਦੋ ਟੋਟੇ ਕਰਨਾ ਕੰਮ ਨਹੀਂ ਕਿਰਪਾਨਾਂ ਦਾ' ਰਾਹੀਂ ਪੰਜਾਬੀਆਂ ਨੂੰ ਰਲ-ਮਿਲ ਕੇ ਰਹਿਣ ਤੇ ਮਜ਼ਹਬਾਂ ਦੇ ਨਾਂ 'ਤੇ ਨਾ ਲੜਨ ਲਈ ਪ੍ਰੇਰਿਆ ਤੇ ਦਰਸ਼ਕਾਂ ਨੇ ਤਾੜੀਆਂ ਨਾਲ ਉਨ੍ਹਾਂ ਨੂੰ ਹਾਂ-ਪੱਖੀ ਹੁੰਗਾਰਾ ਵੀ ਦਿੱਤਾ। ਜਦੋਂ ਕਸ਼ਿਸ਼ ਹੁਸ਼ਿਆਰਪੁਰੀ ਨੇ ਕਿਹਾ, 'ਮੈਨੂੰ ਇੰਝ ਲੱਗਦਾ ਹੈ ਕਿ ਮੈਂ ਅਮਰੀਕਾ ਵਿਚ ਨਹੀਂ ਸਗੋਂ ਪਟਿਆਲਾ ਯੂਨੀਵਰਸਿਟੀ ਦੇ ਮੰਚ ਤੋਂ ਗ਼ਜ਼ਲ ਪੜ੍ਹ ਰਿਹਾ ਹਾਂ ਤਾਂ ਸਰੋਤਿਆਂ ਨੇ ਭਰਪੂਰ ਤਾੜੀਆਂ ਵਜਾਈਆਂ, ਜਿਸ ਤੋਂ ਸਾਬਤ ਹੁੰਦਾ ਹੈ ਕਿ ਇੱਥੇ ਵੀ ਲੋਕ ਪੰਜਾਬੀ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ 'ਮਹਿਫ਼ਿਲ 'ਚ ਆ ਕੇ ਬੈਠੇ ਜਦੋਂ ਕਰੀਬ ਸਾਡੇ, ਨਜ਼ਰਾਂ ਬਚਾ ਕੇ ਖਿਸਕੇ ਸਾਰੇ ਰਕੀਬ ਸਾਡੇ' ਨਾਲ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ। ਕੈਲੀਫੋਰਨੀਆ ਤੋਂ ਪੁੱਜੇ ਉੱਘੇ ਲੇਖਕ ਡਾ. ਐੱਸ ਅਸ਼ੋਕ ਭੌਰਾ ਨੇ ਇਕ ਗੰਭੀਰ ਉਦਾਹਰਣ ਰਾਹੀਂ ਪੰਜਾਬੀਆਂ ਨੂੰ ਆਪਣੇ ਬੱਚਿਆਂ ਨੂੰ ਬੋਲੀ, ਭਾਸ਼ਾ, ਆਪਣੇ ਸੱਭਿਆਚਾਰ ਤੇ ਪਿਛੋਕੜ ਨਾਲ ਜੋੜੀ ਰੱਖਣ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਸ਼ੇਅਰ 'ਨਵੇਂ ਯੁੱਗ ਦੀਆਂ ਨਵੀਆਂ ਵਿਉਂਤਬੰਦੀਆਂ' ਸੁਣਾਇਆ ਅਤੇ ਵਿਅੰਗ ਸੁਣਾ ਕੇ ਸਰੋਤਿਆਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ।



ਕੌਮੀ ਪੱਧਰ 'ਤੇ ਸਨਮਾਨਿਤ ਉੱਘੇ ਨਾਟਕਕਾਰ ਡਾ. ਆਤਮਜੀਤ ਸਿੰਘ ਵਲੋਂ ਲਿਖਿਆ ਤੇ ਨਿਰਦੇਸ਼ਿਤ ਕੀਤਾ ਨਾਟਕ 'ਸਾਹਨੀ ਸੱਚ ਕਹਿੰਦਾ ਸੀ', ਇਸ ਪ੍ਰੋਗਰਾਮ ਦਾ ਸਿਖਰ ਹੋ ਨਿੱਬੜਿਆ। ਦਰਸ਼ਕ ਬੇਸਬਰੀ ਨਾਲ ਨਾਟਕ ਦਾ ਇੰਤਜ਼ਾਰ ਕਰ ਰਹੇ ਸਨ ਤੇ ਨਾਟਕ ਸ਼ੁਰੂ ਹੁੰਦਿਆਂ ਹੀ ਸਾਰੇ ਆਪਣੀਆਂ ਕੁਰਸੀਆਂ ਨਾਲ ਜੁੜ ਕੇ ਬੈਠ ਗਏ। ਯੂ.ਐੱਸ. ਮਿੱਡਵੈਸਟ ਵਿਚ ਬਣੇ ਪਹਿਲੇ ਪੰਜਾਬੀ ਰੰਗਮੰਚ ਗਰੁੱਪ 'ਥੀਏਟਰ ਫ਼ਾਈਵ ਰਿਵਰਜ਼' ਦੇ ਕਲਾਕਾਰਾਂ ਨੇ ਆਪਣੀ ਸ਼ਾਨਦਾਰ ਅਦਾਕਾਰੀ ਨਾਲ ਨਾਟਕ ਵਿਚ ਰੂਹ ਫੂਕ ਦਿੱਤੀ। ਕਈ ਸਾਲਾਂ ਤੋਂ ਥਿਏਟਰ ਕਰ ਰਹੇ ਸ਼ਿਕਾਗੋ ਦੇ ਪ੍ਰਸਿੱਧ ਕਲਾਕਾਰ ਗੁਰਮੁਖ ਸਿੰਘ ਭੁੱਲਰ, ਜਦੋਂ ਪਰਦਾ ਪਾਸੇ ਹੁੰਦਿਆਂ ਹੀ ਬਜ਼ੁਰਗ ਦੇ ਰੂਪ ਵਿਚ ਸਟੇਜ 'ਤੇ ਆਏ ਤਾਂ ਉਨ੍ਹਾਂ ਦੇ ਪ੍ਰਸ਼ੰਸਕਾਂ ਨੇ ਤਾੜੀਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਦੋ ਕਿਰਦਾਰ ਨਿਭਾਏ ਤੇ ਦੋਹਾਂ ਵਿਚ ਜਾਨ ਪਾ ਦਿੱਤੀ। ਜਦੋਂ ਉਹ ਡਾ. ਰਬਿੰਦਰ ਨਾਥ ਟੈਗੋਰ ਬਣ ਦਰਸ਼ਕਾਂ ਸਾਹਮਣੇ ਆਏ ਤਾਂ ਸੱਚੀਂ-ਮੁੱਚੀਂ ਇੰਜ ਲੱਗ ਰਿਹਾ ਸੀ ਜਿਵੇਂ ਡਾ. ਟੈਗੋਰ ਆਪ ਹੀ ਸਟੇਜ 'ਤੇ ਆ ਕੇ ਦਰਸ਼ਕਾਂ ਨੂੰ ਮਾਂ ਬੋਲੀ ਨਾਲ ਜੁੜਨ ਦਾ ਸੁਨੇਹਾ ਦੇ ਰਹੇ ਹੋਣ। ਜ਼ਿਕਰਯੋਗ ਹੈ ਕਿ ਬਲਰਾਜ ਸਾਹਨੀ ਨੇ ਟੈਗੋਰ ਦੀ ਪ੍ਰੇਰਨਾ ਨਾਲ ਹੀ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ ਸੀ। ਜਸਬੀਰ ਕੌਰ ਮਾਨ ਨੇ ਆਪਣੇ ਠੇਠ ਪੰਜਾਬੀ ਲਹਿਜ਼ੇ ਤੇ ਛੋਟੇ ਛੋਟੇ ਟੋਟਕਿਆਂ ਨਾਲ ਦਰਸ਼ਕਾਂ ਦਾ ਮਨ ਜਿੱਤ ਲਿਆ। ਦੋਵਾਂ ਕਿਰਦਾਰਾਂ ਦੀ ਨੋਕ-ਝੋਕ, ਹਾਸਿਆਂ, ਰੋਸਿਆਂ ਦਾ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ। ਪਿਛਲੇ ਕਈ ਸਾਲਾਂ ਤੋਂ ਥਿਏਟਰ ਕਰ ਰਹੇ ਕੁਮਾਰ ਪਵਨਦੀਪ ਦੀ ਅਦਾਕਾਰੀ ਵੀ ਬਾਕਮਾਲ ਸੀ। ਉਨ੍ਹਾਂ ਦੀ ਗਰਜਵੀਂ ਆਵਾਜ਼ ਤੇ ਹਾਵ-ਭਾਵ ਪੰਜਾਬੀਆਂ ਤਕ ਨਾਟਕ ਦਾ ਸੁਨੇਹਾ ਪਹੁੰਚਾਉਣ ਵਿਚ ਸਫਲ ਰਹੇ। ਸੰਦੀਪ ਕੌਰ ਅਤੇ ਜਸਮੀਤ ਸਿੰਘ ਦੀ ਜੋੜੀ ਨੇ ਵੀ ਆਪਣੀ ਅਦਾਕਾਰੀ ਨਾਲ ਸਭ ਦਾ ਮਨ ਮੋਹ ਲਿਆ। ਦੂਰਦਰਸ਼ਨ ਵਿਚ ਕੰਮ ਕਰਦਾ ਰਿਹਾ ਰਾਜੇਸ਼ ਪਵਾਰ ਜਦੋਂ ਬਲਰਾਜ ਸਾਹਨੀ ਬਣ ਸਟੇਜ 'ਤੇ ਆਇਆ ਤਾਂ ਉਹ ਸਾਹਨੀ ਦਾ ਹੀ ਭੁਲੇਖਾ ਪਾ ਗਿਆ। ਹਰੇਕ ਅਦਾਕਾਰ ਭਾਵੇਂ ਪੇਸ਼ੇਵਰ ਨਹੀਂ ਸੀ, ਪਰ ਉਨ੍ਹਾਂ ਨੇ ਆਪਣੀ ਅਦਾਕਾਰੀ, ਪ੍ਰਭਾਵ, ਡਾਇਲਾਗ ਡਿਲੀਵਰੀ ਨਾਲ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਨਾਟਕ ਨੇ ਇਸ ਵਿਸ਼ੇ ਨੂੰ ਰੇਖਾਂਕਿਤ ਕੀਤਾ ਕਿ ਪੰਜਾਬੀ ਸਾਰੇ ਪੰਜਾਬੀਆਂ ਦੀ ਭਾਸ਼ਾ ਹੈ ਅਤੇ ਕਿਸੇ ਖਾਸ ਧਰਮ ਜਾਂ ਖੇਤਰ ਤੱਕ ਸੀਮਤ ਨਹੀਂ ਹੈ। ਭਾਵੇਂ ਇਹ ਪੰਜਾਬੀ ਭਾਸ਼ਾ ਵਿਚ ਸੀ, ਪਰ ਇਹ ਧਰਤੀ ਦੇ ਹਰੇਕ ਸ਼ਖਸ ਦੀ ਮਾਂ ਬੋਲੀ ਬਾਰੇ ਵਧੇਰੇ ਸੀ। ਹਾਸੇ-ਹਾਸੇ ਵਿਚ ਕੀਤੇ ਗਏ ਗੰਭੀਰ ਕਟਾਖਸ਼ ਦਰਸ਼ਕਾਂ 'ਤੇ ਡੂੰਘੀ ਛਾਪ ਛੱਡ ਗਏ। ਇਹ ਨਾਟਕ ਪਹਿਲੀ ਵਾਰ ਖੇਡਿਆ ਗਿਆ ਸੀ ਤੇ ਡਾ. ਆਤਮਜੀਤ ਸਿੰਘ ਨੇ ਇਸ ਨੂੰ ਖਾਸ ਤੌਰ 'ਤੇ ਇਸ ਪ੍ਰੋਗਰਾਮ ਵਾਸਤੇ ਹੀ ਲਿਖਿਆ ਸੀ। ਡਾ. ਆਤਮਜੀਤ ਨੇ ਦੱਸਿਆ ਕਿ ਨਾਟਕ ਦਾ ਸੰਗੀਤ ਭਾਰਤ ਵਿਚ ਜਗਜੀਤ ਰਾਣਾ ਵੱਲੋਂ ਤਿਆਰ ਕੀਤਾ ਗਿਆ। ਉਨ੍ਹਾਂ ਗੰਭੀਰ ਬਿਮਾਰੀ ਦੇ ਬਾਵਜੂਦ ਜਸਬੀਰ ਕੌਰ ਮਾਨ ਵਲੋਂ ਨਾਟਕ ਦਾ ਹਿੱਸਾ ਬਣਨ 'ਤੇ ਉਨ੍ਹਾਂ ਦੀ ਸ਼ਲਾਘਾ ਕੀਤੀ ਤੇ ਲੋੜ ਪੈਣ 'ਤੇ ਨਾਟਕ ਦਾ ਹਿੱਸਾ ਬਣਨ ਲਈ ਵਿਸ਼ੇਸ਼ ਤੌਰ 'ਤੇ ਅਮਰੀਕਾ ਆਈ ਅਦਾਕਾਰਾ ਅਨੀਤਾ ਸ਼ਬਦੀਸ਼ ਦਾ ਧੰਨਵਾਦ ਕੀਤਾ। ਨਾਟਕ ਦੇ ਅੰਤ ਵਿਚ ਸਾਰਾ ਹਾਲ ਤਾੜੀਆਂ ਤੇ ਸੀਟੀਆਂ ਨਾਲ ਗੂੰਜ ਉਠਿਆ। ਦਰਸ਼ਕਾਂ ਨੇ ਖੜ੍ਹੇ ਹੋ ਕੇ ਕਲਾਕਾਰਾਂ ਦੀ ਹੌਸਲਾ-ਅਫਜ਼ਾਈ ਕੀਤੀ।















ਸਮਾਗਮ ਦੀ ਇਕ ਹੋਰ ਵਿਸ਼ੇਸ਼ਤਾ ਕਵਿਤਾ





ਪਾਠ ਦੀਆਂ ਵੀਡੀਓ ਕਲਿੱਪਾਂ ਸਾਂਝੀਆਂ ਕਰਨ ਅਤੇ ਆਪਣੇ ਪਿੰਡਾਂ ਦੀਆਂ ਯਾਤਰਾਵਾਂ ਬਾਰੇ ਆਪਣੇ ਤਜਰਬੇ ਸਾਂਝੇ ਕਰਨ ਲਈ ਸਨਮਾਨਿਤ ਕੀਤੇ ਗਏ








ਬੱਚਿਆਂ ਦੀ ਭਾਗੀਦਾਰੀ ਸੀ। ਪਰਵਾਸੀ ਬੱਚਿਆਂ ਅਤੇ ਨੌਜਵਾਨਾਂ ਨੂੰ ਪੰਜਾਬੀ ਬੋਲਣ ਲਈ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ, 'ਸੋਚ ਪੰਜਾਬੀ, ਬੋਲ ਪੰਜਾਬੀ, ਲਿਖ ਪੰਜਾਬੀ' ਵਿਸ਼ੇ 'ਤੇ



ਚਾਰ ਵੀਡੀਓ ਮੁਕਾਬਲੇ ਕਰਵਾਏ ਗਏ। ਐਲੀਮੈਂਟਰੀ ਸਕੂਲ ਦੇ ਬੱਚਿਆਂ ਨੇ ਕਵਿਤਾ ਪਾਠ ਸਾਂਝੇ ਕੀਤੇ, ਮਿਡਲ ਸਕੂਲ ਦੇ ਬੱਚਿਆਂ ਨੇ ਭਾਰਤ ਦੇ ਪਿੰਡਾਂ ਦੀ ਯਾਤਰਾ ਦੇ ਤਜ਼ਰਬੇ ਸਾਂਝੇ ਕੀਤੇ ਅਤੇ ਕੁਝ ਹੋਰਨਾਂ ਨੇ 'ਪੰਜਾਬੀ- ਕੱਲ੍ਹ, ਅੱਜ ਅਤੇ ਕੱਲ੍ਹ' ਬਾਰੇ ਬਲੌਗ ਸਾਂਝੇ ਕੀਤੇ। ਇਨ੍ਹਾਂ ਮੁਕਾਬਲਿਆਂ ਨੂੰ ਬਹੁਤ ਹੀ ਉਤਸ਼ਾਹਜਨਕ ਹੁੰਗਾਰਾ ਮਿਲਿਆ। ਇਲੀਨੋਇ, ਇੰਡੀਆਨਾ, ਵਿਸਕਾਨਸਿਨ, ਆਇਓਵਾ ਅਤੇ ਮਿਸ਼ੀਗਨ ਦੇ ਲਗਭਗ 23 ਬੱਚਿਆਂ ਨੇ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲਿਆ। ਸਾਰੇ ਭਾਗੀਦਾਰਾਂ ਨੂੰ ਉਨ੍ਹਾਂ ਦੇ ਪ੍ਰਦਰਸ਼ਨ ਦੇ ਗ੍ਰੇਡ ਅਨੁਸਾਰ ਨਕਦ ਇਨਾਮ ਅਤੇ ਸਨਮਾਨ ਚਿੰਨ੍ਹ ਦਿੱਤੇ ਗਏ। ਪ੍ਰਬੰਧਕਾਂ ਨੇ ਇਸ ਗੱਲ ਦਾ ਖਾਸ ਧਿਆਨ ਰੱਖਿਆ ਕਿ ਸਾਰੇ ਹਿੱਸਾ ਲੈਣ ਵਾਲੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਕੀਤੀ ਜਾਵੇ ਤਾਂ ਕਿ ਉਹ ਭਵਿੱਖ ਵਿਚ ਵੀ ਉਤਸ਼ਾਹ ਨਾਲ ਮੁਕਾਬਲਿਆਂ ਵਿਚ ਹਿੱਸਾ ਲੈਣ। ਭਾਗ ਲੈਣ ਵਾਲੇ ਬੱਚਿਆਂ ਵਿਚ ਅੰਸ਼ਦੀਪ ਕੌਰ ਥਿੰਦ, ਅਪਰਸ ਕੌਰ ਗਿੱਲ, ਸ਼੍ਰੇਆ, ਹਰਦੀਤ, ਤੇਜ ਸਿੰਘ ਸੈਣੀ, ਯੁਵਨ, ਨਿਸ਼ਾਨ ਸਿੰਘ ਥਿੰਦ, ਇਸ਼ਮੇਹਰ ਕੌਰ, ਜੈਤਸਰੀ ਕੌਰ, ਗੁਰਸਿਮਰ ਕੌਰ, ਅਰਾਧਿਆ ਸਿੰਘ, ਨਵਰੂਪ ਕੌਰ ਵਿਰਕ, ਸ਼ਿਖਰ ਮੰਧਾਨੀ, ਸੁਖਮਨਜੀਤ ਸਿੰਘ, ਸਿਮਰਨਪ੍ਰੀਤ ਸਿੰਘ, ਸ਼ਾਇਨਾ, ਅਗਮ ਕੌਰ ਚਨਾਨਾ, ਸੀਰਤ ਕੌਰ ਪੰਨੂ, ਜਪਲੀਨ ਕੌਰ ਪੰਨੂ, ਅਜੂਨੀ, ਅਸੀਸ, ਸਹਿਜ ਸਿੰਘ ਤੇ ਨਤਾਲੀਆ ਸ਼ਾਮਲ ਸਨ।

ਪ੍ਰੋਗਰਾਮ ਨੂੰ ਅਗੇ ਵਧਾਉਂਦਿਆਂ ਡਾ. ਖਹਿਰਾ ਨੇ ਵਿਸ਼ੇਸ਼ ਸੱਦੇ 'ਤੇ ਪੁੱਜੇ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ, ਜਿਨ੍ਹਾਂ ਨੇ ਪੰਜਾਬੀਆਂ ਦੀ ਸ਼ਲਾਘਾ ਕਰਦਿਆਂ ਖੁਦ ਨੂੰ 'ਆਨਰੇਰੀ ਪੰਜਾਬੀ' ਆਖਿਆ। ਉਨ੍ਹਾਂ ਪੰਜਾਬੀਆਂ ਦੀ ਤਾਰੀਫ ਕਰਦਿਆਂ ਕਿਹਾ ਕਿ ਪੰਜਾਬੀ ਅਮਰੀਕਾ ਦੇ ਸਭ ਤੋਂ ਵੱਧ ਸਫਲ ਲੋਕਾਂ ਵਿਚ ਸ਼ੁਮਾਰ ਹਨ। ਪੰਜਾਬੀ ਇੱਥੋਂ ਦੇ ਸਭ ਤੋਂ ਖੁਸ਼ਹਾਲ, ਪੜ੍ਹੇ-ਲਿਖੇ ਅਤੇ ਸੁਨੱਖੇ ਲੋਕ ਹਨ। ਕਾਂਗਰਮੈਨ ਦੇ ਮੂੰਹੋਂ ਆਪਣੀ ਤਾਰੀਫ਼ ਸੁਣ ਕੇ ਹਾਲ ਵਿਚ ਬੈਠੇ ਸਾਰੇ ਪੰਜਾਬੀਆਂ ਨੇ ਆਪਣੇ-ਆਪ ਲਈ ਤਾੜੀਆਂ ਤੇ ਕੂਕਾਂ ਮਾਰ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਸਮਾਗਮ ਦੇ ਮੁੱਖ ਮਹਿਮਾਨ ਕੌਂਸਲ ਜਨਰਲ ਸੋਮਨਾਥ ਘੋਸ਼ ਨੇ ਕਿਹਾ ਕਿ ਬੰਗਲਾਦੇਸ਼ ਤੇ ਸ੍ਰੀਲੰਕਾ ਦੇ ਲੋਕ ਆਪਣੀ ਮਾਂ ਬੋਲੀ 'ਚ ਗੱਲਬਾਤ ਕਰਦੇ ਹਨ ਤੇ ਸਾਡੇ ਦੇਸ਼ ਵਿਚ ਕਈ ਵੱਖ-ਵੱਖ ਭਾਸ਼ਾਵਾਂ ਹੋਣ ਦੇ ਬਾਵਜੂਦ ਹੁਣ ਭਾਰਤ ਦੇ ਬੱਚੇ ਆਪਣੀ ਮਾਂ ਬੋਲੀ ਨਹੀਂ ਬੋਲਦੇ ਜੋ ਚਿੰਤਾ ਵਾਲੀ ਗੱਲ ਹੈ। ਇਸ ਮੌਕੇ ਉਨ੍ਹਾਂ ਦੇ ਪਤਨੀ ਅਨੰਦਿਤਾ ਘੋਸ਼ ਵੀ ਪੁੱਜੇ ਹੋਏ ਸਨ। ਡਾ. ਦਰਸ਼ਨ ਸਿੰਘ ਧਾਲੀਵਾਲ ਨੂੰ ਪ੍ਰੋਗਰਾਮ ਵਿਚ ਉਨ੍ਹਾਂ ਦੇ ਵੱਡੇ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਮਿੱਡਵੈਸਟ ਦੀਆਂ ਸਾਰੀਆਂ ਪੰਜਾਬੀ ਸੰਸਥਾਵਾਂ-ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ, ਕਲਮਾਂ ਦੇ ਅੰਗ-ਸੰਗ, ਗੁਰੂ ਲਾਧੋ ਰੇ ਸੇਵਾ ਸੁਸਾਇਟੀ ਆਫ ਵਿਸਕਾਨਸਿਨ, ਪੰਜਾਬੀ

ਕਲਚਰਲ ਸੁਸਾਇਟੀ ਆਫ ਮਿਸ਼ੀਗਨ, ਸਵੇਰਾ, ਮਿੱਡਵੈਸਟ ਪੰਜਾਬੀ ਐਸੋਸੀਏਸ਼ਨ, ਸੁਖਨਵਰ ਪੰਜਾਬ, ਸ਼ਿਕਾਗੋ, ਗਲੋਬਲ ਪੰਜਾਬੀ ਮਿਲਾਪ ਅਤੇ ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਵਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਇਸ ਸ਼ਾਨਦਾਰ ਸਮਾਗਮ ਦੇ ਮੁੱਖ ਮਹਿਮਾਨ ਕੌਂਸਲ ਜਨਰਲ ਸੋਮਨਾਥ ਘੋਸ਼ ਸਨ।

ਕੌਂਸਲ ਰਣਜੀਤ ਸਿੰਘ, ਜਿਨ੍ਹਾਂ ਦੇ ਖਾਸ ਉਦਮ ਨਾਲ ਇਹ ਪ੍ਰੋਗਰਾਮ ਸਫ਼ਲ ਹੋਇਆ, ਨੇ ਗੁਰਮੁਖੀ ਦੇ ਨਾਲ ਨਾਲ ਸ਼ਾਹਮੁਖੀ ਸਿੱਖਣ ਦਾ ਸੱਦਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਦਾ ਉਦੇਸ਼ ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਨਾ ਹੈ, ਜਿਸ ਲਈ ਉਨ੍ਹਾਂ ਦੇ ਯਤਨ ਲਗਾਤਾਰ ਜਾਰੀ ਰਹਿਣਗੇ। ਮਗਰੋਂ ਪ੍ਰੋਗਰਾਮ ਦਾ ਹਿੱਸਾ ਬਣਨ ਵਾਲੇ ਸਾਰੇ ਕਲਾਕਾਰਾਂ, ਵਿਦਵਾਨਾਂ, ਕਵੀਆਂ, ਅਹਿਮ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹਾਂ ਨਾਲ ਨਿਵਾਜਿਆ ਗਿਆ।

ਡਾ. ਗੁਰਬਖਸ਼ ਸਿੰਘ ਭੰਡਾਲ, ਜੋ ਲੰਮਾ ਪੈਂਡਾ ਤੈਅ ਕਰਕੇ ਓਹਾਇਓ ਸਟੇਟ ਤੋਂ ਪਹੁੰਚੇ ਸਨ, ਨੇ ਕੁਝ ਲੇਟ ਹੋ ਜਾਣ ਕਾਰਨ ਸਭ ਤੋਂ ਅਖੀਰ ਵਿਚ ਆਪਣਾ ਕਲਾਮ ਸੁਣਾਇਆ। ਦਰਸ਼ਕਾਂ ਦੀ ਸ਼ੋਰਗੁਲ ਵਿਚ ਸਰੋਤੇ ਉਨ੍ਹਾਂ ਦੀਆਂ ਗਜ਼ਲਾਂ ਦਾ ਉਨਾ ਅਨੰਦ ਨਾ ਮਾਣ ਸਕੇ। ਚੰਗਾ ਹੁੰਦਾ ਜੇ ਉਨ੍ਹਾਂ ਨੂੰ ਸਮਾਂ ਸਨਮਾਨ ਚਿੰਨ੍ਹ ਦੇਣ ਤੋਂ ਪਹਿਲਾਂ ਮਿਲ ਜਾਂਦਾ।

ਗੁਰੂ ਲਾਧੋ ਰੇ ਸੇਵਾ ਸੁਸਾਇਟੀ ਆਫ ਵਿਸਕਾਨਸਿਨ (ਪਰਮਿੰਦਰ ਸਿੰਘ ਗੋਲਡੀ, ਸਤਪਾਲ ਸਿੰਘ), ਪੀ.ਸੀ.ਐਸ. ਸ਼ਿਕਾਗੋ ਦੇ ਪ੍ਰਧਾਨ ਭੁਪਿੰਦਰ ਸਿੰਘ ਧਾਲੀਵਾਲ, ਇੰਡੀਆਨਾ ਤੋਂ ਸਰਵਣ ਸਿੰਘ, ਮਿਸ਼ੀਗਨ ਤੋਂ ਪ੍ਰਸਿੱਧ ਕਾਰੋਬਾਰੀ ਦਰਸ਼ਨ ਸਿੰਘ ਗਰੇਵਾਲ, ਅਮਰੀਕ ਸਿੰਘ (ਅਮਰ ਕਾਰਪੇਟ), ਗੁਲਜ਼ਾਰ ਸਿੰਘ ਮੁਲਤਾਨੀ ਅਤੇ ਕਈ ਹੋਰਾਂ ਨੇ ਇਸ ਸਮਾਗਮ ਦਾ ਸਮਰਥਨ ਕੀਤਾ। 'ਫਾਈਵ ਰਿਵਰਜ਼ ਥੀਏਟਰ' ਗਰੁੱਪ ਨੂੰ ਲਾਈਟਿੰਗ, ਮੇਕਅੱਪ ਆਦਿ ਵਿਚ ਸੀਨੀਅਰ ਥੀਏਟਰ ਪ੍ਰੈਕਟੀਸ਼ਨਰ ਅਨੁਰਾਗ ਮਿਸਰਰਾਜ ਦਾ ਸ਼ਾਨਦਾਰ ਸਹਿਯੋਗ ਮਿਲਿਆ। ਪ੍ਰੋਗਰਾਮ ਵਿਚ ਸ਼ਿਰਕਤ ਕਰਨ ਵਾਲਿਆਂ ਨੇ ਚਾਹ ਅਤੇ ਸਨੈਕਸ ਦਾ ਵੀ ਖੂਬ ਆਨੰਦ ਮਾਣਿਆ। ਇਸ ਪ੍ਰੋਗਰਾਮ ਦੀ ਕੋਈ ਟਿਕਟ ਨਹੀਂ ਰੱਖੀ ਗਈ ਸੀ, ਕੇਵਲ ਸਪਾਂਸਰਾਂ ਦੀ ਸਹਾਇਤਾ ਨਾਲ ਇਸ ਨੂੰ ਸਿਰੇ ਚੜ੍ਹਿਆ ਗਿਆ।

ਕੌਂਸਲ ਰਣਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਦਿਨ-ਰਾਤ ਕੀਤੀ ਮਿਹਨਤ ਸਦਕਾ ਇਹ ਪ੍ਰੋਗਰਾਮ ਦਰਸ਼ਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡ ਗਿਆ। ਇਸ ਸਮਾਗਮ ਦੇ ਮੁੱਖ ਕੋਆਰਡੀਨੇਟਰ ਡਾ. ਹਰਜਿੰਦਰ ਸਿੰਘ ਖਹਿਰਾ ਅਤੇ ਕਨਵੀਨਰ ਰਾਜ ਲਾਲੀ ਬਟਾਲਾ ਸਨ।




# ਕਨੈਕਟੀਕਟ ਦੀ ਸੰਗਤ ਵੱਲੋਂ ਭੂਚਾਲ ਪੀੜਤਾਂ ਦੀ ਮਦਦ

ਕਨੈਕਟੀਕਟ: ਗੁਰਦੁਆਰਾ ਗੁਰੂ ਨਾਨਕ ਦਰਬਾਰ ਸਾਊਥਿੰਗਟਨ ਕਨੈਕਟੀਕਟ ਦੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਦੇ ਸਹਿਯੋਗ ਨਾਲ ਸੀਰੀਆ ਅਤੇ ਤੁਰਕੀ ਦੇ ਭੂਚਾ.ਲ ਪੀੜਤਾਂ ਲਈ ਜ਼ਰੂਰੀ ਵਸਤਾਂ ਭੇਜੀਆਂ ਹਨ। ਸੰਸਥਾ ਦੇ ਪ੍ਰਧਾਨ ਸ. ਬ੍ਰਹਮ ਸਿੰਘ, ਸ. ਮਲਕੀਤ ਸਿੰਘ ਸੇਖੋਂ, ਸ. ਕੁਲਵੰਤ ਸਿੰਘ ਸਮਰਾ, ਸ. ਦਿਲਰਾਜ ਸਿੰਘ ਚਾਵਲਾ ਅਤੇ ਸ. ਜਸਬੀਰ ਸਿੰਘ ਮੁਲਤਾਨੀ ਖੁਦ ਨਿਊ ਹੈਮਸਰ ਜਾ ਕੇ ਨਿਊ ਡੇਅ ਸੰਸਥਾ ਨੂੰ ਭੂਚਾਲ ਪੀੜਤਾਂ ਲਈ ਗਰਮ ਕੱਪੜੇ, ਕੰਬਲ, ਰਜਾਈਆਂ ਅਤੇ ਹੋਰ ਜ਼ਰੂਰੀ ਵਸਤਾਂ ਦਾ ਟ੍ਰੇਲਰ ਅਤੇ 11000 ਡਾਲਰ ਸੌਂਪ ਕੇ ਆਏ ਹਨ ਤਾਂ ਜੋ ਇਸ ਔਖੀ ਘੜੀ ਵਿਚ ਇਨ੍ਹਾਂ ਪੀੜਤਾਂ ਅਤੇ ਲੋੜਵੰਦਾਂ ਦੀ ਮਦਦ ਹੋ ਸਕੇ।






# ਪੰਜਾਬ ਵਿਚ ਕਾਲੇ ਪੀਲੀਏ ਨੇ ਪੈਰ ਪਸਾਰੇ

**ਚੰਡੀਗੜ੍ਹ:** ਕੇਂਦਰ ਦੀ ਇਕ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਦੇਸ਼ ਭਰ 'ਚ ਹੈਪੇਟਾਈਟਸ ਸੀ (ਕਾਲਾ ਪੀਲੀਆ) ਦੇ ਸਭ ਤੋਂ ਵੱਧ ਪੀੜਤ ਪੰਜਾਬ 'ਚ ਹਨ। ਇਸ ਰਿਪੋਰਟ ਨੇ ਪੰਜਾਬ ਵਿਚੋਂ 2030 ਤੱਕ ਹੈਪੇਟਾਈਟਸ ਸੀ ਦੇ ਖਾਤਮੇ ਦਾ ਟੀਚਾ ਹਾਸਲ ਕਰਨ ਲਈ ਸੂਬਾਈ ਅਧਿਕਾਰੀਆਂ ਵੱਲੋਂ ਪਿਛਲੇ ਕੁਝ ਸਾਲਾਂ ਦੌਰਾਨ ਕੀਤੇ ਕਥਿਤ ਯਤਨ ਸ਼ੱਕ ਦੇ ਦਾਇਰੇ 'ਚ ਆ ਗਏ ਹਨ।

2021-22 'ਚ ਇਥੇ 'ਕਾਲੇ ਪੀਲੀਏ' ਦੇ 14,333 ਕੇਸ ਸਾਹਮਣੇ ਆਏ ਸਨ ਜਦੋਂਕਿ 2022-23 ਵਿਚ ਪੰਜਾਬ ਫਿਰ ਸਭ ਤੋਂ ਵੱਧ ਮਰੀਜ਼ਾਂ ਵਾਲਾ ਸੂਬਾ ਬਣਨ ਵੱਲ ਵਧ ਰਿਹਾ ਹੈ। ਜਨਵਰੀ ਤੱਕ ਹੀ 16,136 ਕੇਸ ਰਿਪੋਰਟ ਹੋ ਚੁੱਕੇ ਹਨ। ਇਹ ਬਿਮਾਰੀ ਇਕ ਵਾਇਰਸ ਕਾਰਨ ਹੁੰਦੀ ਹੈ ਜੋ ਇਲਾਜ ਨਾ ਹੋਣ ਉਤੇ ਜਿਗਰ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਦਾ ਮੁੱਖ ਕਾਰਨ ਅਣਸੁਰੱਖਿਅਤ ਅਤੇ ਕਈ ਵਾਰ ਬਿਨਾ ਲੋੜ ਤੋਂ ਟੀਕੇ ਲਗਾਉਣਾ ਅਤੇ ਬਿਨਾ ਜਾਂਚਿਆ ਖੂਨ ਚੜ੍ਹਾਉਣਾ ਸਮਝਿਆ ਜਾਂਦਾ ਹੈ। ਟੀਕੇ ਲਗਾਉਣ ਲਈ ਇਕੋ ਸਰਿੰਜ ਦੀ ਵਾਰ-ਵਾਰ ਵਰਤੋਂ ਕਰਨਾ ਵੀ ਪ੍ਰਮੁੱਖ ਕਾਰਨ ਹੈ ਅਤੇ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਬਹੁਤ ਵਾਰ ਇਕੋ ਸਰਿੰਜ ਵਰਤਦੇ ਹਨ। ਜੇਲ੍ਹਾਂ 'ਚ ਕਾਲੇ ਪੀਲੀਏ ਦੇ ਮਰੀਜ਼ਾਂ ਦੀ ਵਧੇਰੇ ਗਿਣਤੀ ਲਈ ਵੀ ਇਸ ਨੂੰ ਹੀ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਇਕ ਸਰਵੇਖਣ ਮੁਤਾਬਕ ਜੇਲ੍ਹਾਂ 'ਚ ਔਸਤਨ 27 ਫੀਸਦੀ ਬੰਦੀ ਇਸ ਰੋਗ ਤੋਂ ਪੀੜਤ ਹਨ। ਪੱਟੀ (ਤਰਨ ਤਾਰਨ) ਦੀ ਸਬ ਜੇਲ੍ਹ 'ਚ 67 ਫੀਸਦੀ ਬੰਦੀ ਇਸ ਰੋਗ ਦਾ ਸ਼ਿਕਾਰ ਹਨ। ਇਸ ਤੋਂ ਪੁਸ਼ਟੀ ਹੁੰਦੀ ਹੈ ਕਿ ਜੇਲ੍ਹਾਂ 'ਚ ਵਧੇਰੇ ਬੰਦੀ ਅਜਿਹੇ ਹਨ ਜੋ ਪਹਿਲਾਂ ਨਸ਼ੇ ਦੀ ਪੂਰਤੀ ਲਈ ਟੀਕੇ ਲਗਾਉਂਦੇ ਰਹੇ ਹਨ।



ਇਸ ਤੋਂ ਇਲਾਵਾ ਪੰਜਾਬ ਲਈ ਚਿੰਤਾ ਦਾ ਇਕ ਹੋਰ ਕਾਰਨ ਵੀ ਹੈ; 2020-21 'ਚ ਸੂਬੇ ਦੇ 30 ਫੀਸਦੀ ਮਰੀਜ਼ਾਂ ਨੇ ਆਪਣਾ ਇਲਾਜ ਅਧਵਾਟੇ ਹੀ ਛੱਡ ਦਿੱਤਾ। ਇਸ ਬਿਮਾਰੀ ਦਾ ਸਹੀ ਅਤੇ ਮੁਕੰਮਲ ਇਲਾਜ ਕਰਵਾਏ ਜਾਣ ਪਿੱਛੋਂ ਹੀ 90 ਫੀਸਦੀ ਤੋਂ ਵੱਧ ਲੋਕ ਸਿਹਤਮੰਦ ਹੋ ਸਕਦੇ ਹਨ ਪਰ ਨੁਕਸਦਾਰ ਪ੍ਰਬੰਧਾਂ ਕਾਰਨ ਅਜਿਹਾ ਨਹੀਂ ਹੋ ਸਕਿਆ।

ਪੰਜਾਬ ਸਰਕਾਰ ਨੇ 2016 'ਚ 'ਮੁੱਖ ਮੰਤਰੀ ਪੰਜਾਬ ਹੈਪੇਟਾਈਟਸ ਸੀ ਰਾਹਤ ਫੰਡ' ਦਾ ਐਲਾਨ ਕਰਦਿਆਂ ਦਾਅਵਾ ਕੀਤਾ ਸੀ ਕਿ ਇਸ ਰੋਗ ਦੇ ਸਾਰੇ ਪੀੜਤਾਂ ਦਾ ਇਲਾਜ ਮੁਫਤ ਕੀਤਾ ਜਾਵੇਗਾ, ਪਰ ਤਾਜ਼ਾ ਅੰਕੜੇ ਸਰਕਾਰ ਦੀ ਨੀਅਤ ਉਤੇ ਸਵਾਲ ਖੜ੍ਹੇ ਕਰਦੇ ਹਨ।

## ਰੋਹਿੰਗੀਆ ਸ਼ਰਨਾਰਥੀ ਕੈਂਪ 'ਚ ਅੱਗ ਲੱਗੀ, ਹਜ਼ਾਰਾਂ ਬੇਘਰ


**ਕੋਕਸ ਬਾਜ਼ਾਰ (ਬੰਗਲਾਦੇਸ਼):** ਦੱਖਣੀ ਬੰਗਲਾਦੇਸ਼ ਵਿਚ ਰੋਹਿੰਗੀਆ ਮੁਸਲਿਮ ਭਾਈਚਾਰੇ ਦੇ ਕੈਂਪ ਵਿਚ ਲੱਗੀ ਅੱਗ ਕਾਰਨ ਹਜ਼ਾਰਾਂ ਲੋਕ ਬੇਘਰ ਹੋ ਗਏ। ਸੰਯੁਕਤ ਰਾਸ਼ਟਰ ਤੇ ਫਾਇਰ ਵਿਭਾਗ ਅਨੁਸਾਰ ਇਹ ਘਟਨਾ ਕੋਕਸ ਬਾਜ਼ਾਰ ਜ਼ਿਲ੍ਹੇ ਦੇ ਬਾਲੂਖਾਲੀ ਕੈਂਪ ਵਿਚ ਲੱਗੀ। ਇਸੇ ਦੌਰਾਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਫਾਰ ਰਿਫਿਊਜਿਜ ਅਨੁਸਾਰ ਰੋਹਿੰਗੀਆ ਵਾਲੰਟੀਅਰ ਬੇਘਰ ਹੋਏ ਲੋਕਾਂ ਦੀ ਮਦਦ ਲਈ ਬਹੁੜੇ ਹਨ। ਬੀਤੇ ਕਈ ਦਹਾਕਿਆਂ ਵਿਚ ਰੋਹਿੰਗੀਆ ਸ਼ਰਨਾਰਥੀ ਮਿਆਂਮਾਰ ਛੱਡ ਕੇ ਬੰਗਲਾਦੇਸ਼ ਵਿਚ ਦਾਖਲ ਹੋ ਗਏ ਸਨ।

ਕਾਬਿਲੇਗੌਰ ਹੈ ਕਿ ਸਾਲ 2021 ਵਿੱਚ ਮਿਆਂਮਾਰ ਫੌਜ ਨੇ ਦੇਸ਼ ਦੀ ਸੱਤਾ ਆਪਣੇ ਹੱਥਾਂ ਵਿਚ ਲੈ ਲਈ ਸੀ ਜਿਸ ਮਗਰੋਂ ਰੋਹਿੰਗੀਆ ਸ਼ਰਨਾਰਥੀਆਂ ਨੂੰ ਵਾਪਸ ਭੇਜਣ ਸਬੰਧੀ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੋ ਗਈਆਂ ਸਨ।

**Singh Tax & Accounting Services LLC.**
Individual & Business Taxes, Accounting, Payroll & Financial Consulting Services.
Services: Individual & Small Businesses Tax Filing, Tax Planning, Set up of new Businesses, IRS Audit representation & Amended Tax Returns
ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ
ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph: 248-982-2036
Office Locations
Michigan: 36167 Ford Rd.Westland, MI 48185
Minnesota: 6043 Hudson Rd, Suite#399A Woodbury, Minnesota 55125

Mohan Singh
Master in Taxation.
IRS Enrolled agent,
Notary Public
Email : jhand_mohan@yahoo.com; www.SinghTaxServices.com

**AVEER TRAVEL SOLUTIONS LLC**
ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:
• US Passport Services • EAD Renewal
• Indian Passport Renewal • Flight Tickets
• US Citizenship Application • Visa Services
• Green Card Renewal • Notary Services
• OCI & Renunciation • Power of Attorney
• Airport Pick-up & Drop-Off Services
Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com
ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।
*For Airport Drop-Off and Pickup Indy to Chicago Please Contact AVI at: 847-226-2323*
*Located in INDIANAPOLIS (IN)*

**Sistar Mortgage**
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Loans Available In Most States!*
**Refinance up to 125% value of the house.*
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.


*Ray Dhaliwal*
*Real Estate Broker*
**Moving to Indiana?**
Contact Ray Dhaliwal @ 317-993-4987
Helpful in Easy and Accessible Home Loans at best Interest Rates.
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
CENTURY 21 SCHEETZ
RAYD@C21Scheetz.com

# ਕੇਂਦਰੀ ਸਰਕਾਰ ਦੇ ਅੜਿੱਕਿਆਂ ਨੇ ਮਾਨ ਸਰਕਾਰ ਦੇ ਹੱਥ ਖੜ੍ਹੇ ਕਰਵਾਏ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਦਿਹਾਤੀ ਵਿਕਾਸ ਫੰਡ 'ਚ ਪਾਏ ਅੜਿੱਕੇ ਕਾਰਨ ਪੰਜਾਬ ਮੰਡੀ ਬੋਰਡ ਚਾਰ ਬੈਂਕਾਂ ਤੋਂ ਚੁੱਕੇ ਕਰਜ਼ੇ ਦੀ ਕਿਸ਼ਤ ਨਹੀਂ ਮੋੜ ਸਕਿਆ ਹੈ। ਦਸੰਬਰ ਮਹੀਨੇ ਦੀ ਕਿਸ਼ਤ ਨਾ ਭਰਨ ਕਰਕੇ ਪੰਜਾਬ ਮੰਡੀ ਬੋਰਡ ਹੁਣ ਡਿਫਾਲਟਰ ਹੋ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਪੰਜਾਬ ਮੰਡੀ ਬੋਰਡ ਨੇ ਹੁਣ ਪੰਜਾਬ ਸਰਕਾਰ ਦਾ ਬੂਹਾ ਖੜਕਾਇਆ ਹੈ ਅਤੇ ਵਿੱਤ ਵਿਭਾਗ ਤੋਂ ਕਰਜ਼ੇ ਦੀ ਕਿਸ਼ਤ ਤਾਰਨ ਵਾਸਤੇ ਰਾਸ਼ੀ ਦੀ ਮੰਗ ਕੀਤੀ ਹੈ। ਮੰਡੀ ਬੋਰਡ ਨੇ ਇਹ ਕਰਜ਼ਾ ਦਿਹਾਤੀ ਵਿਕਾਸ ਫੰਡਾਂ ਦੀ ਆਮਦਨ 'ਤੇ ਚੁੱਕਿਆ ਹੋਇਆ ਸੀ।



ਕੈਪਟਨ ਅਮਰਿੰਦਰ ਸਿੰਘ ਦੀ ਤਤਕਾਲੀ ਸਰਕਾਰ ਨੇ ਇਸ ਕਰਜ਼ੇ ਦੀ ਰਾਸ਼ੀ 'ਚੋਂ ਚਾਰ ਹਜ਼ਾਰ ਕਰੋੜ ਰੁਪਏ ਦੇ ਫੰਡ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਸਕੀਮ ਲਈ ਵਰਤ ਲਏ ਸਨ। ਬਾਕੀ 650 ਕਰੋੜ ਰੁਪਏ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ 'ਤੇ ਖ਼ਰਚ ਕੀਤੇ ਗਏ ਸਨ। ਪੰਜਾਬ ਮੰਡੀ ਬੋਰਡ ਵੱਲੋਂ ਚੁੱਕੇ ਕੁੱਲ 4650 ਕਰੋੜ ਰੁਪਏ ਦੀ ਕਰਜ਼ਾ ਰਾਸ਼ੀ ਵਿਆਜ ਸਮੇਤ 5500 ਕਰੋੜ ਰੁਪਏ ਬਣ ਗਈ ਹੈ। ਇਸ ਕਰਜ਼ੇ ਦੀਆਂ ਇਸ ਵੇਲੇ ਸਿਰਫ ਤਿੰਨ ਕਿਸ਼ਤਾਂ ਤਾਰਨੀਆਂ ਬਾਕੀ ਹਨ ਜਿਸ ਲਈ 1615 ਕਰੋੜ ਰੁਪਏ ਦੀ ਜ਼ਰੂਰਤ ਹੈ। ਸਾਲ ਵਿਚ ਦੋ ਕਿਸ਼ਤਾਂ ਭਰਨੀਆਂ ਹੁੰਦੀਆਂ ਹਨ ਤੇ ਪ੍ਰਤੀ ਕਿਸ਼ਤ 545 ਕਰੋੜ ਰੁਪਏ ਤਾਰਨੇ ਹੁੰਦੇ ਹਨ। ਮੰਡੀ ਬੋਰਡ ਦਸੰਬਰ ਮਹੀਨੇ ਦੀ 545 ਕਰੋੜ ਦੀ ਕਿਸ਼ਤ ਇਨ੍ਹਾਂ ਚਾਰ ਬੈਂਕਾਂ ਨੂੰ ਤਾਰ ਨਹੀਂ ਸਕਿਆ ਹੈ ਜਿਸ ਕਰਕੇ ਬੋਰਡ ਡਿਫਾਲਟਰ ਹੋ ਗਿਆ ਹੈ।

ਮੰਡੀ ਬੋਰਡ ਨੇ ਬੈਂਕਾਂ ਤੋਂ ਦਸੰਬਰ ਮਹੀਨੇ ਦੀ ਕਿਸ਼ਤ ਤਾਰਨ ਲਈ ਫਰਵਰੀ ਤੱਕ ਦਾ ਸਮਾਂ ਮੰਗਿਆ ਸੀ ਪਰ ਇਸ ਦੇ ਬਾਵਜੂਦ ਮੰਡੀ ਬੋਰਡ ਕਿਸ਼ਤ ਨਹੀਂ ਭਰ ਸਕਿਆ। ਦੂਜੇ ਬੰਨੇ ਜੋ ਪੰਜਾਬ ਮੰਡੀ ਬੋਰਡ ਨੇ ਲਿੰਕ ਸੜਕਾਂ ਦੀ ਮੁਰੰਮਤ ਵਾਸਤੇ ਵੱਖਰਾ 4080 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਹੋਇਆ ਹੈ, ਉਸ ਦੀ ਕਿਸ਼ਤ ਬਕਾਇਦਾ ਤਾਰੀ ਜਾ ਰਹੀ ਹੈ। ਕੇਂਦਰ ਨੇ ਦਿਹਾਤੀ ਵਿਕਾਸ ਫ਼ੰਡਾਂ ਦੇ 3200 ਕਰੋੜ ਰੁਪਏ ਰੋਕੇ ਹੋਏ ਹਨ ਜਿਸ ਕਰਕੇ ਲਿੰਕ ਸੜਕਾਂ ਦੀ ਮੁਰੰਮਤ ਅਤੇ ਉਸਾਰੀ ਦਾ ਕੰਮ ਵੀ ਪ੍ਰਭਾਵਿਤ ਹੋ ਰਿਹਾ ਹੈ। ਥੋੜ੍ਹਾ ਸਮਾਂ ਪਹਿਲਾਂ ਕੇਂਦਰ ਸਰਕਾਰ ਨੇ ਪੰਜਾਬ ਨੂੰ ਫ਼ਸਲੀ ਖ਼ਰੀਦ ਖ਼ਰਚੇ 'ਤੇ ਢਾਈ ਫ਼ੀਸਦੀ ਪ੍ਰਬੰਧਕੀ ਖ਼ਰਚ ਦੇਣ ਦੀ ਥਾਂ ਸਿਰਫ਼ ਇਕ ਫ਼ੀਸਦੀ ਦੇਣ ਦਾ ਫ਼ੈਸਲਾ ਲਿਆ ਜਿਸ ਨਾਲ ਪੰਜਾਬ ਨੂੰ ਸਾਲਾਨਾ 577 ਕਰੋੜ ਰੁਪਏ ਘੱਟ ਮਿਲਣਗੇ।

ਪੰਜਾਬ ਦੀਆਂ ਖ਼ਰੀਦ ਏਜੰਸੀਆਂ ਲਈ ਇਹ ਵੱਡਾ ਝਟਕਾ ਹੈ। ਪੰਜਾਬ ਵਿਚ ਸਾਲਾਨਾ 70 ਹਜ਼ਾਰ ਕਰੋੜ ਰੁਪਏ ਦੀ ਫ਼ਸਲ ਦੀ ਖ਼ਰੀਦ ਕੀਤੀ ਜਾਂਦੀ ਹੈ। ਕੇਂਦਰ ਨੇ ਦਿਹਾਤੀ ਵਿਕਾਸ ਫ਼ੰਡਾਂ 'ਤੇ ਵੀ ਕੱਟ ਲਗਾ ਦਿੱਤਾ ਹੈ। ਇਸ ਤਰ੍ਹਾਂ ਕਰੀਬ 3200 ਕਰੋੜ ਰੁਪਏ ਦਾ ਕੁੱਲ ਨੁਕਸਾਨ ਪੰਜਾਬ ਨੂੰ ਝੱਲਣਾ ਪਵੇਗਾ। ਸੂਬੇ ਨੂੰ 31 ਮਾਰਚ ਤੱਕ ਕਰੀਬ 12,800 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਕਰਨ ਦੀ ਲੋੜ ਪਵੇਗੀ ਜਿਸ ਲਈ 1992 ਕਰੋੜ ਰੁਪਏ ਫ਼ੰਡਾਂ ਦੀ ਜ਼ਰੂਰਤ ਹੈ। ਪੰਜਾਬ ਸਰਕਾਰ ਲਈ ਇਹ ਇਕ ਵੱਡੀ ਚੁਣੌਤੀ ਹੈ। ਹਾਲਾਂਕਿ 'ਆਪ' ਸਰਕਾਰ ਨੇ ਕੇਂਦਰੀ ਸ਼ਰਤ ਨੂੰ ਖ਼ਤਮ ਕਰਨ ਵਾਸਤੇ 6 ਜੂਨ 2022 ਨੂੰ ਕੈਬਨਿਟ ਮੀਟਿੰਗ ਵਿਚ 'ਪੰਜਾਬ ਦਿਹਾਤੀ ਵਿਕਾਸ ਐਕਟ (ਸੋਧ) ਬਿੱਲ' ਨੂੰ ਪਾਸ ਕਰ ਦਿੱਤਾ ਸੀ ਅਤੇ ਵਿਧਾਨ ਸਭਾ ਨੇ ਇਸ ਨੂੰ ਐਕਟ ਬਣਾ ਦਿੱਤਾ ਸੀ। ਫਿਰ ਵੀ ਕੇਂਦਰ ਨੇ ਪੰਜਾਬ ਨੂੰ ਫ਼ੰਡ ਜਾਰੀ ਨਹੀਂ ਕੀਤੇ।

## ਪੇਂਡੂ ਵਿਕਾਸ ਫੰਡ ਜਾਰੀ ਕਰਨ ਦੀ ਅਪੀਲ

**ਚੰਡੀਗੜ੍ਹ:** ਮੁੱਖ ਮੰਤਰੀ ਨੇ ਕੇਂਦਰ ਸਰਕਾਰ ਵੱਲੋਂ ਰੋਕੇ ਗਏ ਦਿਹਾਤੀ ਵਿਕਾਸ ਫ਼ੰਡ ਦਾ ਮੁੱਦਾ ਵੀ ਚੁੱਕਿਆ ਕਿਉਂਕਿ ਫੰਡ ਰੁਕਣ ਕਰਕੇ ਪੰਜਾਬ ਮੰਡੀ ਬੋਰਡ ਕਈ ਬੈਂਕਾਂ ਦਾ ਡਿਫਾਲਟਰ ਹੋ ਗਿਆ ਹੈ। ਮੁੱਖ ਮੰਤਰੀ ਨੇ ਬਕਾਇਆ ਪਏ ਕਰੀਬ 3200 ਕਰੋੜ ਦੇ ਦਿਹਾਤੀ ਵਿਕਾਸ ਫੰਡ ਰਿਲੀਜ਼ ਕਰਨ ਲਈ ਕਿਹਾ। ਇਸੇ ਦੌਰਾਨ ਕੰਡਿਆਲੀ ਤਾਰ ਤੋਂ ਪਾਰ ਜਾਣ ਵਾਲੇ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਮੁੱਦਾ ਵੀ ਉਠਾਇਆ ਤੇ ਚੰਡੀਗੜ੍ਹ 'ਚ ਪੰਜਾਬ ਕਾਡਰ ਦੇ ਅਧਿਕਾਰੀ ਨੂੰ ਐਸ.ਐਸ.ਪੀ. ਵਜੋਂ ਨਿਯੁਕਤ ਕਰਨ ਦੀ ਅਪੀਲ ਵੀ ਕੀਤੀ।

## ਕੇਂਦਰ ਨੇ ਫੰਡ ਰੋਕ ਕੇ ਪੰਜਾਬ ਦਾ ਨੁਕਸਾਨ ਕੀਤਾ: ਡਾ. ਬਲਬੀਰ

**ਪਟਿਆਲਾ:** ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਰੂਰਲ ਡਿਵੈਲਪਮੈਂਟ ਫੰਡ (ਆਰ.ਡੀ.ਐਫ.) ਰੋਕ ਕੇ ਪੰਜਾਬ ਨੂੰ ਸਾਜ਼ਿਸ਼ੀ ਤਰੀਕੇ ਨਾਲ ਨੁਕਸਾਨ ਪਹੁੰਚਾਇਆ ਹੈ ਤੇ ਇਹ ਫੰਡ ਜਲਦ ਜਾਰੀ ਹੋਣੇ ਚਾਹੀਦੇ ਹਨ। ਡਾ. ਬਲਬੀਰ ਸਿੰਘ ਇੱਥੇ ਰੰਗਲਾ ਪੰਜਾਬ ਕਰਾਫਟ ਮੇਲੇ ਵਿਚ ਆਏ ਸਨ, ਜਿਥੇ ਉਨ੍ਹਾਂ ਨੇ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਚਲਾ ਰਹੇ ਵਾਲੰਟੀਅਰਾਂ ਦੀ ਪਿੱਠ ਥਾਪੜੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਪ੍ਰਤੀ ਗੰਭੀਰ ਨਹੀਂ ਹੈ। ਡਾ. ਬਲਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਪ੍ਰਾਪਰਟੀ ਵਿਚ ਆਮ ਆਦਮੀ ਕਲੀਨਿਕ ਖੁੱਲ੍ਹੇ ਹਨ ਤੇ ਸਰਕਾਰ ਦੀ ਪ੍ਰਾਪਰਟੀ ਵਿਚ ਹੀ ਸਕੂਲ ਖੁੱਲ੍ਹਣਗੇ। ਇਸ ਪ੍ਰਾਪਰਟੀ ਵਿਚ ਕਿਸੇ ਸਿਆਸੀ ਪਾਰਟੀ ਦਾ ਹੱਕ ਨਹੀਂ ਹੈ। ਇਸ ਕਰ ਕੇ ਸੁਖਬੀਰ ਬਾਦਲ ਪੰਜਾਬੀਆਂ ਨੂੰ ਗੁਮਰਾਹ ਕਰਨ ਵਾਲੇ ਬਿਆਨ ਨਾ ਦੇਣ।

# ਪੰਜਾਬ ਬਜਟ: ਸਰਕਾਰ ਲਈ ਨਵੀਆਂ ਸਕੀਮਾਂ ਦੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਲਈ ਮੌਜੂਦਾ ਮਾਲੀ ਸੰਕਟ ਦੌਰਾਨ ਅਗਲਾ ਵਿੱਤੀ ਵਰ੍ਹਾ ਮਾਲੀਆ ਪ੍ਰਾਪਤੀਆਂ ਘਟਣ ਕਾਰਨ ਨਵੀਆਂ ਸਕੀਮਾਂ ਨੂੰ ਚਾਲੂ ਕਰਨਾ ਚੁਣੌਤੀ ਬਣੇਗਾ। ਪੰਜਾਬ ਸਰਕਾਰ ਨੂੰ ਕੇਂਦਰ ਤੋਂ ਜੀ.ਐਸ.ਟੀ. ਮੁਆਵਜ਼ੇ ਦੀ ਤਕਰੀਬਨ 17 ਹਜ਼ਾਰ ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਐਤਕੀਂ ਨਹੀਂ ਮਿਲੇਗੀ, ਜਿਸ ਨਾਲ ਵੱਡਾ ਮਾਲੀ ਖੱਪਾ ਪਏਗਾ। ਉਪਰੋਂ 300 ਯੂਨਿਟ ਮੁਫ਼ਤ ਬਿਜਲੀ ਦਿੱਤੇ ਜਾਣ ਨਾਲ ਸਬਸਿਡੀ ਦਾ ਬੋਝ ਵੀ ਵਧੇਗਾ। ਇਸ ਖਰਚੇ ਨੂੰ ਵੀ ਨਵਾਂ ਬਜਟ ਮੱਦੇਨਜ਼ਰ ਰੱਖੇਗਾ।



ਸੰਭਾਵਨਾ ਹੈ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਵੀਆਂ ਬਜਟ ਤਜਵੀਜ਼ਾਂ ਵਿਚ ਸਕੂਲਾਂ ਦਾ ਨਿਰਮਾਣ, ਆਮ ਆਦਮੀ ਕਲੀਨਿਕਾਂ ਦਾ ਵਿਸਥਾਰ ਅਤੇ ਫ਼ਸਲੀ ਵਿਭਿੰਨਤਾ ਤਹਿਤ ਸਬਜ਼ੀਆਂ ਸਮੇਤ ਕੁੱਝ ਹੋਰ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰ ਸਕਦੇ ਹਨ। ਪਤਾ ਲੱਗਾ ਹੈ ਕਿ ਔਰਤਾਂ ਲਈ ਐਲਾਨੀ ਇਕ ਹਜ਼ਾਰ ਰੁਪਏ ਦੀ ਵਿੱਤੀ ਮਦਦ ਬਾਰੇ ਕੋਈ ਰਾਖਵਾਂ ਬਜਟ ਰੱਖੇ ਜਾਣ ਦੀ ਤਜਵੀਜ਼ ਨਹੀਂ ਹੈ। ਸਨਅਤਾਂ ਲਈ ਵਿਸ਼ੇਸ਼ ਬਜਟ ਤਜਵੀਜ਼ਾਂ ਦੀ ਸੰਭਾਵਨਾ ਹੈ ਕਿਉਂਕਿ ਹਾਲ ਹੀ ਵਿਚ ਸਰਕਾਰ ਨੇ ਸਨਅਤੀ ਮੈਗਾ ਸੰਮੇਲਨ ਕਰਾਇਆ ਹੈ। ਸਰਕਾਰ ਸੂਬੇ ਦੇ ਸਨਅਤੀ ਵਿਕਾਸ ਲਈ ਅੱਗੇ ਕਦਮ ਵਧਾ ਰਹੀ ਹੈ। ਪੰਜਾਬ ਸਰਕਾਰ ਆਪਣੇ ਉਧਾਰ ਨੂੰ ਕੁੱਲ ਰਾਜ ਘਰੇਲੂ ਉਤਪਾਦ ਦੇ ਤਿੰਨ ਫ਼ੀਸਦੀ ਦੀ ਵੱਧ ਤੋਂ ਵੱਧ ਸੀਮਾ ਤੱਕ ਵਧਾ ਸਕਦੀ ਹੈ ਜਿਸ ਦੇ ਨਤੀਜੇ ਵਜੋਂ ਸੂਬੇ 'ਤੇ ਕਰਜ਼ੇ ਦਾ ਭਾਰ ਹੋਰ ਵਧੇਗਾ। ਤਨਖ਼ਾਹਾਂ ਅਤੇ ਪੈਨਸ਼ਨਾਂ ਦੇ ਖ਼ਰਚ ਵਿਚ ਕਰੀਬ ਦੋ ਹਜ਼ਾਰ ਕਰੋੜ ਰੁਪਏ ਦਾ ਵਾਧਾ ਹੋਣ ਦੀ ਸੰਭਾਵਨਾ ਹੈ ਅਤੇ ਇਸੇ ਤਰ੍ਹਾਂ ਬਿਜਲੀ ਸਬਸਿਡੀ ਵੀ ਕਰੀਬ 20 ਹਜ਼ਾਰ ਕਰੋੜ ਰੁਪਏ ਸਾਲਾਨਾ ਦਾ ਅੰਕੜਾ ਪਾਰ ਕਰ ਜਾਵੇਗੀ।

# ਨਸ਼ਾ ਤਸਕਰੀ ਖ਼ਿਲਾਫ਼ ਉਤਰੀ ਸੂਬਿਆਂ ਨੇ ਰਣਨੀਤੀ ਘੜੀ

**ਚੰਡੀਗੜ੍ਹ:** ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਉਤਰਾਖੰਡ, ਦਿੱਲੀ ਸਣੇ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਨਸ਼ਾ ਤਸਕਰੀ ਨੂੰ ਠੱਲ੍ਹ ਪਾਉਣ ਲਈ ਉੱਤਰੀ ਭਾਰਤ ਦੇ ਸੂਬਿਆਂ ਦੇ ਪੁਲਿਸ ਮੁਖੀਆਂ ਨੇ ਚੰਡੀਗੜ੍ਹ ਵਿਚ ਸਾਂਝੀ ਮੀਟਿੰਗ ਕੀਤੀ, ਜਿਸ 'ਚ ਨਸ਼ਿਆਂ ਦੇ ਖ਼ਾਤਮੇ ਲਈ ਵਰਕਿੰਗ ਗਰੁੱਪ ਬਣਾਉਣ ਦਾ ਫੈਸਲਾ ਕੀਤਾ ਗਿਆ।



ਪ੍ਰਾਪਤ ਜਾਣਕਾਰੀ ਅਨੁਸਾਰ ਇਸ ਗਰੁੱਪ ਵਿਚ ਨਸ਼ਾ ਤਸਕਰੀ ਖ਼ਿਲਾਫ਼ ਕੰਮ ਕਰਨ ਵਾਲੇ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਇਹ ਗਰੁੱਪ ਨਸ਼ਾ ਤਸਕਰਾਂ ਦੀ ਜਾਣਕਾਰੀ ਆਪਸ ਵਿਚ ਸਾਂਝੀ ਕਰੇਗਾ, ਜਿਸ ਨਾਲ ਦੇਸ਼ ਵਿਚ ਨਸ਼ਿਆਂ ਦੀ ਤਸਕਰੀ ਨੂੰ ਠੱਲ੍ਹਿਆ ਜਾ ਸਕੇਗਾ। ਮੀਟਿੰਗ ਵਿਚ ਵੱਖ-ਵੱਖ ਸੂਬਿਆਂ ਦੀ ਪੁਲਿਸ ਨੇ ਆਪੋ-ਆਪਣੇ ਸੂਬੇ ਵਿਚ ਨਸ਼ੀਲੇ ਪਦਾਰਥਾਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਸਬੰਧੀ ਜਾਣਕਾਰੀ ਵੀ ਸਾਂਝੀ ਕੀਤੀ। ਚੰਡੀਗੜ੍ਹ ਦੇ ਡੀ.ਜੀ.ਪੀ. ਪਰਵੀਰ ਰੰਜਨ ਤੇ ਹਰਿਆਣਾ ਦੇ ਡੀ.ਜੀ.ਪੀ. ਪੀਕੇ ਅਗਰਵਾਲ ਨੇ ਕਿਹਾ ਕਿ ਭਾਰਤ 'ਚ ਵੱਡੇ ਪੱਧਰ 'ਤੇ ਸਰਹੱਦ ਪਾਰ ਤੋਂ ਡਰੋਨਾਂ ਦੀ ਮਦਦ ਨਾਲ ਨਸ਼ਾ ਤਸਕਰੀ ਹੋ ਰਹੀ ਹੈ। ਇਸ ਨੂੰ ਰੋਕਣ ਲਈ ਪੁਲਿਸ ਵੱਲੋਂ ਸਾਂਝੇ ਤੌਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਵਿਚ ਵੱਡੇ ਪੱਧਰ 'ਤੇ ਰਕਮ ਦਾ ਲੈਣ-ਦੇਣ ਹੁੰਦਾ ਹੈ। ਇਸ ਲਈ ਪਹਿਲਾਂ ਰਕਮ ਦੇ ਲੈਣ-ਦੇਣ ਦੀ ਚੇਨ ਤੋੜਨ ਲਈ ਫੌਰੀ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਇਸ ਮੌਕੇ ਵੱਖ-ਵੱਖ ਸੂਬਿਆਂ ਤੋਂ ਆਏ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਨਸ਼ੀਲੇ ਪਦਾਰਥ ਕਿੱਥੋਂ ਆ ਰਹੇ ਹਨ ਤੇ ਕਿੱਥੇ ਜਾ ਰਹੇ ਹਨ, ਇਸ ਸਬੰਧੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

ਨਸ਼ਾ ਤਸਕਰੀ 'ਤੇ ਠੱਲ੍ਹ ਪਾਉਣ ਲਈ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਨਸ਼ਿਆਂ ਦੇ ਪਾਸਾਰ ਨੂੰ ਆਪਸੀ ਸਹਿਯੋਗ ਨਾਲ ਹੀ ਖ਼ਤਮ ਕੀਤਾ ਜਾ ਸਕਦਾ ਹੈ। ਇਸ ਲਈ ਪੁਲਿਸ ਦੇ ਨਾਲ-ਨਾਲ ਅਗਾਮੀ ਮੀਟਿੰਗਾਂ ਵਿਚ ਜੇਲ੍ਹ ਅਤੇ ਸਿਹਤ ਮਹਿਕਮੇ ਦੇ ਆਗੂਆਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ ਤਾਂ ਜੋ ਜੇਲ੍ਹਾਂ ਵਿਚੋਂ ਚਲਾਏ ਜਾਂਦੇ ਨਸ਼ਿਆਂ ਦੇ ਕਾਰੋਬਾਰ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਅਧਿਕਾਰੀਆਂ ਨੂੰ ਵੀ ਮੀਟਿੰਗ ਵਿਚ ਸੱਦਿਆ ਜਾਵੇਗਾ। ਰਾਜਸਥਾਨ ਸਰਹੱਦੀ ਸੂਬਾ ਹੋਣ ਕਰ ਕੇ ਉਸ ਦੀ ਹਿੱਸੇਦਾਰੀ ਹੋਣਾ ਬਹੁਤ ਜਰੂਰੀ ਹੈ। ਇਸ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਕੀਤੀ ਜਾ ਰਹੀ ਕਾਰਵਾਈ ਬਾਰੇ ਵੀ ਮੰਥਨ ਕੀਤਾ ਜਾਵੇਗਾ।

# ਪੰਜਾਬ ਦੀ ਨਵੀਂ ਆਬਕਾਰੀ ਨੀਤੀ 'ਤੇ ਵੀ ਕੇਂਦਰੀ ਏਜੰਸੀਆਂ ਦਾ ਖੌਫ

**ਚੰਡੀਗੜ੍ਹ:** ਕੇਂਦਰੀ ਏਜੰਸੀਆਂ ਵੱਲੋਂ ਦਿੱਲੀ ਦੀ ਸ਼ਰਾਬ ਨੀਤੀ ਦੀ ਕੀਤੀ ਜਾ ਰਹੀ ਜਾਂਚ ਦੇ ਮੱਦੇਨਜ਼ਰ ਪੰਜਾਬ ਸਰਕਾਰ ਨਵੀਂ ਆਬਕਾਰੀ ਨੀਤੀ ਤਿਆਰ ਕਰਨ ਵਾਸਤੇ ਮੌਜੂਦਾ ਨੀਤੀ ਵਿਚ ਕੁਝ ਬਦਲਾਅ ਕਰੇਗੀ। ਸੂਬਾ ਸਰਕਾਰ ਨੇ ਅਗਲੇ ਵਿੱਤੀ ਵਰ੍ਹੇ 2023-24 ਲਈ ਖਰੜਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਕੇਂਦਰੀ ਏਜੰਸੀਆਂ ਦੇ ਖ਼ੌਫ਼ ਦਾ ਪਰਛਾਵਾਂ ਨਵੀਂ ਆਬਕਾਰੀ ਨੀਤੀ 'ਤੇ ਪੈਣ ਦੀ ਸੰਭਾਵਨਾ ਹੈ। ਨਵੀਂ ਆਬਕਾਰੀ ਨੀਤੀ ਵਿਚ ਆਬਕਾਰੀ ਵਸੂਲੀ ਵਧਾਉਣ ਖ਼ਾਤਰ ਦੇਸੀ ਸ਼ਰਾਬ ਦਾ ਕੋਟਾ ਵਧਾਉਣ ਦੀ ਉਮੀਦ ਹੈ। ਇਸ ਦੇ ਨਾਲ ਹੀ ਐੱਲ-1 (ਥੋਕ) ਲਾਇਸੈਂਸ ਦੇਣ ਲਈ ਕੁਝ ਬਦਲਾਅ ਹੋਣ ਦਾ ਅਨੁਮਾਨ ਹੈ।



ਸਰਕਾਰੀ ਸੂਤਰ ਆਖਦੇ ਹਨ ਕਿ ਮੌਜੂਦਾ ਆਬਕਾਰੀ ਨੀਤੀ 'ਚ ਮਾਮੂਲੀ ਬਦਲਾਅ ਕੀਤੇ ਜਾਣਗੇ। ਮੌਜੂਦਾ ਨੀਤੀ 'ਚ ਇਕ ਸ਼ਰਾਬ ਸਨਅਤ ਲਈ ਇਕ ਹੀ ਡਿਸਟ੍ਰੀਬਿਊਟਰ ਦੀ ਇਜਾਜ਼ਤ ਹੈ। ਨਵੀਂ ਆਬਕਾਰੀ ਨੀਤੀ 'ਚ ਹਰ ਸ਼ਰਾਬ ਫੈਕਟਰੀ ਲਈ ਇਕ ਤੋਂ ਵਧੇਰੇ ਡਿਸਟ੍ਰੀਬਿਊਟਰਾਂ ਨੂੰ ਕੰਮ ਦੇਣ ਦੇ ਰਾਹ ਖੋਲ੍ਹੇ ਜਾਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਮੈਰਿਜ ਪੈਲੇਸਾਂ ਨੇੜੇ ਪੈਂਦੇ ਸ਼ਰਾਬ ਦੇ ਠੇਕਿਆਂ ਦਾ ਏਕਾਧਿਕਾਰ ਖ਼ਤਮ ਕੀਤਾ ਜਾਵੇਗਾ, ਜੋ ਉੱਚੀਆਂ ਦਰਾਂ 'ਤੇ ਸ਼ਰਾਬ ਵੇਚਦੇ ਸਨ।

ਵਿਰੋਧੀ ਸਿਆਸੀ ਧਿਰਾਂ ਵੱਲੋਂ ਪੰਜਾਬ ਦੀ ਮੌਜੂਦਾ ਆਬਕਾਰੀ ਨੀਤੀ ਨੂੰ ਦਿੱਲੀ ਦੀ ਸ਼ਰਾਬ ਨੀਤੀ ਦੀ ਹੀ ਫੋਟੋ ਕਾਪੀ ਦੱਸਿਆ ਜਾ ਰਿਹਾ ਹੈ ਤੇ ਕੇਂਦਰੀ ਏਜੰਸੀਆਂ ਨੂੰ ਜਾਂਚ ਦਾ ਘੇਰਾ ਪੰਜਾਬ ਤੱਕ ਵਧਾਏ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਨਵੇਂ ਹਾਲਾਤ ਤੋਂ ਪੰਜਾਬ ਸਰਕਾਰ ਚੌਕਸ ਹੋ ਗਈ ਹੈ, ਜਿਸ ਕਰਕੇ ਨਵੀਂ ਆਬਕਾਰੀ ਨੀਤੀ ਵਿਚ ਜਾਂਚ ਏਜੰਸੀਆਂ ਨੂੰ ਕੋਈ ਮੌਕਾ ਨਹੀਂ ਦੇਣਾ ਚਾਹੁੰਦੀ ਹੈ। ਨਵੀਂ ਆਬਕਾਰੀ ਨੀਤੀ ਦਾ ਐਲਾਨ ਇਸ ਮਹੀਨੇ ਦੇ ਅੱਧ ਦਰਮਿਆਨ ਹੋ ਸਕਦਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ 'ਆਪ' ਸਰਕਾਰ ਵੱਲੋਂ ਸ਼ਰਾਬ ਤੋਂ ਮਾਲੀਆ ਪ੍ਰਾਪਤ ਹੋਣ ਦਾ ਟੀਚਾ 9600 ਕਰੋੜ ਦਾ ਮਿਥਿਆ ਗਿਆ ਸੀ। ਸਰਕਾਰ ਦਾ ਦਾਅਵਾ ਹੈ ਕਿ ਉਹ ਮਾਰਚ ਦੇ ਅਖੀਰ ਤੱਕ ਸ਼ਰਾਬ ਤੋਂ 9000 ਕਰੋੜ ਦੀ ਆਮਦਨ ਦਾ ਅਨੁਮਾਨ ਲਗਾ ਰਹੇ ਹਨ। ਅਪਰੈਲ 2022 ਤੋਂ ਜਨਵਰੀ 2023 ਦੇ ਦਰਮਿਆਨ ਆਬਕਾਰੀ ਮਾਲੀਆ ਵਧ ਕੇ 7205.90 ਕਰੋੜ ਹੋ ਗਿਆ ਹੈ, ਜਦਕਿ 2021-22 ਵਿਚ ਇਹ 5147 ਕਰੋੜ ਰੁਪਏ ਸੀ। ਪੰਜਾਬ ਸਰਕਾਰ ਨੂੰ ਉਮੀਦ ਹੈ ਕਿ ਪਿਛਲੇ ਵਰ੍ਹੇ ਨਾਲੋਂ ਆਬਕਾਰੀ ਆਮਦਨ ਵਿਚ ਕਰੀਬ 2800 ਕਰੋੜ ਦਾ ਵਾਧਾ ਹੋ ਸਕਦਾ ਹੈ। ਸਰਕਾਰੀ ਅਧਿਕਾਰੀ ਆਖਦੇ ਹਨ ਕਿ ਨਵੀਂ ਆਬਕਾਰੀ ਨੀਤੀ ਦੀ ਬਦੌਲਤ ਆਬਕਾਰੀ ਮਾਲੀਏ ਵਿਚ ਰਿਕਾਰਡ ਵਾਧਾ ਹੋਇਆ ਹੈ, ਜਦਕਿ ਪਹਿਲਾਂ ਇਹ ਰੁਝਾਨ ਕਦੇ ਵੀ ਵੇਖਣ ਨੂੰ ਨਹੀਂ ਮਿਲਿਆ। ਨਵੀਂ ਆਬਕਾਰੀ ਨੀਤੀ ਵਿੱਚ ਭਾਰਤ ਵਿੱਚ ਬਣੀ ਵਿਦੇਸ਼ੀ ਸ਼ਰਾਬ ਤੇ ਬੀਅਰ ਦਾ ਕੋਟਾ ਖੁੱਲ੍ਹਾ ਰੱਖਿਆ ਜਾ ਸਕਦਾ ਹੈ। ਸ਼ਰਾਬ ਦੀਆਂ ਕੀਮਤਾਂ ਚੰਡੀਗੜ੍ਹ ਅਤੇ ਹਰਿਆਣਾ ਦੀਆਂ ਕੀਮਤਾਂ ਦੇ ਬਰਾਬਰ ਜਾਂ ਘੱਟ ਰਹਿਣਗੀਆਂ। ਮੌਜੂਦਾ ਆਬਕਾਰੀ ਨੀਤੀ ਵਿੱਚ ਸਸਤੀ ਸ਼ਰਾਬ ਦੇਣ ਦਾ ਵਾਅਦਾ ਵੀ ਕੀਤਾ ਗਿਆ ਸੀ ਤੇ ਸ਼ੁਰੂਆਤੀ ਦੌਰ ਵਿਚ ਸ਼ਰਾਬ ਸਸਤੀ ਵੀ ਮਿਲਦੀ ਰਹੀ ਹੈ, ਪਰ ਮਗਰੋਂ ਰੇਟ ਸੋਧੇ ਜਾਂਦੇ ਰਹੇ ਹਨ। ਸਰਕਾਰ ਦਾ ਕਹਿਣਾ ਹੈ ਕਿ ਐਤਕੀਂ ਪੰਜਾਬ ਵਿਚ ਸ਼ਰਾਬ ਦੀ ਤਸਕਰੀ ਰੁਕੀ ਹੈ, ਜਿਸ ਨਾਲ ਖ਼ਜ਼ਾਨੇ ਨੂੰ ਲਾਭ ਪੁੱਜਿਆ ਹੈ।

## ਪੰਜਾਬ ਦੀ ਆਬਕਾਰੀ ਨੀਤੀ ਵਿਰੁੱਧ ਸੜਕਾਂ 'ਤੇ ਉਤਰੀ ਭਾਜਪਾ

**ਮੁਹਾਲੀ:** ਭਾਜਪਾ ਵੱਲੋਂ ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਟ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਦਫਤਰ ਦੇ ਬਾਹਰ ਪੰਜਾਬ ਸਰਕਾਰ ਦੀ ਨਵੀਂ ਆਬਕਾਰੀ ਨੀਤੀ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਉਪਰੰਤ ਭਾਜਪਾ ਆਗੂਆਂ ਨੇ ਡੀ.ਸੀ. ਰਾਹੀਂ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਭੇਜ ਕੇ ਆਬਕਾਰੀ ਨੀਤੀ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਕੀਤੀ। ਆਗੂਆਂ ਨੇ ਕਿਹਾ ਕਿ ਦਿੱਲੀ ਦੀ ਤਰਜ਼ 'ਤੇ ਪੰਜਾਬ ਦੀ ਆਬਕਾਰੀ ਨੀਤੀ ਦੀ ਵੀ ਉੱਚ ਪੱਧਰੀ ਜਾਂਚ ਕੀਤੀ ਜਾਵੇ ਤਾਂ ਜੋ ਨੀਤੀ ਵਿਚਲੇ ਕਥਿਤ ਭ੍ਰਿਸ਼ਟਾਚਾਰ ਦਾ ਸੱਚ ਸਾਹਮਣੇ ਆ ਸਕੇ। ਭਾਜਪਾ ਆਗੂਆਂ ਨੇ ਕਿਹਾ ਕਿ ਨਵੀਂ ਨੀਤੀ ਤਹਿਤ ਸਰਕਾਰ ਆਪਣੇ ਚਹੇਤੇ ਵਾਪਰੀਆਂ ਨੂੰ ਸਾਰਾ ਕਾਰੋਬਾਰ ਸੌਂਪਣ ਦੀ ਤਿਆਰੀ ਵਿਚ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 11 ਮਾਰਚ 2023*

# ਪੰਜਾਬ ਦੀ ਦਿਸ਼ਾ

ਪੰਜਾਬ ਵਿਧਾਨ ਸਭਾ ਦੇ ਜੋ ਦ੍ਰਿਸ਼ ਲੋਕਾਂ ਦੇ ਸਾਹਮਣੇ ਆਏ ਹਨ, ਉਸ ਨੇ ਸੂਬੇ ਦੇ ਹਾਲਾਤ ਅਤੇ ਪੰਜਾਬ ਦੀ ਸਿਆਸੀ ਜਮਾਤ ਦੀ ਹਕੀਕਤ ਬਿਆਨ ਕਰ ਦਿੱਤੀ ਹੈ। ਚਿਰਾਂ ਤੋਂ ਚਰਚਾ ਚੱਲ ਰਹੀ ਹੈ ਕਿ ਪੰਜਾਬ ਡੂੰਘੇ ਸੰਕਟ ਵਿਚੋਂ ਲੰਘ ਰਿਹਾ ਹੈ। ਇਹ ਖੇਤੀ ਪ੍ਰਧਾਨ ਸੂਬਾ ਹੈ ਪਰ ਚਾਰ ਦਹਾਕਿਆਂ ਦੌਰਾਨ ਜੋ ਹਾਲ ਪੰਜਾਬ ਦੀ ਖੇਤੀ ਦਾ ਹੋਇਆ ਹੈ, ਉਹ ਹੁਣ ਕਿਸੇ ਕੋਲੋਂ ਲੁਕਿਆ ਹੋਇਆ ਨਹੀਂ। ਬਹੁ-ਗਿਣਤੀ ਕਿਸਾਨ ਪਰਿਵਾਰ ਕਰਜ਼ੇ ਦੀ ਮਾਰ ਹੇਠ ਹਨ। ਸਮਾਜ ਦੇ ਹੋਰ ਤਬਕਿਆਂ ਦਾ ਹਾਲ ਵੀ ਬਹੁਤਾ ਚੰਗਾ ਨਹੀਂ। ਕਈ ਖੇਤਰਾਂ ਵਿਚ ਮੁਲਕ ਭਰ ਵਿਚ ਅੱਵਲ ਰਹਿਣ ਵਾਲਾ ਪੰਜਾਬ ਸਾਲ-ਦਰ-ਸਾਲ ਪਛੜ ਰਿਹਾ ਹੈ। ਲਗਾਤਾਰ ਅਣਦੇਖੀ ਕੀਤੇ ਜਾਣ ਕਾਰਨ ਮੁਲਕ ਦਾ ਸਭ ਤੋਂ ਖੁਸ਼ਹਾਲ ਸੂਬਾ ਬਲਦੀ ਦੇ ਬੁਥੇ ਜਾ ਪਿਆ ਹੈ ਅਤੇ ਪੰਜਾਬ ਦੀ ਸਿਆਸੀ ਜਮਾਤ ਦਾ ਹਾਲ ਇਹ ਹੈ ਕਿ ਵਿਧਾਨ ਸਭਾ ਜਿੱਥੇ ਬੈਠ ਕੇ ਲੋਕ-ਪੱਖੀ ਨੀਤੀਆਂ ਘੜਨੀਆਂ ਹੁੰਦੀਆਂ ਹਨ, ਉਥੇ ਸਿਆਸੀ ਲੀਡਰ ਮਿਹਣੋ-ਮਿਹਣੀ ਹੋ ਰਹੇ ਹਨ। ਸਿੱਖਿਆ ਅਤੇ ਸਿਹਤ ਦੇ ਖੇਤਰ ਸਰਕਾਰ ਦੀ ਅਣਗਹਿਲੀ ਦੇ ਸ਼ਿਕਾਰ ਹਨ ਪਰ ਇਸ ਬਾਰੇ ਕੋਈ ਬਹਿਸ ਕਰਨ ਦੀ ਥਾਂ ਵੱਖ-ਵੱਖ ਪਾਰਟੀਆਂ ਦੇ ਲੀਡਰ ਇਕ-ਦੂਜੇ ਖਿਲਾਫ ਕਿੜਾਂ ਕੱਢ ਰਹੇ ਹਨ। ਨਸ਼ਿਆਂ ਕਾਰਨ ਪੰਜਾਬ ਦੀ ਨੌਜਵਾਨੀ ਜਿਸ ਤਰ੍ਹਾਂ ਹਾਲੋਂ-ਬੇਹਾਲ ਹੈ, ਉਸ ਵੱਲ ਕਿਸੇ ਦਾ ਕੋਈ ਧਿਆਨ ਨਹੀਂ। ਬੇਰੁਜ਼ਗਾਰੀ ਦੀ ਮਾਰ ਕਾਰਨ ਨੌਜਵਾਨ ਵੱਡੀ ਗਿਣਤੀ ਵਿਚ ਵਿਦੇਸ਼ ਜਾ ਰਹੇ ਹਨ।

ਹੁਣ ਜਿਹੜੀ ਖਬਰ ਆਈ ਹੈ, ਉਹ ਹੋਰ ਵੀ ਪ੍ਰੇਸ਼ਾਨ ਕਰਨ ਵਾਲੀ ਹੈ। ਹਾਲ ਹੀ ਵਿਚ ਗੁਜਰਾਤ ਦੇ ਕੱਛ ਜ਼ਿਲ੍ਹੇ 'ਚ ਇਕ ਇਰਾਨੀ ਕਿਸ਼ਤੀ 'ਚੋਂ 4 ਅਰਬ ਰੁਪਏ ਦੀ ਹੈਰੋਇਨ (61 ਕਿਲੋ) ਬਰਾਮਦ ਕੀਤੀ ਹੈ। ਗੁਜਰਾਤ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਇਹ ਨਸ਼ੀਲੇ ਪਦਾਰਥ ਪੰਜਾਬ ਪਹੁੰਚਾਏ ਜਾਣੇ ਸਨ। ਇਸ ਤੋਂ ਪਹਿਲਾਂ ਅਕਤੂਬਰ 2021 ਵਿਚ ਗੁਜਰਾਤ ਦੀ ਮੁੰਦਰਾ ਬੰਦਰਗਾਹ ਤੋਂ ਹੈਰੋਇਨ ਦੀ 2988 ਕਿਲੋਗਰਾਮ ਦੀ ਵੱਡੀ ਖੇਪ ਫੜੀ ਗਈ ਸੀ। ਸਤੰਬਰ 2022 ਵਿਚ 40 ਕਿਲੋਗਰਾਮ ਹੈਰੋਇਨ ਸਮੇਤ ਪਾਕਿਸਤਾਨੀ ਕਿਸ਼ਤੀ ਫੜੀ ਗਈ ਅਤੇ ਗੁਜਰਾਤ ਪੁਲੀਸ ਨੇ ਪਤਾ ਲਗਾਇਆ ਸੀ ਕਿ ਅੰਮ੍ਰਿਤਸਰ ਅਤੇ ਕਪੂਰਥਲਾ ਦੀਆਂ ਜੇਲ੍ਹਾਂ 'ਚ ਬੰਦ ਨਸ਼ਾ ਤਸਕਰਾਂ ਨੇ ਮੋਬਾਈਲ ਫੋਨਾਂ ਦੀ ਵਰਤੋਂ ਰਾਹੀਂ ਇਹ ਖੇਪ ਪਾਕਿਸਤਾਨ ਤੋਂ ਮੰਗਵਾਈ ਸੀ।ਗੁਜਰਾਤ ਦੇ ਸਮੁੰਦਰੀ ਰਸਤਿਆਂ ਰਾਹੀਂ ਨਸ਼ਿਆਂ ਦੀ ਤਸਕਰੀ ਪੰਜਾਬ ਲਈ ਚਿੰਤਾ ਵਾਲੀ ਗੱਲ ਹੈ। ਬੰਦਰਗਾਹਾਂ ਰਾਹੀਂ ਇੰਨੀ ਵੱਡੀ ਪੱਧਰ 'ਤੇ ਨਸ਼ਾ ਦੇਸ਼ ਵਿਚ ਆਉਣਾ ਅਤੇ ਉਸ ਦਾ ਪੰਜਾਬ ਤਕ ਪਹੁੰਚਣਾ ਵੱਡੇ ਅਪਰਾਧੀ ਗਰੋਹਾਂ ਵੱਲ ਸੰਕੇਤ ਕਰਦਾ ਹੈ। ਪਾਕਿਸਤਾਨ ਦੀ ਸਰਹੱਦ ਵਾਲੇ ਪਾਸਿਓਂ ਡਰੋਨਾਂ ਰਾਹੀਂ ਨਸ਼ਿਆਂ ਦੀ ਤਸਕਰੀ ਲਗਾਤਾਰ ਹੋਣ ਬਾਰੇ ਖਬਰਾਂ ਹਨ।

ਉਧਰ, ਕੇਂਦਰ ਸਰਕਾਰ ਨੇ 2022 ਤਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ ਪਰ ਹਾਲ ਇਹ ਹੈ ਕਿ ਮਹਾਰਾਸ਼ਟਰ ਦੇ ਇਕ ਕਿਸਾਨ ਨੂੰ 5 ਕੁਇੰਟਲ ਪਿਆਜ਼ ਤੋਂ ਸਿਰਫ ਦੋ ਰੁਪਏ ਦੀ ਆਮਦਨ ਹੋਈ ਹੈ। ਮੰਡੀ ਵਿਚ ਉਸ ਦੇ ਪਿਆਜ਼ ਦੀ ਕੀਮਤ ਇਕ ਰੁਪਏ ਪ੍ਰਤੀ ਕਿੱਲੋ (ਇਕ ਸੌ ਰੁਪਏ ਕੁਇੰਟਲ) ਲਗਾਈ ਗਈ ਅਤੇ ਉਸ ਦੇ 512 ਕਿੱਲੋ ਪਿਆਜ ਦੀ ਕੀਮਤ 512 ਰੁਪਏ ਬਣੀ। ਮਜ਼ਦੂਰੀ, ਆਵਾਜਾਈ ਅਤੇ ਹੋਰ ਖ਼ਰਚਿਆਂ 'ਤੇ 510 ਰੁਪਏ ਲੱਗ ਗਏ; ਇਉਂ ਉਸ ਨੂੰ 5 ਕੁਇੰਟਲ ਪਿਆਜ਼ ਤੋਂ ਸਿਰਫ ਦੋ ਰੁਪਏ ਦੀ ਕਮਾਈ ਹੋਈ। ਪੰਜਾਬ ਦਾ ਹਾਲ ਵੀ ਇਸ ਤੋਂ ਵੱਖਰਾ ਨਹੀਂ। ਪੰਜਾਬ ਵਿਚ ਕਈ ਕਿਸਾਨਾਂ ਨੇ ਗੋਭੀ ਦੀ ਮਾਮੂਲੀ ਕੀਮਤ ਕਾਰਨ ਇਸ ਨੂੰ ਤੁੜਵਾਉਣ ਤੋਂ ਨਾਂਹ ਕਰਦਿਆਂ ਫਸਲ ਖੇਤ ਵਿਚ ਹੀ ਵਾਹ ਦਿੱਤੀ। ਆਲੂ ਵੀ ਬਹੁਤ ਸਸਤੇ ਭਾਅ ਵਿਕਿਆ। ਮਹਾਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ, ਉੱਤਰ ਪ੍ਰਦੇਸ਼, ਬਿਹਾਰ ਵਿਚ ਵੀ ਇਹੋ ਕਹਾਣੀ ਹੈ। ਲਗਭਗ ਹਰ ਸੂਬੇ ਵਿਚੋਂ ਸਬਜ਼ੀਆਂ ਦੇ ਸਹੀ ਭਾਅ ਨਾ ਮਿਲਣ ਦੀਆਂ ਖ਼ਬਰਾਂ ਆਈਆਂ ਹਨ। ਭਾਅ ਇੰਨੇ ਵੱਡੇ ਪੱਧਰ 'ਤੇ ਹੇਠਾਂ ਡਿੱਗਣੇ ਦਰਸਾਉਂਦਾ ਹੈ ਕਿ ਜਦੋਂ ਵਪਾਰੀ ਇਹ ਦੇਖਦੇ ਹਨ ਕਿ ਇਸ ਵਾਰ ਫਸਲ ਕਾਫੀ ਜ਼ਿਆਦਾ ਹੋਈ ਹੈ ਤਾਂ ਭਾਅ ਡੇਗ ਦਿੱਤੇ ਜਾਂਦੇ ਹਨ। ਦਲੀਲ ਇਹ ਦਿੱਤੀ ਜਾਂਦੀ ਹੈ ਕਿ ਜਦੋਂ ਕਿਸੇ ਜਿਣਸ ਦੀ ਪੈਦਾਵਾਰ ਬਹੁਤ ਜ਼ਿਆਦਾ ਹੋ ਜਾਵੇ ਤਾਂ ਭਾਅ ਡਿੱਗਣਾ ਸੁਭਾਵਿਕ ਹੈ। ਮੰਡੀ ਦੇ ਅਸੂਲਾਂ ਅਨੁਸਾਰ ਇਹ ਸਹੀ ਹੋ ਸਕਦਾ ਹੈ ਪਰ ਇਸ ਨਾਲ ਕਿਸਾਨਾਂ ਨਾਲ ਵੱਡੀ ਬੇਇਨਸਾਫੀ ਹੁੰਦੀ ਹੈ। ਅਸਲ ਵਿਚ, ਕਿਸਾਨਾਂ ਨੂੰ ਹਰ ਪੱਖ ਤੋਂ ਲਤਾੜਿਆ ਜਾਂਦਾ ਹੈ। ਭਾਰਤ ਵਿਚ ਇਸ ਵਕਤ ਤੇਲ ਪੈਦਾ ਕਰਨ ਵਾਲੇ ਬੀਜਾਂ ਦੀ ਕਮੀ ਹੈ। ਇਸੇ ਕਰ ਕੇ ਯੂਕਰੇਨ ਤੋਂ ਸੂਰਜਮੁਖੀ ਮੰਗਵਾਈ ਜਾਂਦੀ ਰਹੀ ਹੈ। ਕੁਝ ਸਾਲ ਪਹਿਲਾਂ ਪੰਜਾਬ ਦੇ ਕਿਸਾਨਾਂ ਨੂੰ ਵੀ ਸੂਰਜਮੁਖੀ ਬੀਜਣ ਲਈ ਕਿਹਾ ਗਿਆ ਅਤੇ ਉਨ੍ਹਾਂ ਨੇ ਇਹ ਫਸਲ ਉਗਾਈ ਵੀ ਪਰ ਉਨ੍ਹਾਂ ਨੂੰ ਵਾਜਬ ਭਾਅ ਨਹੀਂਮਿਲਿਆ। 1996-97 ਵਿਚ ਪੰਜਾਬ ਦੇ ਕਿਸਾਨਾਂ ਨੇ 1.29 ਲੱਖ ਹੈਕਟੇਅਰ ਰਕਬੇ ਵਿਚ ਸੂਰਜਮੁਖੀ ਦੀ ਫਸਲ ਬੀਜੀ ਸੀ। ਸਰਕਾਰੀ ਖ਼ਰੀਦ ਨਾ ਹੋਣ ਕਾਰਨ ਕਿਸਾਨਾਂ ਨੂੰ ਘੱਟ ਭਾਅ ਮਿਲੇ ਅਤੇ ਉਨ੍ਹਾਂ ਇਹ ਫਸਲ ਬੀਜਣੀ ਘਟਾ ਦਿੱਤੀ। ਹੁਣ ਇਹ ਫਸਲ ਲਗਭਗ 1300 ਹੈਕਟੇਅਰ ਰਕਬੇ ਵਿਚ ਬੀਜੀ ਜਾਂਦੀ ਹੈ। ਇਸ ਸਾਲ ਸਰਕਾਰ ਨੇ ਸੂਰਜਮੁਖੀ ਦੀ ਕਾਸ਼ਤ 4000 ਹੈਕਟੇਅਰ 'ਚ ਕਰਵਾਉਣ ਦਾ ਟੀਚਾ ਮਿਥਿਆ ਹੈ। ਜੇ ਇਹ ਟੀਚਾ ਪੂਰਾ ਵੀ ਹੋ ਜਾਵੇ ਤਾਂ 1996-97 ਦੇ ਮੁਕਾਬਲੇ ਇਹ ਰਕਬਾ ਸਿਰਫ 0.03 ਫੀਸਦੀ ਹੈ। ਇਕ ਪਾਸੇ ਦੇਸ਼ ਵਿਚ ਤੇਲ-ਬੀਜਾਂ ਦੀ ਕਮੀ ਹੈ ਅਤੇ ਦੂਸਰੇ ਪਾਸੇ ਅਸੀਂ ਇਨ੍ਹਾਂ ਦੀ ਕਾਸ਼ਤ ਵਧਾਉਣ ਵਿਚ ਅਸਫਲ ਹੋ ਰਹੇ ਹਾਂ। ਜ਼ਾਹਿਰ ਹੈ ਕਿ ਖੇਤੀ ਖੇਤਰ ਸਬੰਧੀ ਸਾਡੀਆਂ ਨੀਤੀਆਂ ਵਿਚ ਵੱਡੀਆਂ ਖਾਮੀਆਂ ਹਨ। ਕਈ ਦਹਾਕਿਆਂ ਤੋਂ ਸਰਕਾਰਾਂ ਦਾ ਰੁਝਾਨ ਖੇਤੀ ਖੇਤਰ ਵੱਲ ਨਹੀਂ ਹੈ।ਸਰਕਾਰਾਂ ਇਸ ਖੇਤਰ ਨੂੰ ਵੀ ਪ੍ਰਾਈਵੇਟ ਖੇਤਰ ਦੇ ਹਵਾਲੇ ਕਰਨ ਦੀਆਂ ਇੱਛਕ ਹਨ। ਪਿੱਛੇ ਜਿਹੇ ਲਾਗੂ ਕੀਤੇ ਤਿੰਨ ਖੇਤੀ ਕਾਨੂੰਨ ਦਾ ਲੁਕਵਾਂ ਮਕਸਦ ਇਹੀ ਸੀ ਪਰ ਕਿਸਾਨਾਂ ਦੇ ਮਿਸਾਲੀ ਅੰਦੋਲਨ ਕਾਰਨ ਇਹ ਕਾਨੂੰਨ ਮੋਦੀ ਸਰਕਾਰ ਨੂੰ ਵਾਪਸ ਲੈਣੇ ਪਏ।ਹੁਣਸੂਬਿਆਂ ਨੂੰ ਇਨ੍ਹਾਂ ਮਸਲਿਆਂ ਬਾਰੇ ਕੇਂਦਰ ਸਰਕਾਰ ਨਾਲ ਦੋ-ਟੁੱਕ ਗੱਲ ਕਰਨੀ ਪਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਜੋਸ਼ ਨਾਲ ਹੋਸ਼ ਜ਼ਰੂਰੀ

*ਚਾਹੀਏ 'ਪੈਂਤੜੇ' ਬਦਲਣੇ ਦੇਖ ਮੌਕਾ, ਕਰ ਕੇ ਪੂਰੀ ਇਤਿਹਾਸਿਕ ਪ੍ਰਦੱਖਣਾ ਜੀ।*
*ਮੂੰਹ-ਤੋੜ ਜਵਾਬ ਦੇ ਸਾਜ਼ਸ਼ਾਂ ਦਾ, ਪੈਂਦਾ ਜ਼ਬਤ ਅਖੀਰ ਤੱਕ ਰੱਖਣਾ ਜੀ।*
*ਆਪਹੁਦਰਾਪਣ ਆਏ ਪ੍ਰਬੰਧਕਾਂ ਵਿਚ, ਦਿੰਦਾ ਪੁੱਟ ਸੰਘਰਸ਼ ਦੀ ਜੱਖਣਾ ਜੀ।*
*ਜੇ ਕੋਈ ਭਾ.ਲ ਦਾ ਲੀਡਰੀ 'ਮੋਰਚੇ' ਤੋਂ, ਇਹ ਤਾਂ ਹੋਵੇਗੀ ਹਉਮੈ ਦੀ ਝੱਖਣਾ ਜੀ।*
*ਕਾਮਯਾਬੀ ਤੱਕ ਕਦੇ ਨੀ ਪਹੁੰਚ ਸਕਦਾ, ਹੋਵੇ ਜੋਸ਼ ਜੇ 'ਹੋਸ਼' ਤੋਂ ਸੱਖਣਾ ਜੀ।*

# ਭਗਵੰਤ ਮਾਨ-ਰਾਜਪਾਲ ਵਿਵਾਦ ਅਤੇ ਵਿਧਾਨ ਸਭਾ ਸੈਸ਼ਨ

*ਭਾਰਤ ਵੱਖ-ਵੱਖ ਕੌਮੀਅਤਾਂ, ਧਰਮਾਂ, ਵਰਗਾਂ ਦਾ ਗੁਲਦਸਤਾ ਹੈ ਜਿਸ ਵਿਚ ਖੇਤਰੀ ਪਾਰਟੀਆਂ ਦੀ ਹੋਂਦ ਅਤੇ ਫੈਡਰਲ ਢਾਂਚੇ ਤਹਿਤ ਸੂਬਿਆਂ ਲਈ ਵੱਧ ਅਧਿਕਾਰ ਬਹੁਤ ਜ਼ਰੂਰੀ ਹਨ ਲੇਕਿਨ ਭਾਜਪਾ ਹਕੂਮਤ ਦਾ ਰਵੱਈਆ ਤਾਕਤਾਂ ਦੇ ਕੇਂਦਰੀਕਰਨ ਵੱਲ ਵੱਧ ਰਿਹਾ ਹੈ। ਰਾਜਪਾਲ ਅਤੇ ਸਰਕਾਰਾਂ ਦਰਮਿਆਨ ਵਿਵਾਦ ਨਿਰੋਲ ਸਿਆਸੀ ਹੈ ਜਿਸ ਦੀ ਜੜ੍ਹ ਰਾਜਾਂ ਨੂੰ ਵੱਧ ਅਧਿਕਾਰਾਂ ਦੇ ਮਾਮਲੇ ਵਿਚ ਪਈ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।*

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਪੰਜਾਬ ਸਰਕਾਰ ਵਿਚ ਤਿੱਖੀ ਬਿਆਨਬਾਜ਼ੀ ਤੋਂ ਬਾਅਦ ਦੇਸ਼ ਦੀ ਉੱਚ ਅਦਾਲਤ ਦੇ ਦਖਲ ਨਾਲ ਪੰਜਾਬ ਵਿਧਾਨ ਸਭਾ ਸੈਸ਼ਨ ਚੱਲ ਰਿਹਾ ਹੈ। ਇੱਕ ਪਾਸੇ ਪੰਜਾਬ ਵਿਧਾਨ ਸਭਾ ਸੈਸ਼ਨ ਦੇ ਪਹਿਲੇ ਦਿਨ ਰਾਜਪਾਲ ਅਤੇ ਸਰਕਾਰ ਵਿਚ 'ਸਭ ਅੱਛਾ ਨਹੀਂ' ਦਾ ਸੰਕੇਤ ਮਿਲ ਰਿਹਾ ਸੀ ਤੇ ਦੂਜੇ ਪਾਸੇ ਇਸੇ ਇੱਕ ਹਫਤੇ ਦੌਰਾਨ ਰਾਜਪਾਲ ਦੀ ਪੋਤਰੀ ਦੇ ਵਿਆਹ ਅਤੇ ਸੈਸ਼ਨ ਦੌਰਾਨ ਹੀ ਕੁਝ ਪਲ ਅਜਿਹੇ ਦੇਖਣ ਨੂੰ ਮਿਲੇ ਜਦ ਰਾਜਪਾਲ ਅਤੇ ਮੁੱਖ ਮੰਤਰੀ ਵਿਚ ਨੇੜਤਾ ਵੀ ਦੇਖਣ ਨੂੰ ਮਿਲੀ। ਜ਼ਾਹਿਰ ਹੈ ਕਿ ਮਸਲਾ ਨਿੱਜੀ ਨਹੀਂ ਬਲਕਿ



ਸਿਧਾਂਤਕ ਹੈ ਜਿਸ ਦੀਆਂ ਜੜ੍ਹਾਂ ਸਾਨੂੰ ਫਰੋਲਣੀਆਂ ਚਾਹੀਦੀਆਂ ਹਨ ਤੇ ਜੜ੍ਹਾਂ ਫਰੋਲਦਿਆਂ ਸਾਨੂੰ ਸਮਝ ਪਵੇਗਾ ਕਿ ਇਹ ਮਸਲਾ ਸਿਰਫ ਪੰਜਾਬ ਤੱਕ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਸੀਮਤ ਨਹੀਂ ਹੈ ਬਲਕਿ ਦੇਸ਼ ਦੇ ਜਿਨ੍ਹਾਂ ਸੂਬਿਆਂ ਵਿਚ ਗੈਰ-ਭਾਜਪਾ ਸਰਕਾਰਾਂ ਹਨ, ਉਨ੍ਹਾਂ ਸੂਬਿਆਂ 'ਚ ਲੱਗਭੱਗ ਇਸੇ ਤਰ੍ਹਾਂ ਦਾ ਮਹੌਲ ਬਣਿਆ ਹੋਇਆ ਹੈ।

ਪੰਜਾਬ ਅੰਦਰ ਸੂਬਾ ਸਰਕਾਰ ਅਤੇ ਰਾਜਪਾਲ 'ਚ ਸਿੱਧੀ ਬਿਆਨਾਬਾਜ਼ੀ ਦਾ ਮੁੱਢ 'ਭਰੋਸਗੀ ਮਤਾ' ਹਾਸਲ ਕਰਨ ਲਈ ਸੱਦੇ 22 ਸਤੰਬਰ ਦੇ ਬੇਲੋੜੇ ਸੈਸ਼ਨ ਨਾਲ ਬੱਝਿਆ ਸੀ। ਉਸ ਤੋਂ ਬਾਅਦ 8 ਅਕਤੂਬਰ ਨੂੰ ਵੀ ਭਾਰਤੀ ਹਵਾਈ ਫੌਜ ਦੇ 90ਵੇਂ ਸਥਾਪਨਾ ਦਿਵਸ ਮੌਕੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੀ ਆਮਦ ਵਾਲੇ ਪ੍ਰੋਗਰਾਮ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਗੈਰ-ਮੌਜੂਦਗੀ 'ਤੇ ਰਾਜਪਾਲ ਵੱਲੋਂ ਮੀਡੀਆ 'ਚ ਸਵਾਲ ਚੁੱਕੇ ਗਏ ਸਨ।

ਰਾਜਪਾਲ ਵੱਲੋਂ ਇਹਨਾਂ ਦੋਵਾਂ ਮਾਮਲਿਆਂ ਵਿਚ ਦਿੱਤੀਆਂ ਦਲੀਲਾਂ ਤਾਂ ਸਮਝ ਆਉਂਦੀਆਂ ਹਨ ਪਰ ਰਾਜਪਾਲ ਵੱਲੋਂ ਸਰਹੱਦੀ ਖੇਤਰਾਂ ਦੇ ਦੌਰੇ ਸਮੇਂ ਸੂਬਾ ਸਰਕਾਰ ਖਿਲਾਫ ਕੀਤੀ ਗਈ ਬਿਆਨਬਾਜ਼ੀ ਨੂੰ ਜਾਇਜ਼ ਨਹੀਂ ਕਿਹਾ ਜਾ ਸਕਦਾ ਕਿਉਂਕਿ ਸੂਬੇ ਵਿਚ 'ਅਮਨ-ਕਾਨੂੰਨ' ਦੀ ਜ਼ਿੰਮੇਵਾਰੀ ਨਿਰੋਲ ਸੂਬਾ ਸਰਕਾਰ ਦੀ ਹੁੰਦੀ ਹੈ।

ਰਾਜਪਾਲ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਦੇ ਵਾਈਸ ਚਾਂਸਲਰ ਗੁਰਪ੍ਰੀਤ ਸਿੰਘ ਵਾਂਡਰ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਦੀ ਨਿਯੁਕਤੀ ਖਿਲਾਫ ਸਵਾਲ ਉਠਾਏ ਤੇ ਲੱਗਭੱਗ ਇਹੋ ਮਸਲਾ ਤਾਮਿਲਨਾਡੂ, ਕੇਰਲ ਸਮੇਤ ਕਈ ਗੈਰ-ਭਾਜਪਾਈ ਸੂਬਿਆਂ ਵਿਚ ਨਜ਼ਰ ਆ ਰਿਹਾ ਹੈ। ਵਾਈਸ ਚਾਂਸਲਰ ਦੀ ਚੋਣ ਪ੍ਰਕਿਰਿਆ ਦੌਰਾਨ ਸੂਬਾ ਸਰਕਾਰ ਤੋਂ ਕੋਈ ਤਕਨੀਕੀ ਘਾਟ ਰਹਿ ਸਕਦੀ ਹੈ ਲੇਕਿਨ ਵਾਈਸ ਚਾਂਸਲਰ ਦੀ ਚੋਣ ਦਾ ਪੂਰਨ ਅਧਿਕਾਰ ਸੂਬਾ ਸਰਕਾਰ ਨੂੰ ਹੋਣਾ ਹੀ ਚਾਹੀਦਾ ਹੈ।

ਮਸਲੇ ਦੀ ਅਸਲ ਜੜ੍ਹ ਇਹ ਹੈ ਕਿ ਭਾਰਤ ਵਿਚ ਫੈਡਰਲ ਢਾਂਚਾ ਸਥਾਪਤ ਕਰਦਿਆਂ ਸੂਬਿਆਂ ਨੂੰ ਵੱਧ ਅਧਿਕਾਰ ਦੇਣੇ ਹਨ ਜਾਂ ਤਾਕਤਾਂ ਦਾ ਕੇਂਦਰੀਕਰਨ ਕਰ ਕੇ ਮੁੱਖ ਮੰਤਰੀ ਦੀ ਹੈਸੀਅਤ ਵੱਡੇ ਸ਼ਹਿਰ ਦੇ ਮੇਅਰ ਵਰਗੀ ਬਣਾਉਣੀ ਹੈ। ਤੱਥ ਇਹ ਹੈ ਕਿ ਭਾਰਤ ਦੀ ਸੱਤਾ 'ਤੇ ਬਿਰਾਜਮਾਨ ਰਹੀਆਂ ਪਾਰਟੀਆਂ ਨੇ ਸੂਬਿਆਂ ਦੇ ਅਧਿਕਾਰ ਸੀਮਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ, ਸੂਬਿਆਂ ਦੇ ਅਧਿਕਾਰਾਂ ਸਬੰਧੀ ਕਾਂਗਰਸ ਦੀ ਪਹੁੰਚ ਵੀ ਜਮਹੂਰੀ ਨਹੀਂ ਸੀ। 1960ਵਿਆਂ ਤੋਂ ਬਾਅਦ ਜਦ ਭਾਰਤ ਦੇ ਕੁਝ ਸੂਬਿਆਂ ਵਿਚ ਗੈਰ-ਕਾਂਗਰਸ ਸਰਕਾਰਾਂ ਬਣਨ ਲੱਗੀਆਂ ਤਾਂ ਕਾਂਗਰਸ ਨੇ ਰਾਜਪਾਲਾਂ ਰਾਹੀਂ ਸਰਕਾਰਾਂ ਸੁੱਟਣ ਦੇ ਅਨੇਕਾਂ ਵਾਰ ਯਤਨ ਕੀਤੇ। ਇਸੇ ਕਰ ਕੇ ਕਹਿ ਸਕਦੇ ਹਾਂ ਕਿ ਰਾਜਪਾਲਾਂ ਅਤੇ ਮੁੱਖ ਮੰਤਰੀਆਂ ਵਿਚ ਚੱਲ ਰਹੀ ਬਿਆਨਬਾਜ਼ੀ ਕੋਈ ਨਵੀਂ ਗੱਲ ਨਹੀਂ ਹੈ ਬਲਕਿ ਪਿਛਲੇ ਕਈ



ਦਹਾਕਿਆਂ ਤੋਂ ਇਹ ਸਭ ਚੱਲ ਰਿਹਾ ਹੈ। ਕਾਂਗਰਸ ਨੇ ਵੀ ਸੰਵਿਧਾਨ ਦੀ ਧਾਰਾ 356 ਦੀ ਦੁਰਵਰਤੋਂ ਕਰਦਿਆਂ ਕਈ ਵਾਰ ਸੂਬਾ ਸਰਕਾਰਾਂ ਭੰਗ ਕੀਤੀਆ ਸਨ, ਹੁਣ ਉਸੇ ਰਸਤੇ ਭਾਜਪਾ ਕਾਂਗਰਸ ਤੋਂ ਵੀ ਕੁੱਢਰ ਤਰੀਕੇ ਨਾਲ ਤੁਰੀ ਹੋਈ ਹੈ। ਰਾਜਪਾਲ ਤੇ ਸੂਬਾ ਸਰਕਾਰਾਂ ਵਿਚ ਸਬੰਧਾਂ ਨੂੰ ਵਿਚਾਰਨ ਲਈ ਕਈ ਕਮਿਸ਼ਨ ਵੀ ਬਣੇ ਲੇਕਿਨ ਗੱਲ ਕਿਸੇ ਤਣ-ਪੱਤਣ ਨਹੀਂ ਲੱਗੀ। ਜੀ.ਐਸ.ਟੀ. ਨੇ ਤਾਕਤਾਂ ਦੇ ਕੇਂਦਰੀਕਰਨ ਨੂੰ ਹੋਰ ਵੱਧ ਮਜ਼ਬੂਤ ਕਰਨ ਵਿਚ ਭੂਮਿਕਾ ਨਿਭਾਈ ਹੈ ਕਿਉਂਕਿ ਕੇਂਦਰ ਸਰਕਾਰ ਟੈਕਸਾਂ ਦਾ ਸਾਰਾ ਪੈਸਾ ਇਕੱਠਾ ਕਰ ਕੇ ਲੈ ਜਾਂਦੀ ਹੈ ਤੇ ਸੂਬਾ ਸਰਕਾਰਾਂ ਬਾਅਦ ਵਿਚ ਕੇਂਦਰ ਦੀਆਂ ਮੁਥਾਜ ਬਣ ਕੇ ਰਹਿ ਜਾਂਦੀਆਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਫੋਕੀ ਸ਼ੋਹਰਤ ਭਾਲਦਿਆਂ ਕਈ ਬਚਗਾਨਾ ਹਰਕਤਾਂ ਕਰ ਰਹੀ ਹੈ ਪਰ ਭਾਜਪਾ ਦਾ ਮਨੋਰਥ ਵੀ ਮਸਲਿਆਂ ਦੇ ਹੱਲ ਦੀ ਬਜਾਏ ਸੂਬਿਆਂ ਦੇ ਅਧਿਕਾਰ ਕੁਚਲਦਿਆਂ ਰਾਜਪਾਲਾਂ ਜਰੀਏ ਸਮਾਨਾਂਤਰ ਸਰਕਾਰਾਂ ਚਲਾਉਣ ਵਾਲਾ ਹੈ। 'ਆਪ' ਦੀ ਇਹ ਸਿਆਸੀ ਮੌਕਾਪ੍ਰਸਤੀ ਹੀ ਹੈ ਕਿ ਦਿੱਲੀ ਨੂੰ ਵੱਧ ਅਧਿਕਾਰ ਦੇਣ ਦਾ ਰਾਗ ਅਲਾਪਣ ਵਾਲੀ ਇਸ ਪਾਰਟੀ ਨੇ ਜਦ ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਦੇ ਵੱਧ ਅਧਿਕਾਰ ਖਤਮ ਕਰ ਕੇ ਉਸ ਨੂੰ ਦਿੱਲੀ ਵਾਂਗ ਯੂ.ਟੀ. ਬਣਾਇਆ ਜਾ ਰਿਹਾ ਸੀ ਤਾਂ ਭਾਜਪਾ ਦਾ ਪੱਖ ਪੂਰਿਆ ਸੀ।

ਕੇਰਲ ਦੇ ਰਾਜਪਾਲ ਆਰਿਫ ਮੁਹੰਮਦ ਖਾਨ ਤੇ ਕੇਰਲ ਦੀ ਪਿਨਾਰਾਈ ਵਿਜੇਅਨ ਦੀ ਅਗਵਾਈ ਵਾਲੀ ਖੱਬੇ ਪੱਖੀ ਸਰਕਾਰ, ਤਾਮਿਲਨਾਡੂ ਦੇ ਰਾਜਪਾਲ ਆਰਐੈਨ ਰਵੀ ਤੇ ਡੀ.ਐਮ.ਕੇ. ਸਰਕਾਰ ਵਿਚ ਪੰਜਾਬ ਵਾਂਗ ਮਸਲਾ ਭਖਿਆ ਹੋਇਆ ਹੈ। ਮਹਾਰਾਸ਼ਟਰ, ਦਿੱਲੀ, ਪੁੱਡੂਚੇਰੀ, ਜੰਮੂ ਕਸ਼ਮੀਰ ਅਤੇ ਪੱਛਮੀ ਬੰਗਾਲ ਦੇ ਰਾਜਪਾਲਾਂ ਤੇ ਸਰਕਾਰਾਂ ਵਿਚ ਵਿਵਾਦ ਬਹੁਤ ਭਖੇ ਰਹੇ ਹਨ। ਤਾਮਿਲਨਾਡੂ ਵਿਚ ਤਾਂ ਰਾਜਪਾਲ ਅਤੇ ਸੂਬਾ ਸਰਕਾਰ 'ਚ ਟਕਰਾਅ ਇਸ ਕਦਰ ਵਧਿਆ ਹੋਇਆ ਹੈ ਕਿ ਰਾਜਪਾਲ ਵਿਧਾਨ ਸਭਾ ਸੈਸ਼ਨ ਦੀ ਰਸਮੀ ਕਾਰਵਾਈ ਖਤਮ ਹੋਣ ਅਤੇ ਕੌਮੀ ਗੀਤ ਗਾਏ ਜਾਣ ਤੋਂ ਪਹਿਲਾਂ ਹੀ ਇਜਲਾਸ ਵਿਚੋਂ ਚਲੇ ਗਏ ਸਨ। ਅੰਨਾ ਹਜ਼ਾਰੇ ਟੀਮ ਦੀ ਮੈਂਬਰ ਰਹੀ ਕਿਰਨ ਬੇਦੀ ਨੂੰ ਜਦ ਭਾਜਪਾ ਨੇ ਪੁੱਡੂਚੇਰੀ ਦੀ ਉਪ ਰਾਜਪਾਲ ਨਿਯੁਕਤ ਕੀਤਾ ਤਾਂ ਉਸ ਨੇ ਕਾਂਗਰਸ ਨਾਲ ਸਬੰਧਿਤ ਸੂਬਾ ਸਰਕਾਰ ਨੂੰ ਟਿੱਚ ਜਾਣਦਿਆਂ ਆਪਣੇ ਪੱਧਰ 'ਤੇ ਬਹੁਤੇ ਫੈਸਲੇ ਕਰਦਿਆਂ ਸੁਰਖੀਆਂ ਬਟੋਰੀਆਂ ਸਨ।

ਆਮ ਤੌਰ 'ਤੇ ਸਿਆਸੀ ਵਿਅਕਤੀਆਂ ਨੂੰ ਹੀ ਰਾਜਪਾਲ ਲਗਾਇਆ ਜਾਂਦਾ ਹੈ। ਪਿਛਲੇ ਮਹੀਨੇ ਨਿਯੁਕਤ ਕੀਤੇ ਰਾਜਪਾਲਾਂ ਵਿਚੋਂ ਚਾਰ ਭਾਰਤੀ ਜਨਤਾ ਪਾਰਟੀ ਨਾਲ ਸਬੰਧਿਤ ਹਨ। ਹੁਣ ਤਾਂ ਸੇਵਾ ਮੁਕਤ ਵੱਡੇ ਅਫਸਰਾਂ ਵੱਲੋਂ ਸੇਵਾ ਮੁਕਤੀ ਤੋਂ ਪਹਿਲਾਂ ਸੱਤਾ ਦੇ ਪੱਖ ਵਿਚ ਕੀਤੇ ਫੈਸਲਿਆਂ ਦੇ 'ਇਨਾਮ' ਵਜੋਂ ਵੀ ਰਾਜਪਾਲ ਦੀ ਕੁਰਸੀ ਦਿੱਤੀ ਜਾਣ ਲੱਗੀ ਹੈ। ਖੈਰ! ਅਜਿਹੇ ਵੀ ਰਾਜਪਾਲ ਨਿਯੁਕਤ ਹੋਏ ਹਨ ਜੋ ਮੁੱਖ ਮੰਤਰੀ ਬਣਨਾ ਚਾਹੁੰਦੇ ਸਨ ਲੇਕਿਨ ਕਿਸੇ ਕਾਰਨ ਖੁੰਝ ਗਏ ਤੇ ਹੁਣ ਜਦ ਸਿਆਸੀ ਗਿਣਤੀਆਂ-ਮਿਣਤੀਆਂ ਵਿਚੋਂ ਰਾਜਪਾਲ ਲਗਾਏ ਹਨ ਤਾਂ ਫੀਲਿੰਗ ਸੂਬੇ ਦੇ ਮੁਖੀ ਵਾਲੀ ਲੈ ਰਹੇ ਹਨ।

ਜਦ ਵਿਰੋਧੀ ਧਿਰਾਂ ਦੋਸ਼ ਲਗਾ ਰਹੀਆਂ ਹਨ ਕਿ ਕੇਂਦਰ ਸਰਕਾਰ ਰਾਜਪਾਲਾਂ ਜ਼ਰੀਏ ਸਮਾਨਾਂਤਰ ਸਰਕਾਰ ਚਲਾ ਰਹੀ ਹੈ ਤੇ ਭਗਵੰਤ ਮਾਨ ਕਹਿ ਰਹੇ ਹਨ ਕਿ ਰਾਜਪਾਲ ਭਾਜਪਾ ਦੇ ਸਟਾਰ ਪ੍ਰਚਾਰਕ ਦੀ ਭੂਮਿਕਾ ਅਦਾ ਕਰ ਰਹੇ ਹਨ, ਕੇਂਦਰ ਸਰਕਾਰ ਨੂੰ ਆਪਣੀ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ ਕਿ ਉਹ ਕੀ ਚਾਹੁੰਦੇ ਹਨ। ਵੈਸੇ ਇਸ ਮਸਲੇ 'ਤੇ ਪ੍ਰਧਾਨ ਮੰਤਰੀ ਦੀ ਚੁੱਪ ਤੋਂ ਸਮਝਿਆ ਜਾ ਸਕਦਾ ਹੈ ਕਿ ਉਹ ਕਿਸ ਪਾਸੇ ਹਨ।

ਭਾਰਤ ਵੱਖ-ਵੱਖ ਕੌਮੀਅਤਾਂ, ਧਰਮਾਂ, ਵਰਗਾਂ ਦਾ ਗੁਲਦਸਤਾ ਹੈ ਜਿਸ ਵਿਚ ਖੇਤਰੀ ਪਾਰਟੀਆਂ ਦੀ ਹੋਂਦ ਅਤੇ ਫੈਡਰਲ ਢਾਂਚੇ ਤਹਿਤ ਸੂਬਿਆਂ ਲਈ ਵੱਧ ਅਧਿਕਾਰ ਬਹੁਤ ਜ਼ਰੂਰੀ ਹਨ ਲੇਕਿਨ ਭਾਜਪਾ ਹਕੂਮਤ ਦਾ ਰਵੱਈਆ ਤਾਕਤਾਂ ਦੇ ਕੇਂਦਰੀਕਰਨ ਵੱਲ ਵੱਧ ਰਿਹਾ ਹੈ ਜੋ ਸਮਾਜ ਦੇ ਹਿੱਤ ਵਿਚ ਨਹੀਂ ਹੈ।

ਪਿਛਲੇ ਦਿਨੀਂ ਰਾਜਪਾਲ ਵੱਲੋਂ ਚਾਰ ਸਫਿਆਂ ਦੀ ਚਿੱਠੀ ਲਿਖ ਕੇ ਸਿੰਗਾਪੁਰ ਭੇਜੇ ਜਾਣ ਵਾਲੇ ਪ੍ਰਿੰਸੀਪਲਾਂ ਦੀ ਚੋਣ ਸਮੇਤ ਕੁਝ ਸਵਾਲ ਪੁੱਛੇ ਗਏ ਤਾਂ ਭਗਵੰਤ ਮਾਨ ਨੇ ਨਵਾਂ ਸਵਾਲ ਦਾਗ ਦਿੱਤਾ ਕਿ ਰਾਜਾਂ ਵਿਚ ਰਾਜਪਾਲ ਕਿਸ ਆਧਾਰ 'ਤੇ ਚੁਣੇ ਜਾਂਦੇ ਹਨ ਪਰ ਕੀ ਭਗਵੰਤ ਮਾਨ ਇਹ ਦੱਸ ਸਕਦੇ ਹਨ ਕਿ ਪੰਜਾਬ ਵਿਚੋਂ ਰਾਜ ਸਭਾ ਲਈ ਭੇਜੇ ਦੋ ਵੱਡੇ ਸਨਅਤਕਾਰਾਂ ਦੀ ਚੋਣ ਉਹਨਾਂ ਦੀ ਪਾਰਟੀ ਨੇ ਕਿਸ ਆਧਾਰ 'ਤੇ ਕੀਤੀ ਸੀ। ਸਪਸ਼ਟ ਹੈ ਕਿ ਰਾਜਪਾਲ ਅਤੇ ਰਾਜ ਸਭਾ ਮੈਂਬਰਾਂ ਦੀ ਚੋਣ ਲੋਕ ਨਹੀਂ ਕਰਦੇ ਬਲਕਿ ਇਹਨਾਂ ਅਹੁਦਿਆਂ 'ਤੇ ਸਿਆਸੀ ਪਾਰਟੀਆਂ ਆਪਣੀਆਂ ਗਿਣਤੀਆਂ-ਮਿਣਤੀਆਂ ਰਾਹੀਂ ਨਿਯੁਕਤੀਆਂ ਕਰਦੀਆਂ ਹਨ, ਰਾਜ ਸਭਾ ਮੈਂਬਰਾਂ ਦੀ ਨਿਯੁਕਤੀ ਸਮੇਂ 'ਆਪ' ਨੇ ਵੀ ਬਾਕੀ ਰਵਾਇਤੀ ਪਾਰਟੀਆਂ ਵਾਲਾ ਤਰੀਕਾ ਹੀ ਅਖਤਿਆਰ ਕੀਤਾ ਹੈ।

ਸਰਕਾਰ ਅਤੇ ਮੁੱਖ ਮੰਤਰੀ ਵਿਚ ਚੱਲ ਰਹੀ ਬਹਿਸ ਦਾ ਇੱਕ ਪਹਿਲੂ ਇਹ ਵੀ ਹੈ ਕਿ ਇਸ ਬਹਿਸ ਦੇ ਰੌਲੇ ਵਿਚ ਆਮ ਲੋਕਾਂ ਦੇ ਮੁੱਦੇ ਰੁਲ ਜਾਂਦੇ ਹਨ। ਵਿਵਾਦ ਵਿਚੋਂ ਰੁਜ਼ਗਾਰ ਭਾਲਣ ਵਾਲੇ ਮੀਡੀਆ ਅਦਾਰੇ ਆਪਣਾ ਕੇਂਦਰ ਬਿੰਦੂ ਇਸ ਬਹਿਸ ਨੂੰ ਬਣਾ ਲੈਂਦੇ ਹਨ ਤੇ ਲੋਕਾਂ ਦਾ ਧਿਆਨ ਖਿੱਚਦੇ ਹਨ ਤਾਂ ਆਰਥਿਕ ਮੁੱਦੇ ਪਿੱਛੇ ਧੱਕੇ ਜਾਂਦੇ ਹਨ। ਸਰਕਾਰ ਦੇ ਇਹ ਪੱਖ ਵਿਚ ਭੁਗਤ ਜਾਂਦਾ ਹੈ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਜੁਆਬਦੇਹ ਹੋਣ ਦੀ ਬਜਾਏ ਬਹਿਸ ਵਿਚੋਂ ਮਨੋਰੰਜਨ ਪੇਸ਼ ਕਰਦੀ ਹੈ।

ਸੋ ਰਾਜਪਾਲ ਅਤੇ ਸਰਕਾਰਾਂ ਦਰਮਿਆਨ ਵਿਵਾਦ ਨਿਰੋਲ ਸਿਆਸੀ ਹੈ ਜਿਸ ਦੀ ਜੜ੍ਹ ਰਾਜਾਂ ਨੂੰ ਵੱਧ ਅਧਿਕਾਰਾਂ ਦੇ ਮਾਮਲੇ ਵਿਚ ਪਈ ਹੈ। ਰਾਜਾਂ ਨੂੰ ਵੱਧ ਅਧਿਕਾਰ ਜਾਂ ਰਾਜਾਂ ਦੀ ਖੁਦਮੁਖਤਾਰੀ ਦੀ ਗੱਲ ਕਰਨ ਵਾਲੀਆਂ ਪਾਰਟੀਆਂ ਨੂੰ ਇਸ ਮਸਲੇ 'ਤੇ ਸਪਸ਼ਟ ਸਿਆਸੀ ਪਹੁੰਚ ਅਪਨਾਉਣ ਦੀ ਜ਼ਰੂਰਤ ਹੈ।

# ਹਾਥਰਸ ਕਾਂਡ, ਅਨਿਆਂ ਦੇ ਜਸ਼ਨ ਅਤੇ ਹਿੰਦੂਤਵ ਪ੍ਰੋਜੈਕਟ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਹਾਥਰਸ ਕਾਂਡ ਦੇ ਤਿੰਨ ਦੋਸ਼ੀਆਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ ਅਤੇ ਠਾਕੁਰ ਜਾਤੀ ਦੇ ਲੋਕਾਂ ਨੇ ਉਨ੍ਹਾਂ ਦਾ ਸਨਮਾਨ ਜੰਗ ਜਿੱਤ ਕੇ ਆਏ ਫ਼ੌਜੀਆਂ ਵਾਂਗ ਗਲਾਂ 'ਚ ਹਾਰ ਪਾ ਕੇ ਕੀਤਾ ਹੈ। ਦਰਅਸਲ, ਉਹ ਜੰਗ ਹੀ ਤਾਂ ਜਿੱਤ ਕੇ ਆਏ ਹਨ, ਨਿਆਂ ਵਿਰੁੱਧ ਪਾਪ ਦੀ ਜੰਗ! ਮਜ਼ਲੂਮ ਧਿਰ ਨੂੰ ਅਦਾਲਤੀ ਪ੍ਰਕਿਰਿਆ 'ਚ ਹਰਾ ਕੇ ਉਨ੍ਹਾਂ ਨੂੰ ਇਹ ਅਹਿਸਾਸ ਕਰਾਉਣ ਦੀ ਜੰਗ ਕਿ ਉਨ੍ਹਾਂ ਦੀ ਨਿਆਂ ਲੈਣ ਦੀ ਉਮੀਦ ਮਹਿਜ਼ ਸੁਪਨਾ ਹੈ ਅਤੇ ਅਦਾਲਤੀ ਪ੍ਰਬੰਧ ਨੂੰ ਜਾਬਰ ਧਿਰ ਸੱਤਾ, ਰਾਜਨੀਤਕ ਰਸੂਖ਼ ਅਤੇ ਪੈਸੇ ਦੇ ਜ਼ੋਰ ਮੋਮ ਦੀ ਨੱਕ ਵਾਂਗ ਮਰਜ਼ੀ ਅਨੁਸਾਰ ਮੋੜ ਸਕਦੀ ਹੈ।

14 ਸਤੰਬਰ 2020 ਨੂੰ ਉੱਤਰ ਪ੍ਰਦੇਸ਼ ਦੇ ਹਾਥਰਸ ਜ਼ਿਲ੍ਹੇ ਦੇ ਬੂਲਗੜ੍ਹੀ ਪਿੰਡ ਦੇ ਖੇਤਾਂ 'ਚ ਪੱਠੇ ਵੱਢਣ ਗਈ ਨਾਬਾਲਗ ਦਲਿਤ ਲੜਕੀ ਦਾ ਚਾਰ ਉੱਚ-ਜਾਤੀ ਠਾਕੁਰਾਂ ਨੇ ਬਲਾਤਕਾਰ ਕਰਨ ਤੋਂ ਬਾਅਦ ਉਸ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਸੀ ਅਤੇ ਉਸ ਦੀ ਜੀਭ ਵੀ ਕੱਟ ਦਿੱਤੀ ਸੀ ਤਾਂ ਜੋ ਉਹ ਮੁਜਰਿਮਾਂ ਦੀ ਪਛਾਣ ਨਾ ਦੱਸ ਸਕੇ। ਘਾਤਕ ਸੱਟਾਂ ਦੀ ਤਾਬ ਨਾ ਝੱਲਦਿਆਂ ਲੜਕੀ ਦਿੱਲੀ ਦੇ ਹਸਪਤਾਲ 'ਚ ਜ਼ਿੰਦਗੀ ਦੀ ਲੜਾਈ ਹਾਰ ਗਈ ਸੀ ਅਤੇ ਮਹੰਤ ਆਦਿੱਤਿਆਨਾਥ ਸਰਕਾਰ ਦੇ ਹੁਕਮਾਂ 'ਤੇ ਪੁਲਿਸ ਅਧਿਕਾਰੀਆਂ ਵੱਲੋਂ ਅੱਧੀ ਰਾਤ ਨੂੰ ਉਸ ਦੀ ਲਾਸ਼ ਪੁਲਿਸ ਦੇ ਸਖ਼ਤ ਪਹਿਰੇ ਹੇਠ ਸ਼ਮਸਾਨਘਾਟ ਵਿਚ ਲਿਜਾ ਕੇ ਫੂਕ ਦਿੱਤੀ ਗਈ ਸੀ। ਕਰੂਰਤਾ ਦੀ ਹੱਦ ਇਹ ਸੀ ਕਿ ਪਰਿਵਾਰ ਨੂੰ ਮ੍ਰਿਤਕ ਦਾ ਆਖ਼ਰੀ ਵਾਰ ਮੂੰਹ ਦੇਖਣ ਦੀ ਇਜਾਜ਼ਤ ਵੀ ਨਹੀਂ ਸੀ ਦਿੱਤੀ। ਪੁਲਿਸ ਫੋਰਸ ਲਗਾ ਕੇ ਚੋਰੀ-ਛੁਪੇ ਦਾਹ-ਸੰਸਕਾਰ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਗਿਆ ਕਿ ਹਿੰਸਾ ਫੈਲਣ ਤੋਂ ਰੋਕਣ ਲਈ ਇੰਵ ਕਰਨਾ ਜ਼ਰੂਰੀ ਸੀ।

ਇਸ ਦੇ ਨਾਲ ਹੀ ਲੜਕੀ ਦੀ ਕਿਰਦਾਰਕੁਸ਼ੀ ਕਰਨ ਲਈ ਗਿਣ-ਮਿਥ ਕੇ ਝੂਠ ਦੀ ਮੁਹਿੰਮ ਚਲਾਈ ਗਈ ਤਾਂ ਜੋ ਉਸ ਨਾਲ ਹਮਦਰਦੀ ਜਤਾਉਣ ਅਤੇ ਨਿਆਂ ਦੀ ਮੰਗ ਕਰਨ ਵਾਲੇ ਦੋਚਿੱਤੀ 'ਚ ਪੈਣ ਕਿ ਕਿਤੇ ਲੜਕੀ ਹੀ ਗ਼ਲਤ ਨਾ ਹੋਵੇ। "ਉਸ ਦਾ ਬਲਾਤਕਾਰ ਨਹੀਂ ਹੋਇਆ, ਉਸ ਦੇ ਬਲਾਤਕਾਰੀਆਂ ਨਾਲ ਸਬੰਧ ਸਨ, ਉਸ ਦੇ ਪਰਿਵਾਰ ਦਾ ਪਿਛੋਕੜ ਨਕਸਲੀ ਹੈ, ਉਸ ਨੇ ਖ਼ੁਦਕੁਸ਼ੀ ਕੀਤੀ ਸੀ, ਇਸਲਾਮਿਕ ਜਥੇਬੰਦੀਆਂ ਉਸ ਦੇ ਪਰਿਵਾਰ ਨੂੰ ਮਿਲਣ ਕਿਉਂ ਆ ਰਹੀਆਂ ਹਨ? ਇਹ ਜਾਤ ਦੇ ਨਾਂ 'ਤੇ ਸਟੇਟ ਵਿਰੁੱਧ ਹਿੰਸਾ ਭੜਕਾਉਣ ਦੀ ਸਾਜ਼ਿਸ਼ ਹੈ", ਵਗੈਰਾ-ਵਗੈਰਾ। ਇਹ ਸਨ ਉਹ ਘਿਨਾਉਣੀਆਂ ਦਲੀਲਾਂ ਜੋ ਉੱਚ ਜਾਤੀ ਧਿਰ, ਹਿੰਦੂਤਵੀ ਸਰਕਾਰ, ਰਾਜ ਦੀ ਪੁਲਿਸ ਅਤੇ ਗੋਦੀ ਮੀਡੀਆ ਵੱਲੋਂ ਇਕ ਦੂਜੇ ਤੋਂ ਅੱਗੇ ਹੋ ਕੇ ਦਿੱਤੀਆਂ ਗਈਆਂ ਅਤੇ ਇਕ ਮਾਮੂਲੀ ਦਲਿਤ ਪਰਿਵਾਰ ਨੂੰ ਯਰਕਾਉਣ ਲਈ ਉਨ੍ਹਾਂ ਵਿਰੁੱਧ ਵਿਆਪਕ ਮਨੋਵਿਗਿਆਨਕ ਜੰਗ ਲੜੀ ਗਈ।

ਹੁਣ 2 ਮਾਰਚ ਨੂੰ ਉੱਤਰ ਪ੍ਰਦੇਸ਼ ਦੀ ਸਥਾਨਕ ਅਦਾਲਤ ਨੇ ਚਾਰਾਂ ਦੋਸ਼ੀਆਂ ਨੂੰ ਬਲਾਤਕਾਰ ਦੇ ਦੋਸ਼ ਤੋਂ ਬਰੀ ਕਰ ਦਿੱਤਾ ਹੈ। ਸਿਰਫ਼ ਇਕ ਮੁੱਖ ਮੁਲਜ਼ਮ ਨੂੰ ਗ਼ੈਰ-ਇਰਾਦਤਨ ਹੱਤਿਆ ਲਈ ਅਤੇ ਐੱਸ.ਸੀ.-ਐੱਸ.ਟੀ. ਐਕਟ ਤਹਿਤ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਹ ਐਨਾ ਕਮਜ਼ੋਰ ਫ਼ੈਸਲਾ ਹੈ ਕਿ ਉੱਚ ਅਦਾਲਤਾਂ 'ਚ ਸਹਿਜੇ ਹੀ ਸਜ਼ਾ ਨੂੰ ਰੱਦ ਕਰਾਇਆ ਜਾਂ ਘਟਾਇਆ ਜਾ ਸਕਦਾ ਹੈ। ਅਦਾਲਤ ਦੇ ਇਸ ਫ਼ੈਸਲੇ ਵਿਰੁੱਧ ਉਨ੍ਹਾਂ ਸਾਰੇ ਲੋਕਾਂ 'ਚ ਬੇਹੱਦ ਰੋਹ ਹੈ ਜਿਨ੍ਹਾਂ ਨੂੰ ਅਦਾਲਤ ਤੋਂ ਨਿਆਂ ਦੀ ਉਮੀਦ ਸੀ। ਮਜ਼ਲੂਮ ਪਰਿਵਾਰ ਡੂੰਘੇ ਸਦਮੇ 'ਚ ਅਤੇ ਬੇਹੱਦ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ ਜਦਕਿ ਉੱਚ ਜਾਤੀ ਤਾਕਤਾਂ ਦੇ ਖ਼ੇਮੇ 'ਚ ਜਿੱਤ ਦੇ ਜਸ਼ਨਾਂ ਦਾ ਮਾਹੌਲ ਹੈ ਕਿ ਉਨ੍ਹਾਂ ਨੇ ਕਾਨੂੰਨੀ ਲੜਾਈ ਦਾ ਮੋਰਚਾ ਵੀ ਜਿੱਤ ਲਿਆ ਹੈ ਅਤੇ ਮਜ਼ਲੂਮਾਂ ਨੂੰ ਇਕ ਵਾਰ ਫਿਰ ਉਨ੍ਹਾਂ ਦੀ ਬੇਵਸੀ ਦਾ ਅਹਿਸਾਸ ਕਰਵਾ ਦਿੱਤਾ ਹੈ।


ਰਾਤ ਨੂੰ ਪੁਲਿਸ ਦੇ ਪਹਿਰੇ ਹੇਠ ਕੀਤੇ ਸਸਕਾਰ ਦੀ ਤਸਵੀਰ।

ਰਾਜ ਸੱਤਾ ਅਤੇ ਦੋਸ਼ੀਆਂ ਦਾ ਨਾਪਾਕ ਗੱਠਜੋੜ ਤਾਂ ਪਹਿਲੇ ਦਿਨ ਹੀ ਬੇਪਰਦ ਹੋ ਗਿਆ ਸੀ ਜਦੋਂ ਸਮੁੱਚੇ ਜ਼ਿਲ੍ਹਾ ਪ੍ਰਸ਼ਾਸਨ ਨੇ ਲੜਕੀ ਦੇ ਬਿਆਨਾਂ ਨੂੰ ਖ਼ੁਰਦ-ਬੁਰਦ ਕਰਨ ਅਤੇ ਦੋਸ਼ੀਆਂ ਨੂੰ ਬਚਾਉਣ ਲਈ ਦਿਨ-ਰਾਤ ਇਕ ਕਰ ਦਿੱਤਾ ਸੀ। ਲੜਕੀ ਵੱਲੋਂ ਪੂਰੇ ਹੋਸ਼-ਹਵਾਸ਼ ਨਾਲ ਦਿੱਤੇ ਬਿਆਨ 'ਚ ਚਾਰ ਦੋਸ਼ੀਆਂ ਦੀ ਸਪਸ਼ਟ ਪਛਾਣ ਦੱਸਣ ਦੇ ਬਾਵਜੂਦ ਬਲਾਤਕਾਰ ਦਾ ਕੇਸ ਦਰਜ ਨਹੀਂ ਹੋਣ ਦਿੱਤਾ ਗਿਆ ਸਗੋਂ ਆਦਿੱਤਿਆਨਾਥ ਸਰਕਾਰ ਵੱਲੋਂ ਇਸ ਕਾਂਡ ਨੂੰ ਦਬਾਉਣ ਲਈ ਪੂਰੀ ਤਾਕਤ ਝੋਕ ਦਿੱਤੀ ਗਈ ਸੀ। ਇਸੇ ਪਰਦਾਪੋਸ਼ੀ ਤਹਿਤ ਪੱਤਰਕਾਰ ਸਿਦੀਕ ਕੱਪਨ ਨੂੰ ਗ੍ਰਿਫ਼ਤਾਰ ਕਰ ਕੇ ਯੂ.ਏ.ਪੀ.ਏ. ਕਾਨੂੰਨ ਲਗਾ ਕੇ ਬਿਨਾ ਜ਼ਮਾਨਤ ਦੋ ਸਾਲ ਜੇਲ੍ਹ 'ਚ ਸਾੜਿਆ ਗਿਆ (ਇਸ ਤੋਂ ਕੁਝ ਦਿਨ ਬਾਅਦ ਦਿੱਲੀ 'ਚ ਵਾਪਰੇ ਫੂਲਨ ਬਲਾਤਕਾਰ-ਕਤਲ ਕਾਂਡ 'ਚ ਵੀ ਦਿੱਲੀ ਪੁਲਿਸ ਦੇ ਉੱਚ ਅਫ਼ਸਰਾਂ ਨੇ ਤੱਥਾਂ ਨੂੰ ਦਬਾਉਣ ਲਈ ਪੱਤਰਕਾਰਾਂ ਨੂੰ ਥਾਣੇ ਦੇ ਅੰਦਰ ਕੁਟਾਪਾ ਚਾੜ੍ਹਿਆ ਸੀ ਅਤੇ ਮ੍ਰਿਤਕ ਦਲਿਤ ਲੜਕੀ ਦੀਆਂ ਔਰਤ ਰਿਸ਼ਤੇਦਾਰਾਂ ਉੱਪਰ ਮਰਦ ਪੁਲਸੀਆਂ ਨੇ ਕੁੱਟ-ਕੁੱਟ ਕੇ ਧਰਨੇ ਤੋਂ ਗ੍ਰਿਫ਼ਤਾਰ ਕੀਤਾ ਸੀ)। ਦੇਸ਼-ਵਿਦੇਸ਼ 'ਚ ਇਸ ਕਾਂਡ ਉੱਪਰ ਹਾਹਾਕਾਰ ਮਚ ਜਾਣ 'ਤੇ ਅਦਿੱਤਿਆਨਾਥ ਸਰਕਾਰ ਨੂੰ ਇਸ ਕੇਸ ਦੀ ਜਾਂਚ ਸੀ.ਬੀ.ਆਈ. ਦੇ ਹਵਾਲੇ ਕਰਨੀ ਪਈ ਸੀ। ਸੁਪਰੀਮ ਕੋਰਟ ਨੇ ਇਸ ਨੂੰ "ਅਸਧਾਰਨ ਅਤੇ ਸਦਮਾ ਦੇਣ ਵਾਲਾ ਵਾਕਿਆ" ਕਿਹਾ ਸੀ ਅਤੇ ਆਦੇਸ਼ ਦਿੱਤਾ ਸੀ ਕਿ ਸੀ.ਬੀ.ਆਈ. ਵੱਲੋਂ ਕੀਤੀ ਜਾ ਰਹੀ ਜਾਂਚ ਦੀ ਨਿਗਰਾਨੀ ਹਾਈਕੋਰਟ ਖ਼ੁਦ ਕਰੇ।

ਜਾਂਚ ਦੀ ਕਵਾਇਦ ਤੋਂ ਬਾਅਦ ਸੀ.ਬੀ.ਆਈ. ਨੇ 2000 ਪੰਨਿਆਂ ਦੀ ਚਾਰਜਸ਼ੀਟ ਪੇਸ਼ ਕੀਤੀ। ਜੇ ਲੜਕੀ ਦੇ ਵੀਡੀਓ ਰਿਕਾਰਡ ਕੀਤੇ ਸਪਸ਼ਟ ਬਿਆਨ, ਐਨੀ ਵੱਡੀ ਚਾਰਜਸ਼ੀਟ ਅਤੇ ਸੀ.ਬੀ.ਆਈ. ਵੱਲੋਂ 104 ਗਵਾਹਾਂ ਦੀ ਗਵਾਹੀ ਦੇ ਬਾਵਜੂਦ ਅਦਾਲਤ ਵੱਲੋਂ ਦੋਸ਼ੀ ਮੁੱਖ ਜੁਰਮ ਤੋਂ ਸਾਫ਼ ਬਰੀ ਕਰ ਦਿੱਤੇ ਗਏ ਤਾਂ ਸਮਝਣਾ ਮੁਸ਼ਕਿਲ ਨਹੀਂ ਹੈ ਕਿ ਇਸ ਪਿੱਛੇ ਦੋਸ਼ੀਆਂ ਦੇ ਬਾਰਸੂਖ਼ ਹੋਣ ਅਤੇ ਦਲਿਤਾਂ ਨੂੰ ਉਨ੍ਹਾਂ ਦੀ ਔਕਾਤ ਦਿਖਾਉਣ ਦੀ ਸਿਆਸਤ ਦਾ ਹੱਥ ਹੈ। ਇਸ ਫ਼ੈਸਲੇ ਤੋਂ ਇਹ ਵੀ ਸਪਸ਼ਟ ਹੈ ਕਿ ਭਾਰਤੀ ਅਦਾਲਤੀ ਪ੍ਰਣਾਲੀ ਔਰਤਾਂ ਵਿਰੁੱਧ ਖ਼ੌਫ਼ਨਾਕ ਜੁਰਮਾਂ ਨੂੰ ਗੰਭੀਰਤਾ ਨਾਲ ਲੈਣ ਦੀ ਬਜਾਏ ਤਕਨੀਕੀ ਨੁਕਤਿਆਂ ਦੇ ਆਧਾਰ 'ਤੇ ਫ਼ੈਸਲੇ ਸੁਣਾਉਂਦੀ ਹੈ। ਖ਼ਾਸ ਕਰ ਕੇ, ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਹੋਏ ਦਲਿਤਾਂ ਤੇ ਹੋਰ ਦੱਬੇ-ਕੁਚਲੇ ਹਿੱਸਿਆਂ ਦੀਆਂ ਔਰਤਾਂ ਦੇ ਬਲਾਤਕਾਰਾਂ ਦੀ ਅਦਾਲਤਾਂ ਨੂੰ ਕੋਈ ਪ੍ਰਵਾਹ ਨਹੀਂ ਹੈ। ਅੰਕੜੇ ਦੱਸਦੇ ਹਨ ਕਿ 2014 'ਚ 2233, 2015 'ਚ 2326, 2016 'ਚ 2541, 2017 'ਚ 2714, 2018 'ਚ 2957 ਅਤੇ 2019 'ਚ 3500 ਦਲਿਤ ਔਰਤਾਂ ਨਾਲ ਬਲਾਤਕਾਰ ਹੋਏ। ਇਹ ਸਿਰਫ਼ ਰਿਕਾਰਡ 'ਚ ਦਰਜ ਅੰਕੜੇ ਹਨ ਜਦਕਿ ਕਦੇ ਵੀ ਸਾਹਮਣੇ ਨਹੀਂ ਆਉਂਦੀ ਕਿਉਂਕਿ ਮਜ਼ਲੂਮ ਧਿਰ ਨੂੰ ਕਈ ਤਰ੍ਹਾਂ ਦੇ ਦਬਾਅ ਪਾ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ। ਮਜ਼ਲੂਮਾਂ ਲਈ ਇਹ ਉਨ੍ਹਾਂ ਦੀ ਹੋਂਦ ਅਤੇ ਮਾਣ-ਸਨਮਾਨ ਦੀ ਲੜਾਈ ਹੈ, ਅਦਾਲਤਾਂ ਲਈ ਇਹ ਮਹਿਜ਼ ਮਾਮੂਲੀ ਜੁਰਮ ਹੈ। ਇਸ ਅਦਾਲਤੀ ਰਵੱਈਏ ਕਾਰਨ ਬਾਰਸੂਖ਼ ਮੁਜਰਮਾਂ ਦਾ ਬਰੀ ਹੋ ਜਾਣਾ ਅਤੇ ਮਜ਼ਲੂਮਾਂ ਨੂੰ ਨਿਆਂ ਨਾ ਮਿਲਣਾ ਲੱਗਭੱਗ ਤੈਅਸ਼ੁਦਾ ਸਕ੍ਰਿਪਟ ਹੀ ਹੁੰਦੀ ਹੈ। ਜਿਸ ਸਰਕਾਰੀ ਮੈਡੀਕਲ ਕਾਲਜ ਵਿਚ ਲੜਕੀ ਦੀ ਮੈਡੀਕਲ ਜਾਂਚ ਦੇ ਨਮੂਨੇ ਲਏ ਗਏ ਸਨ, ਉਸ ਦੇ ਚੀਫ ਮੈਡੀਕਲ ਅਫਸਰ ਨੇ ਸਪਸ਼ਟ ਕਿਹਾ ਸੀ ਕਿ ਫੋਰੈਂਸਿਕ ਲੈਬ ਦੀ ਰਿਪੋਰਟ ਦਾ 'ਕੋਈ ਮਹੱਤਵ ਨਹੀਂ ਹੈ' ਕਿਉਂਕਿ ਇਹ ਬਲਾਤਕਾਰ ਦੇ ਜੁਰਮ ਤੋਂ 11 ਦਿਨ ਬਾਅਦ ਲਏ ਗਏ ਨਮੂਨਿਆਂ 'ਤੇ ਆਧਾਰਿਤ ਹੈ। ਇਹ ਇਸ ਦਾ ਸੰਕੇਤ ਸੀ ਕਿ ਅਦਾਲਤ 'ਚ ਬਲਾਤਕਾਰ ਦੇ ਜੁਰਮ ਨੂੰ ਸਾਬਤ ਕਰਨ ਦਾ ਰਾਹ ਪਹਿਲਾਂ ਹੀ ਰੋਕ ਲਿਆ ਗਿਆ ਸੀ।

ਅਦਾਲਤ ਨੇ ਦੋਸ਼ੀਆਂ ਨੂੰ ਬਰੀ ਕਰਨ ਦਾ ਆਧਾਰ ਇਨ੍ਹਾਂ ਨੁਕਤਿਆਂ ਨੂੰ ਬਣਾਇਆ ਕਿ ਜਦੋਂ 14 ਸਤੰਬਰ ਨੂੰ ਲੜਕੀ ਨੂੰ ਹਸਪਤਾਲ 'ਚ ਦਾਖ਼ਲ ਕਰਾਇਆ ਗਿਆ ਤਾਂ ਉਸ ਨੇ ਅਤੇ ਉਸ ਦੇ ਪਰਿਵਾਰ ਮੈਂਬਰਾਂ ਨੇ ਜਿਨਸੀ ਹਮਲੇ ਦਾ ਜ਼ਿਕਰ ਨਹੀਂ ਕੀਤਾ। ਇਹ ਜ਼ਿਕਰ ਹਸਪਤਾਲ 'ਚ ਦਾਖ਼ਲ ਕੀਤੇ ਜਾਣ ਤੋਂ ਇਕ ਹਫ਼ਤੇ ਬਾਅਦ ਕੀਤਾ ਗਿਆ। ਅਦਾਲਤ ਦਾ ਕਹਿਣਾ ਹੈ ਕਿ ਲੜਕੀ ਨੇ ਜੋ ਬਿਆਨ ਡਾਕਟਰ ਅੱਗੇ ਦਿੱਤਾ ਅਤੇ ਜੋ ਬਿਆਨ ਲੇਡੀ ਕਾਂਸਟੇਬਲ ਨੂੰ ਦਿੱਤਾ ਉਨ੍ਹਾਂ ਦੋਵਾਂ ਬਿਆਨਾਂ 'ਚ ਫ਼ਰਕ ਹੈ। ਅਦਾਲਤ ਨੇ ਇਸ ਨੁਕਤੇ ਨੂੰ ਵੀ ਆਧਾਰ ਬਣਾਇਆ ਕਿ ਮੈਡੀਕਲ ਸਬੂਤਾਂ 'ਚ ਵੀ ਜਿਨਸੀ ਹਮਲਾ ਸਾਬਤ ਨਹੀਂ ਹੁੰਦਾ। ਇਹ ਵੀ ਕਿ ਜਦੋਂ ਲੜਕੀ ਨੂੰ ਹਸਪਤਾਲ ਲਿਆਂਦਾ ਗਿਆ ਤਾਂ ਉਸ ਦੀ ਰੀੜ੍ਹ ਦੀ ਹੱਡੀ 'ਚ ਗਰਦਨ ਦੇ ਕੋਲ ਫਰੈਕਚਰ ਸੀ। ਜਿਸ ਤੋਂ ਇਹ ਪਤਾ ਤਾਂ ਲੱਗਦਾ ਹੈ ਕਿ ਉਸ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ ਗਈ ਪਰ ਇਹ ਸਾਬਤ ਨਹੀਂ ਹੁੰਦਾ ਕਿ ਉਸ ਦੀ ਮੌਤ ਇਸ ਵਜ੍ਹਾ ਨਾਲ ਹੋਈ। ਅਦਾਲਤ ਦਾ ਮੰਨਣਾ ਹੈ ਕਿ ਇਸ ਵਾਕਿਆ ਤੋਂ ਅੱਠ ਦਿਨ ਬਾਅਦ ਤੱਕ ਲੜਕੀ ਜਿਊਂਦੀ ਸੀ, ਗੱਲਬਾਤ ਕਰ ਰਹੀ ਸੀ, ਇਸ ਲਈ ਇਹ ਨਹੀਂ ਲੱਗਦਾ ਕਿ ਮੁੱਖ ਦੋਸ਼ੀ ਉਸ ਨੂੰ ਜਾਨੋਂ ਮਾਰਨਾ ਚਾਹੁੰਦਾ ਸੀ; ਮਤਲਬ, ਕਿਉਂਕਿ ਉਹ ਉਦੋਂ ਹੀ ਨਹੀਂ ਮਰੀ, ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕਿ ਦੋਸ਼ੀ ਦਾ ਇਰਾਦਾ ਉਸ ਨੂੰ ਕਤਲ ਕਰਨ ਦਾ ਸੀ। ਇਹ ਵੀ ਕਿ ਉਸ ਦੇ ਸਰੀਰ ਉੱਪਰ ਜੋ ਜ਼ਖ਼ਮਾਂ ਦੇ ਨਿਸ਼ਾਨ ਦੇਖੇ ਗਏ, ਉਹ ਇਕ ਹੀ ਵਿਅਕਤੀ ਵੱਲੋਂ ਮਾਰੀਆਂ ਗਈਆਂ ਸੱਟਾਂ ਸਨ, ਉਨ੍ਹਾਂ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਉਸ ਉੱਪਰ ਕਈ ਜਣਿਆਂ ਨੇ ਹਮਲਾ ਕੀਤਾ ਜਦਕਿ ਪੋਸਟ ਮਾਰਟਮ ਰਿਪੋਰਟ ਵਿਚ ਸਪਸ਼ਟ ਕਿਹਾ ਗਿਆ ਸੀ ਕਿ ਉਸ ਦਾ ਗਲਾ ਘੁੱਟਿਆ ਗਿਆ ਸੀ ਅਤੇ ਉਸ ਦੀ ਰੀੜ੍ਹ ਦੀ ਹੱਡੀ ਤੇ ਗਰਦਨ ਉੱਪਰ ਫਰੈਕਚਰ ਸੀ, ਉਸ ਦਾ ਗੁਪਤ ਅੰਗ ਜ਼ਖ਼ਮੀ ਸੀ ਅਤੇ ਉਸ ਨਾਲ ਧੱਕਾ ਕੀਤਾ ਗਿਆ ਸੀ। ਅਦਾਲਤ ਦਾ ਪੀੜਤ ਲੜਕੀ ਵੱਲੋਂ ਮਰਨ ਤੋਂ ਪਹਿਲਾਂ ਦਿੱਤੇ ਬਿਆਨ ਨੂੰ ਰੱਦ ਕਰਨਾ ਅਤੇ ਇਹ ਕਹਿਣਾ ਹੋਰ ਵੀ ਅਜੀਬ ਹੈ ਕਿ ਕਿਉਂਕਿ ਕੇਸ ਰਾਜਨੀਤਕ ਰੂਪ ਲੈ ਚੁੱਕਾ ਸੀ, ਇਸ ਲਈ ਸੰਭਵ ਹੈ, ਪੀੜਤ ਲੜਕੀ ਨੇ ਪਰਿਵਾਰ ਦੇ ਕਹਿਣ 'ਤੇ ਮੁੱਖ ਦੋਸ਼ੀ ਸੰਦੀਪ ਦੇ ਨਾਲ ਹੋਰ ਮੁਲਜ਼ਮਾਂ ਦੇ ਨਾਮ ਵੀ ਲਿਖਵਾ ਦਿੱਤੇ ਹੋਣ। ਅਜਿਹੇ ਮਨਮਾਨੇ ਨਤੀਜਿਆਂ ਦੇ ਆਧਾਰ 'ਤੇ ਅਦਾਲਤ ਨੇ ਨਿਆਂ ਦਾ ਸਵਾਲ ਨਿਹਾਇਤ ਸੰਵੇਦਨਹੀਣਤਾ ਨਾਲ ਦਰਕਿਨਾਰ ਕਰ ਦਿੱਤਾ ਅਤੇ ਤਕਨੀਕੀ ਨੁਕਤਿਆਂ ਦੇ ਆਧਾਰ 'ਤੇ ਮੁਜਰਮਾਂ ਵਿਚੋਂ ਤਿੰਨ ਨੂੰ ਪੂਰੀ ਤਰ੍ਹਾਂ ਬਰੀ ਕਰਨ ਦਾ ਅਤੇ ਮੁੱਖ ਦੋਸ਼ੀ ਨੂੰ ਕਤਲ ਦੇ ਦੋਸ਼ ਤੋਂ ਬਰੀ ਕਰਨ ਦਾ ਫ਼ੈਸਲਾ ਸੁਣਾ ਦਿੱਤਾ।

ਅਜਿਹੇ ਫ਼ੈਸਲਿਆਂ ਕਾਰਨ ਹੀ ਨਿਤਾਣਿਆਂ ਉੱਪਰ ਜ਼ੁਲਮ ਕਰਨ ਵਾਲੇ ਜਰਵਾਣਿਆਂ ਦੇ ਹੌਸਲੇ ਬੁਲੰਦ ਹਨ। ਅਦਾਲਤ ਦੇ ਫ਼ੈਸਲੇ ਤੋਂ ਬਾਅਦ ਕਸ਼ੱਤਰੀਆਂ ਦੀ ਜਥੇਬੰਦੀ ਕਰਨੀ ਸੈਨਾ ਦੀ ਉੱਤਰ ਪ੍ਰਦੇਸ਼ ਇਕਾਈ ਦੇ ਜਨਰਲ ਸਕੱਤਰ ਨੇ ਬਾਕਾਇਦਾ ਪ੍ਰੈੱਸ ਕਾਨਫਰੰਸ ਕੀਤੀ ਹੈ ਜਿਸ ਵਿਚ ਉਸ ਨੇ ਕਿਹਾ, "ਸਾਡੇ ਤਿੰਨ ਨੌਜਵਾਨਾਂ ਦੀ ਰਿਹਾਈ ਨਿਆਂ ਦੀ ਜਿੱਤ ਹੈ। ਉਨ੍ਹਾਂ ਨੂੰ ਝੂਠੇ ਕੇਸ 'ਚ ਫਸਾਇਆ ਗਿਆ ਸੀ।" ਬਲਾਤਕਾਰੀਆਂ, ਕਾਤਲਾਂ ਅਤੇ ਹਿੰਦੂਤਵੀ ਦਹਿਸ਼ਤਗਰਦਾਂ ਵਿਰੁੱਧ ਕਾਨੂੰਨੀ ਕਾਰਵਾਈ ਨੂੰ ਰੋਕਣ ਲਈ ਆਰ.ਐੱਸ.ਐੱਸ.-ਭਾਜਪਾ ਦੀਆਂ ਜਥੇਬੰਦੀਆਂ ਵੱਲੋਂ ਤਿਰੰਗੇ ਝੰਡੇ ਚੁੱਕ ਕੇ ਮੁਜ਼ਾਹਰੇ ਕਰਨ, ਮਜ਼ਲੂਮ ਧਿਰ ਦਾ ਮਨੋਬਲ ਡੇਗਣ ਲਈ ਹਿੰਦੂ ਮਹਾਂ-ਪੰਚਾਇਤਾਂ ਕਰਨ, ਘਿਨਾਉਣੇ ਮੁਜਰਿਮਾਂ ਦੇ ਬਰੀ ਹੋਣ ਜਾਂ ਸਜ਼ਾਵਾਂ ਮਾਫ਼ ਹੋਣ 'ਤੇ ਜਿੱਤ ਦੇ ਜਸ਼ਨ ਮਨਾਉਣ ਅਤੇ ਉਨ੍ਹਾਂ ਨੂੰ 'ਸੰਸਕਾਰੀ ਬ੍ਰਾਹਮਣ' ਕਰਾਰ ਦੇ ਕੇ ਉਨ੍ਹਾਂ ਦੇ ਸਨਮਾਨ ਕਰਨ ਦੀ ਪੂਰੀ ਸਿਆਸਤ ਹੈ। ਇਹ ਸਿਲਸਿਲਾ ਬਿਲਕਿਸ ਬਾਨੋ ਕੇਸ, ਆਸਿਫ਼ਾ ਬਾਨੋ ਕੇਸ ਤੋਂ ਲੈ ਕੇ ਹਾਥਰਸ ਤੱਕ ਅਤੇ ਪਿਛਲੇ ਦਿਨੀਂ ਹਰਿਆਣਾ ਵਿਚ ਦੋ ਮੁਸਲਮਾਨਾਂ ਜੁਨੈਦ ਤੇ ਨਾਸਿਰ ਦੀ ਲਿੰਚਿੰਗ ਕਰਨ ਵਾਲੇ ਮੋਨੂ ਮਾਨੇਸਰ ਨੂੰ ਬਚਾਉਣ ਲਈ ਖੁੱਲ੍ਹੇਆਮ ਧਮਕੀਆਂ ਦੇਣ ਤੱਕ ਇਕ ਸਾਂਝੇ ਪੈਟਰਨ ਦੇ ਰੂਪ 'ਚ ਸਾਫ਼-ਸਾਫ਼ ਦੇਖਿਆ ਜਾ ਸਕਦਾ ਹੈ। ਇਸ ਦਾ ਵਿਚਾਰਧਾਰਕ ਆਧਾਰ ਮਨੂ ਸਮ੍ਰਿਤੀ ਅਤੇ 'ਦੁਸ਼ਮਣ' ਦੀਆਂ ਔਰਤਾਂ ਨਾਲ ਬਲਾਤਕਾਰ ਕਰ ਕੇ ਉਨ੍ਹਾਂ ਨੂੰ ਸਬਕ ਸਿਖਾਉਣ ਦੇ ਬਦਲਾਲਊ ਹਿੰਦੂਤਵ ਪ੍ਰੋਜੈਕਟ ਹੈ। ਆਰ.ਐੱਸ.ਐੱਸ.-ਭਾਜਪਾ ਸਰਕਾਰ ਸਿਰਫ਼ ਐਸੇ ਘਿਨਾਉਣੇ ਮੁਜਰਮਾਂ ਨੂੰ ਬਚਾ ਹੀ ਨਹੀਂ ਰਹੀ, ਉਨ੍ਹਾਂ ਨੂੰ 'ਹਿੰਦੂ ਗੌਰਵ ਦੇ ਰਖਵਾਲਿਆਂ' ਵਜੋਂ ਸਥਾਪਤ ਵੀ ਕਰਦੀ ਹੈ। ਇਹ ਖ਼ੁਦ ਉਨ੍ਹਾਂ ਦੀ ਰਾਜਸੀ ਸਰਪ੍ਰਸਤ ਅਤੇ ਰਾਜਨੀਤਕ ਮਾਰਗ ਦਰਸ਼ਕ ਹੈ। ਔਰਤਾਂ, ਘੱਟਗਿਣਤੀਆਂ ਅਤੇ ਹੋਰ ਨਿਤਾਣੇ ਹਿੱਸਿਆਂ ਵਿਰੁੱਧ ਬੇਲਗਾਮ ਜਿਨਸੀ ਹਿੰਸਾ ਨੂੰ ਠੱਲ੍ਹ ਪਾਉਣ ਲਈ ਹਿੰਦੂਤਵ ਪ੍ਰੋਜੈਕਟ ਨੂੰ ਹਰਾਉਣਾ ਬਹੁਤ ਜ਼ਰੂਰੀ ਹੈ।

# ਦੁਨੀਆ ਦਾ ਬਦਲ ਰਿਹਾ ਮੁਹਾਂਦਰਾ

ਔਨਿੰਦਿਓ ਚੱਕਰਵਰਤੀ

ਵਲਾਦੀਮੀਰ ਪੂਤਿਨ ਦੀ ਸੈਨਾ ਨੂੰ ਯੂਕਰੇਨ ਵਿਚ ਦਾਖ਼ਲ ਹੋਇਆਂ ਸਾਲ ਤੋਂ ਵੱਧ ਅਰਸਾ ਹੋ ਗਿਆ ਹੈ। ਇਸ ਕਾਰਨ ਦੁਨੀਆ ਭਰ ਵਿਚ ਮਹਿੰਗਾਈ ਦੀ ਲਹਿਰ ਫੈਲ ਗਈ। ਜੰਗ ਤੋਂ ਪਹਿਲਾਂ ਦੁਨੀਆ ਭਰ ਵਿਚ ਬਰਾਮਦ ਕੀਤੀ ਜਾਂਦੀ ਕੁੱਲ ਕਣਕ ਦਾ ਚੌਥਾ ਹਿੱਸਾ ਯੂਕਰੇਨ ਤੇ ਰੂਸ, ਦੋਵਾਂ ਵਲੋਂ ਸਪਲਾਈ ਹੁੰਦਾ ਸੀ। ਦੁਨੀਆ ਭਰ 'ਚ ਸੂਰਜਮੁਖੀ ਤੇਲ ਦਾ ਅੱਧਾ ਹਿੱਸਾ ਇਕੱਲਾ ਯੂਕਰੇਨ ਸਪਲਾਈ ਕਰਦਾ ਸੀ। ਜੰਗ ਕਰ ਕੇ ਇਹ ਸਭ ਠੱਪ ਹੋ ਗਿਆ ਤੇ ਖੁਰਾਕੀ ਵਸਤਾਂ ਦੀਆਂ ਕੀਮਤਾਂ ਨੂੰ ਅੱਗ ਲੱਗ ਗਈ।

ਰੂਸੀ ਹਮਲੇ ਤੋਂ ਫੌਰੀ ਬਾਅਦ ਖੁਰਾਕ ਤੇ ਖੇਤੀਬਾੜੀ ਅਦਾਰੇ ਦੇ ਖੁਰਾਕੀ ਕੀਮਤ ਸੂਚਕ ਅੰਕ ਵਿਚ ਕਰੀਬ 13 ਫ਼ੀਸਦ ਇਜ਼ਾਫਾ ਹੋ ਗਿਆ ਸੀ। ਜੁਲਾਈ 2022 ਵਿਚ ਇਸ ਵਾਧੇ ਨੂੰ ਠੱਲ੍ਹ ਪਈ ਅਤੇ ਇਸ ਸਾਲ ਜਨਵਰੀ ਮਹੀਨੇ ਇਹ ਜੰਗ ਸ਼ੁਰੂ ਹੋਣ ਸਮੇਂ ਦੇ ਪੱਧਰ ਤੋਂ ਹੇਠਾਂ ਆ ਗਿਆ। ਊਰਜਾ ਕੀਮਤਾਂ ਵਿਚ ਵੀ ਅਜਿਹਾ ਰੁਝਾਨ ਦੇਖਣ ਨੂੰ ਮਿਲਿਆ। ਬ੍ਰੈਂਟ ਕਰੂਡ ਜਨਵਰੀ 2022 ਵਿਚ 91 ਡਾਲਰ ਫੀ ਬੈਰਲ ਦੇ ਮੁਕਾਮ ਤੋਂ ਛੜੱਪਾ ਮਾਰ ਕੇ ਮਾਰਚ ਵਿਚ 134 ਡਾਲਰ ਫੀ ਬੈਰਲ 'ਤੇ ਪਹੁੰਚ ਗਿਆ ਸੀ। ਹੁਣ ਕੱਚੇ ਤੇਲ ਦੀਆਂ ਕੀਮਤਾਂ 80 ਡਾਲਰ ਦੇ ਆਸ-ਪਾਸ ਹਨ। ਕੁਦਰਤੀ ਗੈਸ ਦੀਆਂ ਕੀਮਤਾਂ ਜੰਗ ਸ਼ੁਰੂ ਹੋਣ ਤੋਂ ਬਾਅਦ ਦੁੱਗਣੀਆਂ ਵਧ ਗਈਆਂ ਸਨ ਪਰ ਹੁਣ ਇਨ੍ਹਾਂ 'ਚ 50% ਕਮੀ ਆ ਚੁੱਕੀ ਹੈ। ਮੁੱਖ ਧਾਤਾਂ ਸਮੇਤ ਜ਼ਿਆਦਾਤਰ ਜਿਣਸਾਂ ਦੀਆਂ ਕੀਮਤਾਂ 'ਚ ਵੀ ਇਹ ਪੈਟਰਨ ਹੈ। ਵਿਹਾਰਕ ਰੂਪ ਵਿਚ ਜੰਗ ਦੇ ਆਰਥਿਕ ਪ੍ਰਭਾਵ ਵਡੇਰੇ ਰੂਪ ਵਿਚ ਛਾਈਂ ਮਾਈਂ ਹੋ ਚੁੱਕੇ ਹਨ।

ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਅਮਰੀਕੀ ਆਰਥਿਕ ਤੇ ਫ਼ੌਜੀ ਦਾਦਾਗਿਰੀ ਛਿੱਥੀ ਪੈਣ ਲੱਗ ਪਈ ਸੀ। ਇਸ ਦਾ ਵੱਡਾ ਕਾਰਨ ਆਲਮੀ ਸ਼ਕਤੀ ਵਜੋਂ ਚੀਨ ਦਾ ਉਭਾਰ ਅਤੇ ਇਸ ਦਾ ਏਸ਼ੀਆ ਤੇ ਅਫ਼ਰੀਕਾ ਦੇ ਦੇਸ਼ਾਂ ਅੰਦਰ ਵਧ ਰਿਹਾ ਦਬਦਬਾ ਹੈ। ਦੂਜਾ ਕਾਰਨ ਪਿਛਲੇ ਦਹਾਕੇ ਦੌਰਾਨ ਯੂਰਪ ਵਿਚ ਹੋਇਆ ਜਰਮਨੀ ਦਾ ਉਭਾਰ ਹੈ। ਦਰਅਸਲ, ਪੂਤਿਨ ਵਲੋਂ 2014 ਵਿਚ ਕ੍ਰਾਇਮੀਆ 'ਤੇ ਕਬਜ਼ਾ ਕਰਨ ਤੋਂ ਬਾਅਦ ਯੂਰਪੀ ਸੰਘ ਵਲੋਂ ਰੂਸ 'ਤੇ ਪਾਬੰਦੀਆਂ ਦੀ ਹਮਾਇਤ ਕਰਨ ਦੇ ਬਾਵਜੂਦ, ਜਰਮਨੀ ਨੇ ਯੂਕਰੇਨ ਨੂੰ ਹਥਿਆਰ ਦੇਣ ਤੋਂ ਹੀ ਇਨਕਾਰ ਨਹੀਂ ਕੀਤਾ ਸਗੋਂ ਡੋਨਬਾਸ ਖੇਤਰ ਵਿਚ ਰੂਸੀ ਵੱਖਵਾਦੀਆਂ ਖਿਲਾਫ਼ ਲੜਨ ਲਈ ਨਾਟੋ ਦਸਤੇ ਭੇਜਣ ਦਾ ਵੀ ਵਿਰੋਧ ਕੀਤਾ ਸੀ। ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਜਰਮਨੀ ਦੇ ਰੂਸ ਨਾਲ ਗਹਿਰੇ ਵਪਾਰਕ ਸਬੰਧ ਕਾਇਮ ਹੋ ਗਏ ਸਨ ਅਤੇ ਉਹ ਆਪਣੀਆਂ ਊਰਜਾ ਲੋੜਾਂ ਦੀ ਪੂਰਤੀ ਲਈ ਰੂਸ 'ਤੇ ਬਹੁਤ ਨਿਰਭਰ ਹੋ ਗਿਆ।

ਯੂਕਰੇਨ ਦੇ ਕ੍ਰੈਮਲਿਨ (ਰੂਸ) ਪੱਖੀ ਰਾਸ਼ਟਰਪਤੀ ਯਾਨੁਕੋਵਿਚ ਦਾ ਤਖ਼ਤਾ ਪਲਟਣ ਵਿਚ ਅਮਰੀਕਾ ਦੀ ਭੂਮਿਕਾ ਜੱਗ ਜ਼ਾਹਿਰ ਹੋ ਗਈ ਸੀ ਅਤੇ ਉਸ ਵੇਲੇ ਸ਼ੁਰੂ ਹੋਏ ਰੋਸ ਦਿਖਾਵਿਆਂ ਦੇ ਨਿਸ਼ਾਨੇ 'ਤੇ ਰੂਸ ਹੀ ਨਹੀਂ ਸਗੋਂ ਜਰਮਨੀ ਦੀ ਅਗਵਾਈ ਵਾਲਾ ਯੂਰਪ ਵੀ ਸੀ। ਸਾਲ ਪਹਿਲਾਂ ਜਦੋਂ ਪੂਤਿਨ ਨੇ ਯੂਕਰੇਨ 'ਤੇ ਚੜ੍ਹਾਈ ਕੀਤੀ ਸੀ ਤਾਂ ਬਾਇਡਨ ਪ੍ਰਸ਼ਾਸਨ ਦੇ ਜਾਸੂਸਾਂ ਦੀਆਂ ਵਾਛਾਂ ਖਿੜੀਆਂ ਹੋਣਗੀਆਂ। ਇਸ ਨਾਲ ਜਰਮਨੀ ਤੇ ਨਾਟੋ ਦੇ ਕੁਝ ਹੋਰ ਯੂਰਪੀ ਮੈਂਬਰ ਦੇਸ਼ ਅਮਰੀਕੀ ਹਿੱਤਾਂ ਨੂੰ ਅਗਾਂਹ ਵਧਾਉਣ ਲਈ ਮਜਬੂਰ ਹੋ ਗਏ ਹਾਲਾਂਕਿ ਉਨ੍ਹਾਂ ਨੂੰ ਪਤਾ ਸੀ ਇਸ ਨਾਲ ਉਨ੍ਹਾਂ ਦੇ ਆਪਣੇ ਲੋਕਾਂ ਨੂੰ ਭਾਰੀ ਕੀਮਤ ਤਾਰਨੀ ਪਵੇਗੀ। ਉਨ੍ਹਾਂ ਲਈ ਸਭ ਤੋਂ ਵੱਡੀ ਕੀਮਤ ਊਰਜਾ ਦੀਆਂ ਕੀਮਤਾਂ ਵਿਚ ਹੈ ਜੋ ਆਮ ਜਰਮਨਾਂ ਨੂੰ ਇਸ ਲਈ ਤਾਰਨੀ ਪੈ ਰਹੀ ਹੈ ਕਿਉਂਕਿ ਰੂਸ ਨੇ ਗੈਸ ਦੀ ਸਪਲਾਈ ਬੰਦ ਕਰ ਦਿੱਤੀ ਹੈ। ਰੂਸ ਖਿਲਾਫ਼ ਲਾਈਆਂ ਪਾਬੰਦੀਆਂ ਦੇ ਬਦਲੇ ਵਜੋਂ ਰਾਸ਼ਟਰਪਤੀ ਪੂਤਿਨ ਨੇ ਜਰਮਨੀ ਗੈਸ ਸਪਲਾਈ ਕਰਨ ਵਾਲੀਆਂ ਪਾਈਪਲਾਈਨਾਂ ਬੰਦ ਕਰ ਦਿੱਤੀਆਂ ਸਨ। ਇਸ ਤੋਂ ਬਾਅਦ ਪਾਈਪਲਾਈਨਾਂ 'ਤੇ ਬੰਬਾਰੀ ਵੀ ਕੀਤੀ ਗਈ ਤਾਂ ਕਿ ਯੂਰਪ ਨੂੰ ਗੈਸ ਹਾਸਲ ਨਾ ਹੋ ਸਕੇ।

ਪੁਲਿਤਜ਼ਰ ਪੁਰਸਕਾਰ ਜੇਤੂ ਪੱਤਰ ਸਿਮੋਰ ਹਰਸ਼ ਦੀਆਂ ਰਿਪੋਰਟਾਂ ਵਿਚ ਦੱਸਿਆ ਗਿਆ ਹੈ ਕਿ ਗੈਸ ਪਾਈਪਲਾਈਨਾਂ ਨੂੰ ਤਹਿਸ ਨਹਿਸ ਕਰਨ ਦੇ ਗੁੱਝੇ ਅਪਰੇਸ਼ਨ ਦੀ ਮਨਜ਼ੂਰੀ ਬਾਇਡਨ ਪ੍ਰਸ਼ਾਸਨ ਨੇ ਦਿੱਤੀ ਸੀ। ਇਹ ਖੁਲਾਸਾ ਹੋਣ ਤੱਕ ਪੱਛਮ ਦੇਸ਼ ਨੌਰਡਸਟ੍ਰੀਮ ਪਾਈਪਲਾਈਨਜ਼ ਨੂੰ ਨੁਕਸਾਨ ਪਹੁੰਚਾਉਣ ਲਈ ਪੂਤਿਨ ਨੂੰ ਹੀ ਦੋਸ਼ੀ ਮੰਨ ਰਹੇ ਸਨ। ਇਹ ਇੰਕਸ਼ਾਫ ਜਰਮਨ ਸਰਕਾਰ ਲਈ ਪ੍ਰੇਸ਼ਾਨੀ ਦਾ ਸਬਬ ਬਣ ਗਏ ਹਨ ਕਿਉਂਕਿ ਉਸ ਲਈ ਆਪਣੇ ਲੋਕਾਂ ਨੂੰ ਕਾਇਲ ਕਰਨਾ ਮੁਸ਼ਕਿਲ ਹੋ ਰਿਹਾ ਹੈ ਜਿਨ੍ਹਾਂ ਨੂੰ ਗੈਸ ਦੀ ਕੀਮਤ ਦੇ ਰੂਪ ਵਿਚ ਜੰਗ ਦੀ ਕੀਮਤ ਤਾਰਨੀ ਪੈ ਰਹੀ ਹੈ। ਜਰਮਨ ਸਰਕਾਰ ਲਈ ਇਕ ਹੋਰ ਮੁਸ਼ਕਿਲ ਇਹ ਹੈ ਕਿ ਉਸ ਨੂੰ ਗੈਸ ਸਪਲਾਈ ਕਰਨ ਲਈ ਰੂਸ ਦੀ ਥਾਂ ਹੁਣ ਅਮਰੀਕੀ ਕੰਪਨੀਆਂ ਨੇ ਲੈ ਲਈ ਹੈ ਜਿਨ੍ਹਾਂ ਦੇ ਮੁਨਾਫ਼ੇ ਆਸਮਾਨ ਛੂਹ ਰਹੇ ਹਨ। ਇਸ ਨਾਲ ਜਰਮਨੀ 'ਚ ਅਮਰੀਕਾ ਦਾ ਵਿਰੋਧ ਵਧ ਰਿਹਾ ਹੈ।

ਉਂਝ, ਅਮਰੀਕੀ ਦਾਦਾਗਿਰੀ ਨੂੰ ਸਭ ਤੋਂ ਵੱਡੀ ਚੁਣੌਤੀ ਯੂਰਪ ਤੋਂ ਬਾਹਰੋਂ ਆ ਰਹੀ ਹੈ। ਚੀਨ ਅਤੇ ਭਾਰਤ ਯੂਕਰੇਨ ਜੰਗ 'ਤੇ ਕੋਈ ਸਟੈਂਡ ਲੈਣ ਤੋਂ ਇਨਕਾਰ ਕਰ ਰਹੇ ਹਨ। ਦੁਨੀਆ ਦੀ ਇਕ ਤਿਹਾਈ ਆਬਾਦੀ ਇਨ੍ਹਾਂ ਦੋਵੇਂ ਦੇਸ਼ਾਂ ਵਿਚ ਵਸਦੀ ਹੈ ਅਤੇ ਇਹ ਦੋਵੇਂ ਦੁਨੀਆ ਦੇ ਸਭ ਤੋਂ ਵੱਡੇ ਅਰਥਚਾਰਿਆਂ ਵਿਚ ਆਉਂਦੇ ਹਨ। ਦਰਅਸਲ, ਇਨ੍ਹਾਂ ਦੋਵਾਂ ਦੀ ਨਿਰਲੇਪਤਾ ਸਦਕਾ ਪੂਤਿਨ ਦੇ ਹੱਥ ਵਿਚ ਇਕ ਹੋਰ ਔਜ਼ਾਰ ਆ ਗਿਆ। ਇਸ ਨਾਲ ਚੀਨ ਨੂੰ ਰੂਸੀ ਬਰਾਮਦਾਂ ਵਿਚ ਚੋਖਾ ਇਜ਼ਾਫ਼ਾ ਕਰਨ ਦਾ ਮੌਕਾ ਮਿਲ ਗਿਆ ਹੈ ਅਤੇ ਆਰਥਿਕ ਪਾਬੰਦੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਭਾਰਤ ਰੂਸੀ ਤੇਲ ਦਾ ਸਭ ਤੋਂ ਵੱਡਾ ਖਰੀਦਦਾਰ ਬਣ ਗਿਆ ਹੈ। ਚੀਨ ਤੇ ਭਾਰਤ ਹੀ ਨਹੀਂ ਸਗੋਂ ਕਈ ਹੋਰ ਮੁੱਖ ਆਲਮੀ ਖਿਡਾਰੀ ਵੀ ਨਿਰਲੇਪ ਬਣ ਗਏ ਹਨ ਅਤੇ ਉਨ੍ਹਾਂ ਰੂਸ ਨਾਲ ਵਪਾਰ ਵਧਾਇਆ ਹੈ।

ਯੂਕਰੇਨ ਜੰਗ ਦਾ ਇਕ ਸਿੱਟਾ 'ਨਾਟੋ' ਅੰਦਰ ਆਮ ਸਹਿਮਤੀ ਨੂੰ ਸੱਟ ਵੱਜਣ ਦੇ ਰੂਪ ਵਿਚ ਨਿਕਲਿਆ ਹੈ। ਇਸ ਦੇ ਨਾਲ ਹੀ ਯੂਰੋਪ ਅੰਦਰ ਸੱਜੇ ਪੱਖੀ ਧਿਰ ਨੂੰ ਸਿਰ ਚੁੱਕਣ ਅਤੇ ਸੀਤ ਯੁੱਧ ਦੇ ਖਾਤਮੇ ਤੋਂ ਬਾਅਦ ਤਿੰਨ ਦਹਾਕਿਆਂ ਤੋਂ ਚਲੇ ਆ ਰਹੇ ਅਮਰੀਕੀ ਦਬਦਬੇ ਦੀ ਫੂਕ ਕੱਢਣ ਦਾ ਮੌਕਾ ਮਿਲ ਗਿਆ ਹੈ। ਅਮਰੀਕਾ ਵਲੋਂ ਆਪਣੇ ਆਪ ਨੂੰ ਨਿਰਮਾਣ ਦਾ ਧੁਰਾ ਬਣਾਉਣ ਦੀਆਂ ਵਿੱਢੀਆਂ ਕੋਸ਼ਿਸ਼ਾਂ ਨਾਲ ਵੀ ਕੋਈ ਖਾਸ ਮਦਦ ਨਹੀਂ ਮਿਲ ਸਕੀ। ਇਸ ਨਾਲ ਨਵੇਂ ਵਪਾਰ ਯੁੱਧਾਂ ਦਾ ਸਿਲਸਿਲਾ ਸ਼ੁਰੂ ਹੋ ਸਕਦਾ ਹੈ ਜਿਨ੍ਹਾਂ ਕਰ ਕੇ ਸੰਕਟ ਵਿਚ ਘਿਰੇ ਪੂੰਜੀਵਾਦੀ ਜਗਤ ਅੰਦਰ ਆਰਥਿਕ ਟਕਰਾਅ ਹੋਰ ਤੇਜ਼ ਹੋ ਜਾਣਗੇ।

# ਅਜੋਕਾ ਪੰਜਾਬ, ਸਿੱਖ ਭਾਈਚਾਰਾ, ਗੁਰਬਾਣੀ ਅਤੇ ਮਾਰਕਸਵਾਦ

## (ਹਰਚਰਨ ਸਿੰਘ ਪਰਹਾਰ: ਗੁਰਬਚਨ ਸਿੰਘ ਵਾਦ-ਪ੍ਰਤੀਵਾਦ ਦੇ ਸੰਦਰਭ ਵਿਚ)

ਪੰਜਾਬ ਟਾਈਮਜ਼ (15 ਫਰਵਰੀ 2023) ਦੇ ਅੰਕ ਵਿਚ ਸਰਦਾਰ ਗੁਰਬਚਨ ਸਿੰਘ ਦਾ ਲੇਖ 'ਗੁਰਬਾਣੀ ਅੰਦਰ ਨਿਹਿਤ ਹੈ, ਸਾਂਝੀ ਪੰਜਾਬੀ ਕੌਮ' ਸਿਰਜਣ ਦਾ ਆਧਾਰ ਪੜ੍ਹਨ ਦਾ ਮੌਕਾ ਮਿਲਿਆ। ਸ. ਗੁਰਬਚਨ ਸਿੰਘ ਦੇ ਲੇਖ ਕਾਫ਼ੀ ਦੇਰ ਤੋਂ ਪੰਜਾਬੀ ਟਾਈਮਜ਼ ਵਿਚ ਛਪਦੇ ਆ ਰਹੇ ਹਨ। ਇਨ੍ਹਾਂ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਗੁਰਬਾਣੀ ਦੇ ਨਾਲ ਨਾਲ ਮਾਰਕਸਵਾਦ ਦਾ ਵੀ ਗੂੜ੍ਹਾ ਚਿੰਤਨ ਕੀਤਾ ਹੋਇਆ ਹੈ। ਅਜੋਕੇ ਸਮਿਆਂ ਵਿਚ ਅਜਿਹੇ ਵਿਦਵਾਨਾਂ ਦੀ ਬਹੁਤ ਲੋੜ ਹੈ ਤਾਂ ਜੋ ਪੰਜਾਬੀ ਪਾਠਕਾਂ ਨੂੰ ਗੁਰਮਤ ਅਤੇ ਮਾਰਕਸਵਾਦ ਵਰਗੇ ਗੰਭੀਰ ਦਰਸ਼ਨਾਂ ਤੋਂ ਜਾਣੂੰ ਕਰਵਾਉਂਦੇ ਰਹਿਣ।

ਪਰ ਇਸ ਲਿਖਤ ਦਾ ਸਿਰਲੇਖ ਪੜ੍ਹ ਕੇ ਹੀ ਮੇਰਾ ਮਨ ਦੁਬਿਧਾ ਵਿਚ ਪੈ ਗਿਆ। ਕੀ ਸਚਮੁੱਚ ਹੀ ਗੁਰਬਾਣੀ ਵਿਚ ਪੰਜਾਬੀ ਕੌਮ ਦੀ ਸਿਰਜਣਾ ਦੀ ਗੱਲ ਕੀਤੀ ਹੋਈ ਹੈ ਜਾਂ ਇਸਦੇ ਝਲਕਾਰੇ ਮਿਲਦੇ ਹਨ? ਬੇਸ਼ੱਕ ਉਨ੍ਹਾਂ ਨੇ ਕੌਮ ਦੇ ਸੰਕਲਪ ਬਾਰੇ ਗੁਰਬਾਣੀ 'ਚੋਂ ਇਕ ਵੀ ਟੂਕ ਨਹੀਂ ਦਿੱਤੀ, ਬੱਸ ਇੰਨਾ ਹੀ ਲਿਖਿਆ ਹੈ ਕਿ 'ਦੋ ਵੱਡੇ ਧਰਮਾਂ-ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਵੰਡੇ ਹੋਏ ਪੰਜਾਬੀ ਸਮਾਜ ਨੂੰ ਗੁਰੂ ਨਾਨਕ ਸਾਹਿਬ ਨੇ ਇਕ ਨਵਾਂ ਅਤੇ ਸਾਂਝਾ ਸੰਕਲਪ ਦਿੱਤਾ ਹੈ। ਉਨ੍ਹਾਂ ਮੁਤਾਬਕ ਇਹ ਨਵਾਂ ਅਤੇ ਸਾਂਝਾ ਸੰਕਲਪ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' ਹੋਣ ਦਾ ਹੈ। ਇਸ ਦਾ ਅਰਥ ਹੈ ਕਿ ਮਨੁੱਖ ਕਿਸੇ ਕਿਸਮ ਦੇ ਧਰਮਾਂ ਵਿਚ ਵੰਡਿਆ ਹੋਇਆ ਨਹੀਂ ਹੈ, ਸਗੋਂ ਮਨੁੱਖੀ ਸਰੀਰ ਤੇ ਜਿੰਦ ਅੱਲ੍ਹਾ ਤੇ ਰਾਮ ਦੀ ਦੇਣ ਹੈ। ਮਤਲਬ ਕਿ ਉਨ੍ਹਾਂ ਨੇ ਪਰਮਾਤਮਾ ਨੂੰ ਸਿਰਫ ਅੱਲ੍ਹਾ ਤੇ ਰਾਮ ਵਿਚ ਵੰਡ ਦਿੱਤਾ ਹੈ। ਹਾਲਾਂਕਿ ਉਦੋਂ ਦੇ ਸਮਾਜ ਵਿਚ ਵੀ ਪਰਮਾਤਮਾ ਦੇ ਅਨੇਕਾਂ ਨਾਮ ਸਨ। ਧਰਮ ਤੇ ਫ਼ਿਰਕੇ ਸਨ, ਸਿੱਧ, ਨਾਥ ਤੇ ਜੋਗੀ ਸਨ। ਇਸ ਗੱਲ ਲਈ ਸ. ਗੁਰਬਚਨ ਸਿੰਘ ਦੀ ਸਿਫ਼ਤ ਕੀਤੀ ਜਾ ਸਕਦੀ ਹੈ ਕਿ ਉਨ੍ਹਾਂ ਨੇ ਸਮਾਜ ਵਿਚ ਬਹੁਤੀ ਦੁਫੇੜ ਨਾ ਦਿਖਾ ਕੇ ਸਿਰਫ 'ਧਰਮ ਰਹਿਤ' ਮਨੁੱਖਤਾ ਦੀ ਸਿਰਜਣਾ ਹੋਣ ਦੀ ਗੱਲ ਕੀਤੀ ਹੈ। ਪਰ ਜਦੋਂ ਅੱਲ੍ਹਾ ਅਤੇ ਰਾਮ ਦੀ ਗੱਲ ਕਰ ਦਿੱਤੀ ਜਾਵੇ ਤਾਂ ਇਨ੍ਹਾਂ ਨੂੰ ਮੰਨਣ ਵਾਲੇ ਮੁਸਲਮਾਨਾਂ ਅਤੇ ਹਿੰਦੂਆਂ ਦੀ ਹੋਂਦ ਤੋਂ ਮੁਨਕਰ ਕਿਵੇਂ ਹੋਇਆ ਜਾ ਸਕਦਾ ਹੈ? ਗੁਰੂ ਨਾਨਕ ਨੂੰ ਇਹ ਕਹਿਣ ਦਾ ਪੂਰਾ ਹੱਕ ਹੈ ਕਿ ਉਹ ਨਾ ਹਿੰਦੂ ਹਨ ਅਤੇ ਨਾ ਹੀ ਮੁਸਲਮਾਨ। ਪਰੰਤੂ ਕੀ ਉਨ੍ਹਾਂ ਦੇ ਇਹ ਕਹਿਣ ਨਾਲ ਹੀ ਧਰਮਾਂ ਤੇ ਸਬੰਧਤ ਧਰਮਾਂ ਨੂੰ ਮੰਨਣ ਵਾਲਿਆਂ ਦੀ ਹੋਂਦ ਖਤਮ ਹੋ ਜਾਂਦੀ ਹੈ? ਕੀ ਇਸ ਤਰ੍ਹਾਂ ਇਕ ਸਰਬ ਸਾਂਝਾ ਪੰਜਾਬੀ ਮਨੁੱਖ ਸਿਰਜਿਆ ਜਾ ਸਕਿਆ ਸੀ, ਜਿਸ ਨਾਲ 'ਪੰਜਾਬੀ ਕੌਮ' ਦਾ ਮੁੱਢ ਬੰਨ੍ਹਿਆ ਗਿਆ ਹੋਵੇ? ਗੁਰੂ ਨਾਨਕ ਤੋਂ ਪੰਜ ਛੇ ਸਦੀਆਂ ਪਹਿਲਾਂ ਹੀ ਪੰਜਾਬੀ ਭਾਸ਼ਾ ਵਿਚ ਸਾਹਿਤ ਰਚਿਆ ਜਾਣ ਲੱਗ ਪਿਆ ਸੀ। ਬਾਬਾ ਫ਼ਰੀਦ ਤਾਂ ਗੁਰੂ ਸਾਹਿਬ ਤੋਂ ਦੋ ਸੌ ਸਾਲ ਪਹਿਲਾਂ ਗੁਰਬਾਣੀ ਵਾਲੀ ਹਿੰਦਵੀ ਬੋਲੀ ਹਟਕੇ ਠੇਠ ਪੰਜਾਬੀ ਵਿਚ ਰਚਨਾ ਕਰ ਚੁੱਕੇ ਸਨ। ਜਿਨ੍ਹਾਂ ਮੋਹਰੀ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਵੀ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਜਨਮੇ ਅਤੇ ਸਵਰਗ-ਵਾਸ ਹੋ ਚੁੱਕੇ ਸਨ। ਜਿੰਨੇ ਰੋਹ ਅਤੇ ਨਾਬਰੀ ਨਾਲ ਭਗਤ ਕਬੀਰ ਜੀ ਨੇ ਹਿੰਦੂਆਂ ਤੇ ਤੁਰਕਾਂ, ਪਾਂਡਿਆਂ ਤੇ ਮੌਲਵੀ-ਮੁਲਾਣਿਆਂ ਨੂੰ ਛੰਡਿਆ ਹੋਇਆ ਹੈ, ਉਹ ਕੋਈ ਹੋਰ ਭਗਤ ਨਹੀਂ ਕਰ ਸਕਿਆ। ਉਨ੍ਹਾਂ ਨੇ ਸਰਬ ਸਾਂਝੇ ਮਨੁੱਖ ਦੀ ਬਾਤ ਪਾਈ ਹੋਈ ਹੈ, ਕੀ ਸ. ਗੁਰਬਚਨ ਸਿੰਘ ਨੂੰ ਸੱਤਵੀਂ ਸਦੀ ਦੇ ਪੰਜਾਬੀ ਜੋਗੀਆਂ, ਬਾਬਾ ਫ਼ਰੀਦ ਅਤੇ ਭਗਤ ਕਬੀਰ ਜੀ ਤੋਂ 'ਪੰਜਾਬੀ ਕੌਮ' ਦੀ ਗੱਲ ਨਹੀਂ ਕਰਨੀ ਚਾਹੀਦੀ ਸੀ? ਕੀ ਸਿਰਫ ਦੋ ਵੱਡੇ ਧਰਮਾਂ ਨੂੰ ਰੱਦ ਕਰ ਕੇ ਅਖੌਤੀ ਧਰਮ ਰਹਿਤ ਮਨੁੱਖ ਦੀ ਕੋਰੀ ਕਲਪਨਾ ਕਰਨ ਨਾਲ ਕੌਮਾਂ ਦੀ ਸਿਰਜਣਾ ਹੋ ਜਾਂਦੀ ਹੁੰਦੀ ਹੈ?



**ਕਰਮ ਬਰਸਟ**
**ਫੋਨ: +91-94170-73831**

ਕੌਮ ਜਾਂ ਕੌਮੀਅਤ ਇਕ ਸਰਮਾਏਦਾਰਾਨਾ ਸੰਕਲਪ ਹੈ। ਇਹ ਸਨਅਤੀ ਇਨਕਲਾਬਾਂ ਅਤੇ ਸਰਮਾਏਦਾਰਾ ਹਕੂਮਤਾਂ ਦੀ ਸਥਾਪਨਾ ਅਤੇ ਨਾਲ ਹੀ ਜਾਗੀਰਦਾਰੀ ਸੱਤਾ ਦੇ ਖ਼ਾਤਮੇ ਨਾਲ ਜੁੜਿਆ ਹੋਇਆ ਹੈ। ਅਸ਼ੋਕ, ਵਿਕਰਮਾਦਿੱਤਿਆ, ਅਕਬਰ ਜਾਂ ਮਹਾਰਾਜਾ ਰਣਜੀਤ ਸਿੰਘ ਦੀਆਂ ਵੱਡੀਆਂ ਸਲਤਨਤਾਂ ਨੂੰ ਕੌਮਾਂ ਨਹੀਂ ਕਿਹਾ ਜਾ ਸਕਦਾ ਹਾਲਾਂਕਿ ਉਹ ਵੀ ਇਕ ਨਿਸ਼ਚਤ ਇਲਾਕੇ ਵਿਚ ਇਤਿਹਾਸਕ ਤੌਰ 'ਤੇ ਹੋਂਦ ਵਿਚ ਆਈਆਂ ਸਨ। ਉਦੋਂ ਦੇ ਸਮਾਜ ਵੱਖ-ਵੱਖ ਕਬੀਲਿਆਂ ਅਤੇ ਨਸਲਾਂ ਤੋਂ ਬਣੇ ਹੋਏ ਸਨ। ਉਹ ਕੌਮਾਂ ਨਹੀਂ ਸਨ, ਨਾ ਹੀ ਕੌਮਾਂ ਦੇ ਅੰਸ਼ ਗੁਰਬਾਣੀ ਵਿਚ ਨਿਹਿਤ ਸਨ। ਇਹ ਮਨੁੱਖਾਂ ਦੇ ਆਮ ਅਤੇ ਢਿੱਲੇ ਤੌਰ 'ਤੇ ਜੁੜੇ ਹੋਏ ਸਮੂਹ ਸਨ, ਜੋ ਇਕ ਬਾਦਸ਼ਾਹ ਦੀ ਹਾਰ ਜਾਂ ਜਿੱਤ ਨਾਲ ਕਦੇ ਜੁੜ ਜਾਂਦੇ ਸਨ, ਕਦੇ ਅਲਹਿਦਾ ਹੋ ਜਾਂਦੇ ਸਨ। ਗੁਰੂ ਨਾਨਕ ਵੇਲੇ ਤਾਂ ਹਾਲਤ ਬਿਲਕੁਲ ਹੀ ਖਲਾਅ ਵਾਲੀ ਸੀ। ਬਾਬਰ ਫਰਗਾਨਾ ਵਾਦੀ ਨੂੰ ਲਤਾੜਦਾ ਹੋਇਆ ਲਾਹੌਰ ਤੇ ਦਿੱਲੀ ਦੇ ਤੁਰਕਾਂ ਨੂੰ ਮੂਹਰੇ ਲਾਈ ਫਿਰਦਾ ਸੀ। ਅਜਿਹੇ ਖਿੰਡਰੇ ਹੋਏ ਸਮਾਜ ਵਿਚ ਇਕ ਕੌਮ ਦੀ ਉਸਾਰੀ ਦੀ ਕਲਪਨਾ ਕਰਨਾ ਤਾਂ ਦੂਰ ਦੀ ਗੱਲ ਹੈ ਬਲਕਿ ਇਕ ਸਾਬਤ ਸਬੂਤ ਮਨੁੱਖ ਹੋਣ ਦੀ ਗੱਲ ਕਰਨਾ ਵੀ ਓਪਰਾ ਲੱਗਦਾ ਹੈ। ਗੁਰੂ ਸਾਹਿਬ ਦੀ 'ਬਾਬਰਬਾਣੀ' ਅਜਿਹੇ ਤਿੜਕੇ ਹੋਏ ਮਨੁੱਖ ਦੀ ਬਾਤ ਪਾਉਂਦੀ ਹੈ ਅਤੇ ਤਿੜਕੇ ਹੋਏ ਮਨੁੱਖ ਸਮਾਜ ਜਾਂ ਕੌਮ ਦੀ ਉਸਾਰੀ ਨਹੀਂ ਕਰਦੇ ਹੁੰਦੇ ਸਗੋਂ ਜਾਨ ਬਚਾਉਣ ਦਾ ਹੀਲਾ ਕਰਦੇ ਹੁੰਦੇ ਹਨ, ਜੋ ਉਹ ਕਰ ਵੀ ਰਹੇ ਸਨ। ਗੁਰੂ ਨਾਨਕ ਸਾਹਿਬ ਵੇਲੇ ਸਮਾਜ ਦੀ ਹਾਲਤ ਇਹੋ ਜਿਹੀ ਸੀ:

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਭਰੇ ਸੰਧੂਰੁ।
ਸੇ ਸਿਰ ਕਾਤੀ ਮੁੰਨਿਅਨਿ ਗਲ ਵਿਚਿ ਆਵੈ ਧੂੜਿ।
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ॥

*************************************

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ।
ਬਾਬਰਬਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥
(ਅੰਗ-417)

ਅਜਿਹੀਆਂ ਹਾਲਤਾਂ ਵਿਚ ਕੌਮਾਂ ਦੀ ਸਿਰਜਣਾ ਨਹੀਂ ਹੋਇਆ ਕਰਦੀ, ਨਾ ਹੀ ਬਾਬਰ ਤੋਂ ਬਾਅਦ ਹੋਈ। ਇਹ ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਨਹੀਂ ਹੋ ਸਕਦੀ ਸੀ ਕਿਉਂਕਿ ਕੌਮ ਦੀ ਉਸਾਰੀ ਮੂਹਰੇ ਜਾਗੀਰਦਾਰੀ ਨੇ ਬੰਨ੍ਹ ਮਾਰ ਰੱਖਿਆ ਸੀ।

ਪੰਜਾਬੀ ਕੌਮੀਅਤ ਦੀ ਉਸਾਰੀ ਦੇ ਬੀਜ ਬਰਤਾਨਵੀ ਬਸਤੀਵਾਦੀਆਂ ਵੱਲੋਂ ਪੰਜਾਬ ਉਪਰ ਕਬਜ਼ਾ ਕਰਨ ਤੋਂ ਬਾਅਦ ਹੀ ਪੁੰਗਰਨੇ ਸ਼ੁਰੂ ਹੁੰਦੇ ਹਨ ਪਰ ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਅੰਦਰ ਸਦੀਆਂ ਤੋਂ ਚੱਲ ਰਹੇ ਪਾੜੇ ਕਾਰਨ ਇਕਜੁਟ ਪੰਜਾਬੀ ਕੌਮੀਅਤ ਦੀ ਉਸਾਰੀ ਨਹੀਂ ਹੋ ਸਕੀ ਬਲਕਿ 1947 ਦੀ ਸੱਤਾ ਬਦਲੀ ਨਾਲ ਅਤੇ ਦੂਜੀ ਵਾਰ ਪੰਜਾਬੀ ਸੂਬੇ ਦੀ ਬਣਤਰ ਨਾਲ ਅਤੇ ਤੀਜੀ ਵਾਰੀ ਖਾਲਿਸਤਾਨੀ ਲਹਿਰ ਦੇ ਪਣਪਣ ਨਾਲ ਪੰਜਾਬੀ ਕੌਮੀਅਤ ਹੋਰ ਵੀ ਲੀਰੋ-ਲੀਰ ਹੋ ਗਈ।

ਸ. ਅਜਮੇਰ ਸਿੰਘ ਵਰਗੇ ਕਈ ਨਵੇਂ ਸਜੇ ਸਿੱਖ ਚਿੰਤਕਾਂ ਨੇ ਇਹ ਵੀ ਜ਼ੋਰ ਲਾ ਰੱਖਿਆ ਹੈ ਕਿ ਹਿੰਦੂਤਵੀ-ਬਾਹਮਣਵਾਦੀ ਵਿਚਾਰਵਾਨ ਗੁਰਬਾਣੀ ਨੂੰ ਧੱਕੇ ਨਾਲ ਹਿੰਦੁਸਤਾਨ ਨਾਲ ਜੋੜਦੇ ਹਨ। ਕਿ ਉਹ ਸਿੱਖਾਂ ਦੀ ਸਿਧਾਂਤਕ ਘੇਰਾਬੰਦੀ ਕਰ ਰਹੇ ਹਨ। ਅਸਲ ਵਿਚ ਇਨ੍ਹਾਂ ਦਾ ਮਨਸ਼ਾ ਇਹ ਸਾਬਤ ਕਰਨ ਦਾ ਹੈ ਕਿ ਗੁਰੂ ਸਾਹਿਬਾਨ ਦਾ ਹਿੰਦੂ ਧਰਮ ਜਾਂ ਹਿੰਦੁਸਤਾਨ ਦੇ ਸੰਕਲਪ ਨਾਲ ਕੋਈ ਲਾਗਾ ਦੇਗਾ ਨਹੀਂ ਹੈ। ਉਨ੍ਹਾਂ ਦੀ ਜ਼ਿੱਦ ਹੈ ਕਿ ਜੇ ਗੁਰਬਾਣੀ ਦਾ ਹਿੰਦੂ ਧਰਮ ਜਾਂ ਸੰਸਕ੍ਰਿਤੀ ਨਾਲੋਂ ਨਾਤੂਆ ਤੋੜ ਦਿੱਤਾ ਜਾਵੇ ਤਾਂ 'ਹਮ ਹਿੰਦੂ ਨਹੀਂ' ਦੀ ਧਾਰਨਾ ਮੁਤਾਬਕ 'ਸਿੱਖ ਕੌਮ' ਦੇ ਸੰਕਲਪ ਨੂੰ ਪ੍ਰਚੰਡ ਕਰਦੇ ਹੋਏ ਵੱਖਰੇ ਸਿੱਖ ਰਾਜ ਦੀ ਵਾਜਬੀਅਤ ਅਸਾਨੀ ਨਾਲ ਜਚਾਈ ਜਾ ਸਕਦੀ ਹੈ। ਪਰ ਉਹ ਇਹ ਦੱਸਣਾ ਭੁੱਲ ਜਾਂਦੇ ਹਨ ਕਿ ਗੁਰਬਾਣੀ ਵਿਚ ਸਿੱਖ ਕੌਮ, ਧਰਮ, ਰਾਜ ਜਾਂ ਭਾਈਚਾਰੇ ਦਾ ਤਾਂ ਉੱਕਾ ਹੀ ਜ਼ਿਕਰ ਨਹੀਂ। ਇੱਥੇ ਸ. ਗੁਰਬਚਨ ਸਿੰਘ ਦੀ ਗੱਲ ਸਹੀ ਸਾਬਤ ਹੁੰਦੀ ਹੈ ਕਿ ਗੁਰੂ ਸਾਹਿਬਾਨ ਦਾ ਉਦੇਸ਼ ਤਾਂ ਨਵੇਂ ਮਨੁੱਖ ਭਾਵ ਧਰਮ ਅਤੇ ਜਾਤ-ਪਾਤ ਤੋਂ ਨਿਰਲੇਪ ਇਕ ਗੁਰਮੁਖ ਦੀ ਉਸਾਰੀ ਕਰਨਾ ਸੀ। ਗੁਰਬਾਣੀ ਵਿਚ ਤਾਂ ਪੰਜਾਬ ਸ਼ਬਦ ਦਾ ਜ਼ਿਕਰ ਵੀ ਨਹੀਂ ਹੋਇਆ ਕਿਉਂਕਿ ਉਦੋਂ ਕਿਸੇ ਇਲਾਕੇ ਦਾ ਨਾਮ ਪੰਜਾਬ ਹੈ ਹੀ ਨਹੀਂ ਸੀ। ਪੰਜਾਬ ਸ਼ਬਦ ਦੀ ਆਮ ਵਰਤੋਂ ਤਾਂ ਅੰਗਰੇਜ਼ਾਂ ਦੀ ਆਮਦ ਤੋਂ ਬਾਅਦ ਹੀ ਸ਼ੁਰੂ ਹੁੰਦੀ ਹੈ। ਇਕ ਅੰਦਾਜ਼ੇ ਮੁਤਾਬਕ 'ਪੰਜਾਬ' ਸ਼ਬਦ ਪਹਿਲੀ ਵਾਰ 'ਤਾਰੀਖ-ਏ-ਸ਼ੇਰ ਸ਼ਾਹ' (1580) ਦੀ ਕਿਤਾਬ ਵਿਚ ਆਇਆ ਹੈ। ਇਹ 'ਪੰਜਾਬ ਦੇ ਸ਼ੇਰ ਖਾਨ' ਵਲੋਂ ਇੱਕ ਕਿਲ੍ਹੇ ਦੀ ਉਸਾਰੀ ਕਰਨ ਦੇ ਵੇਰਵੇ ਨਾਲ ਮਿਲਦਾ ਹੈ। 'ਪੰਜਾਬ' ਸ਼ਬਦ ਦਾ ਹਵਾਲਾ 'ਆਈਨ-ਏ-ਅਕਬਰੀ' ਭਾਗ 1 ਵਿਚ ਵੀ ਦੇਖਿਆ ਜਾ ਸਕਦਾ ਹੈ। ਇੱਥੋਂ ਤੱਕ ਕਿ 'ਆਈਨ-ਏ-ਅਕਬਰੀ' ਦੀ ਦੂਜੀ ਜਿਲਦ ਵਿਚ ਵੀ 'ਪੰਜਾਬ' ਸ਼ਬਦ ਦਰਜ ਹੈ। ਇਹ ਸ਼ਬਦ ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਕਿਤਾਬ 'ਤੁਜ਼ਕ-ਏ-ਜਹਾਂਗੀਰੀ' ਦੇ ਨਾਂ ਹੇਠ ਵੀ ਆਉਂਦਾ ਹੈ। ਇੱਕ ਸਥਾਨ ਵਜੋਂ ਪੰਜਾਬ ਦਾ ਸਭ ਤੋਂ ਪਹਿਲਾਂ ਜ਼ਿਕਰ ਹਿੰਦੂ ਮਹਾਂਕਾਵਿ ਮਹਾਂਭਾਰਤ ਵਿਚ ਮਿਲਦਾ ਹੈ, ਜਿੱਥੇ ਇਸਨੂੰ ਪੰਚ-ਨੰਦ ਕਿਹਾ ਗਿਆ ਹੈ, ਜਿਸਦਾ ਦਾ ਅਰਥ ਹੈ 'ਪੰਜ ਦਰਿਆਵਾਂ ਦਾ ਦੇਸ਼'।

ਜਿੱਥੋਂ ਤੱਕ ਹਿੰਦੂਆਂ ਅਤੇ ਹਿੰਦੁਸਤਾਨ ਦਾ ਸੰਬੰਧ ਹੈ, ਤਾਂ ਗੁਰੂ ਨਾਨਕ ਦੇਵ ਜੀ ਦੋ ਵਾਰ ਇਸ ਸ਼ਬਦ ਦੀ ਵਰਤੋਂ ਕਰਦੇ ਹਨ:

'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥'
(ਅੰਗ-360)

'ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ।
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨ ਸਮਾਲਸੀ ਬੋਲਾ ॥' (ਅੰਗ-723)

ਇੱਥੇ ਸ. ਗੁਰਬਚਨ ਸਿੰਘ ਦਾ ਇਹ ਦਾਅਵਾ ਵੀ ਠੀਕ ਨਹੀਂ ਲੱਗਦਾ ਕਿ ਗੁਰਬਾਣੀ ਨੇ ਮਨੁੱਖ ਨੂੰ ਸੰਕਲਪਤ ਰੱਬ ਨਾਲ਼ੋਂ ਤੋੜ ਕੇ 'ਬ੍ਰਹਮ' ਦੇ ਲੜ ਲਗਾ ਦਿੱਤਾ, ਕਿ ਮਨੁੱਖ ਨੂੰ ਜੰਮਣ ਮਰਨ ਭਾਵ ਚੌਰਾਸੀ (ਜੂਨਾਂ) ਦੇ ਹਿੰਦੂਵਾਦੀ ਸੰਕਲਪ ਤੋਂ ਮੁਕਤ ਕਰ ਦਿੱਤਾ। ਗੁਰਬਾਣੀ ਹਿੰਦੂ/ ਵੈਦਿਕ ਮੱਤ ਨਾਲ਼ੋਂ ਉੱਕਾ ਹੀ ਟੁੱਟੀ ਹੋਈ ਨਹੀਂ ਹੈ, ਸਗੋਂ ਵੈਦਿਕ ਸ਼ੁੱਧਤਾ ਦੀ ਨਿਰੰਤਰਤਾ ਕਹੀ ਜਾ ਸਕਦੀ ਹੈ। ਸ. ਗੁਰਬਚਨ ਸਿੰਘ ਹਿੰਦੂਵਾਦ ਉਪਰ ਹਮਲਾ ਕਰਦੇ ਹੋਏ ਲਿਖਦੇ ਹਨ ਕਿ 'ਸਾਕਤ' ਭਾਵ ਸ਼ਕਤੀ ਦੇ ਪੁਜਾਰੀ ਮਨੁੱਖ ਦੇ ਦਿਮਾਗ਼ ਵਿਚ ਹਮੇਸ਼ਾ ਮਰਨ ਤੋਂ ਬਾਅਦ ਮਨ ਕਲਪਿਤ ਜਮਾਂ ਦੇ ਦੰਡ ਦੇਣ ਦਾ ਡਰ ਬਣਿਆ ਰਹਿੰਦਾ ਹੈ ਤੇ ਉਹ ਆਪਣੀ ਸਾਰੀ ਜ਼ਿੰਦਗੀ ਇਸ ਡਰ ਨਾਲ ਲੰਘਾ ਦਿੰਦਾ ਹੈ। ਕੀ ਗੁਰਬਾਣੀ ਚੌਰਾਸੀ ਲੱਖ ਜੂਨਾਂ ਤੋਂ ਇਨਕਾਰ



ਕਰਦੀ ਹੈ ਜਾਂ ਯਮਰਾਜ ਦੇ ਦੰਡ ਦਾ ਜ਼ਿਕਰ ਨਹੀਂ ਕਰਦੀ। ਸਵਰਗ-ਨਰਕ ਦਾ ਸੰਕਲਪ ਹੀ ਤਾਂ ਸਮੁੱਚੇ ਧਰਮਾਂ ਦੀ ਚੂਲ਼ ਹੈ। ਗੁਰਬਾਣੀ ਵਿਚ ਇਕ ਨਹੀਂ ਅਨੇਕਾਂ ਵਾਰ ਨਰਕ ਅਤੇ ਯਮਰਾਜ ਦਾ ਡਰ ਦਿਖਾ ਕੇ ਮਨੁੱਖ ਨੂੰ ਨਾਮ ਜਪਣ ਲਈ ਪ੍ਰੇਰਿਆ ਗਿਆ ਹੈ। ਸ. ਗੁਰਬਚਨ ਸਿੰਘ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਬਹੁਤ ਜ਼ਿਆਦਾ 'ਡਰਾਇਆ' ਗਿਆ ਹੈ।

'ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ।
ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰ ਫਿਰ ਜੋਨੀ ਜੋਇਆ ॥' ਅੰਗ-੯੯੮)

'ਲੱਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖ਼ੁਆਰੁ।' ਅੰਗ-੮੮)

ਲਖ ਚਉਰਾਸੀਹ ਫਿਰ ਫਿਰ ਆਵੈ ਬਿਰਥਾ ਜਨਮੁ ਗਵਾਇਆ। (ਅੰਗ-੬੯)

ਅਜੋਕੇ ਸਿੱਖ ਚਿੰਤਕਾਂ ਤੇ ਗਰਮ ਖਿਆਲੀਆਂ ਨੂੰ ਪਤਾ ਨਹੀਂ ਦਸ਼ਰਥ ਪੁੱਤਰ ਰਾਮਚੰਦਰ ਨਾਲ ਕਾਹਦੀ ਚਿੜ੍ਹ ਹੈ? ਸ. ਗੁਰਬਚਨ ਸਿੰਘ ਵੀ ਇਸ ਤੋਂ ਮੁਕਤ ਨਹੀਂ ਹੋ ਪਾਏ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 2533 ਵਾਰ ਰਾਮ ਦਾ ਜ਼ਿਕਰ ਹੋਇਆ ਹੈ, ਪਰ ਇਨ੍ਹਾਂ ਦਾ ਦਾਅਵਾ ਹੈ ਕਿ ਇਹ 'ਰਾਮ' ਦਸ਼ਰਥ ਪੁੱਤਰ ਨਹੀਂ ਹੈ, ਸਗੋਂ ਪਰਮਾਤਮਾ ਦਾ ਹੀ ਰੂਪ ਹੈ। ਵੈਸੇ ਹਿੰਦੂ ਮਤ ਅਨੁਸਾਰ ਰਾਮ ਤੇ ਕ੍ਰਿਸ਼ਨ ਤਿੰਨ ਵੱਡੇ ਅਵਤਾਰਾਂ ਵਿਚੋਂ ਵਿਸ਼ਨੂੰ ਦੇ ਹੀ ਵੱਖ ਵੱਖ ਯੁਗਾਂ ਵਿਚ ਵੱਖ ਵੱਖ ਰੂਪ ਹਨ। ਪਰੰਤੂ ਗੁਰਬਚਨ ਜੀ ਖ਼ੁਦ ਹੀ ਆਪਾ ਵਿਰੋਧੀ ਗੱਲ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ 'ਸਾਡਾ ਮਨੁੱਖੀ ਸਰੀਰ ਤੇ ਜਿੰਦ ਅੱਲ੍ਹਾ ਤੇ ਰਾਮ ਦੀ ਦੇਣ ਹੈ। ਅੱਲ੍ਹਾ ਮੁਸਲਮਾਨਾਂ ਲਈ ਉੱਚਤਮ ਰੱਬੀ ਹਸਤੀ ਹੈ ਅਤੇ ਰਾਮ ਹਿੰਦੂਆਂ ਲਈ ਅਵਤਾਰੀ ਮਹਾਂਪੁਰਖ ਹੈ। ਜੇ ਦਸ਼ਰਥ ਪੁੱਤਰ ਰਾਮ ਹੀ ਹਿੰਦੂਆਂ ਦਾ ਅਵਤਾਰੀ ਮਹਾਂਪੁਰਖ ਨਹੀਂ ਹੈ ਤਾਂ ਫਿਰ ਗੁਰਬਾਣੀ ਕਿਹੜੇ ਰਾਮ ਦੀ ਗੱਲ ਕਰਦੀ ਹੈ?

ਪਰੰਤੂ ਗੁਰਬਾਣੀ ਵਿਆਕਰਨ ਮੁਤਾਬਕ ਜਿੱਥੇ 'ਰਾਮ' ਵਿਚ 'ਮ' ਦੀ ਧੁਨੀ ਹੇਠਾਂ ਔਂਕੜ ਦੀ ਮਾਤਰਾ ਲੱਗੀ ਹੋਈ ਹੈ, ਉੱਥੇ ਰਾਮੁ ਪਰਮਾਤਮਾ/ਕਰਤਾ ਪੁਰਖ ਦਾ ਲਖਾਇਕ ਹੈ ਅਤੇ ਬਿਨਾ ਮਾਤਰਾ ਵਾਲਾ ਰਾਮ ਦਸ਼ਰਥ ਪੁੱਤਰ ਹੀ ਹੈ। ਵੈਸੇ ਗੁਰਬਾਣੀ ਇਨ੍ਹਾਂ ਦੋਵੇਂ ਸ਼ਬਦਾਂ ਨਾਲ ਕੋਈ ਬਹੁਤਾ ਵਿਤਕਰਾ ਨਹੀਂ ਕਰਦੀ। ਗੁਰਬਾਣੀ ਵਿਚ ਦਸ਼ਰਥ ਪੁੱਤਰ ਰਾਮ ਵੀ ਪਰਮਾਤਮਾ ਦਾ ਹੀ ਅਵਤਾਰ ਹੈ।

ਗੁਰੂ ਨਾਨਕ ਸਾਹਿਬ ਆਸਾ ਰਾਗ ਵਿਚ ਲਿਖਦੇ ਹਨ :
'ਹਰਿ ਗੁਰੂ ਦਾਤਾ ਰਾਮ ਗੁਪਾਲਾ।
ਜਿਉ ਭਾਵੈ ਤਿਉ ਰਾਖੁ ਦਇਆਲਾ ॥' (ਅੰਗ-੪੧੬)
ਇਸੇ ਰਾਗ ਵਿਚ ਗੁਰੂ ਤੇਗ਼ ਬਹਾਦਰ ਜੀ ਲਿਖਦੇ ਹਨ:
ਰਾਮੁ ਜਪਹੁ ਮੇਰੀ ਸਖੀ ਸਖੈਨੀ।
ਸਤਿਗੁਰੁ ਸੇਵਿ ਦੇਖਹੁ ਪ੍ਰਭ ਨੈਨੀ।
ਨਾਨਕ ਰਾਮ ਨਾਮ ਸਰਣਾਈ।
ਸਤਿਗੁਰਿ ਰਾਖੇ ਬੰਧੁ ਨ ਪਾਈ ॥ (ਅੰਗ-੪੧੬)

ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ।
ਕਹਤ ਕਬੀਰੁ ਰਾਮ ਭਜੁ ਬਉਰੇ ਜਨਮੁ ਅਕਾਰਥ ਜਾਤ॥

ਇਸ ਤੁਕ ਵਿਚ ਰਾਵਣ ਅਤੇ ਰਾਮ ਦੋ ਵਿਰੋਧੀ ਜੁੱਟਾਂ ਦਾ ਵਰਣਨ ਹੈ, ਫਿਰ ਕਿਵੇਂ ਕਹਿ ਸਕਦੇ ਹਾਂ ਕਿ ਗੁਰਬਾਣੀ ਦਸ਼ਰਥ ਪੁੱਤਰ ਰਾਮ ਦਾ ਜ਼ਿਕਰ ਨਹੀਂ ਕਰਦੀ।

ਹੋਰ ਦੇਖ ਸਕਦੇ ਹਾਂ :
'ਜੋਗੀ ਗੋਰਖੁ ਗੋਰਖੁ ਕਰੈ।
ਹਿੰਦੂ ਰਾਮ ਨਾਮੁ ਉਚਰੈ ॥ (ਅੰਗ-੧੧੬੦)

ਸ. ਗੁਰਬਚਨ ਸਿੰਘ ਦਾਅਵਾ ਕਰਦੇ ਹਨ ਕਿ ਗੁਰਬਾਣੀ ਅਨੁਸਾਰ ਸਾਡੇ ਆਲੇ-ਦੁਆਲੇ ਪਸਰਿਆ ਆਕਾਰ (ਵਜੂਦ) ਅਤੇ ਸਦੀਵੀ ਬ੍ਰਹਿਮੰਡ (ਬ੍ਰਹਮ) ਦੀ ਇਕ ਇਕਹਿਰੀ ਹੋਂਦ ਹੈ, ਇਹ ਇਕ/ਏਕੋ ਅਤੇ ਇਹੀ ਸਤਿ ਹੈ। ਉਹ ਕਹਿਣਾ ਚਾਹੁੰਦੇ ਹਨ ਕਿ ਇਹ ਸੰਸਾਰ ਕੋਈ ਮਾਇਆ ਨਹੀਂ ਹੈ। ਇਹ ਦਿਸਦਾ ਅਤੇ ਅਣਦਿਸਦਾ ਪਸਾਰਾ ਅੰਕ ਗਣਿਤ ਦੇ ਹਿੰਦਸੇ ਇਕ ਦਾ ਵਿਸਥਾਰ ਹੈ ਤੇ ਮਨੁੱਖ ਇਸ ਪਸਾਰੇ ਦਾ ਹੀ ਇਕ ਅੰਗ ਹੈ। ਉਹ ਆਪਣੀ ਦਲੀਲ ਦੇ ਪੱਖ ਵਿਚ ਗੁਰੂ ਨਾਨਕ ਦੇਵ ਜੀ ਦੇ ਕਿਸੇ ਹੋਰ ਪ੍ਰਸੰਗ ਵਿਚ ਲਿਖੀ/ਗਾਈ ਪਉੜੀ ਵਿਚੋਂ ਹੇਠ ਲਿਖੀ ਆਖਰੀ ਤੁਕ ਤੋੜ ਕੇ ਪੇਸ਼ ਕਰਦੇ ਹਨ :

'ਨਾਨਕ ਸਚੁ ਦਾਤਾਰ ਸਿਨਾਖਤ ਕੁਦਰਤੀ ॥'

ਕੀ ਇਸ ਤੁਕ ਦਾ ਮਤਲਬ ਅੰਕ ਗਣਿਤ ਦੇ ਇਕ ਹਿੰਦਸੇ ਦਾ ਵਿਸਥਾਰ ਨਿਕਲਦਾ ਹੈ? ਕੀ ਇਸ ਤੁਕ ਦਾ ਮਾਰਕਸਵਾਦ ਜਾਂ ਵਿਰੋਧ ਵਿਕਾਸੀ ਪਦਾਰਥਵਾਦ ਨਾਲ ਕੋਈ ਸੰਬੰਧ ਜੁੜਦਾ ਹੈ? ਇਸ ਗੱਲ ਨੂੰ ਸਮਝਣ ਲਈ ਸਾਨੂੰ ਪੂਰੀ ਪਉੜੀ ਵੱਲ ਨਜ਼ਰ ਮਾਰਨੀ ਚਾਹੀਦੀ ਹੈ :

'ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀ''।
ਹਟ ਪਟਣ ਬਾਜਾਰ ਹੁਕਮੀ ਢਹਸੀ''।
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ।
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ।
ਤਾਜੀ ਰਥ ਤੁਖਾਰ ਹਾਥੀ ਪਾਖਰੇ।
ਬਾਗ ਮਿਲਖ ਘਰ ਬਾਰ ਕਿਥੈ ਸੇ ਆਪਣੇ।
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ।
ਨਾਨਕ ਸਚੁ ਦਾਤਾਰੁ ਸਿਨਾਖਤ ਕੁਦਰਤੀ ॥

ਸ. ਗੁਰਬਚਨ ਸਿੰਘ ਜੀ ਸ਼ੰਕਰਾਚਾਰੀਆ ਉਪਰ ਇਸ ਦੁਨੀਆ ਅਤੇ ਦਿਸਦੀਆਂ ਚੀਜ਼ਾਂ ਨੂੰ ਛਲ਼ਾਵਾ ਜਾਂ ਝੂਠ ਮੰਨਣ ਦਾ ਦੋਸ਼ ਲਾਉਂਦੇ ਹਨ। ਕੀ ਇਸ ਪਉੜੀ ਵਿਚ ਇਸ ਮਾਇਆ ਅਤੇ ਸ਼ਾਹੀ ਠਾਠ-ਬਾਠ ਵਾਲੀਆਂ ਵਸਤਾਂ ਨੂੰ ਛਲ਼ਾਵਾ ਅਤੇ ਝੂਠ ਨਹੀਂ ਮੰਨਿਆ ਗਿਆ? ਉਸ ਸਾਰੀ ਮਾਇਆ ਦਾ ਜ਼ਿਕਰ ਇਸ ਪਉੜੀ ਵਿਚ ਕੀਤਾ ਗਿਆ ਹੈ। ਗੁਰਬਚਨ ਜੀ ਗੁਰਬਾਣੀ ਅਤੇ ਵੈਦਿਕ ਪਰੰਪਰਾ ਨੂੰ ਇਕ ਦੂਜੇ ਦੇ ਵਿਰੋਧ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕਿਉਂ ਕਰ ਰਹੇ ਹਨ? ਕਿਰਤ ਕਰਨੀ ਵੰਡ ਛਕਣਾ ਨਾਮ ਜਪਣਾ, ਗਰੀਬ ਗੁਰਬੇ ਦੀ ਸੇਵਾ ਕਰਨਾ, ਆਪਣੀ ਹੱਕ ਹਲਾਲ ਦੀ ਕਮਾਈ ਵਿਚੋਂ ਗਰੀਬਾਂ ਲਈ ਦਸਵੰਧ/ ਜ਼ਕਾਤ ਕੱਢਣਾ ਆਦਿ ਸਾਰੀਆਂ ਚੰਗੀਆਂ ਗੱਲਾਂ ਸ਼ਬਦਾਂ ਦੇ ਮਾਮੂਲੀ ਹੇਰ ਫੇਰ ਨਾਲ ਸਾਰੇ ਧਰਮਾਂ ਵਿਚ ਮੌਜੂਦ ਹਨ।

ਇਹ ਕਹਿਣਾ ਕਿ 'ਹੁਕਮਿ ਰਜਾਈ ਚਲਣਾ' ਤੇ 'ਮਨ ਜੀਤੈ ਜਗੁ ਜੀਤੁ' ਉਪਰ ਅਮਲ ਕਰਨ ਨਾਲ ਮਨੁੱਖ ਨੂੰ ਨਵੀਨ ਜੀਵਨ ਜੁਗਤ ਮਿਲ ਗਈ ਹੈ ਅਤੇ ਮਨੁੱਖੀ ਸਮਾਜ ਨੂੰ ਨਵੇਂ ਸਿਰਿਉਂ ਗਠਿਤ ਕਰਨ ਦਾ ਗੁਰਮੰਤਰ ਮਿਲ ਗਿਆ ਹੈ, ਪੂਰੀ ਤਰ੍ਹਾਂ ਕਪੋਲ ਕਲਪਨਾ ਹੈ। ਜੇ ਇਸ ਤਰ੍ਹਾਂ ਸੰਭਵ ਹੁੰਦਾ ਤਾਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਸਾਢੇ ਪੰਜ ਸੌ ਸਾਲਾਂ ਬਾਅਦ ਇਹ ਧਰਤੀ ਸਵਰਗ ਬਣ ਜਾਣੀ ਚਾਹੀਦੀ ਸੀ। ਕੀ ਇਹ ਵਿਦਵਾਨ ਦੱਸ ਸਕਦੇ ਹਨ ਕਿ ਇਹ ਧਰਤੀ ਸਵਰਗ ਕਿਉਂ ਬਣ ਸਕੀ? ਕੀ ਇਹ ਸੱਜਣ ਪੂੰਜੀਪਤੀ ਵਿਚਾਰਧਾਰਾ ਦਾ ਹੀ ਦੁਹਰਾਓ ਨਹੀਂ ਕਰ ਰਹੇ ਕਿ 'ਪਹਿਲਾਂ ਆਪਣੇ ਆਪ ਨੂੰ ਸੁਧਾਰ ਲਵੋ, ਮਨ ਦੀਆਂ ਇੱਛਾਵਾਂ 'ਤੇ ਕਾਬੂ ਪਾ ਲਵੋ, ਸਮਾਜ ਆਪਣੇ ਆਪ ਠੀਕ ਹੋ ਜਾਵੇਗਾ?'

ਜਦੋਂ ਗੁਰਬਚਨ ਜੀ ਗੁਰਬਾਣੀ ਵਿਚ ਵਿਖਿਆਈ ਗਈ ਕੁਦਰਤ ਅਤੇ ਬ੍ਰਹਿਮੰਡ ਨੂੰ ਮਾਰਕਸ ਦੇ ਪਦਾਰਥਵਾਦ ਨਾਲ ਰਲਗੱਡ ਕਰਦੇ ਹਨ ਤਾਂ ਸਥਿਤੀ ਹੋਰ ਵੀ ਹਾਸੋ ਹੀਣੀ ਲੱਗਦੀ ਹੈ। ਸ. ਗੁਰਬਚਨ ਸਿੰਘ ਬਾਰੇ ਜਿੰਨੀ ਕੁ ਇਧਰੋਂ ਉੱਧਰੋਂ ਜਾਣਕਾਰੀ ਮਿਲੀ ਹੈ, ਮੈਨੂੰ ਪੂਰਾ ਯਕੀਨ ਹੈ ਕਿ ਉਨ੍ਹਾਂ ਨੇ ਗੁਰਬਾਣੀ ਅਤੇ ਮਾਰਕਸਵਾਦ ਦਾ ਸਾਡੇ ਸਭਨਾਂ ਨਾਲ਼ੋਂ ਵੱਧ, ਗਹਿਰ ਗੰਭੀਰ ਅਧਿਐਨ ਕੀਤਾ ਹੋਇਆ ਹੈ। ਮੇਰੀ ਤੁੱਛ ਬੁੱਧੀ ਮੁਤਾਬਕ ਗੁਰਬਾਣੀ ਦਾ ਧੁਰਾ ਅਧਿਆਤਮਵਾਦ ਹੈ ਅਤੇ ਮਾਰਕਸਵਾਦ ਦਾ ਵਿਰੋਧ ਵਿਕਾਸੀ ਪਦਾਰਥਵਾਦ ਹੈ। ਸਰਬ ਸਾਂਝੀਵਾਲਤਾ, ਮਨੁੱਖ ਦੀ ਭਲਾਈ ਅਤੇ ਵਧੀਆ, ਉਸਾਰੂ ਜੀਵਨ ਜਾਚ ਦੀ ਚਾਹਨਾ ਰੱਖਣ ਦੇ ਬਾਵਜੂਦ ਵੀ ਦੋਵੇਂ ਦਰਸ਼ਨ ਪੂਰੀ ਤਰ੍ਹਾਂ ਇਕ ਦੂਜੇ ਦੇ ਵਿਰੋਧ ਵਿਚ ਖੜੇ ਹਨ। ਜੇ ਕੋਈ ਇਨ੍ਹਾਂ ਨੂੰ ਜ਼ਬਰਦਸਤੀ ਮੇਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਉਪਰ ਗੁਰਬਾਣੀ ਅਨੁਸਾਰ:

'ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ'

ਅਤੇ 'ਪੜਿਆ ਹੋਵੇ ਗੁਨਾਹਗਾਰ ਤਾ ਓਮੀ ਸਾਧੁ ਨ ਮਾਰੀਐ' ਵਾਲੀ ਗੱਲ ਲਾਗੂ ਹੋ ਜਾਂਦੀ ਹੈ।

ਪੰਜਾਬ ਟਾਈਮਜ਼ ਦੀ ਵੈੱਬਸਾਈਟ ਫਰੋਲਣ ਵਕਤ ਪਾਠਕਾਂ ਦੇ ਮਨਾਂ ਨੂੰ ਸ. ਗੁਰਬਚਨ ਸਿੰਘ ਦਾ ਇਕ ਹੋਰ ਲੇਖ

'ਨੇਸ਼ਨ ਸਟੇਟ ਬਨਾਮ ਖਾਲਿਸਤਾਨ' ਵੀ ਧੂਹ ਪਾ ਸਕਦਾ ਹੈ। ਉਹ ਹਿੰਦੁਸਤਾਨ ਟਾਈਮਜ਼ ਦੇ ਸਾਬਕਾ ਸੰਪਾਦਕ (ਪੰਜਾਬੀ ਹਿੰਦੂ- ਸਮਝ ਨਹੀਂ ਲੱਗੀ ਕਿ ਗੁਰਬਚਨ ਜੀ ਨੇ ਇਹ ਵਿਸ਼ੇਸ਼ ਵਿਸ਼ੇਸ਼ਣ ਕਿਉਂ ਵਰਤਿਆ ਹੈ?) ਦੁਰਗਾ ਦਾਸ ਦੇ ਹਵਾਲੇ ਨਾਲ ਦੱਸਦੇ ਹਨ ਕਿ 'ਖਾਲਿਸਤਾਨ ਸ਼ਬਦ ਦੀ ਪਹਿਲੀ ਵਾਰ ਵਰਤੋਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਆਪਣੇ ਸਰਕਾਰੀ ਦਸਤਾਵੇਜ਼ਾਂ ਵਿਚ ਕੀਤੀ ਸੀ। ਉਹ 20 ਸਤੰਬਰ 1947 ਵਾਲੇ ਦਿਨ ਨਹਿਰੂ ਦੀ ਪੰਜਾਬੀ ਹਿੰਦੂਆਂ ਦੇ ਵਫ਼ਦ ਨਾਲ ਮੁਲਾਕਾਤ ਦੀ ਗੱਲ ਕਰਦੇ ਹਨ। ਨਹਿਰੂ ਦਾ ਕਹਿਣਾ ਸੀ ਕਿ ਮਾਸਟਰ ਤਾਰਾ ਸਿੰਘ ਨੇ ਖਾਲਿਸਤਾਨ ਦੇ ਕਿਸੇ ਵੀ ਵਿਚਾਰ ਨੂੰ ਪੂਰੇ ਜ਼ੋਰ ਨਾਲ ਨਕਾਰ ਦਿੱਤਾ ਸੀ। ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਈਏ ਕਿ ਨਹਿਰੂ ਦੀਆਂ ਸਮੂਹਿਕ ਲਿਖਤਾਂ ਦੀਆਂ ਸੌ ਤੋਂ ਵੱਧ ਜਿਲਦਾਂ ਹਨ। 15 ਜਿਲਦਾਂ 1946 ਵਿਚ ਅੰਤਰਿਮ ਸਰਕਾਰ ਦੇ ਗਠਨ ਤੱਕ ਦੀ ਮਿਆਦ ਨੂੰ ਕਲਾਵੇ ਵਿਚ ਲੈਂਦੀਆਂ ਹਨ ਅਤੇ ਆਜ਼ਾਦੀ ਤੋਂ ਲੈ ਕੇ ਜੁਲਾਈ-ਅਗਸਤ 1961 ਤੱਕ ਦੀ ਮਿਆਦ ਨੂੰ ਕਵਰ ਕਰਨ ਵਾਲੀਆਂ ਹੋਰ 70 ਜਿਲਦਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਕ ਅੰਦਾਜ਼ੇ ਮੁਤਾਬਕ, ਮਈ 1964 ਵਿਚ ਉਸਦੀ ਮੌਤ ਤੱਕ ਦੇ ਬਾਕੀ ਸਾਲਾਂ ਨੂੰ ਕਵਰ ਕਰਨ ਲਈ ਇਸ ਲੜੀ ਨੂੰ ਪੂਰਾ ਕਰਨ ਲਈ ਹੋਰ 20 ਜਿਲਦਾਂ ਦੀ ਲੋੜ ਪਵੇਗੀ।

ਨਹਿਰੂ ਦੀਆਂ ਇਨ੍ਹਾਂ ਮੂਲ ਸਰੋਤ ਵਾਲੀਆਂ ਲਿਖਤਾਂ ਵਿਚ ਕਿਧਰੇ ਵੀ 'ਖਾਲਿਸਤਾਨ' ਦਾ ਜ਼ਿਕਰ ਨਹੀਂ ਮਿਲਦਾ ਪਰੰਤੂ ਸ. ਗੁਰਬਚਨ ਸਿੰਘ ਕਿਸੇ ਦੁਰਗਾ ਦਾਸ ਦੇ ਗੌਣ ਹਵਾਲੇ ਨਾਲ ਨਹਿਰੂ ਦੇ ਗਲ ਵਿਚ ਖਾਲਿਸਤਾਨ ਦਾ ਪਟਾ ਪਾ ਰਹੇ ਹਨ। ਕੀ ਇਹ ਗੁਰਬਾਣੀ ਦੀ ਤੁਕ 'ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ' ਵਰਗੀ ਗੱਲ ਤਾਂ ਨਹੀਂ ਹੋ ਰਹੀ? ਉਹ ਅੱਗੇ ਜਾ ਕੇ ਖਾਲਿਸਤਾਨ ਦੇ ਭਵਿੱਖਨਕਸ਼ੇ ਬਾਰੇ ਸੰਤ ਜਰਨੈਲ ਸਿੰਘ ਦੇ ਮੂੰਹੋਂ ਕਢਵਾਉਂਦੇ ਹਨ ਕਿ (ਸੰਤਾਂ ਵਾਸਤੇ) 'ਖਾਲਿਸਤਾਨ ਸ਼ਬਦ ਦਾ ਅਰਥ ਹਿੰਦੁਸਤਾਨ ਅਤੇ ਪਾਕਿਸਤਾਨ ਵਰਗੀ ਇਕ ਹੋਰ ਨੇਸ਼ਨ ਸਟੇਟ ਵਰਗਾ ਨਹੀਂ ਸੀ। ਸੰਤਾਂ ਵਾਸਤੇ ਖਾਲਿਸਤਾਨ ਦਾ ਭਾਵ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਲੇਮੀ ਰਾਜ ਬੇਗਮਪੁਰਾ ਤੇ ਅਕਾਲ ਪੁਰਖ ਦੀ ਸਿੱਧੀ ਸਰਪ੍ਰਸਤੀ ਹੇਠ ਕਾਇਮ ਸਿੱਖ ਪਾਤਸ਼ਾਹੀ ਸੀ।' ਹੁਣ ਅਕਾਲ ਪੁਰਖ ਦੀ ਸਿੱਧੀ (ਭਾਵ ਦੇਹ-ਧਾਰੀ) ਸਰਪ੍ਰਸਤੀ ਤੋਂ ਕੀ ਅਰਥ ਕੱਢਿਆ ਜਾਵੇ? ਕੀ ਅਕਾਲ ਪੁਰਖ ਖੁਦ ਕਿਸੇ ਦੇਹਧਾਰੀ ਅਵਤਾਰ ਦੇ ਰੂਪ ਵਿਚ ਪ੍ਰਗਟ ਹੋਣਗੇ ਜਾਂ ਮਿਥਿਹਾਸਕ ਚਿਤਰ-ਗੁਪਤ ਵਾਂਗ ਕਿਸੇ ਸੰਸਾਰਕ ਵਿਅਕਤੀ ਦੇ ਕੰਧੇੜੇ ਚੜ੍ਹ ਕੇ ਸਿੱਧੀ ਨਿਗਰਾਨੀ ਰੱਖਿਆ ਕਰਨਗੇ? ਇਸ ਸਵਾਲ ਦੇ ਜਵਾਬ ਦੀ ਉਡੀਕ ਰਹੇਗੀ।

ਇਸੇ ਲੇਖ ਵਿਚ ਸ. ਗੁਰਬਚਨ ਸਿੰਘ ਨੇ ਪ੍ਰੋ. ਗੁਰਭਗਤ ਸਿੰਘ ਦੇ ਹਵਾਲੇ ਨਾਲ ਕੌਮ ਦੇ ਸੰਕਲਪ ਨੂੰ ਰੱਦ ਕਰ ਦਿੱਤਾ ਹੈ ਅਤੇ ਸਭਿਆਚਾਰ ਨੂੰ ਵਿਸ਼ਾਲ ਸੰਕਲਪ ਮੰਨਦੇ ਹੋਏ, ਇਸਦੇ ਅਧਾਰ 'ਤੇ ਸਮਾਜ ਦੀ ਮੁੜ-ਬਣਤਰ ਦੀ ਉਮੀਦ ਜਗਾਈ ਹੈ। ਭਵਿੱਖ ਦੱਸੇਗਾ ਕਿ ਵੰਨ-ਸੁਵੰਨੇ ਸਭਿਆਚਾਰਾਂ ਦੁਆਲੇ ਉਸਰੇ ਸਮਾਜ ਦੀ ਰੂਪ-ਰੇਖਾ ਪਹਿਲਾਂ ਤੋਂ ਮਿੱਥੇ/ਕਲਪਿਤ ਖਾਲਿਸਤਾਨ ਨਾਲ਼ੋਂ ਕਿਵੇਂ ਵੱਖਰੀ ਹੋਵੇਗੀ। ਲੇਕਿਨ ਪ੍ਰੋ. ਗੁਰਭਗਤ ਸਿੰਘ ਵੱਲੋਂ ਕਲਪੀ ਵਿਸਮਾਦੀ ਪੂੰਜੀ ਦੇ ਮਨ-ਪਰਚਾਊ ਵਿਚਾਰ ਦੀ ਸੰਖੇਪ ਜਿਹੀ ਪੜਚੋਲ ਕਰਨੀ ਬਣਦੀ ਹੈ। ਗੁਰਬਾਣੀ ਵਿਚ ਇਕ ਤੁਕ ਆਉਂਦੀ ਹੈ, 'ਇਸ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ। ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥' ਅੰਗ-417) ਗੁਰਬਾਣੀ ਦੇ 'ਖੱਬੇ ਪੱਖੀ' ਵਿਆਖਿਆਕਾਰਾਂ ਨੇ ਇਸ ਤੁਕ ਨੂੰ ਇੰਨਾ ਇਨਕਲਾਬੀ ਬਣਾ ਕੇ ਪੇਸ਼ ਕੀਤਾ ਹੈ ਕਿ ਉਹ ਮਾਰਕਸ ਤੇ ਐਂਗਲਜ਼ ਨੂੰ ਵੀ ਪਿੱਛੇ ਛੱਡ ਜਾਂਦੇ ਹਨ ਅਤੇ ਇਸ ਤਰ੍ਹਾਂ ਪੇਸ਼ ਕਰਦੇ ਹਨ ਕਿ ਗੁਰੂ ਸਾਹਿਬ ਨੇ ਧਨ ਦੌਲਤ ਦਾ ਵਿਰੋਧ ਕਰਦੇ ਹੋਏ, ਇਸਨੂੰ ਪਾਪ ਰਾਹੀਂ ਕੀਤੀ ਕਮਾਈ ਕਿਹਾ ਸੀ। ਅਜਿਹਾ ਕਹਿਣ ਵੇਲੇ ਉਨ੍ਹਾਂ ਦੀ ਮਨਸ਼ਾ ਮਾਰਕਸਵਾਦ ਨੂੰ ਰੱਦ ਕਰ ਕੇ ਨੀਵਾਂ ਦਿਖਾਉਣ ਦੀ ਹੁੰਦੀ ਹੈ। ਇਹ ਦੱਸਣਾ ਹੁੰਦਾ ਹੈ ਕਿ ਜਿਹੜੀ ਗੱਲ ਮਾਰਕਸ ਨੇ 1850 ਦੇ ਨੇੜੇ ਤੇੜੇ ਲੱਭੀ ਸੀ ਉਹ ਬਾਬਾ ਜੀ ਨੇ 1520-25 (ਬਾਬਰ ਵਲੋਂ ਕੀਤੇ ਹਮਲੇ ਤੇ ਦਿੱਲੀ ਤਖ਼ਤ 'ਤੇ ਕਾਬਜ਼ ਹੋਣ ਵੇਲੇ) ਲੱਭ ਲਈ ਸੀ।

ਆਪਾਂ ਸਾਰੇ ਬਾਬਾ ਨਾਨਕ ਜੀ ਦਾ ਬਹੁਤ ਸਤਿਕਾਰ ਕਰਦੇ ਹਾਂ। ਉਹ ਸਾਡੇ ਮਹਾਨ ਵੱਡੇ ਵਡੇਰੇ ਹਨ। ਉਸ ਵੇਲੇ ਜੋ ਪਦਾਰਥਕ ਹਾਲਤਾਂ ਤੇ ਸਥਾਪਤ ਵਿਚਾਰਧਾਰਾ ਸੀ, ਨੂੰ ਵਾਚਦਿਆਂ ਹੋਇਆਂ, ਪਸਰੇ ਹੋਏ ਪਖੰਡਾਂ/ ਕਰਮਕਾਂਡਾਂ ਦਾ ਵਿਰੋਧ ਕੀਤਾ। ਦਿੱਤੀਆਂ ਹੋਈਆਂ ਹਾਲਤਾਂ ਵਿਚ ਜੋ ਵੀ ਉਨ੍ਹਾਂ ਨੇ ਪ੍ਰਵਚਨ ਕੀਤੇ, ਉਹ ਅਗਾਂਹਵਧੂ ਅਤੇ ਇਨਕਲਾਬੀ ਸਨ। ਪਰ ਇਹ ਕਹਿਣਾ ਕਿ ਬਾਬਾ ਜੀ ਨੂੰ ਪੂੰਜੀ ਦੀ ਵਿਗਿਆਨਕ ਸਮਝ ਸੀ, ਇਹ ਦਰੁਸਤ ਨਹੀਂ ਹੈ। ਪੂੰਜੀ ਸਰਮਾਏਦਾਰੀ ਦੌਰ ਦਾ ਵਰਤਾਰਾ ਹੈ ਜਦੋਂ ਕਿ ਦੌਲਤ (ਮਾਇਆ) ਇਕੱਠੀ ਕਰਨਾ ਜਾਗੀਰਦਾਰੀ ਦੌਰ ਦੀ ਗੱਲ ਸੀ।

ਦੌਲਤ ਆਪਣੇ ਆਪ ਵਿਚ ਖਰੀਦ/ਵੇਚ ਕਰਨ ਦੀ ਸਮਰੱਥਾ ਰੱਖਦੀ ਹੈ ਪਰ ਹਰ ਦੌਲਤ ਪੂੰਜੀ ਨਹੀਂ ਹੁੰਦੀ। ਪੂੰਜੀ ਸਿਰਫ ਉਸ ਦੌਲਤ ਨੂੰ ਕਿਹਾ ਜਾਂਦਾ ਹੈ ਜੋ ਸਨਅਤ, ਖੇਤੀ ਜਾਂ ਕਿਰਤ ਦੀ ਲੁੱਟ ਕਰਨ ਵਾਲੇ ਕਿਸੇ ਵੀ ਖੇਤਰ ਵਿਚ ਲੱਗਦੀ ਹੈ ਅਤੇ ਵਾਧੂ ਕਦਰ ਦੀ ਲੁੱਟ ਕਰਦੀ ਅੱਗੇ ਫੈਲਦੀ ਹੈ। ਨਿਵੇਸ਼ ਕੀਤੀ ਹੋਈ ਅਤੇ ਕਿਰਤ ਦੀ ਲੁੱਟ ਕਰਦਿਆਂ ਇਸ ਵਿਚ ਹੋਰ ਪਸਾਰਾ ਕਰਨ ਵਾਲੀ ਦੌਲਤ ਹੀ ਪੂੰਜੀ ਹੁੰਦੀ ਹੈ। ਬੋਰੀ ਵਿਚ ਪਾ ਕੇ ਧਰਤੀ ਵਿਚ ਰੱਖੀ ਦੌਲਤ ਦਾ ਇਕ ਵਟਾਂਦਰਾ ਮੁੱਲ ਜ਼ਰੂਰ ਹੁੰਦਾ ਹੈ, ਪਰ ਇਹ ਮਾਇਆ ਹੁੰਦੀ ਹੈ ਪੂੰਜੀ ਨਹੀਂ। ਇਹ ਲੁੱਟ ਖਸੁੱਟ ਨਹੀਂ ਕਰ ਸਕਦੀ।

ਬਾਬਾ ਨਾਨਕ ਜੀ ਦੀ 'ਬਾਬਰਬਾਣੀ' ਦੇ ਜਿਸ ਸ਼ਬਦ ਵਿਚੋਂ ਇਹ ਤੁਕ ਚੁੱਕ ਕੇ ਇਸਦਾ 'ਇਨਕਲਾਬੀਕਰਨ' ਕੀਤਾ ਜਾਂਦਾ ਹੈ, ਉਸਦਾ ਪ੍ਰਸੰਗ ਸਿਰਫ ਬਾਬਰ ਦੇ ਹਮਲੇ ਤੋਂ ਬਾਅਦ ਲੋਧੀ ਖਾਨਦਾਨ, ਇਸਦੇ ਸੂਬੇਦਾਰਾਂ, ਦਰਬਾਰੀਆਂ ਅਤੇ ਹੋਰ ਭੋਗ ਵਿਲਾਸੀ/ਅਯਾਸ਼ ਅਹਿਲਕਾਰਾਂ ਅਤੇ ਉਨ੍ਹਾਂ ਦੀਆਂ ਔਰਤਾਂ ਦੀ ਹੋਈ ਦੁਰਦਸ਼ਾ ਬਿਆਨ ਕਰਨਾ ਹੈ। ਪ੍ਰੋ. ਗੁਰਭਗਤ ਸਿੰਘ ਨੇ ਇਸ ਤੁਕ ਵਿਚੋਂ ਵਿਸਮਾਦ ਲੱਭ ਕੇ, ਆਪਣੇ ਮਨਮਰਜ਼ੀ ਦੇ ਅਰਥ ਹੀ ਦਿੱਤੇ ਹੋਏ ਹਨ, ਪੂੰਜੀਪਤੀਆਂ ਨੂੰ ਲੋਕ-ਪੱਖੀ ਬਣਾ ਧਰਿਆ ਹੈ। ਅਜਿਹੇ ਵਿਦਵਾਨਾਂ ਤੇ 'ਪੜਿਆ ਹੋਵੈ ਗੁਨਾਹਗਾਰ ਤਾ ਓਮੀ ਸਾਧੁ ਨ ਮਾਰੀਐ' ਵਾਲੀ ਧਾਰਨਾ ਲਾਗੂ ਹੁੰਦੀ ਹੈ।


ਪਤਾ ਚੱਲਿਆ ਹੈ ਕਿ ਗੁਰਬਚਨ ਸਿੰਘ ਜੀ ਕਿਸੇ ਵੇਲੇ ਪ੍ਰੋ. ਗੁਰਭਗਤ ਸਿੰਘ ਦੀ ਪੰਜਾਬੀ ਕੌਮ ਦੀ ਲੱਭਤ ਦੇ ਕਾਇਲ ਸਨ ਅਤੇ ਹੁਣ ਸਭਿਆਚਾਰ ਵਾਲੀ ਧਾਰਨਾ ਦੇ ਉਪਾਸ਼ਕ ਹਨ ਤਾਂ ਸੰਭਵ ਹੈ ਕਿ ਉਹ ਵਿਸਮਾਦੀ ਪੂੰਜੀ ਸਮੇਤ ਪ੍ਰੋ. ਗੁਰਭਗਤ ਸਿੰਘ ਦੀਆਂ 'ਵਿਸਮਾਦੀ ਪੁਲਾਂਘਾਂ' ਦੇ ਵੀ ਪ੍ਰਸ਼ੰਸਕ ਹੋਣਗੇ। ਪ੍ਰੋ. ਸਾਹਿਬ 'ਕੁਐਂਤਮ ਵਿਗਿਆਨ' ਮੁਤਾਬਕ ਵਿਕਾਸ ਨੂੰ ਮਾਰਕਸ ਦੀ ਦਵੰਦਾਤਮਕ ਵਿਧੀ ਅਨੁਸਾਰ ਨਹੀਂ ਮੰਨਦੇ। ਉਹ ਦੱਸ ਕੇ ਗਏ ਹਨ ਕਿ 'ਚੇਤਨਤਾ ਜਾਂ ਦ੍ਰਿਸ਼ਟੀ ਦਾ ਵਿਕਾਸ ਕੇਵਲ ਅਤੀਤ ਜਾਂ ਕਾਰਨ/ਪ੍ਰਭਾਵ ਰੇਖਾਗਤਤਾ ਨਾਲ ਜੁੜਿਆ ਹੋਇਆ ਨਹੀਂ। ਚੇਤਨਤਾ ਕਦੇ ਵੀ ਆਪਣੀਆਂ ਸੀਮਾਵਾਂ ਨੂੰ ਲੰਘ ਕੇ ਪੁਲਾਂਘੀ ਹੋ ਸਕਦੀ ਹੈ।' ਕੀ ਇਹ ਧਾਰਨਾ ਵਿਗਿਆਨ ਨੂੰ ਸਿਰ ਪਰਨੇ ਖੜ੍ਹਾ ਕਰਨ ਵਾਲੀ ਨਹੀ ਹੈ? ਮਨੁੱਖੀ ਚੇਤਨਾ ਭੌਤਿਕ ਵਿਕਾਸ ਦਾ ਦਿਮਾਗੀ ਝਲਕਾਰਾ ਹੁੰਦਾ ਹੈ। ਜਿਹੜੀ ਵਸਤੂ ਜਾਂ ਗਤੀ ਨੂੰ ਪੰਜ ਗਿਆਨ ਇੰਦਰੀਆਂ ਰਾਹੀਂ ਅਨੁਭਵ ਨਹੀਂ ਕੀਤਾ ਜਾ ਸਕਦਾ, ਹੁਣ ਤੱਕ ਦਾ ਵਿਗਿਆਨਕ ਵਿਕਾਸ ਉਸਦੀ ਹੋਂਦ ਨੂੰ ਸਵੀਕਾਰ ਨਹੀਂ ਕਰਦਾ।

ਵਿਰੋਧ ਵਿਕਾਸੀ ਦਰਸ਼ਨ ਦੀ ਪ੍ਰਸਿੱਧ ਟੂਕ ਹੈ ਕਿ 'ਇਹ ਮਨੁੱਖਾਂ ਦੀ ਚੇਤਨਾ ਨਹੀਂ ਹੈ ਜੋ ਉਨ੍ਹਾਂ ਦੀ ਹੋਂਦ ਨੂੰ ਨਿਰਧਾਰਤ ਕਰਦੀ ਹੈ, ਸਗੋਂ ਇਸਦੇ ਉਲਟ, ਉਨ੍ਹਾਂ ਦੀ ਸਮਾਜਿਕ ਹੋਂਦ ਹੈ ਜੋ ਉਨ੍ਹਾਂ ਦੀ ਚੇਤਨਾ ਨੂੰ ਨਿਰਧਾਰਤ ਕਰਦੀ ਹੈ।' ਮਾਰਕਸਵਾਦ ਦਾ ਸਬੰਧ ਪਦਾਰਥ ਬਨਾਮ ਮਨ ਦੇ ਵਿਰੋਧ ਨਾਲ ਨਹੀਂ ਹੈ, ਬਲਕਿ ਇਹ ਤਾਂ ਹਕੀਕੀ ਸੰਸਾਰ ਅਤੇ ਇਸ ਤੋਂ ਪ੍ਰਾਪਤ ਵਿਚਾਰਾਂ ਨਾਲ ਹੈ। ਇਸ ਅਸਲ ਸੰਸਾਰ ਵਿਚ ਉਹ ਸਭ ਕੁਝ ਸ਼ਾਮਲ ਹੁੰਦਾ ਹੈ ਜਿਸਨੂੰ ਦੇਖਿਆ ਜਾ ਸਕਦਾ ਹੈ - ਭਾਵ, ਉਹ ਹਰ ਚੀਜ਼ ਜਿਸ ਨੂੰ ਪਰਖ ਦੁਆਰਾ ਇਕ ਬਾਹਰਮੁਖੀ ਤੱਥ ਐਲਾਨਿਆ ਜਾ ਸਕਦਾ ਹੈ। ਮਕੈਨੀਕਲ ਭੌਤਿਕਵਾਦ ਇਹ ਮੰਨਦਾ ਹੈ ਕਿ ਸਾਡੇ ਵਿਚਾਰ ਸਾਡੇ ਦਿਮਾਗ ਦੇ ਸੈੱਲਾਂ ਵਿਚ ਪਰਮਾਣੂਆਂ ਦੀ ਗਤੀ ਦੁਆਰਾ ਨਿਰਧਾਰਤ ਕੀਤੇ ਜਾਂਦੇ ਹਨ। ਲੇਕਿਨ ਮਾਰਕਸਵਾਦ ਦਾ ਕਹਿਣਾ ਹੈ ਕਿ ਸਾਡੇ ਸਮਾਜਿਕ ਅਨੁਭਵ ਦੁਆਰਾ ਹੀ ਸਾਡੇ ਵਿਚਾਰਾਂ ਨੂੰ ਨਿਰਧਾਰਿਤ ਕੀਤਾ ਜਾ ਸਕਦਾ ਹੈ। ਇੰਦਰੀਆਂ ਦੁਆਰਾ ਜਾਂ ਸਿੱਧੀਆਂ ਸਰੀਰਕ ਲੋੜਾਂ ਵਜੋਂ ਮਹਿਸੂਸ ਕੀਤਾ ਵਰਤਾਰਾ ਹੀ ਮਨੁੱਖੀ ਚੇਤਨਾ ਦਾ ਅੰਗ ਬਣਦਾ ਹੈ। ਕਥਿਤ ਵਿਸਮਾਦੀ ਪੁਲਾਂਘ ਕਦੇ ਵੀ ਚੇਤਨਾ ਦੇ ਖੇਤਰ 'ਚ ਨਹੀਂ ਪੁੱਟੀ ਜਾਂਦੀ ਸਗੋਂ ਇਹ ਵਰਤਾਰਾ ਪਹਿਲਾਂ ਪਦਾਰਥ ਵਿਚ ਵਾਪਰਦਾ ਹੈ ਅਤੇ ਬਾਅਦ ਵਿਚ ਚੇਤਨਾ ਦਾ ਹਿੱਸਾ ਬਣਦਾ ਹੈ: ਇਹ ਮਸਲਾ ਕਾਮਰੇਡ ਲੈਨਿਨ ਨੇ ਅਲੈਗਜ਼ੈਂਡਰ ਬੋਗਦਾਨੋਬ ਦੇ ਅਜਿਹੇ ਹੀ ਭੰਬਲਭੂਸੇ ਭਰੇ ਵਿਚਾਰਾਂ ਨੂੰ ਮਿਸਮਾਰ ਕਰਨ ਲਈ 'ਮਟੀਰੀਅਲਿਜ਼ਮ ਐਂਡ ਐਂਪੀਰੀਓ-ਕ੍ਰਿਟੀਸਿਜ਼ਮ' ਸਿਰਲੇਖ ਹੇਠ ਆਪਣੀ ਅਹਿਮ ਪੁਸਤਕ ਵਿਚ ਬੜੀ ਚੰਗੀ ਤਰ੍ਹਾਂ ਸਮਝਾਇਆ ਹੋਇਆ ਹੈ: ਸਾਥੀ ਗੁਰਬਚਨ ਸਿੰਘ ਦੇ ਲੇਖਾਂ ਨੂੰ ਪੜ੍ਹਦਿਆਂ ਮੈਨੂੰ ਵਾਰ-ਵਾਰ ਬੋਗਦਾਨੋਬ ਦਾ ਚੇਤਾ ਆਉਂਦਾ ਰਿਹਾ। ਹੈਰਾਨੀ ਹੁੰਦੀ ਹੈ ਕਿ ਦੋ ਸਦੀਆਂ ਤੋਂ ਵੀ ਵੱਧ ਸਮੇਂ ਪਿੱਛੋਂ ਅਲੈਗਜ਼ੈਂਡਰ ਬੋਗਦਾਨੋਬ ਦੀ ਉਦੋਂ ਦੀ ਬੇਚੈਨ ਰੂਹ ਸਾਡੇ ਵੀਰ ਗੁਰਬਚਨ ਸਿੰਘ ਅੰਦਰ ਕਿੱਧਰੋਂ ਆ ਛਾਉਣੀਆਂ ਪਾਈਆਂ ਹਨ!

ਸ. ਗੁਰਬਚਨ ਸਿੰਘ ਲੈਨਿਨ ਨੂੰ ਮਾਰਕਸ ਦੇ ਵਿਰੋਧ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਵਿਚ ਲੈਨਿਨ ਦੀ ਭੰਡੀ ਕਰਦੇ ਹੋਏ ਲਿਖਦੇ ਹਨ: 'ਲੈਨਿਨ ਨੇ 1917 ਦੇ ਇਨਕਲਾਬ ਨੂੰ ਅੱਗੇ ਵਧਾਉਂਦਿਆਂ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫ਼ਿਲਾਸਫ਼ੀ ਦੇ ਬਹੁਤ ਸਾਰੇ ਅਹਿਮ ਪੱਖਾਂ ਨੂੰ ਅਣਗੌਲਿਆ ਕਰ ਦਿੱਤਾ। ਉਸ ਨੇ ਮਨੁੱਖ ਦੇ ਪਦਾਰਥਕ ਵਿਕਾਸ ਉੱਤੇ ਜ਼ੋਰ ਦਿੰਦਿਆਂ, ਉਸ ਦੇ ਸਮਾਜੀ ਤੇ ਆਤਮਿਕ ਵਿਕਾਸ ਨੂੰ ਕੋਈ ਥਾਂ ਨਾ ਦਿੱਤੀ... ਸਰਬੱਤ ਦੇ ਭਲੇ ਦੀ ਕਾਮਨਾ ਕਰਨ ਵਾਲਾ ਮਨੁੱਖ ਸਿਰਜਿਆ ਹੀ ਨਾ ਜਾ ਸਕਿਆ...ਨਵੀਂ ਆਰਥਿਕ ਨੀਤੀ ਨੇ ਮਨੁੱਖ ਦੀਆਂ ਸੀਮਤ ਬੁਨਿਆਦੀ ਲੋੜਾਂ ਦੀ ਪੈਦਾਵਾਰ ਉੱਤੇ ਜ਼ੋਰ ਦੇਣ ਦੀ ਥਾਂ ਸਰਮਾਏਦਾਰਾਂ ਵਾਂਗ ਮਨੁੱਖ ਦੀਆਂ ਖਪਤਕਾਰੀ ਵਸਤੂਆਂ ਦੀ ਪੈਦਾਵਾਰ 'ਤੇ ਜ਼ੋਰ ਦਿੱਤਾ। ਇਹੀ ਕਾਰਨ ਸੀ ਕਿ ਮੁੱਖ ਜ਼ੋਰ ਖੇਤੀਬਾੜੀ ਉਪਰ ਦੇਣ ਦੀ ਬਜਾਇ ਸਾਰਾ ਜ਼ੋਰ ਦੇਸ ਦੇ ਸਨਅਤੀਕਰਨ ਉਪਰ ਲਾ ਦਿੱਤਾ ਗਿਆ ਅਤੇ ਕਿਸਾਨੀ ਨੂੰ ਹਮੇਸ਼ਾ ਲਈ ਨੌਕਰਸ਼ਾਹੀ ਦੇ ਗੁਲਾਮ ਬਣਾ ਦਿੱਤਾ ਗਿਆ।'

ਇਹ ਲੰਬੀ ਟੂਕ ਦੇਣ ਦਾ ਮਕਸਦ ਸ. ਗੁਰਬਚਨ ਸਿੰਘ ਦੀ ਸੋਚ ਵਿਚ ਆਈ ਕਾਣ ਨੂੰ ਦਰਸਾਉਣਾ ਹੈ। ਲੇਖਕ ਨੂੰ ਭਲੀ-ਭਾਂਤ ਪਤਾ ਹੈ ਕਿ 1917-24 ਦੇ ਦੌਰ ਵਿਚ ਰੂਸ ਕਿਹੜੀਆਂ ਹਾਲਤਾਂ ਵਿਚੋਂ ਲੰਘ ਰਿਹਾ ਸੀ। ਅਜੇ ਘਰੇਲੂ ਖਾਨਾਜੰਗੀ ਮੁੱਕੀ ਵੀ ਨਹੀਂ ਸੀ ਕਿ ਰੂਸ ਨੂੰ ਜਰਮਨੀ ਵੱਲੋਂ ਕੀਤੇ ਹਮਲੇ ਦਾ ਸਾਹਮਣਾ ਕਰਨਾ ਪੈ ਗਿਆ। ਪਾਰਟੀ ਦੇ ਸਭ ਤੋਂ ਵਧੀਆ ਕਾਡਰ ਨੂੰ ਜੰਗ ਦੇ ਮੁਹਾਜ਼ 'ਤੇ ਭੇਜਣਾ ਪੈ ਗਿਆ। ਦੂਜੇ ਬੰਨੇ ਜਾਗੀਰਦਾਰਾਂ ਨੇ ਪੇਂਡੂ ਖੇਤਰ ਅੰਦਰ ਤਬਾਹੀ ਮਚਾ ਰੱਖੀ ਸੀ। ਇਹ ਖੂਨ ਖ਼ਰਾਬੇ ਵਾਲੀ ਅਜਿਹੀ ਹਾਲਤ ਸੀ ਕਿ 'ਮਾਂਵਾਂ ਨੂੰ ਪੁੱਤ ਨਹੀਂ ਸਿਆਣਦੇ ਸਨ।' ਰੂਸ ਦੇ ਕਾਮਰੇਡਾਂ ਕੋਲ ਸਮਾਜਵਾਦ ਦਾ ਕੋਈ ਹਾਸਲ ਨਮੂਨਾ ਵੀ ਨਹੀਂ ਸੀ। ਉਹ ਮਾਂਵਾਂ ਦੇ ਪੇਟੋਂ ਤਾਂ ਲਿਖ ਕੇ ਆਏ ਨਹੀਂ ਸਨ। ਇਸ ਲਈ ਕਮਿਊਨਿਸਟ ਸਿਧਾਂਤ ਦੀ ਰੋਸ਼ਨੀ ਵਿਚ ਜੋ ਕੁਝ ਵੀ ਸਮਾਜ ਵਿਚ ਹਾਸਲ ਸੀ, ਉਸੇ ਨਾਲ ਕੰਮ ਚਲਾਉਣਾ ਪਿਆ। ਰੂਸ ਵਿਚ ਉਦੋਂ ਵੀ ਅਜਿਹੇ ਵਿਦਵਾਨਾਂ ਦੀ ਘਾਟ ਨਹੀਂ ਸੀ। ਲੋਕ ਅਕਾਲ ਤੇ ਭੁੱਖਮਰੀ ਨਾਲ ਮਰ ਰਹੇ ਸਨ ਪਰ ਸ. ਗੁਰਬਚਨ ਸਿੰਘ ਜੀ ਫ਼ਤਵਾ ਸੁਣਾ ਰਹੇ ਹਨ ਕਿ ਲੈਨਿਨ ਨੇ ਖਪਤਕਾਰੀ ਵਸਤੂਆਂ ਦੀ ਪੈਦਾਵਾਰ 'ਤੇ ਜ਼ੋਰ ਦੇ ਦਿੱਤਾ। ਪਿੰਡਾਂ ਦੀ ਕਿਸਾਨੀ ਕੁਲਕਾਂ ਦੇ ਜ਼ੁਲਮਾਂ ਥੱਲੇ ਤ੍ਰਾਹ ਤ੍ਰਾਹ ਕਰ ਰਹੀ ਸੀ ਪਰ ਇਹ ਦੱਸ ਰਹੇ ਹਨ ਕਿ ਲੈਨਿਨ ਨੇ ਕਿਸਾਨੀ ਨੂੰ ਨੌਕਰਸ਼ਾਹੀ ਦਾ ਸਦੀਵੀ ਗੁਲਾਮ ਬਣਾ ਦਿੱਤਾ। ਉਹ ਖੇਤੀਬਾੜੀ ਉਪਰ ਜ਼ੋਰ ਨਾ ਦੇਣ ਦਾ ਉਲਾਂਭਾ ਵੀ ਦੇ ਰਹੇ ਹਨ ਪਰ ਕੀ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਮਾਰਕਸ ਦੇ ਮਾਰਕਸਵਾਦ ਅੰਦਰ ਕਿਸਾਨੀ ਦੀ ਹੋਂਦ ਤੇ ਹੋਣੀ ਬਾਰੇ ਕੀ ਕੁਝ ਲਿਖਿਆ ਮਿਲਦਾ ਹੈ। ਉਨ੍ਹਾਂ ਨੇ ਮਾਰਕਸ-ਐਂਗਲਜ਼ ਦੇ ਜਰਮਨੀ ਤੇ ਫਰਾਂਸ ਵਿਚ ਕਿਸਾਨੀ ਸਵਾਲ ਬਾਰੇ ਲੇਖ ਤਾਂ ਜ਼ਰੂਰ ਪੜ੍ਹੇ ਹੋਣਗੇ।

ਇਹ ਠੀਕ ਹੈ ਕਿ ਕਾਮਰੇਡ ਲੈਨਿਨ ਦਾ ਸਮਾਜਵਾਦ ਦਾ ਤਜਰਬਾ ਬੁਰੀ ਤਰ੍ਹਾਂ ਅਸਫ਼ਲ ਹੋਇਆ ਤੇ ਇਸ ਅਸਫ਼ਲਤਾ ਦੇ ਕਾਰਨਾਂ ਨੂੰ ਜਾਣਨ ਲਈ ਪਿਛਲੀ ਲਗਪਗ ਪੌਣੀ ਸਦੀ ਤੋਂ ਪੰਜ-ਸੱਤ ਜਾਂ ਦਸ ਨਹੀਂ ਸਗੋਂ ਸੈਂਕੜੇ ਧੁਰੰਤਰ ਵਿਦਵਾਨ ਇਸ ਕਹਾਣੀ ਨੂੰ ਸਮਝਣ ਲਈ ਖੌਜਲਦੇ ਆ ਰਹੇ ਹਨ। ਇਸ ਖੇਤਰ ਵਿਚ ਚਾਰਲਸ ਬੈਟਲਹਾਈਮ, ਪਾਲ ਸਵਿਜੀ ਜਾਂ ਪ੍ਰੋ. ਰਣਧੀਰ ਸਿੰਘ ਵਰਗੇ ਦਿਓ ਕੱਦ ਅਤੇ ਪ੍ਰਤੀਬੱਧ ਵਿਦਵਾਨਾਂ ਨੇ ਆਪਣੀ ਪੂਰੀ ਪੂਰੀ ਉਮਰ ਲਗਾ ਕੇ ਕੰਮ ਕੀਤਾ ਹੋਇਆ ਹੈ। ਤਿੰਨ-ਚਾਰ ਸਾਲ ਪਹਿਲਾਂ ਗੁਰਬਚਨ ਸਿੰਘ ਨੇ ਵੀ 'ਖੱਬੇਪੱਖੀ ਲਹਿਰ ਦਾ ਮੁੜ ਉਭਾਰ' ਸਿਰਲੇਖ ਹੇਠਲੇ ਆਪਣੇ ਲੇਖ ਵਿਚ ਪ੍ਰੋ. ਰਣਦੀਰ ਸਿੰਘ ਦੇ ਇਸੇ ਕੰਮ ਦੀ ਉਚੇਚੇ ਤੌਰ 'ਤੇ ਚਰਚਾ ਕੀਤੀ ਸੀ: ਤਾਂ ਫਿਰ ਗੁਰਬਚਨ ਸਿੰਘ ਬਾਈ ਦਾ ਇਹ ਫਤਵਾ ਸਿਰ ਨਿਵਾ ਕੇ ਕਿੰਜ ਸਵੀਕਾਰ ਕਰ ਲਿਆ ਜਾਵੇ ਕਿ ਲੈਨਿਨ ਵਲੋਂ ਮਾਰਕਸ ਦੀ ਵਿਕਸਿਤ ਭੌਤਿਕਵਾਦੀ ਫਿਲਾਸਫੀ ਨੂੰ ਨਾ ਸਮਝਣ ਕਾਰਨ ਹੀ ਰੂਸ ਵਿਚ ਸਮਾਜਵਾਦੀ ਸਮਾਜ ਬਣਾਉਣ ਦੇ ਤਜਰਬੇ ਦੀ ਸਾਰੀ ਜੜ੍ਹ ਪੁੱਟੀ ਗਈ ਸੀ।



ਸਰਦਾਰ ਸਾਹਿਬ ਅੱਗੇ ਲਿਖਦੇ ਹਨ ਕਿ 'ਲੈਨਿਨ ਨੇ ਕਮਿਊਨਿਜ਼ਮ ਨੂੰ ਨਾਸਤਿਕਤਾ ਨਾਲ ਬੰਨ੍ਹ ਕੇ, ਮਾਰਕਸ ਵੱਲੋਂ ਵਿਕਸਿਤ ਕੀਤੇ ਕੁਦਰਤ ਤੇ ਮਨੁੱਖ ਦੇ ਆਪਸੀ ਰਿਸ਼ਤੇ ਨੂੰ ਹੀ ਮਨੁੱਖ ਦੀ ਚੇਤਨਾ ਵਿਚੋਂ ਮਨਫੀ ਕਰ ਦਿੱਤਾ।' ਇਸ ਤੋਂ ਅੱਗੇ ਉਹ ਵਿਗਿਆਨਕ ਸਮਾਜਵਾਦ ਅਤੇ ਵਿਰੋਧੀ ਵਿਕਾਸੀ ਮਾਰਕਸਵਾਦ ਵਿਚ ਮਸਨੂਈ ਵੰਡ ਦਾ ਝੇੜਾ ਛੇੜ ਲੈਂਦੇ ਹਨ। ਇਕ ਪਾਸੇ ਉਹ ਲੈਨਿਨ ਉਪਰ ਕਮਿਊਨਿਜ਼ਮ ਨੂੰ ਨਾਸਤਿਕਤਾ ਨਾਲ ਬੰਨ੍ਹਣ ਦਾ ਦੋਸ਼ ਲਾਉਂਦੇ ਹਨ ਅਤੇ ਦੂਜੇ ਪਾਸੇ ਵਿਰੋਧਵਿਕਾਸੀ ਪਦਾਰਥਵਾਦ (ਭਾਵ ਮਾਰਕਸ-ਐਂਗਲਜ਼) ਨੂੰ ਨਾਸਤਿਕਤਾਵਾਦੀ ਅਤੇ ਧਰਮ ਦਾ ਕੱਟੜ ਵਿਰੋਧੀ ਦੱਸਦੇ ਹਨ।

ਮੈਨੂੰ ਤਾਂ ਅਜੇ ਇਹ ਸਮਝ ਨਹੀਂ ਲੱਗੀ ਕਿ ਕੀ ਉਹ ਮਾਰਕਸ ਦੀ ਨਾਸਤਿਕ ਹੋਣ ਵਜੋਂ ਸਿਫ਼ਤ ਕਰ ਰਹੇ ਹਨ? ਲੈਨਿਨ ਵੱਲੋਂ ਕਮਿਊਨਿਜ਼ਮ ਨੂੰ ਨਾਸਤਿਕਤਾ ਨਾਲ ਬੰਨ੍ਹਣ ਤੋਂ ਉਨ੍ਹਾਂ ਦੀ ਕੀ ਮੁਰਾਦ ਹੈ ਜਦੋਂਕਿ ਕਮਿਊਨਿਜ਼ਮ ਦਾ ਆਧਾਰ ਹੀ ਮਾਰਕਸਵਾਦ ਤੇ ਵਿਰੋਧ ਵਿਕਾਸੀ ਪਦਾਰਥਵਾਦ ਹੈ।

ਸ. ਗੁਰਬਚਨ ਸਿੰਘ ਖੁਦ ਕਮਿਊਨਿਸਟ ਰਹੇ ਹਨ ਅਤੇ ਜਾਣਦੇ ਹਨ ਕਿ ਮਾਰਕਸਵਾਦ ਅਨੁਸਾਰ ਸਮਾਜਿਕ ਵਿਗਿਆਨ ਅਤੇ ਕੁਦਰਤੀ ਵਿਗਿਆਨ ਦੋਵਾਂ ਦਾ ਆਧਾਰ ਹੀ ਵਿਰੋਧ ਵਿਕਾਸੀ ਪਦਾਰਥਵਾਦ ਹੈ, ਪਰੰਤੂ ਸਮਾਜ ਵਿਗਿਆਨ ਦੇ ਨਿਯਮ ਅੰਕ ਗਣਿਤ ਜਾਂ ਭੌਤਿਕ ਵਿਗਿਆਨ ਵਾਂਗ ਨਿਸ਼ਚਤ ਸੂਤਰਾਂ ਅਨੁਸਾਰ ਨਹੀਂ ਚੱਲਦੇ। ਸਮਾਜ ਵਿਗਿਆਨ ਦੀਆਂ ਧਾਰਨਾਵਾਂ ਪਦਾਰਥਕ ਹਾਲਤਾਂ ਵਿਚ ਤਬਦੀਲੀ ਆਉਣ ਨਾਲ ਬਦਲ ਜਾਂਦੀਆਂ ਹਨ। ਮਾਰਕਸ ਦੇ ਸਮਿਆਂ ਵਿਚ ਸਮਾਜ 'ਪੂੰਜੀਵਾਦੀ ਮੁਕਾਬਲੇ' ਦੇ ਦੌਰ ਵਿਚੋਂ ਲੰਘ ਰਿਹਾ ਸੀ। ਉਦੋਂ ਪੂੰਜੀਵਾਦ ਨੇ ਕੁਦਰਤ ਅਤੇ ਵਾਤਾਵਰਨ ਦੀ ਉਹ ਬਰਬਾਦੀ ਨਹੀਂ ਕੀਤੀ ਸੀ, ਜੋ ਅਜ਼ਾਰੇਦਾਰਾ ਸਰਮਾਏ ਭਾਵ ਸਾਮਰਾਜਵਾਦ ਦੇ ਦੌਰ ਵਿਚ ਸ਼ੁਰੂ ਹੋ ਚੁੱਕੀ ਸੀ ਅਤੇ ਇਸ ਵੇਲੇ ਕੁਦਰਤ, ਮਨੁੱਖ ਤੇ ਵਾਤਾਵਰਨ ਦੀ ਤਬਾਹੀ ਆਪਣੀ ਚਰਮ ਸੀਮਾ 'ਤੇ ਪਹੁੰਚ ਚੁੱਕੀ ਹੈ। ਲੈਨਿਨ ਦਾ ਦੌਰ ਸਾਮਰਾਜੀ ਸਰਮਾਏ ਦਾ ਦੌਰ ਸੀ, ਇਸ ਲਈ ਨਵੀਆਂ ਹਾਲਤਾਂ ਵਿਚ ਮਾਰਕਸ ਦੀ ਮਾਰਕਸਵਾਦੀ ਵਿਚਾਰਧਾਰਾ ਵਿਚ ਰਣਨੀਤੀ ਤੇ ਕਾਰਜਨੀਤੀ ਵਿਚ ਵਾਧੇ ਕਰਨੇ ਜ਼ਰੂਰੀ ਹੋ ਗਏ ਸਨ। ਇਸ ਵਰਤਾਰੇ ਨੂੰ ਮਾਰਕਸਵਾਦ ਨਾਲ਼ੋਂ ਦੂਰੀ ਦੀ ਬਜਾਏ ਇਸ ਵਿਚਲੇ ਨਿਰੰਤਰ ਵਿਕਾਸ ਵਜੋਂ ਲੈਣਾ ਚਾਹੀਦਾ ਹੈ। ਅੰਤੋਨੀਓ ਗ੍ਰਾਮਸ਼ੀ, ਹਰਬਰਟ ਮਾਰਕਿਊਜ਼ ਅਤੇ ਜਾਰਜ ਲੂਕਾਸ ਵਰਗੇ ਅਨੇਕਾਂ ਨਵੇਂ ਚਿੰਤਕਾਂ ਨੇ ਲੈਨਿਨ ਨੂੰ ਵੀਹਵੀਂ ਸਦੀ ਦਾ ਸਭ ਤੋਂ ਵੱਡਾ ਮਾਰਕਸਵਾਦੀ ਸਿਧਾਂਤਕਾਰ ਸਵੀਕਾਰ ਕੀਤਾ ਹੋਇਆ ਹੈ।

ਠੋਸ ਇਤਿਹਾਸਕ ਸਥਿਤੀਆਂ ਵਿਚ ਵਿਰੋਧਵਿਕਾਸੀ ਪਦਾਰਥਵਾਦ ਦੀਆਂ ਸਿਧਾਂਤਕ ਅਤੇ ਵਿਹਾਰਕ ਲੋੜਾਂ ਸਦਕਾ ਲੈਨਿਨਵਾਦ ਇਸ ਦਵੰਦਵਾਦੀ ਵਿਧੀ ਦਾ ਅਗਲੇਰਾ ਵਿਕਾਸ ਹੈ। ਲੈਨਿਨ ਉਪਰ ਦੋਸ਼ ਲੱਗਦੇ ਰਹੇ ਹਨ ਕਿ ਉਹ ਮਾਰਕਸਵਾਦ ਤੋਂ ਦੂਰ ਜਾ ਰਿਹਾ ਹੈ ਜਾਂ ਮਕੈਨੀਕਲ ਢੰਗ ਨਾਲ ਲਾਗੂ ਕਰ ਰਿਹਾ ਹੈ। ਹਰਬਰਟ ਮਾਰਕਿਊਜ ਇਸ ਸਥਿਤੀ ਉਪਰ ਟਿੱਪਣੀ ਕਰਦੇ ਹਨ ਕਿ 'ਜੇਕਰ ਲੈਨਿਨ ਦੀ ਮਾਰਕਸ ਵੱਲ ਵਾਪਸੀ ਦੀ ਗੱਲ ਕੀਤੀ ਜਾਵੇ, ਤਾਂ ਲੈਨਿਨ ਨੇ ਖੁਦ ਨੂੰ ਆਪਣੀ ਪਾਰਟੀ ਦੇ ਸੰਗੀ ਸਾਥੀਆਂ ਤੋਂ ਨਿਖੇੜਣ ਦੇ ਅਰਥਾਂ ਵਿਚ ਹੀ ਉਹ ਮਾਰਕਸ ਕੋਲ ਵਾਪਸ ਪਰਤਿਆ ਹੈ। ਉਸ ਵੇਲੇ ਲੈਨਿਨ ਦੇ ਬਹੁਤ ਸਾਰੇ ਸਾਥੀ ਦਵੰਦਵਾਦ ਨੂੰ ਵੀ ਸਤਹੀ ਤੌਰ 'ਤੇ ਹੀ ਸਮਝਦੇ ਸਨ ਅਤੇ ਇਸ ਨੂੰ ਕੁੱਢਰ ਢੰਗ ਨਾਲ ਲਾਗੂ ਕਰਦੇ ਸਨ।'

ਲੈਨਿਨ ਜਾਂ ਕਿਸੇ ਵੀ ਕਮਿਊਨਿਸਟ ਆਗੂ ਦੀ ਪੜਚੋਲ ਕਰਨ ਵੇਲੇ ਸਾਨੂੰ ਮਾਰਕਸ ਦੀ ਇਸ ਪ੍ਰਸਿੱਧ ਟੂਕ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ, 'ਦੁਨੀਆ ਭਰ ਦੇ ਚਿੰਤਕਾਂ ਨੇ ਇਸ ਸਮਾਜ ਦੀ ਵੱਖ ਵੱਖ ਢੰਗਾਂ ਨਾਲ ਵਿਆਖਿਆ ਕੀਤੀ ਹੈ, ਪਰ ਅਸਲ ਸਵਾਲ ਤਾਂ ਇਸ ਸਮਾਜ ਨੂੰ ਬਦਲਣ ਦਾ ਹੈ।'

ਹਰਚਰਨ ਸਿੰਘ ਪਰਿਹਾਰ ਨੇ ਆਪਣੇ ਲੇਖ 'ਪੰਜਾਬ ਵਿਚ ਕਮਿਊਨਿਸਟ ਧਿਰਾਂ ਅਤੇ ਸਿੱਖ ਵਿਦਵਾਨਾਂ ਦੀ ਪਹੁੰਚ ਦੇ ਮਸਲੇ' (28 ਜਨਵਰੀ 2023) ਵਿਚ ਇਹ ਜਾਣਨ ਦੀ ਕੋਸ਼ਿਸ਼ ਕੀਤੀ ਸੀ ਕਿ 'ਸਮਝ ਨਹੀਂ ਆਉਂਦੀ ਕਿ ਸ. ਗੁਰਬਚਨ ਸਿੰਘ ਅਤੇ ਉਨ੍ਹਾਂ ਦਾ ਪੁਰਾਣਾ ਸਾਥੀ ਸ. ਅਜਮੇਰ ਸਿੰਘ ਕਾਮਰੇਡ ਉਗਰਾਹਾਂ ਤੇ ਉਸਦੀ ਜਥੇਬੰਦੀ 'ਤੇ ਕਿਉਂ ਤਪੇ ਪਏ ਹਨ।' ਬੇਸ਼ੱਕ ਜੋਗਿੰਦਰ ਸਿੰਘ ਉਗਰਾਹਾਂ ਨੇ ਕਦੇ ਵੀ 'ਕਾਮਰੇਡ' ਹੋਣ ਦਾ ਦਾਅਵਾ ਨਹੀਂ ਕੀਤਾ, ਪਰ ਸਿੱਖ ਵਿਦਵਾਨਾਂ ਵੱਲੋਂ ਹਮੇਸ਼ਾ ਹੀ ਉਗਰਾਹਾਂ ਨੂੰ ਕਮਿਊਨਿਸਟ ਦੇ ਤੌਰ 'ਤੇ ਭੰਡਿਆ ਜਾਂਦਾ ਹੈ। ਸਿੱਖ ਭਾਈਚਾਰੇ ਵਿਚ ਕਿਸੇ ਨੂੰ ਭੰਡਣ ਲਈ ਉਸਨੂੰ ਕਾਮਰੇਡ, ਨਾਸਤਿਕ ਜਾਂ ਸਿੱਖ ਵਿਰੋਧੀ ਕਹਿ ਦੇਣਾ ਬਹੁਤ ਸੌਖਾ ਕੰਮ ਹੈ। ਪਰੰਤੂ ਕਿਸਾਨ ਲਹਿਰ ਦੇ ਇਕ ਵੱਡੇ ਆਗੂ ਜਿਸ ਨੇ ਆਪਣੀ ਜਵਾਨੀ ਤੇ ਬੁਢਾਪਾ ਕਿਸਾਨ ਲਹਿਰ ਨੂੰ ਜਥੇਬੰਦ ਕਰਨ ਲਈ ਝੋਕ ਰੱਖਿਆ ਹੋਵੇ, ਨੂੰ ਬੇਬੁਨਿਆਦ ਆਧਾਰਾਂ 'ਤੇ ਭੰਡ ਕੇ ਕੀ ਕਿਸਾਨ ਲਹਿਰ ਵਿਚੋਂ ਨਿਖੇੜਿਆ ਜਾ ਸਕਦਾ ਹੈ? ਇਹ ਦੋਵੇਂ ਸਿੱਖ ਵਿਦਵਾਨ ਕਿਸੇ ਵੇਲੇ ਉਸੇ ਰਾਜਨੀਤੀ ਵਾਲੀ ਜਥੇਬੰਦੀ ਨਾਲ ਲੰਬਾ ਸਮਾਂ ਕੰਮ ਕਰਦੇ ਰਹੇ ਸਨ। ਇਨ੍ਹਾਂ ਨੇ ਆਪਣਾ ਵੱਖਰਾ ਧੜਾ ਬਣਾ ਕੇ ਆਪਣੇ ਪੁਰਾਣੇ ਸਾਥੀਆਂ ਨੂੰ ਖਦੇੜਨ ਦੀ ਪੂਰੀ ਵਾਹ ਲਗਾ ਦਿੱਤੀ ਸੀ। ਉਗਰਾਹਾਂ ਤੇ ਉਸ ਦੇ ਸਾਥੀਆਂ ਨੇ ਆਪਣੀ ਸਮਝ ਅਤੇ ਸਮਰੱਥਾ ਨਾਲ ਸਾਲਾਂਬੱਧੀ, ਪੂਰੀ ਤਨਦੇਹੀ ਨਾਲ ਪੰਜਾਬ ਦੇ ਪੇਂਡੂ ਖੇਤਰਾਂ ਦੇ ਮਿਹਨਤਕਸ਼ ਲੋਕਾਂ ਨੂੰ ਲਾਮਬੱਧ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਤਿਹਾਸਕ ਕਿਸਾਨ ਮੋਰਚੇ ਵਿਚ ਉਨ੍ਹਾਂ ਦੀ ਬਹੁਤ ਹੀ ਸੁਯੋਗ ਅਗਵਾਈ ਵੀ ਕੀਤੀ। ਕੀ ਇਹ ਸੱਚ ਨਹੀਂ ਹੈ? ਸ. ਗੁਰਬਚਨ ਸਿੰਘ ਨੇ ਪਰਹਾਰ ਦੀ ਸ਼ੰਕਾ ਨਵਿਰਤ ਕਰਨ ਦੀ ਬਜਾਏ ਆਪਣੇ ਅਗਲੇ ਲੇਖ ਵਿਚ ਉਗਰਾਹਾਂ ਨੂੰ ਇਉਂ ਪੇਸ਼ ਕਰ ਦਿੱਤਾ, ਜਿਵੇਂ ਕਿਤੇ ਉਹ ਹੀ ਸਮੁੱਚੇ ਸੰਸਾਰ ਦੀਆਂ ਮੁਸ਼ਕਲਾਂ ਲਈ ਜ਼ਿੰਮੇਵਾਰ ਹੋਵੇ। ਸ. ਗੁਰਬਚਨ ਸਿੰਘ ਵਰਗੇ ਗੁਣਵਾਨ ਲੇਖਕ ਕੋਲ਼ੋਂ ਅਜਿਹੀ 'ਸਿਰਪਾੜੂ' ਟਿੱਪਣੀ ਦੀ ਆਸ ਨਹੀਂ ਸੀ।

22 ਅਕਤੂਬਰ, 2022 ਨੂੰ ਪੰਜਾਬ ਟਾਈਮਜ਼ ਵਿਚ ਛਪੇ 'ਨੇਸ਼ਨ ਸਟੇਟ ਬਨਾਮ ਖਾਲਿਸਤਾਨ' ਸਿਰਲੇਖ ਵਾਲੇ ਆਪਣੇ ਅਹਿਮ ਲੇਖ ਵਿਚ ਉਹ ਲਿਖਦੇ ਹਨ, 'ਅੱਜ ਰੂਸ ਅਤੇ ਚੀਨ ਵਿਚ ਸਾਮਰਾਜੀ ਮਾਇਆਧਾਰੀਆਂ ਦਾ ਰਾਜ ਹੈ ਅਤੇ 'ਉਗਰਾਹਾਂ' ਵਰਗੇ ਕੁੱਝ ਲੋਕ ਟਰੇਡ ਯੂਨੀਅਨ ਦੇ ਝੰਡੇ ਹੇਠ ਸਾਮਰਾਜੀ ਖਪਤਕਾਰੀ ਦੀ ਜੂਠ ਉੱਤੇ ਪਲਦੇ ਹੋਏ, ਉਨ੍ਹਾਂ ਮਹਾਨ ਕਮਿਊਨਿਸਟ ਸ਼ਹਾਦਤਾਂ ਦੇ ਇਤਿਹਾਸ ਨਾਲ ਖਿਲਵਾੜ ਕਰ ਰਹੇ ਹਨ। ਰੂਸ ਅਤੇ ਯੂਕਰੇਨ ਦੀ ਜੰਗ ਵੀ ਇਸੇ 'ਨੇਸ਼ਨ ਸਟੇਟ' ਦੀ ਦੇਣ ਹੈ, ਜਿਸਨੇ ਸਮੁੱਚੀ ਮਨੁੱਖਤਾ ਦੀ ਹੋਂਦ ਹੀ ਦਾਅ ਉਤੇ ਲਾ ਦਿੱਤੀ ਹੈ।'

ਅਜਿਹੀ ਕੌੜੀ ਟਿੱਪਣੀ ਕਰਦੇ ਸਮੇਂ ਉਹ ਗੁਰਬਾਣੀ ਦੀਆਂ ਮਹਾਨ ਸਿੱਖਿਆਵਾਂ ਨੂੰ ਵੀ ਭੁੱਲ ਗਏ:

'ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ।
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥'
(ਅੰਗ-੧੫)

'ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥ (ਅੰਗ-੪੬੩)

ਸ. ਗੁਰਬਚਨ ਸਿੰਘ ਨੂੰ ਨਿਮਾਣੀ ਜਿਹੀ ਗੁਜ਼ਾਰਿਸ਼ ਹੈ ਕਿ ਕੀ ਉਹ ਕੋਈ ਠੋਸ ਸਬੂਤ ਪੇਸ਼ ਕਰ ਸਕਦੇ ਹਨ ਕਿ

1. ਰੂਸ ਅਤੇ ਚੀਨ ਅੰਦਰ ਸਾਮਰਾਜੀ ਮਾਇਆਧਾਰੀਆਂ ਦਾ ਰਾਜ ਸਥਾਪਤ ਕਰਨ ਵਿਚ ਉਗਰਾਹਾਂ ਦੀ ਕੀ ਭੂਮਿਕਾ ਰਹੀ ਹੈ?

2. ਉਗਰਾਹਾਂ ਵਰਗੇ ਲੋਕ ਸਾਮਰਾਜੀ ਖਪਤਕਾਰੀ ਦੀ ਜੂਠ ਉਪਰ 'ਤੇ ਕਿਵੇਂ ਪਲ ਰਹੇ ਹਨ?

3. ਇਹ ਸੱਜਣ ਖੁਦ ਸਾਮਰਾਜੀ ਖਪਤਕਾਰੀ ਦੀ ਜੂਠ ਤੋਂ ਕਿਵੇਂ ਮੁਕਤ ਹਨ?

4. ਉਗਰਾਹਾਂ ਵਰਗੇ ਲੋਕ ਮਹਾਨ ਕਮਿਊਨਿਸਟ ਸ਼ਹਾਦਤਾਂ ਦੇ ਇਤਿਹਾਸ ਨਾਲ ਕਿਵੇਂ ਖਿਲਵਾੜ ਕਰ ਰਹੇ ਹਨ ਅਤੇ ਤੁਹਾਡੇ ਵਰਗੇ ਪੰਥਕ ਵਿਦਵਾਨਾਂ ਨੇ ਸ਼ਹਾਦਤਾਂ ਦੇ ਇਸ ਮਹਾਨ ਇਤਿਹਾਸ ਨੂੰ ਬੁਲੰਦ ਕਰਨ ਲਈ ਪਹਿਲਾਂ ਕੀ ਕੀਤਾ ਸੀ ਅਤੇ ਇਸ ਵੇਲੇ ਕੀ ਯੋਗਦਾਨ ਪਾ ਰਹੇ ਹੋ...? ਵੈਸੇ ਤਾਂ ਯੋਗਦਾਨ ਅਜਮੇਰ ਸਿੰਘ ਦਾ ਸਭ ਤੋਂ ਵੱਡਾ ਦਿਸਦਾ ਹੀ ਹੈ: ਤਿੰਨ ਸਦੀਆਂ ਤੋਂ ਕੌਮ ਦੇ ਸੁੱਤੇ ਪਏ ਅਵਚੇਤਨ ਨੂੰ ਜਗਾਉਣ

*(ਬਾਕੀ ਸਫਾ 21 'ਤੇ)*

# ਆਸਕਰ ਐਵਾਰਡ -2023

95ਵਾਂ ਆਸਕਰ ਐਵਾਰਡ ਪ੍ਰੋਗਰਾਮ ਡੋਲਬੀ ਥਿਏਟਰ ਲਾਸ ਏਂਜਲਸ ਵਿਚ 12 ਮਾਰਚ, 2023 ਐਤਵਾਰ ਨੂੰ ਹੋ ਰਿਹਾ ਹੈ। ਹਰ ਸਾਲ ਵਾਂਗ ਇਸ ਵਾਰ ਵੀ 'ਆਸਕਰ ਐਵਾਰਡ ਤੇ ਨੌਮੀਨੇਸ਼ਨ-2023' ਵਿਸ਼ੇ 'ਤੇ ਸੈਮੀਨਾਰ ਪਿਛਲੇ ਦਿਨੀਂ ਨਿਊ ਲਿੰਕਨ ਪੈਰੀ ਹਾਲ, ਸ਼ਿਕਾਗੋ ਵਿਚ ਹੋਇਆ, ਜਿਸ ਵਿਚ ਫਿਲਮ ਸਨਅਤ, ਫਿਲਮੀ ਚੈਨਲ ਦੇ ਐਡੀਟਰ, ਫਿਲਮੀ ਰਿਪੋਰਟਰ ਅਤੇ ਸਿਨੇ ਪ੍ਰੇਮੀ ਸ਼ਾਮਲ ਹੋਏ। ਇਸ ਮੌਕੇ ਆਮ ਚਰਚਾ ਸੀ ਕਿ ਇਸ ਵਾਰ ਆਸਕਰ ਐਵਾਰਡ ਦੀਆਂ ਸਾਰੀਆਂ ਹੀ 23 ਸ਼੍ਰੇਣੀਆਂ ਵਿਚ ਮੁਕਾਬਲਾ ਕਾਫੀ ਸਖ਼ਤ ਹੈ।

ਇਸ ਵਾਰ ਆਸਕਰ ਦੀ ਬਿਹਤਰੀਨ ਫਿਲਮਾਂ ਦੀ ਸ੍ਰੇਣੀ ਵਿਚ ਸ਼ਾਮਲ ਫਿਲਮਾਂ 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ' 'ਫੈਬਲਮੈਨਸ', 'ਦਿ ਬੈਨਿਸ਼ ਆਫ ਇੰਨਸ਼ਿਰਨ, 'ਅਵਤਾਰ-ਦਿ ਵੇਅ ਆਫ ਵਾਟਰ, 'ਐਲਵਿਸ' 'ਐਵਰੀਥਿੰਗ ਏਵਰੇਅਰ ਆਲ ਐਟ ਵੰਨਸ' 'ਟਾਰ', 'ਦਿ ਟੌਪ ਗੰਨ ਮੈਵਰਿਕ', 'ਵਿਮੈਨ ਟਾਕਿੰਗ', 'ਟਰੈਂਗਲ ਆਫ ਸੈਡਨਸ' ਹਨ। ਇਨ੍ਹਾਂ ਫਿਲਮਾਂ ਨੂੰ ਦੁਨੀਆਂ ਭਰ ਵਿਚ ਦਰਸ਼ਕਾਂ ਨੇ ਬਹੁਤ

**ਸੁਰਿੰਦਰ ਸਿੰਘ ਭਾਟੀਆ**
**ਫੋਨ: 224-829-1437**

ਪਸੰਦ ਕੀਤਾ ਹੈ। ਇਨ੍ਹਾਂ ਫਿਲਮਾਂ ਨੇ ਬਾਕਸ ਆਫਿਸ 'ਤੇ ਵਾਹਵਾ ਕਮਾਈ ਕੀਤੀ ਹੈ। ਇਸ ਲਈ ਹਰ ਸ਼੍ਰੇਣੀ ਵਿਚ ਫਿਲਮਾਂ ਦੀ ਆਪਸ ਵਿਚ ਇਨਾਮ ਜਿੱਤਣ ਲਈ ਕਾਂਟੇ ਦੀ ਟੱਕਰ ਹੈ।


'ਮਿਸ਼ੇਲ ਯੋਹ' ਸਰਵੋਤਮ ਅਭਿਨੇਤਰੀ ਸ਼੍ਰੇਣੀ ਵਿਚ ਨਾਮਜ਼ਦ ਪਹਿਲੀ ਏਸ਼ੀਅਨ ਔਰਤ ਹੈ। ਇਸ ਤੋਂ ਇਲਾਵਾ, ਇਕ ਹੀ ਫਿਲਮ ਵਿਚੋਂ 'ਐਵਰੀਥਿੰਗ ਏਵਰੇਅਰ ਆਲ ਐਟ ਵੰਨਸ' ਰਾਹੀਂ 'ਯੋਹ' ਦੀ ਸਰਬੋਤਮ ਅਭਿਨੇਤਰੀ ਨਾਮਜ਼ਦਗੀ ਅਤੇ 'ਕੇ ਹੁਏ ਕਵਾਨ' ਦੇ ਸਰਬੋਤਮ ਸਹਾਇਕ ਅਦਾਕਾਰ ਦੇ ਨਾਮਜ਼ਦਗੀ ਨਾਲ ਜੋੜੀ ਬਣ ਗਈ, ਇਹ ਪਹਿਲੀ ਵਾਰ ਹੈ ਜਦੋਂ ਏਸ਼ੀਅਨ ਕਲਾਕਾਰਾਂ ਨੂੰ ਇਕੋ ਸਾਲ ਵਿਚ ਕਈ ਅਦਾਕਾਰੀ ਸ਼੍ਰੇਣੀਆਂ ਵਿਚ ਨਾਮਜ਼ਦ ਕੀਤਾ ਗਿਆ ਹੈ। 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ' ਸਭ ਤੋਂ ਵਧੀਆ ਫਿਲਮ ਲਈ ਨਾਮਜ਼ਦ ਹੋਣ ਵਾਲੀ ਪੰਦਰਵੀਂ ਸਰਵੋਤਮ ਅੰਤਰਰਾਸ਼ਟਰੀ ਫੀਚਰ ਫਿਲਮ ਹੈ। 90 ਸਾਲ ਦੀ ਉਮਰ ਵਿਚ, ਜੌਨ ਵਿਲੀਅਮਜ਼ ਆਸਕਰ ਦੇ ਇਤਿਹਾਸ ਵਿਚ ਸਭ ਤੋਂ ਵੱਧ ਉਮਰ ਦੇ (ਫਿਲਮ 'ਫੈਬਲਮੈਨਸ' ਲਈ) ਪ੍ਰਤੀਯੋਗੀ ਨਾਮਜ਼ਦ ਵਿਅਕਤੀ ਬਣੇ ਹਨ।

ਭਾਰਤ ਵਲੋਂ ਸਰਕਾਰੀ ਤੌਰ 'ਤੇ ਬਿਹਤਰੀਨ ਵਿਦੇਸ਼ੀ ਫਿਲਮ ਵਰਗ ਵਿਚ ਭੇਜੀ ਗਈ ਨਿਰਦੇਸ਼ਕ ਪੀ. ਨਾਲੀਨ ਦੀ 'ਦਿ ਲਾਸਟ ਸ਼ੋਅ (ਛੈਲੋ ਸ਼ੋਅ)' ਸ਼ਾਰਟ ਲਿਸਟ ਤਾਂ ਹੋਈ ਪਰ ਫਾਈਨਲ 5 ਦੀ ਲਿਸਟ ਲਈ ਨਹੀਂ ਚੁਣੀ ਗਈ, ਪਰ ਭਾਰਤ ਦੀ ਪਿੱਠਭੂਮੀ 'ਤੇ ਬਣੀ ਫਿਲਮ 'ਦਿ ਐਲੀਫੈਂਟ ਵ੍ਹਿਸਪਰਰਜ਼' 'ਸ਼ਾਰਟ ਡਾਕੂਮੈਂਟਰੀ ਸ਼੍ਰੇਣੀ' ਆਸਕਰ ਐਵਾਰਡ' ਵਿਚ ਅੰਤਿਮ 5 ਫਿਲਮਾਂ ਵਿਚ ਥਾਂ ਬਣਾਉਣ ਵਿਚ ਕਾਮਯਾਬ ਹੋਈ ਹੈ। ਇਸ ਫਿਲਮ ਦੀ ਨਿਰਮਾਤਾ ਗੁਨੀਤ ਮੋਂਗਾ ਤੇ ਅਚਿਨ ਜੈਨ ਹੈ। ਕਹਾਣੀ ਇਕ ਪਰਿਵਾਰ ਦੇ ਆਲੇ ਦੁਆਲੇ ਘੁੰਮਦੀ ਹੈ ਜੋ ਰਿਜ਼ਰਵ ਪਾਰਕ ਵਿਚੋਂ ਅਨਾਥ ਹਾਥੀ ਲੈ ਕੇ ਆਉਂਦਾ ਹੈ। ਇਸ ਫਿਲਮ ਦੀ ਨਿਰਦੇਸ਼ਕਾ 'ਕਾਰਤਿਕੀ ਗੋਨਸਾਲਵਿਸ' ਹੈ ਤੇ ਉਹ ਨੀਲਗੀਰ ਵਿਚ ਰਹਿੰਦੀ ਹੈ। ਫਿਲਮ ਆਰ.ਆਰ.ਆਰ ਦਾ ਗੀਤ 'ਨਾਟੂ ਨਾਟੂ' ਵੀ ਮੌਲਿਕ ਗੀਤ ਦੀ ਸ਼੍ਰੇਣੀ ਵਿਚ ਆਸਕਰ ਐਵਾਰਡ ਦੀ ਦੌੜ ਵਿਚ ਹੈ। ਇਸ ਤੋਂ ਇਲਾਵਾ ਸ਼ੌਨਕ ਸੈਨ, ਅੰਮਨ ਮਾਨ ਤੇ ਟੈਡੀ ਟੀਮ ਦੀ ਫਿਲਮ 'ਆਲ ਦੈਟ ਬ੍ਰੈਥ' ਵੀ 'ਬਿਹਤਰੀਨ ਡਾਕੂਮੈਂਟਰੀ ਫੀਚਰ' ਫਿਲਮ ਵਰਗ ਦੇ ਮੁਕਾਬਲੇ ਵਿਚ ਹੈ।

**ਸ਼ਾਰਟ ਡਾਕੂਮੈਂਟਰੀ ਸ਼੍ਰੇਣੀ:** ਇਸ ਕੈਟੇਗਰੀ ਵਿਚ 'ਦਿ ਐਲੀਫੈਂਟ ਵ੍ਹਿਸਪਰਰਜ਼', 'ਹਾਲ ਆਊਟ', 'ਹਉ ਡੂ ਯੂ ਮਈਅਰ ਏ ਯੀਅਰ?', 'ਦਿ ਮਾਰਥਾ ਮਿਸ਼ੇਲ ਇਫੈਕਟ', 'ਦਿ ਸਟ੍ਰੇਂਜਰ ਐਟ ਦਿ ਗੇਟ' ਸ਼ਾਮਲ ਹਨ।

**ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ:** ਇਸ ਸ਼੍ਰੇਣੀ ਵਿਚ 'ਆਲ ਦੈਟ ਬ੍ਰੈਥ', 'ਆਲ ਦਿ ਬਿਊਟੀ ਐਂਡ ਬਲੱਡਸ਼ੈਡ', 'ਫਾਇਰ ਆਫ ਲਵ', 'ਏ ਹਾਊਸ ਮੇਡ ਆਫ ਸਪਲਿੰਟਰਸ' ਤੇ 'ਨਾਵਾਲਨੀ' ਹਨ। ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ ਵਰਗ ਵਿਚ 'ਫਾਇਰ ਆਫ ਲਵ' ਤੇ 'ਆਲ ਦਿ ਬਿਊਟੀ ਐਂਡ ਬਲੱਡਸ਼ੈਡ.' ਦੀ ਟੱਕਰ ਹੈ, ਪਰ ਇਨਾਮ ਲਈ ਚੁਣੇ ਜਾਣ ਦੀ ਸੰਭਾਵਨਾ 'ਫਾਇਰ ਆਫ ਲਵ' ਦੀ ਹੈ, ਭਾਵੇਂ 'ਨਾਵਾਲਨੀ' ਬ੍ਰਿਟਿਸ਼ ਫਿਲਮ ਐਂਡ ਟੈਲੀਵੀਜ਼ਨ ਐਵਾਰਡ-23 (ਬਾਫਟਾ ਸੰਸਥਾ) ਦਾ ਇਨਾਮ ਜਿੱਤ ਚੁੱਕੀ ਹੈ।


**ਅਡਾਪਟਿਡ ਸਕਰੀਨਪਲੇਅ:** ਅਡਾਪਟਿਡ ਸਕਰੀਨਪਲੇਅ ਲਈ ਨਾਮਜ਼ਦ ਹੋਏ ਹਨ ਫਿਲਮ 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ' ਦੇ ਲੇਖਕ ਐਡਵਰਡ ਬਰਜਰ, ਲੈਸਲੀ










ਪੈਟਰਸਨ ਅਤੇ ਇਆਨ ਸਟੋਕਲ, 'ਗਲਾਸ ਓਨੀਅਨ' ਦੇ ਲੇਖਕ ਰਿਆਨ ਜੌਹਨਸਨ, 'ਲੀਵਿੰਗ' ਦੇ ਲੇਖਕ ਕਾਜ਼ੂਓ ਇਸ਼ੀਗੁਰੋ, 'ਦਿ ਟੌਪ ਗੰਨ ਮੈਵਰਿਕ' ਦੇ ਲੇਖਕ ਏਹਰੇਨ ਕਰੂਗਰ ਅਤੇ ਐਰਿਕ ਵਾਰੇਨ ਸਿੰਗਰ ਅਤੇ ਕ੍ਰਿਸਟੋਫਰ ਮੈਕਕੁਆਰੀ ਦੁਆਰਾ ਸਕ੍ਰੀਨਪਲੇਅ ਹੈ ਤੇ ਪੀਟਰ ਕਰੈਗ ਅਤੇ ਜਸਟਿਨ ਮਾਰਕਸ ਦੁਆਰਾ ਕਹਾਣੀ ਲਿਖੀ ਹੈ। 'ਵਿਮੈੱਨ ਟਾਕਿੰਗ' ਦੀ ਲੇਖਕ ਸਾਰਾ ਹੈ। ਫਿਲਮ 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ' ਦੇ ਲੇਖਕ ਐਡਵਰਡ ਬਰਜਰ, ਲੈਸਲੀ ਪੈਟਰਸਨ ਅਤੇ ਇਆਨ ਸਟੋਕਲ ਦੀ ਟੀਮ ਬਾਫਟਾ ਵਿਚ ਇਨਾਮ ਜਿੱਤ ਚੁੱਕੀ ਹੈ।

**ਬਿਹਤਰੀਨ ਮੌਲਿਕ ਸਕੋਰ:** ਬਿਹਤਰੀਨ ਮੌਲਿਕ ਸਕੋਰ ਵਿਚ 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ', 'ਬੇਬੀਲੋਨ', 'ਦਿ ਬੈਨਿਸ਼ ਆਫ ਇੰਨਸ਼ਿਰਨ', 'ਐਵਰੀਥਿੰਗ ਏਵਰੇਅਰ ਆਲ ਐਟ ਵੰਨਸ ਤੇ 'ਫੈਬਲਮੈਨਸ' ਹਨ। 'ਫੈਬਲਮੈਨਸ' ਤੇ 'ਬੇਬੀਲੋਨ' ਦੇ ਇਨਾਮ ਜਿੱਤਣ ਦੀ ਸੰਭਾਵਨਾ ਵੱਧ ਹੈ।

**ਬਿਹਤਰੀਨ ਮੌਲਿਕ ਗੀਤ ਸ਼੍ਰੇਣੀ:** ਇਸ ਸ਼੍ਰੇਣੀ ਵਿਚ ਗੀਤ 'ਆਪਲ੍ਰਸ' (ਟੈੱਲ ਇਟ ਲਾਈਕ ਏ ਵਿਮੈਨ) 'ਹੋਲਡ ਮਾਈ ਹੈਂਡ' (ਟੌਪ ਗੰਨ ਮੇਵਰਿਕ), 'ਲਿਫਟ ਮੀ ਅੱਪ' (ਬਲੈਕ ਪੈਂਥਰ.), 'ਨਾਟੂ ਨਾਟੂ' (ਆਰ ਆਰ ਆਰ) ਅਤੇ 'ਦਿਸ ਇਜ਼ ਲਾਈਫ' (ਐਵਰੀਥਿੰਗ ਏਵਰੇਅਰ ਆਲ ਐਟ ਵੰਨਸ) ਹਨ। 'ਨਾਟੂ ਨਾਟੂ' (ਆਰ ਆਰ ਆਰ) ਦਾ ਗੀਤ 'ਗੋਲਡਨ ਗਲੋਬ ਐਵਾਰਡ-2023' ਵਿਚ ਇਨਾਮ ਜਿੱਤ ਚੁੱਕਾ ਹੈ।

ਬਿਹਤਰੀਨ ਫਿਲਮ ਐਵਾਰਡ

ਬਿਹਤਰੀਨ ਫਿਲਮ ਐਵਾਰਡ ਦੀ ਦੌੜ ਵਿਚ 'ਫੈਬਲਮੈਨਸ', 'ਦਿ ਬੈਨਿਸ਼ ਆਫ ਇੰਨਸ਼ਿਰਨ, 'ਅਵਤਾਰ- ਦਿ ਵੇਅ ਆਫ ਵਾਟਰ', 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ' 'ਐਲਵਿਸ' 'ਐਵਰੀਥਿੰਗ ਏਵਰੇਅਰ ਆਲ ਐਟ ਵੰਨਸ, 'ਟਾਰ', 'ਦਿ ਟੌਪ ਗੰਨ ਮੈਵਰਿਕ', 'ਵਿਮੈਨ ਟਾਕਿੰਗ', 'ਟਰੈਂਗਲ ਆਫ ਸੈਡਨੈੱਸ' ਕੁਲ 10 ਫਿਲਮਾਂ ਸ਼ਾਮਲ ਹਨ। 'ਐਲਵਿਸ' ਸਭ ਤੋਂ ਅੱਗੇ ਹੈ। ਇਸ ਨੇ ਹਾਲ ਹੀ ਵਿਚ ਬ੍ਰਿਟਿਸ਼ ਫਿਲਮ ਐਂਡ ਟੈਲੀਵਿਜ਼ਨ ਐਵਾਰਡ (ਬਾਫਟਾ) ਸਮਾਰੋਹ ਵਿਚ ਬਿਹਤਰੀਨ ਫਿਲਮ ਦਾ ਇਨਾਮ ਹਾਸਲ ਕੀਤਾ ਹੈ। 'ਅਵਤਾਰ-ਦਿ ਵੇਅ ਆਫ ਵਾਟਰ' ਅਤੇ 'ਫੈਬਲਮੈਨਸ' ਵੀ ਫਿਲਮ ਸਮੀਖਿਅਕਾਂ ਦੀ ਪਸੰਦ ਬਣੀ ਹੋਈ ਹੈ। 'ਫੈਬਲਮੈਨਸ' ਨੇ ਗੋਲਡਨ ਗਲੋਬ-23 ਵਿਚ ਇਨਾਮ ਜਿੱਤਿਆ ਹੈ।

**ਸਰਵੋਤਮ ਅਭਿਨੇਤਾ:** ਸਰਵੋਤਮ ਅਭਿਨੇਤਾ ਦੀ ਦੌੜ ਵਿਚ ਆਸਟਿਨ ਬਟਲਰ (ਐਲਵਿਸ) ਕੋਲਿਨ ਫਰੇਲ (ਦਿ ਬੈਨਿਸ਼ ਆਫ ਇੰਨਸ਼ਿਰਨ) ਬ੍ਰੈਂਡਨ ਫਰੇਜ਼ਰ (ਵ੍ਹੇਲ) ਪਾਲ ਮੇਸਕਲ (ਆਫਟਰ ਸਨ) ਬਿੱਲ ਨਿਘੀ (ਲੀਵਿੰਗ) ਸ਼ਾਮਲ ਹਨ। ਪਰ ਆਸਟਿਨ ਬਟਲਰ (ਐਲਵਿਸ) ਨੂੰ ਐਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾਂਦੀ ਹੈ। ਉਸ ਨੇ ਅਮਰੀਕੀ ਗਾਇਕ ਐਲਵਿਸ ਦਾ ਰੋਲ ਕੀਤਾ ਹੈ, ਜਿਸ ਨੇ ਉਸ ਵਿਚ ਜਾਨ ਪਾ ਦਿੱਤੀ ਹੈ। ਉਹ ਇਸੇ ਸਾਲ ਗੋਲਡਨ ਗਲੋਬ ਵਿਚ ਵੀ ਬਿਹਤਰੀਨ ਅਦਾਕਾਰ ਦਾ ਇਨਾਮ ਜਿੱਤ ਚੁੱਕਾ ਹੈ। ਉਹ ਬਾਫਟਾ-23 ਵਿਚ ਵੀ ਬਿਹਤਰੀਨ ਅਦਾਕਾਰ ਦਾ ਖਿਤਾਬ ਹਾਸਲ ਕਰ ਚੁੱਕੇ ਹਨ। ਉਸ ਦਾ ਨਾਂ ਸਭ ਤੋਂ ਉਪਰ ਹੈ। ਕੋਲਿਨ ਫਰੇਲ ਨੇ (ਦਿ ਬੈਨਿਸ਼ ਆਫ ਇੰਨਸ਼ਿਰਨ) ਵਿਚ ਕਿਰਦਾਰ ਨਿਭਾ ਕੇ ਚੰਗੀ ਵਾਹ ਵਾਹ ਖੱਟੀ ਹੈ। ਇਸ ਸ਼੍ਰੇਣੀ ਵਿਚ ਐਕਟਰ ਬਿੱਲ ਨਿਘੀ (ਲੀਵਿੰਗ) ਦੇ ਨਾਂ ਦੀ ਵੀ ਕਾਫੀ ਚਰਚਾ ਹੈ।

**ਸਰਵੋਤਮ ਨਿਰਦੇਸ਼ਕ:** ਸਰਵੋਤਮ ਨਿਰਦੇਸ਼ਕ ਵਰਗ ਵਿਚ ਮਾਰਟਿਨ ਮੈਕਡੋਨਾਗ (ਦਿ ਬੈਨਿਸ਼ ਆਫ ਇੰਨਸ਼ਿਰਨ), ਡੈਨੀਅਲ ਕਵਾਨ ਅਤੇ ਡੈਨੀਅਲ ਸ਼ੀਨਰਟ (ਐਵਰੀਥਿੰਗ ਏਵਰੇਅਰ ਆਲ ਐਟ ਵੰਨਸ), ਸਟੀਵਨ ਸਪੀਲਬਰਗ (ਫੈਬਲਮੈਨਸ), ਟੌਡ ਫੀਲਡ (ਟਾਰ)', ਰੁਬੇਨ ਓਸਟਲੰਡ (ਟਰੈਂਗਲ ਆਫ ਸੈਡਨਸ) ਦੇ ਨਾਂ ਸ਼ਾਮਲ ਹਨ। ਇਸ ਵਾਰ ਸਟੀਵਨ ਸਪੀਲਬਰਗ ਨੂੰ ਦਾਅਵੇਦਾਰ ਸਮਝਿਆ ਜਾ ਰਿਹਾ ਹੈ। ਉਹ 2023 ਦੇ ਗੋਲਡਨ ਗਲੋਬ ਵਿਚ ਵੀ ਬਿਹਤਰੀਨ ਨਿਰਦੇਸ਼ਕ ਦਾ ਇਨਾਮ ਜਿੱਤ ਚੁੱਕਾ ਹੈ। ਉਸ ਦੇ ਨਿਰਦੇਸ਼ਨ ਦੀ ਬਹੁਤ ਚਰਚਾ ਹੈ। ਇਸ ਤੋਂ ਇਲਾਵਾ ਤਜਰਬੇਕਾਰ ਰੁਬੇਨ ਓਸਟਲੰਡ ਵੀ ਦੌੜ ਵਿਚ ਹੈ। ਨਿਰਦੇਸ਼ਕ ਟੌਡ ਫੀਲਡ (ਟਾਰ) ਵੀ ਫਿਲਮੀ ਸੰਸਾਰ ਵਿਚ ਬਹੁਤ ਮਸ਼ਹੂਰ ਹੈ ਤੇ ਪਿਛਲੇ ਇਕ ਦਹਾਕੇ ਤੋਂ ਕਈ ਲਾਜਵਾਬ ਫਿਲਮਾਂ ਬਣਾ ਕੇ ਨਾਮਣਾ ਖੱਟ ਚੁੱਕਾ ਹੈ।

**ਸਰਵੋਤਮ ਅਦਾਕਾਰਾ:** ਸਰਵੋਤਮ ਅਦਾਕਾਰਾਂ ਵਿਚ ਕੇਟ ਬਲੈਂਚੇਟ (ਟਾਰ), ਐਨਾ ਡੇ ਆਰਮਾਸ (ਬਲਾਨਡੀ), ਐਂਡਰੀਆ ਰਾਈਜ਼ਬਰੋ (ਟੂ ਲੈਸਲੀ) ਮਿਸ਼ੇਲ ਵਿਲੀਅਮਜ਼ (ਫੈਬਲਮੈਨਸ) ਮਿਸ਼ੇਲ ਯੋਹ (ਐਵਰੀਥਿੰਗ ਏਵਰੇਅਰ ਆਲ ਐਟ ਵੰਨਸ) ਹਨ। ਕੇਟ ਬਲੈਂਚੇਟ ਨੇ ਟਾਰ ਵਿਚ ਬਹੁਤ ਉਮਦਾ ਅਦਾਕਾਰੀ ਕੀਤੀ ਹੈ। ਇਸ ਦੌੜ ਵਿਚ ਕੇਟ ਬਲੈਂਚੇਟ (ਟਾਰ) ਦੀ ਖੂਬ ਚਰਚਾ ਹੈ। ਉਹ ਇਸ ਸਾਲ ਗੋਲਡਨ ਗਲੋਬ ਵਿਚ ਸਰਵੋਤਮ ਅਦਾਕਾਰਾ ਦਾ ਇਨਾਮ ਜਿੱਤ ਚੁੱਕੀ ਹੈ। ਬਾਫਟਾ-2023 ਵਿਚ ਵੀ ਬਿਹਤਰੀਨ ਅਦਾਕਾਰਾ ਦਾ ਖਿਤਾਬ ਹਾਸਲ ਕਰ ਚੁੱਕੀ ਹੈ।

**ਬਿਹਤਰੀਨ ਸਹਾਇਕ ਅਭਿਨੇਤਾ:** ਬਿਹਤਰੀਨ ਸਹਾਇਕ ਅਭਿਨੇਤਾ ਦੀ ਦੌੜ ਵਿਚ ਬ੍ਰੈਂਡਨ ਗਲੀਸਨ (ਦਿ ਬੈਨਿਸ਼ ਆਫ ਇੰਨਸ਼ਿਰਨ), ਬ੍ਰਾਇਨ ਟਾਇਰੀ ਹੈਨਰੀ (ਕਾਜ਼ਵੇਅ) ਜੁਡ ਹਰਸ਼ (ਫੈਬਲਮੈਨਸ) ਬੈਰੀ ਕੇ ਓਘਾਨ (ਦਿ ਬੈਨਿਸ਼ ਆਫ ਇੰਨਸ਼ਿਰਨ), ਕੇ ਹੁਏ ਕਵਾਨ (ਐਵਰੀਥਿੰਗ ਏਵਰੇਅਰ ਆਲ ਐਟ ਵੰਨਸ) ਸ਼ਾਮਲ ਹਨ। ਜੁਡ ਹਰਸ਼ (ਫੈਬਲਮੈਨਸ) ਨੂੰ ਐਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾ ਰਹੀ ਹੈ। ਪਰ ਕੇ ਹੁਏ ਕਉਨ ਇਸ ਸਾਲ ਗੋਲਡਨ ਗਲੋਬ ਵਿਚ ਸਰਵੋਤਮ ਸਹਾਇਕ ਅਦਾਕਾਰ ਦਾ ਇਨਾਮ ਜਿੱਤ ਚੁੱਕਾ ਹੈ। ਬੈਰੀ ਕੇ ਓਘਾਨ ਬਾਫਟਾ 'ਚ ਵੀ ਬਿਹਤਰੀਨ ਸਹਾਇਕ ਐਕਟਰ ਦਾ ਖਿਤਾਬ ਹਾਸਿਲ ਕਰ ਚੁੱਕਾ ਹੈ, ਪਰ ਆਸਕਰ ਐਵਾਰਡ ਵਿਚ ਬ੍ਰਾਇਨ ਟਾਇਰੀ ਹੈਨਰੀ ਅਤੇ ਕੇ ਹੁਏ ਕਉਨ ਵੀ ਦੌੜ ਵਿਚ ਕਾਫੀ ਨਜ਼ਦੀਕ ਸਮਝੇ ਜਾ ਰਹੇ ਹਨ।

**ਸਰਵੋਤਮ ਸਹਾਇਕ ਅਭਿਨੇਤਰੀ:** ਸਰਵੋਤਮ ਸਹਾਇਕ ਅਭਿਨੇਤਰੀ ਵਰਗ ਵਿਚ ਐਂਜੇਲਾ ਬਾਸੇਟ (ਬਲੈਕ ਪੈਂਥਰ: ਵਾਕਾਂਡਾ) ਹਾਂਗ ਚਾਉ (ਵ੍ਹੇਲ) ਕੈਰੀ ਕੌਂਡਨ (ਦਿ ਬੈਨਿਸ਼ ਆਫ ਇੰਨਸ਼ਿਰਨ), ਜੈਮੀ ਲੀ ਕਰਟਿਸ (ਐਵਰੀਥਿੰਗ ਏਵਰੇਅਰ ਆਲ ਐਟ ਵਨਸ) ਸਟੈਫਨੀ (ਐਵਰੀਥਿੰਗ ਏਵਰੇਅਰ ਆਲ ਐਟ ਵਨਸ) ਹਨ। ਪਰ ਐਂਜੇਲਾ ਬਾਸੇਟ ਦੇ ਇਨਾਮ ਜਿੱਤਣ ਬਾਰੇ ਚਰਚਾ ਹੈ। ਇਸ ਸਾਲ ਗੋਲਡਨ ਗਲੋਬ ਵਿਚ ਸਰਵੋਤਮ ਸਹਾਇਕ ਅਦਾਕਾਰਾ ਦਾ ਇਨਾਮ ਜਿੱਤ ਚੁੱਕੀ ਹੈ। ਸਟੈਫਨੀ ਵੀ ਪੁਰਸਕਾਰ ਲਈ ਹੱਕਦਾਰ ਸਮਝੀ ਜਾ ਰਹੀ ਹੈ। ਕੈਰੀ ਕੌਂਡਨ ਦੇ ਨਾਂ ਦੀ ਵੀ ਚਰਚਾ ਹੈ। ਉਸ ਨੇ ਬਾਫਟਾ-2023 ਵਿਚ ਵੀ ਬਿਹਤਰੀਨ ਸਹਾਇਕ ਅਭਿਨੇਤਰੀ ਦਾ ਖਿਤਾਬ ਹਾਸਲ ਕੀਤਾ ਹੈ।

**ਬਿਹਤਰੀਨ ਮੌਲਿਕ ਪਟਕਥਾ:** ਇਸ ਵਰਗ ਵਿਚ ਫਿਲਮ ਮਾਰਟਿਨ ਮੈਕਡੋਨਾਗ (ਦਿ ਬੈਨਿਸ਼ ਆਫ ਇੰਨਸ਼ਿਰਨ), ਡੈਨੀਅਲ ਕਵਾਨ ਅਤੇ ਡੈਨੀਅਲ ਸ਼ੀਨਰਟ (ਐਵਰੀਥਿੰਗ ਏਵਰੇਅਰ ਆਲ ਐਟ ਵੰਨਸ), ਸਟੀਵਨ ਸਪੀਲਬਰਗ ਤੇ ਟੌਨੀ (ਫੈਬਲਮੈਨਸ), ਟੌਡ ਫੀਲਡ (ਟਾਰ), ਰੁਬੇਨ ਓਸਟਲੰਡ (ਟਰੈਂਗਲ ਆਫ ਸੈਡਨੈੱਸ) ਦੇ ਨਾਂ ਸ਼ਾਮਲ ਹਨ। ਇਸ ਵਾਰ ਮਾਰਟਿਨ ਮੈਕਡੋਨਾਗ (ਦਿ ਬੈਨਿਸ਼ ਆਫ ਇੰਨਸ਼ਿਰਨ) ਨੂੰ ਦਾਅਵੇਦਾਰ ਸਮਝਿਆ ਜਾ ਰਿਹਾ ਹੈ। ਮਾਰਟਿਨ ਮੈਕਡੋਨਾਗ ਦਾ ਸਕਰੀਨ ਪਲੇਅ ਸਭ ਤੋਂ ਵੱਧ ਪਸੰਦ ਕੀਤਾ ਜਾ ਰਿਹਾ ਹੈ, ਉਹ ਬਾਫਟਾ-23 ਤੇ ਗੋਲਡਨ ਗਲੋਬ-23 ਵਿਚ ਇਨਾਮ ਜਿੱਤ ਚੁੱਕਿਆ ਹੈ। ਰੁਬੇਨ ਓਸਟਲੰਡ (ਟਰੈਂਗਲ ਆਫ ਸੇਡਨੈਸ), ਟੌਡ ਫੀਲਡ (ਟਾਰ) ਫਿਲਮ ਦੇ ਸਕਰੀਨ ਪਲੇਅ ਇਸ ਨੂੰ ਟੱਕਰ ਦੇ ਰਹੇ ਹਨ।

**ਬਿਹਤਰੀਨ ਐਨੀਮੇਸ਼ਨ ਫੀਚਰ ਫਿਲਮ:** ਬਿਹਤਰੀਨ ਐਨੀਮੇਸ਼ਨ ਫੀਚਰ ਫਿਲਮ ਵਰਗ ਵਿਚ (ਗੁਲੇਰਮੋ ਡੇਲ ਟੋਰੋ ਪਿਨੋਚਿਓ), (ਗੁਇਲੇਰਮੋ ਡੇਲ ਟੋਰੋ, ਮਾਰਕ ਗੁਸਤਾਫਸਨ, ਗੈਰੀ ਉਨਗਰ ਅਤੇ ਐਲੇਕਸ ਬਲਕਲ) 'ਮਾਰਸੇਲ ਦੀ ਸ਼ੈਲ ਵਿਦ ਸੂ ਆਨ' (ਡੀਨ ਫਲੀਸ਼ਰ ਕੈਂਪ, ਐਲਿਜ਼ਾਬੈਥ ਹੋਲਮ, ਐਂਡਰਿਊ ਗੋਲਡਮੈਨ, ਕੈਰੋਲੀਨ ਕਪਲਾਨ ਅਤੇ ਪਾਲ ਮੇਜ਼ੀ) 'ਪੱਸ ਇਨ ਬੂਟ: ਲਾਸਟ ਵਿਸ਼' (ਜੋਏਲ ਕ੍ਰਾਫੋਰਡ ਅਤੇ ਮਾਰਕ ਸਵਿਫਟ) 'ਦਿ ਸੀ ਬੀਸਟ' (ਕ੍ਰਿਸ ਵਿਲੀਅਮਜ਼ ਅਤੇ ਜੇਡ ਸ਼ੈਲੈਂਜਰ) 'ਦਿ ਟਰਨਿੰਗ ਰੈਡ' ਡੋਮੀ ਸ਼ੀ ਅਤੇ ਲਿੰਡਸੇ ਕੋਲਿਨਜ਼ ਸ਼ਾਮਲ ਹਨ, ਪਰ 'ਪੱਸ ਇਨ ਬੂਟ: ਲਾਸਟ ਵਿਸ਼' ਮੁਕਾਬਲੇ ਵਿਚ ਕਾਫੀ ਅੱਗੇ ਹੈ।

**ਬੈਸਟ ਐਨੀਮੇਟਡ ਸ਼ਾਰਟ ਫਿਲਮ:** ਇਸ ਕੈਟੇਗਰੀ ਵਿਚ 'ਦਿ ਬੁਆਏ, ਦਿ ਮੋਲ, ਦਿ ਫੌਕਸ ਐਂਡ ਦਿ ਹੋਰਸ' (ਚਾਰਲੀ ਮੈਕਸੀ ਅਤੇ ਮੈਥਿਊ ਫਰਾਉਡ) 'ਦਿ ਫਲਾਇੰਗ ਸੇਲਰ' (ਅਮਾਂਡਾ ਫੋਰਬਿਸ ਅਤੇ ਵੈਂਡੀ ਟਿਲਬੀ) 'ਆਈਸ ਮਰਚੈਂਟ' (ਜੋਆਓ ਗੋਂਜ਼ਾਲੇਜ਼ ਅਤੇ ਬਰੂਨੋ ਕੈਟਾਨੋ) 'ਮਾਈ ਯੀਅਰ ਆਫ ਡੀਕਸ' (ਸਾਰਾ ਗੁਨਾਰਸਡੋਟੀਰ ਅਤੇ ਪਾਮੇਲਾ ਰਿਬਨ) 'ਵਨ ਓਸਟਰੀਚ ਟੋਲਡ ਮੀ ਦੈਟ ਵਰਲਡ ਇਜ਼ ਫੇਕ ਐਂਡ ਆਈ ਥਿੰਕ ਆਈ ਬੀਲੀਵ ਇਟ' (ਐਲ ਪੈਨਡਰਾਗਾਉਨ) ਨਾਮਜ਼ਦ ਹਨ।


**ਬੈਸਟ ਲਾਈਵ ਐਕਸ਼ਨ ਸ਼ਾਰਟ ਮੂਵੀ:** ਬੈਸਟ ਲਾਈਵ ਐਕਸ਼ਨ ਸ਼ਾਰਟ ਮੂਵੀ ਵਿਚ 'ਐਨ ਆਇਰਿਸ਼ ਗੁਡਬਾਏ' (ਟੌਮ ਬਰਕਲੇ ਅਤੇ ਰੌਸ ਵ੍ਹਾਈਟ) ਇਵਾਲੂ (ਐਂਡਰਸ ਵਾਲਟਰ ਅਤੇ ਰੇਬੇਕਾ ਪਰੂਜਨ) 'ਲੇ ਪੁਪਿਲ' (ਐਲਿਸ ਰੋਹਰਵਾਚਰ ਅਤੇ ਅਲਫਾਂਸੋ ਕੁਆਰੋਨ) 'ਨਾਈਟ ਰਾਈਡ' (ਏਰਿਕ ਟਵੀਟਨ ਅਤੇ ਗੌਟ ਲਿਡ ਲਾਰਸੇਨ) 'ਰੈਡ ਸੂਟਕੇਸ' ਸਾਇਰਸ ਨੇਸ਼ਵਾਦ ਨਾਮਜ਼ਦ ਹਨ। 'ਲੇ ਪੁਪਿਲ' (ਐਲਿਸ ਰੋਹਰਵਾਚਰ ਅਤੇ ਅਲਫਾਂਸੋ ਕੁਆਰੋਨ) ਦੇ ਇਨਾਮ ਜਿੱਤਣ ਦੀ ਉਮੀਦ ਹੈ।

**ਬੈਸਟ ਵਿਜ਼ੂਅਲ ਇਫੈਕਟਸ:** ਬੈਸਟ ਵਿਜ਼ੂਅਲ ਇਫੈਕਟਸ ਮੂਵੀ ਵਿਚ 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ' (ਫਰੈਂਕ ਪੇਟਜ਼ੋਲਡ, ਵਿਕਟਰ ਮੂਲਰ, ਮਾਰਕਸ ਫਰੈਂਕ ਅਤੇ ਕਾਮਿਲ ਜਾਫਰ) 'ਅਵਤਾਰ- ਦਿ ਵੇਅ ਆਫ ਵਾਟਰ' (ਜੋ ਲੈਟੇਰੀ, ਰਿਚਰਡ ਬੈਨਹੈਮ, ਐਰਿਕ ਸੈਨਡਨ ਅਤੇ ਡੈਨੀਅਲ ਬੈਰੇਟ) 'ਦਿ ਬੈਟਮੈਨ' (ਡੈਨ ਲੈਮਨ, ਰਸਲ ਅਰਲ, ਐਂਡਰਸ ਲੈਂਗਲੈਂਡਜ਼ ਅਤੇ ਡੋਮਿਨਿਕ ਟੂਹੀ) 'ਬਲੈਕ ਪੈਂਥਰ: ਵਕੰਡਾ ਫਾਰਐਵਰ' (ਜਿਓਫਰੀ ਬੌਮੈਨ, ਕ੍ਰੇਗ ਹੈਮੈਕ, ਆਰ. ਕ੍ਰਿਸਟੋਫਰ ਵ੍ਹਾਈਟ ਅਤੇ ਡੈਨ ਸੁਡਿਕ) 'ਟੌਪ ਗਨ: ਮੈਵੇਰਿਕ' (ਰਿਆਨ ਤੁਧੋਪ, ਸੇਠ ਹਿੱਲ, ਬ੍ਰਾਇਨ ਲਿਟਸਨ ਅਤੇ ਸਕਾਟ ਆਰ. ਫਿਸ਼ਰ) ਸ਼ਾਮਲ ਹਨ।

**ਬਿਹਤਰੀਨ ਸਿਨੇਮਾਟੋਗ੍ਰਾਫੀ:** ਬਿਹਤਰਨੀਨ ਸਿਨੇਮਾਟੋਗ੍ਰਾਫੀ ਵਿਚ 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ' (ਜੇਮਜ਼ ਫ੍ਰੈਂਡ) 'ਬਾਰਡੋ, ਫਾਲਸ ਕਰੋਨਾਈਲੀਜ਼ ਆਫ ਏ ਹੈਂਡਫੁਲ ਆਫ ਟਰੁਥ' (ਦਾਰੂਸ਼ੀ ਖਾਂਦਜੀ), 'ਐਲਵਿਸ' (ਮੈਂਡੀ ਵਾਕਰ), 'ਐਂਪਾਇਰ ਆਫ ਲਾਈਟ (ਰੋਜਰ ਡੀਕਿੰਸ), 'ਟਾਰ' (ਫਲੋਰੀਅਨ ਹੋਫਮੀਸਟਰ) ਨਾਮਜ਼ਦ ਹੋਈਆਂ ਹਨ। ਇਨ੍ਹਾਂ ਫਿਲਮਾਂ ਵਿਚੋਂ 'ਐਂਪਾਇਰ ਆਫ ਲਾਈਟ (ਰੋਜਰ ਡੀਕਿੰਸ) ਦੇ ਮੋਰਚਾ ਮਾਰ ਲੈਣ ਦੀ ਸੰਭਾਵਨਾ ਵੱਧ ਹੈ, (ਰੋਜਰ ਡੀਕਿੰਸ) ਨੇ ਇਹ ਫਿਲਮ ਸ਼ੂਟ ਕਰਨ ਲਈ ਕਈ ਨਵੇਂ ਐਂਗਲ ਪ੍ਰਯੋਗ ਕਰ ਕੇ ਚੰਗੀ ਵਾਹਵਾ ਖੱਟੀ ਹੈ। 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ' ਤੇ 'ਐਲਵਿਸ' ਦੀ ਸਿਨੇਮਾਟੋਗ੍ਰਾਫੀ ਵੀ ਕਾਫੀ ਲਾਜਵਾਬ ਹੈ।

**ਬਿਹਤਰੀਨ ਫਿਲਮ ਐਡੀਟਿੰਗ:** ਬਿਹਤਰੀਨ ਫਿਲਮ ਐਡੀਟਿੰਗ ਵਿਚ 'ਦਿ ਬੈਨਿਸ਼ ਆਫ ਇੰਨਸ਼ਿਰਨ' (ਮਿਕੇਲ ਈ.ਜੀ. ਨੀਲਸਨ)

# ਭਾਰਤੀ ਫਿਲਮੀ ਗੀਤ 'ਨਾਟੂ ਨਾਟੂ', ਫਿਲਮ 'ਦਿ ਐਲੀਫੈਂਟ ਵ੍ਹਿਸਪਰਰਜ਼' ਤੇ 'ਆਲ ਦੈਟ ਬ੍ਰੈੱਥਸ' 95ਵੇਂ ਆਸਕਰ ਐਵਾਰਡ ਲਈ ਦਾਅਵੇਦਾਰ!



*ਡੈਨੀ ਬੋਇਲੇ ਤੇ ਫਿਲਮ ਨਗਰੀ ਦੇ ਸੁਰਿੰਦਰ ਸਿੰਘ ਭਾਟੀਆ।*

ਪਹਿਲਾ ਅਕੈਡਮੀ ਐਵਾਰਡ (ਆਸਕਰ ਐਵਾਰਡ) 16 ਮਈ 1629 ਵਿਚ ਹੋਇਆ ਸੀ। ਇਸ ਸਾਲ 95ਵਾਂ ਆਸਕਰ ਐਵਾਰਡ ਸਮਾਗਮ ਡੋਲਬੀ ਥਿਏਟਰ ਵਿਚ 12 ਮਾਰਚ 2023 ਨੂੰ ਹੋਣ ਜਾ ਰਿਹਾ ਹੈ। ਭਾਰਤ ਵਲੋਂ ਸਰਕਾਰੀ ਤੌਰ 'ਤੇ ਬਿਹਤਰੀਨ ਵਿਦੇਸ਼ੀ ਫਿਲਮ ਵਰਗ ਵਿਚ ਭੇਜੀ ਗਈ ਨਿਰਦੇਸ਼ਕ ਪੀ. ਨਾਲੀਨ ਦੀ 'ਦਿ ਲਾਸਟ ਸ਼ੋਅ (ਛੈਲੋ ਸ਼ੋਅ)' ਸ਼ਾਰਟ ਲਿਸਟ ਤਾਂ ਹੋਈ ਪਰ ਫਾਈਨਲ 5 ਦੀ ਲਿਸਟ ਲਈ ਨਹੀਂ ਚੁਣੀ ਗਈ। ਭਾਰਤੀ ਫਿਲਮ (ਆਰ.ਆਰ.ਆਰ) ਦਾ 'ਨਾਟੂ ਨਾਟੂ' ਗੀਤ ਆਸਕਰ ਦੇ 'ਬਿਹਤਰੀਨ ਮੌਲਿਕ ਗੀਤ' ਸ਼੍ਰੇਣੀ ਵਿਚ ਦੁਨੀਆ ਦੇ ਪੰਜ ਹੋਰ ਮਸ਼ਹੂਰ ਗੀਤਾਂ ਨਾਲ ਇਨਾਮ ਜਿੱਤਣ ਦਾ ਦਾਅਵੇਦਾਰ ਬਣ ਗਿਆ ਹੈ। ਇਸ ਦੇ ਨਾਲ ਹੀ ਗੁਨੀਤ ਮੋਂਗਾ ਵਲੋਂ ਪ੍ਰੋਡਿਊਸ ਕੀਤੀ ਲਘੂ ਫ਼ਿਲਮ 'ਦਿ ਐਲੀਫ਼ੈਂਟ ਵ੍ਹਿਸਪਰਰਜ਼' ਸ਼ਾਰਟ ਡਾਕੂਮੈਂਟਰੀ ਸ਼੍ਰੇਣੀ ਵਿਚ ਅੰਤਰਰਾਸ਼ਟਰੀ ਆਸਕਰ ਐਵਾਰਡ ਲਈ ਨਾਮਜ਼ਦ ਹੋਈ ਹੈ। ਅੰਮਨ ਮਾਨ, ਸ਼ੌਨਕ ਸੇਨ ਤੇ ਟੈਡੀ ਟੀਮ ਦੀ 'ਆਲ ਦੈਟ ਬ੍ਰੈੱਥ' ਫਿਲਮ ਵੀ ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ ਵਿਚ ਆਖਰੀ ਪੰਜ ਫਿਲਮਾਂ ਵਿਚ ਨਾਮਜ਼ਦ ਹੋ ਕੇ ਆਸਕਰ ਜਿੱਤਣ ਦੀ ਦੌੜ ਵਿਚ ਸ਼ਾਮਲ ਹੈ। ਆਰ ਆਰ ਆਰ ਫ਼ਿਲਮ ਦਾ 'ਨਾਟੂ ਨਾਟੂ' ਗੀਤ ਪਹਿਲਾਂ ਹੀ 'ਗੋਲਡਨ ਗਲੋਬ -2023' ਇਨਾਮ ਜਿੱਤ ਚੁੱਕਿਆ ਹੈ। ਇਹ ਇੱਕ 'ਲੋਕ ਗੀਤ' ਹੈ।

'ਨਾਟੂ-ਨਾਟੂ' (ਨਾਚੋ-ਨਾਚੋ) ਗਾਣੇ ਵਿਚ ਜੂਨੀਅਰ ਐਨ.ਟੀ.ਆਰ. ਅਤੇ ਰਾਮ ਚਰਨ ਤੇਜਾ ਨੇ ਡਾਂਸ ਕੀਤਾ ਹੈ। ਫ਼ਿਲਮ ਵਿਚ ਭਾਰਤ 'ਚ 1920 ਦੇ ਦਹਾਕੇ ਦਾ ਸਮਾਂ ਦਰਸਾਇਆ ਗਿਆ ਹੈ, ਜਦੋਂ ਇੱਥੇ ਅੰਗਰੇਜ਼ੀ ਰਾਜ ਸੀ ਅਤੇ ਅੰਗਰੇਜ਼ਾਂ ਖ਼ਿਲਾਫ਼ ਲੜਾਈ ਲੜੀ ਜਾ ਰਹੀ ਸੀ। ਇਸ ਗੀਤ ਵਿਚ ਇਹ ਦੱਸਿਆ ਗਿਆ ਹੈ ਕਿ ਕਿਵੇਂ ਤੇਲਗੂ ਲੋਕਾਂ ਨੇ ਉਸ ਸਮੇਂ ਅੰਗਰੇਜ਼ਾਂ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਫਿਲਮ ਦੇ ਨਿਰਦੇਸ਼ਕ ਐੱਸਐੱਸ ਰਾਜਾਮੌਲੀ ਨੇ ਸੰਗੀਤ ਨਿਰਦੇਸ਼ਕ ਕੀਰਵਾਣੀ ਅਤੇ ਗੀਤਕਾਰ ਚੰਦਰਬੋਸ ਨੂੰ ਕਿਹਾ ਕਿ ਐਸਾ ਗੀਤ ਤਿਆਰ ਕਰੋ ਜਿਸ ਨਾਲ ਲੋਕਾਂ 'ਚ ਜੋਸ਼ ਭਰ ਜਾਵੇ। ਉਸ ਨੂੰ ਤੇਜ਼ ਗਤੀ 'ਚ ਕੰਪੋਜ਼ ਕਰੋ। ਇਸ ਗੀਤ ਨੂੰ ਆਖਰੀ ਛੋਹ ਦੇਣ ਵਿਚ 19 ਮਹੀਨੇ ਲੱਗੇ। ਖ਼ਾਸ ਗੱਲ ਇਹ ਹੈ ਕਿ ਇਸ ਗੀਤ ਨੂੰ ਯੂਕਰੇਨ ਦੇ ਰਾਸ਼ਟਰਪਤੀ ਭਵਨ ਦੀ ਬੈਕਗਰਾਊਂਡ ਦੇ ਆਲੇ ਦੁਆਲੇ ਫਿਲਮਾਇਆ ਗਿਆ ਸੀ। ਇਸ ਫ਼ਿਲਮ ਨੇ ਸੰਸਾਰ ਬਾਕਸ ਆਫ਼ਿਸ 'ਤੇ 1200 ਕਰੋੜ ਤੋਂ ਵੱਧ ਦੀ ਕਮਾਈ ਕੀਤੀ ਹੈ। ਫ਼ਿਲਮ ਦੀ ਸਫ਼ਲਤਾ ਤੋਂ ਬਾਅਦ ਅਦਾਕਾਰ ਰਾਮ ਚਰਨ ਤੇ ਉਨ੍ਹਾਂ ਦੀ ਪਤਨੀ ਸ਼ੁਕਰਾਨੇ ਵਜੋਂ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਗਏ ਸਨ।


ਗੁਨੀਤ ਮੋਂਗਾ ਨੇ 'ਦਿ ਐਲੀਫ਼ੈਂਟ ਵ੍ਹਿਸਪਰਰਜ਼' ਫ਼ਿਲਮ ਨੂੰ ਸਿੱਖਿਆ ਐਂਟਰਟੇਨਮੈਂਟ ਬੈਨਰ ਹੇਠ ਅਚਿਨ ਜੈਨ ਨਾਲ ਮਿਲ ਕੇ ਪ੍ਰੋਡਿਊਸ ਕੀਤਾ ਹੈ। ਇਸ ਫਿਲਮ ਦੀ ਨਿਰਦੇਸ਼ਕ ਕਾਰਤਿਕੀ ਗੌਨਸਾਲਵਿਸ ਹਨ। ਗੁਨੀਤ ਦਾ ਤਾਅਲੁਕ ਦਿੱਲੀ ਦੇ ਇਕ ਪੰਜਾਬੀ ਪਰਿਵਾਰ ਨਾਲ ਹੈ। ਉਨ੍ਹਾਂ ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ ਤੋਂ 2001 ਤੋਂ 2004 ਦਰਮਿਆਨ ਪੱਤਰਕਾਰੀ ਵਿਚ ਗ੍ਰੈਜੂਏਸ਼ਨ ਕੀਤੀ। ਗੁਨੀਤ ਮੋਂਗਾ ਅਤੇ ਅਚਿਨ ਜੈਨ ਦੇ ਸਾਂਝੇ ਪ੍ਰੋਡਕਸ਼ਨ ਹਾਊਸ ਸਿੱਖਿਆ ਐਂਟਰਟੇਨਮੈਂਟ ਅਧੀਨ ਕਈ ਫ਼ਿਲਮਾਂ ਚਰਚਾ ਦਾ ਵਿਸ਼ਾ ਰਹੀਆਂ ਹਨ। ਇਸ ਬੈਨਰ ਹੇਠਾਂ ਬਣੀਆਂ ਫ਼ਿਲਮਾਂ ਵਿਚ 'ਪਗਲੈਟ', 'ਦਿ ਲੰਚ ਬਾਕਸ', 'ਮਸਾਨ', 'ਪੀਰੀਅਡ..ਐਂਡ ਆਫ਼ ਸੈਂਟੇਂਸ', 'ਹਰਾਮਖੋਰ', 'ਮੌਨਸੂਨ ਸ਼ੂਟ ਆਊਟ', 'ਵ੍ਹਟ ਵਿਲ ਪੀਪਲ ਸੇਅ', 'ਗੈਂਗਸ ਆਫ਼ ਵਾਸੇਪੁਰ' ਤੇ 'ਜ਼ੁਬਾਨ' ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ 'ਆਲ ਦੈਟ ਬ੍ਰੈੱਥ' ਵੀ ਆਸਕਰ ਐਵਾਰਡ ਦੀ ਦੌੜ ਵਿਚ ਸ਼ਾਮਲ ਹੈ।


ਜੇ ਆਸਕਰ ਐਵਾਰਡ ਨੂੰ 95 ਸਾਲ ਹੋਏ ਹਨ ਤਾਂ ਭਾਰਤੀ ਫਿਲਮ ਇੰਡਸਟਰੀ ਨੂੰ ਵੀ 100 ਸਾਲ ਤੋਂ ਉਪਰ ਹੋ ਗਏ ਹਨ। ਸੰਸਾਰ ਭਰ ਦੇ ਫਿਲਮ ਜਗਤ ਵਿਚ ਭਾਰਤ ਨੇ ਬਿਹਤਰੀਨ ਫਿਲਮਾਂ ਪੇਸ਼ ਕਰ ਕੇ ਵਾਹ ਵਾਹ ਖੱਟੀ ਹੈ, ਪਰ ਭਾਰਤੀ ਫਿਲਮ ਅਜੇ ਤੱਕ ਬਿਹਤਰੀਨ ਵਿਦੇਸ਼ੀ ਭਾਸ਼ਾ ਫਿਲਮ ਵਰਗ ਵਿਚ ਆਸਕਰ ਐਵਾਰਡ ਨਹੀਂ ਜਿੱਤ ਸਕੀ। ਭਾਰਤੀ ਕਲਾਕਾਰ ਬਹੁਤ ਹੀ ਉਮਦਾ ਹਨ। ਉਨ੍ਹਾਂ ਨੇ ਵਿਦੇਸ਼ੀ ਫਿਲਮਾਂ ਵਿਚ ਕੰਮ ਕਰ ਕੇ ਵੀ ਨਾਂ ਕਮਾਇਆ ਹੈ। ਕਬੀਰ ਬੇਦੀ, ਓਮ ਪੁਰੀ, ਅਮਰੀਸ਼ ਪੁਰੀ ਆਦਿ ਨੇ ਲਾਜਵਾਬ ਅਦਾਕਾਰੀ ਨਾਲ ਦੁਨੀਆ ਭਰ ਤੋਂ ਪ੍ਰਸ਼ੰਸਾ ਹਾਸਲ ਕੀਤੀ। ਪਰ ਐਕਟਿੰਗ ਵਿਚ ਆਸਕਰ ਐਵਾਰਡ ਨਹੀਂ ਜਿੱਤ ਸਕੇ। ਕਈ ਭਾਰਤੀ ਅਦਾਕਾਰਾਂ ਅਤੇ ਫਿਲਮਾਂ ਨੂੰ ਵੱਖ-ਵੱਖ ਸ਼੍ਰੇਣੀਆਂ ਵਿਚ ਅਕੈਡਮੀ




ਆਸਕਰ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਹੈ। 13 ਭਾਰਤੀਆਂ ਨੂੰ ਨਾਮਜ਼ਦ ਕੀਤਾ ਗਿਆ ਅਤੇ ਅੱਠ ਨੇ ਵਿਗਿਆਨਕ ਅਤੇ ਤਕਨੀਕੀ ਸ਼੍ਰੇਣੀ ਵਿਚ ਆਸਕਰ ਜਿੱਤੇ ਹਨ।

ਹੁਣ ਤੱਕ ਭਾਰਤ ਨੇ ਕਰੀਬ 56 ਫਿਲਮਾਂ ਆਸਕਰ ਲਈ ਭੇਜੀਆਂ ਹਨ। 30ਵੇਂ ਅਕੈਡਮੀ ਐਵਾਰਡਾਂ ਮੌਕੇ, 1957 ਵਿਚ ਮਹਿਬੂਬ ਖਾਨ ਦੀ ਹਿੰਦੀ ਫਿਲਮ 'ਮਦਰ ਇੰਡੀਆ', ਭਾਰਤ ਦੀ ਸਭ ਤੋਂ ਵਧੀਆ ਅੰਤਰਰਾਸ਼ਟਰੀ ਫੀਚਰ ਫਿਲਮ ਸ਼੍ਰੇਣੀ ਲਈ ਅਕੈਡਮੀ ਐਵਾਰਡ ਲਈ ਪਹਿਲੀ ਸਬਮਿਸ਼ਨ ਸੀ। 1982 ਵਿਚ 'ਦ ਨੈਸ਼ਨਲ ਫਿਲਮ ਡਿਵੈਲਪਮੈਂਟ ਕਾਰਪੋਰੇਸ਼ਨ ਆਫ ਇੰਡੀਆ' ਨੇ ਰਿਚਰਡ ਐਟਨਬਰੋ ਦੀ ਜੀਵਨੀ ਫਿਲਮ ਗਾਂਧੀ ਦੇ ਸਹਿ-ਨਿਰਮਾਣ ਵਿਚ ਅਹਿਮ ਭੂਮਿਕਾ ਨਿਭਾਈ ਸੀ। 55ਵੇਂ ਅਕੈਡਮੀ ਐਵਾਰਡਜ਼ ਵਿਚ, ਭਾਨੂ ਅਥਈਆ ਪੁਸ਼ਾਕਾਂ ਨੂੰ ਡਿਜ਼ਾਈਨ ਕਰਨ ਲਈ ਅਕੈਡਮੀ ਐਵਾਰਡ ਜਿੱਤਣ ਵਾਲੇ ਪਹਿਲੇ ਭਾਰਤੀ ਬਣੇ ਸਨ। ਰਵੀ ਸ਼ੰਕਰ ਨੂੰ ਉਸੇ ਫਿਲਮ ਲਈ ਸਰਵੋਤਮ ਮੂਲ ਸਕੋਰ ਲਈ ਨਾਮਜ਼ਦ ਕੀਤਾ ਗਿਆ ਸੀ। 2022 ਤੱਕ, ਮਦਰ ਇੰਡੀਆ ਤੋਂ ਇਲਾਵਾ ਦੋ ਭਾਰਤੀ ਫ਼ਿਲਮਾਂ ਆਸਕਰ ਲਈ ਨਾਮਜ਼ਦ ਕੀਤੀਆਂ ਗਈਆਂ ਹਨ- 'ਸਲਾਮ ਬੰਬੇ!' (1988) ਅਤੇ 'ਲਗਾਨ' (2001)। ਫਿਲਮ ਨਿਰਮਾਤਾ ਸੱਤਿਆਜੀਤ ਰੇਅ ਨੇ ਪਾਥੇਰ ਪੰਚਾਲੀ (1955) ਬਣਾਈ ਸੀ। 1992 ਵਿਚ ਉਸ ਨੂੰ ਆਨਰੇਰੀ ਅਕੈਡਮੀ ਐਵਾਰਡ ਨਾਲ ਨਿਵਾਜਿਆ ਗਿਆ ਸੀ, ਜੋ ਇਹ ਸਨਮਾਨ ਹਾਸਲ ਕਰਨ ਵਾਲਾ






ਹੁਣ ਤੱਕ ਦਾ ਇਕਲੌਤਾ ਭਾਰਤੀ ਹੈ।

ਆਸਕਰ ਐਵਾਰਡ ਦੌੜ ਵਿਚ 1966 ਵਿਚ ਇਸਮਾਈਲ ਮਰਚੈਂਟ ਦੀ 'ਦਿ ਕ੍ਰਿਏਸ਼ਨ ਆਫ ਵਿਮੈਨ', ਫਲੀ ਬਿਲੀਮੋਰੀਆ ਦੀ 'ਦਿ ਹਾਊਸ ਦੈਟ ਅਨੰਦਾ ਬਿਲਟ', ਇਸ਼ੂ ਪਟੇਲ ਦੀ 'ਬੀਡ ਗੇਮ', ਕੇ ਕੇ ਕਪਿਲ ਦੀ 'ਐਨ ਐਨਕਾਊਂਟਰ ਵਿਦ ਦਿ ਫੇਸਜ਼' ਆਦਿ ਫਿਲਮਾਂ ਸ਼ਾਮਲ ਰਹੀਆਂ ਹਨ। ਨਿਰਦੇਸ਼ਕ ਡੈਨੀ ਬੋਇਲੇ ਦੀ ਫਿਲਮ '127 ਆਵਰਜ਼' ਵਿਚ ਏ ਆਰ ਰਹਿਮਾਨ ਨੇ ਇਨਾਮ ਹਾਸਲ ਕੀਤਾ ਸੀ। ਪਰ ਭਾਰਤੀ ਪਿੱਠ ਭੂਮੀ 'ਤੇ ਬਣੀ ਫਿਲਮ ਨਿਰਦੇਸ਼ਕ ਡੈਨੀ ਬੋਇਲੇ ਦੀ ਫਿਲਮ 'ਸਲੱਮਡੌਗ ਮਿਲੀਅਨੇਅਰ' ਨੇ ਤਹਿਲਕਾ ਮਚਾ ਦਿੱਤਾ ਸੀ। 22 ਫਰਵਰੀ 2009 ਨੂੰ ਇਸ ਫਿਲਮ ਨੇ ਦਸ ਵਿਚੋਂ ਅੱਠ ਅਕਾਦਮੀ ਐਵਾਰਡ ਜਿੱਤੇ ਜਿਸ ਵਿਚ ਸਰਵੋਤਮ ਪਿਕਚਰ ਅਤੇ ਸਰਵੋਤਮ ਨਿਰਦੇਸ਼ਕ ਸ਼ਾਮਲ ਸਨ। ਇਸ ਫਿਲਮ ਨੇ ਵਧੀਆ ਤਸਵੀਰ (ਕ੍ਰਿਸ਼ਚੀਅਨ ਕੋਲਸਨ) ਸਰਵੋਤਮ ਨਿਰਦੇਸ਼ਕ (ਡੈਨੀ ਬੋਇਲੇ), ਸਰਵੋਤਮ ਅਨੁਕੂਲਿਤ ਸਕ੍ਰੀਨਪਲੇਅ (ਸਾਈਮਨ ਬਿਊਫੋਏ), ਵਧੀਆ ਸਿਨੇਮੈਟੋਗ੍ਰਾਫੀ (ਐਂਥਨੀ ਡੋਡ ਮੈਂਟਲ), ਵਧੀਆ ਫਿਲਮ ਸੰਪਾਦਨ (ਕ੍ਰਿਸ ਡਿਕਨਜ਼), ਸਰਵੋਤਮ ਮੂਲ ਸਕੋਰ, (ਏ.ਆਰ. ਰਹਿਮਾਨ), ਸਰਵੋਤਮ ਮੂਲ ਗੀਤ - "ਜੈ ਹੋ", ਏ.ਆਰ. ਰਹਿਮਾਨ ਦਾ ਸੰਗੀਤ, ਗੁਲਜ਼ਾਰ ਦਾ ਗੀਤ (ਗੀਤਕਾਰ), ਸਰਵੋਤਮ ਸਾਊਂਡ ਮਿਕਸਿੰਗ, ਰੇਸੂਲ ਪੂਕੁਟੀ, ਰਿਚਰਡ ਪ੍ਰਾਈਕ, ਅਤੇ ਇਆਨ ਟੈਪ ਨੇ ਆਸਕਰ ਐਵਾਰਡ ਜਿੱਤੇ ਸਨ।

ਉਮੀਦ ਹੈ ਕਿ ਇਸ ਵਾਰ ਗੀਤ 'ਨਾਟੂ ਨਾਟੂ', ਫਿਲਮ 'ਦਿ ਐਲੀਫ਼ੈਂਟ ਵ੍ਹਿਸਪਰਰਜ਼' ਤੇ 'ਆਲ ਦੈਟ ਬ੍ਰੈੱਥ' ਤਿੰਨੇ ਹੀ ਆਪੋ ਆਪਣੀ ਕੈਟੇਗਰੀ ਵਿਚ ਆਸਕਰ ਐਵਾਰਡ ਹਾਸਲ ਕਰਨਗੇ।

***-ਸੁਰਿੰਦਰ ਸਿੰਘ ਭਾਟੀਆ***

---

'ਐਲਵਿਸ' (ਮੈਟ ਵਿਲਾ ਅਤੇ ਜੋਨਾਥਨ ਰੈਡਮੰਡ) 'ਐਵਰੀਥਿੰਗ ਏਵਰੇਅਰ ਆਲ ਐਟ ਵੰਨਸ' (ਪਾਲ ਰੋਜ਼ਰਸ) 'ਟਾਰ' (ਮੋਨਿਕਾ ਵਿਲੀ) 'ਟੌਪ ਗਨ: ਮੈਵੇਰਿਕ' (ਐਡੀ ਹੈਮਿਲਟਨ) ਨਾਮਜ਼ਦ ਹੋਈਆਂ ਹਨ। ਇਸ ਵਰਗ ਵਿਚ ਹਰ ਮੂਵੀ ਇਕ-ਦੂਜੇ 'ਤੇ ਭਾਰੂ ਹੈ। ਸਾਰੇ ਹੀ ਐਡੀਟਰ ਬਹੁਤ ਹੀ ਤਜਰਬੇਕਾਰ ਤੇ ਹੌਲੀਵੁੱਡ ਦੀਆਂ ਕਈ ਹਿੱਟ ਫਿਲਮਾਂ ਵਿਚ ਆਪਣਾ ਯੋਗਦਾਨ ਪਾ ਚੁੱਕੇ ਹਨ। ਫਿਲਮ 'ਐਵਰੀਥਿੰਗ ਏਵਰੇਅਰ ਆਲ ਐਟ ਵੰਨਸ' (ਪਾਲ ਰੋਜਰਸ) ਬਾਫਟਾ 2023 ਵਿਚ ਇਨਾਮ ਹਾਸਲ ਕਰ ਚੁੱਕੇ ਹਨ। ਆਸਕਰ ਵਿਚ ਫਿਲਮ 'ਟੌਪ ਗਨ: ਮੈਵੇਰਿਕ' (ਐਡੀ ਹੈਮਿਲਟਨ) ਦੇ ਇਨਾਮ ਲੈਣ ਦੀ ਭਰਵੀਂ ਚਰਚਾ ਹੈ।

**ਪ੍ਰੋਡਕਸ਼ਨ ਡਿਜ਼ਾਈਨ:** ਪ੍ਰੋਡਕਸ਼ਨ ਡਿਜ਼ਾਈਨ ਵਿਚ ਫਿਲਮ 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ' (ਉਤਪਾਦਨ ਡਿਜ਼ਾਈਨ: ਕ੍ਰਿਸ਼ਚੀਅਨ ਐੱਮ. ਗੋਲਡਬੈਕ; ਸੈੱਟ ਸਜਾਵਟ: ਅਰਨਸਟਾਈਨ ਹਿੱਪਰ) 'ਅਵਤਾਰ- ਦਿ ਵੇਅ ਆਫ ਵਾਟਰ, (ਉਤਪਾਦਨ ਡਿਜ਼ਾਈਨ: ਡਾਇਲਨ ਕੋਲ ਅਤੇ ਬੈਨ ਪ੍ਰੋਕਟਰ; ਸਜਾਵਟ ਸੈੱਟ: ਵੈਨੇਸਾ ਕੋਲ) 'ਬੇਬੀਲੋਨ' (ਉਤਪਾਦਨ ਡਿਜ਼ਾਈਨ: ਫਲੋਰੈਂਸੀਆ ਮਾਰਟਿਨ; ਸੈੱਟ ਸਜਾਵਟ: ਐਂਥਨੀ ਕਾਰਲੀਨੋ) 'ਐਲਵਿਸ' (ਉਤਪਾਦਨ ਡਿਜ਼ਾਈਨ: ਕੈਥਰੀਨ ਮਾਰਟਿਨ ਅਤੇ ਕੈਰਨ ਮਰਫੀ; ਸਜਾਵਟ ਸੈੱਟ : ਬੇਵ ਡਨ) 'ਫੈਬਲਮੈਨਸ' (ਉਤਪਾਦਨ ਡਿਜ਼ਾਈਨ: ਰਿਕ ਕਾਰਟਰ; ਸੈੱਟ ਸਜਾਵਟ: ਕੈਰਨ ਓ'ਹਾਰਾ) ਨਾਮਜ਼ਦ ਹੋਈਆਂ ਹਨ। 'ਐਵਰੀਥਿੰਗ ਏਵਰੇਅਰ ਆਲ ਐਟ ਵੰਨਸ' ਲਈ ਬਹੁਤ ਆਲੀਸ਼ਾਨ ਸੈੱਟ ਲਾਏ ਗਏ ਹਨ ਅਤੇ ''ਐਲਵਿਸ' ਦੇ ਦ੍ਰਿਸ਼ਾਂ ਲਈ ਵੀ ਵਿਸ਼ੇਸ਼ ਸੈੱਟ ਤਿਆਰ ਕੀਤੇ ਗਏ ਸਨ। 'ਅਵਤਾਰ- ਦਿ ਵੇਅ ਆਫ ਵਾਟਰ' ਦਾ ਸਮਾਂ ਦਿਖਾਉਣ ਲਈ ਕਈ ਦ੍ਰਿਸ਼ਾਂ ਲਈ ਟੈਕਨੀਕਲ ਟੀਮ ਨੇ ਵੱਖਰੀ ਕਿਸਮ ਦੀ ਆਧੁਨਿਕ ਟੈਕਨਾਲੋਜੀ ਦੀ ਵਰਤੋਂ ਕੀਤੀ ਹੈ। 'ਬੇਬੀਲੋਨ' (ਉਤਪਾਦਨ ਡਿਜ਼ਾਈਨ: ਫਲੋਰੈਂਸੀਆ ਮਾਰਟਿਨ; ਸੈੱਟ ਸਜਾਵਟ: ਐਂਥਨੀ ਕਾਰਲੀਨੋ) ਬਾਫਟਾ ਦਾ ਇਨਾਮ ਲੈ ਚੁੱਕੀ ਹੈ।

**ਕਾਸਟਿਊਮ ਡਿਜ਼ਾਈਨ:** ਕਾਸਟਿਊਮ ਡਿਜ਼ਾਈਨ ਵਿਚ 'ਬੇਬੀਲੋਨ' (ਮੈਰੀ ਜ਼ੋਫਰਸ) 'ਬਲੈਕ ਪੈਂਥਰ: ਵਕੰਡਾ' (ਰੂਥ ਕਾਰਟਰ) 'ਐਲਵਿਸ' (ਕੈਥਰੀਨ ਮਾਰਟਿਨ) 'ਐਵਰੀਥਿੰਗ ਏਵਰੇਅਰ ਆਲ ਐਟ ਵੰਨਸ' (ਸ਼ਰਲੀ ਕੁਰਤਾ) 'ਮਿਸਿਜ਼ ਹੈਰਿਸ ਗੋਜ ਪੈਰਿਸ' (ਜੈਨੀ ਬੀਵਨ) ਹਨ। ''ਐਲਵਿਸ' ਵਿਚ ਵਿਸ਼ੇਸ਼ ਡਿਜ਼ਾਈਨਰ ਕੋਲੋਂ ਉਸੇ ਸਟਾਈਲ ਦੇ ਕੱਪੜਿਆਂ ਵਿਚ ਬੜੀ ਮਿਹਨਤ ਕੀਤੀ ਗਈ ਹੈ ਅਤੇ 'ਐਵਰੀਥਿੰਗ ਏਵਰੇਅਰ ਆਲ ਐਟ ਵੰਨਸ'' ਵਿਚ ਵੀ ਮਹਿੰਗੀਆਂ ਡਰੈੱਸਾਂ ਦਾ ਇਸਤੇਮਾਲ ਕੀਤਾ ਹੈ।

**ਬੈਸਟ ਮੇਕਅੱਪ ਤੇ ਹੇਅਰ ਸਟਾਈਲ:** ਬੈਸਟ ਮੇਕਅੱਪ ਤੇ ਹੇਅਰ ਸਟਾਈਲ ਦੇ ਮੁਕਾਬਲੇ ਫਿਲਮ 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ (ਹਾਇਕੀ ਤੇ ਲਿੰਡਾ) 'ਦਿ ਬੈਟਮੈਨ' ਨਾਓਮੀ ਡੋਨੇ, ਮਾਈਕ ਮਾਰੀਨੋ ਅਤੇ ਮਾਈਕ ਫੋਂਟੇਨ 'ਬਲੈਕ ਪੈਂਥਰ: ਵਕੰਡਾ' (ਕੈਮਿਲ ਫਰੈਂਡ ਅਤੇ ਜੋਏਲ ਹਾਰਲੋ) 'ਐਲਵਿਸ' (ਮਾਰਕ ਕੁਲੀਅਰ, ਜੇਸਨ ਬੇਅਰਡ ਅਤੇ ਐਲਡੋ ਸਿਗਨਰੇਟੀ) 'ਵ੍ਹੇਲ' (ਐਡਰਿਅਨ ਮੋਰੋਟ, ਜੂਡੀ ਚਿਨ ਅਤੇ ਐਨੇਮੇਰੀ ਬ੍ਰੈਡਲੀ) ਸ਼ਾਮਲ ਹਨ। 'ਐਲਵਿਸ' ਵਿਚ ਅਦਾਕਾਰ ਆਸਟਿਨ ਦੇ ਮੇਕਅੱਪ 'ਤੇ ਬਹੁਤ ਮਿਹਨਤ ਕੀਤੀ ਗਈ ਹੈ।

**ਸਾਊਂਡ:** ਸਾਊਂਡ ਵਿਚ ਫਿਲਮ 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ' (ਵਿਕਟਰ ਪ੍ਰੈਸਿਲ, ਫ੍ਰੈਂਕ ਕਰੂਸ, ਮਾਰਕਸ ਸਟੈਮਲਰ, ਲਾਰਸ ਗਿੰਜਲ ਅਤੇ ਸਟੀਫਨ ਕੋਰਟੇ) ''ਅਵਤਾਰ- ਦਿ ਵੇਅ ਆਫ ਵਾਟਰ' (ਜੂਲੀਅਨ ਹਾਵਰਥ, ਗਵੇਂਡੋਲਿਨ ਯੇਟਸ ਵਿਟਲ, ਡਿਕ ਬਰਨਸਟਾਈਨ, ਕ੍ਰਿਸਟੋਫਰ ਬੁਆਏਜ਼, ਗੈਰੀ ਸਮਰਸ ਅਤੇ ਮਾਈਕਲ ਹੇਜਸ) 'ਦਿ ਬੈਟਮੈਨ' (ਸਟੂਅਰਟ ਵਿਲਸਨ, ਵਿਲੀਅਮ ਫਾਈਲਜ਼, ਡਗਲਸ ਮਰੇ ਅਤੇ ਐਂਡੀ ਨੈਲਸਨ) 'ਐਲਵਿਸ' (ਡੇਵਿਡ ਲੀ, ਵੇਨ ਪੈਸ਼ਲੇ, ਐਂਡੀ ਨੈਲਸਨ ਅਤੇ ਮਾਈਕਲ ਕੈਲਰ) 'ਟੌਪ ਗਨ: ਮੈਵੇਰਿਕ' (ਮਾਰਕ ਵੇਨਗਾਰਟਨ, ਜੇਮਸ ਐਚ. ਮਾਥਰ, ਅਲ ਨੈਲਸਨ, ਕ੍ਰਿਸ ਬਰਡਨ ਅਤੇ ਮਾਰਕ ਟੇਲਰ) 'ਦਿ ਬੈਟਮੈਨ', ਅਤੇ 'ਐਲਵਿਸ' ਦਾ ਮੁੱਖ ਮੁਕਾਬਲਾ ਹੈ। ''ਅਵਤਾਰ- ਦਿ ਵੇਅ ਆਫ ਵਾਟਰ'' ਅਤੇ 'ਟੌਪ ਗਨ: ਮੈਵੇਰਿਕ' ਵੀ ਇਨਾਮ ਜਿੱਤ ਸਕਦੀਆਂ ਹਨ।

**ਬਿਹਤਰੀਨ ਵਿਦੇਸ਼ੀ ਭਾਸ਼ਾ ਫਿਲਮ:** ਬਿਹਤਰੀਨ ਵਿਦੇਸ਼ੀ ਭਾਸ਼ਾ ਫਿਲਮ ਵਰਗ ਵਿਚ 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ (ਜਰਮਨੀ) 'ਅਰਜਨਟੀਨਾ, 1985' (ਅਰਜਨਟੀਨਾ) ਕਲੋਜ਼ (ਬੈਲਜੀਅਮ) 'ਈ.ਓ' (ਪੋਲੈਂਡ) ਦਿ ਕੁਆਇਟ ਗਰਲ (ਆਇਰਲੈਂਡ) ਫਿਲਮਾਂ ਦੌੜ ਵਿਚ ਹਨ, ਪਰ 'ਆਲ ਕੁਆਇਟ ਔਨ ਦਿ ਵੈਸਟਰਨ ਫਰੰਟ (ਜਰਮਨੀ) ਜ਼ੋਰਦਾਰ ਦਾਅਵੇਦਾਰ ਲੱਗ ਰਹੀ ਹੈ। ਇਸ ਫਿਲਮ ਨੇ ਬਾਫਟਾ ਵਿਚ ਇਨਾਮ ਹਾਸਲ ਕੀਤਾ ਪਰ 'ਅਰਜਨਟੀਨਾ, 1985' ਨੇ ਗੋਲਡਨ ਗਲੋਬ ਵਿਚ ਇਨਾਮ ਪ੍ਰਾਪਤ ਕੀਤਾ ਹੈ। ਇਸ ਲਈ ਮੁਕਾਬਲਾ ਕਾਫੀ ਸਖਤ ਹੈ। (ਆਇਰਲੈਂਡ) ਦੀ 'ਦਿ ਕੁਆਇਟ ਗਰਲ' ਫਿਲਮ ਦੀ ਕਹਾਣੀ ਕਾਫੀ ਪਸੰਦ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਆਸਕਰ ਐਵਾਰਡ ਦਾ 200 ਦੇਸ਼ਾਂ ਵਿਚ ਸਿੱਧਾ ਪ੍ਰਸਾਰਣ ਹੁੰਦਾ ਹੈ ਤੇ ਕਰੋੜਾਂ ਲੋਕ ਇਸ ਪ੍ਰੋਗਰਾਮ ਨੂੰ ਦੇਖਣ ਲਈ ਟੀ. ਵੀ. ਨਾਲ ਜੁੜੇ ਹੁੰਦੇ ਹਨ। ਦੁਨੀਆ ਦੇ ਨਾਮੀ ਫਿਲਮੀ ਕਲਾਕਾਰ ਤੇ ਸਟਾਰ, ਜਿਨ੍ਹਾਂ ਦੀ ਇਕ ਝਲਕ ਦੇਖਣ ਲਈ ਪ੍ਰਸ਼ੰਸਕ ਤਰਸਦੇ ਹਨ, ਉਹ ਵੀ ਇਹ ਐਵਾਰਡ ਪ੍ਰਾਪਤ ਕਰਨ ਲਈ ਬੇਤਾਬ ਰਹਿੰਦੇ ਹਨ। 95ਵੇਂ ਆਸਕਰ ਐਵਾਰਡ ਦਾ ਸਿੱਧਾ ਪ੍ਰਸਾਰਣ ਐਤਵਾਰ, 12 ਮਾਰਚ-2023 ਨੂੰ ਸ਼ਾਮ 5 (ਪੈਸੇਫਿਕ ਟਾਈਮ) ਅਤੇ ਸ਼ਾਮ 7 ਵਜੇ (ਸੈਂਟਰਲ ਟਾਈਮ) ਏ. ਬੀ. ਸੀ. ਚੈਨਲ 'ਤੇ ਦਿਖਾਇਆ ਜਾਏਗਾ। ਕਾਮੇਡੀਅਨ ਅਤੇ ਲੇਟ-ਨਾਈਟ ਟਾਕ ਸ਼ੋਅ ਹੋਸਟ ਜਿੰਮੀ ਕਿਮਲ 2017 ਅਤੇ 2018 ਵਿਚ ਸਮਾਰੋਹ ਦੇ 89ਵੇਂ ਅਤੇ 90ਵੇਂ ਐਡੀਸ਼ਨ ਤੋਂ ਬਾਅਦ ਤੀਜੀ ਵਾਰ ਸ਼ੋਅ ਦੀ ਮੇਜ਼ਬਾਨੀ ਕਰਨਗੇ।

# ਤੂਫਾਨ ਤੇ ਦੀਵੇ ਦਾ ਯੁੱਧ

ਕਲਾ ਪਰਿਕਰਮਾ

ਮਰੀਆ ਰੈਸਾ ਉਨ੍ਹਾਂ ਦੋ ਪੱਤਰਕਾਰਾਂ ਵਿਚੋਂ ਹੈ ਜਿਨ੍ਹਾਂ ਨੂੰ 2021 ਦੇ ਨੋਬੇਲ ਅਮਨ ਪੁਰਸਕਾਰ ਨਾਲ ਨਵਾਜਿਆ ਗਿਆ (ਦੂਜਾ ਰੂਸੀ ਪੱਤਰਕਾਰ ਦਮਿੱਤ੍ਰੀ ਮੁਰਾਤੋਵ ਸੀ)। ਮੀਡੀਆ ਦੀ ਆਜ਼ਾਦੀ ਲਈ ਉਸ ਦੇ ਸੰਘਰਸ਼ ਨੂੰ ਸਜਦਾ ਸੀ ਇਹ ਪੁਰਸਕਾਰ। ਉਸ ਤੋਂ ਪਹਿਲਾਂ ਅਤੇ ਬਾਅਦ ਵੀ ਉਸ ਨੂੰ ਕਈ ਆਲਮੀ ਪੁਰਸਕਾਰ-ਸਨਮਾਨ ਮਿਲੇ। ਇਨ੍ਹਾਂ ਦੇ ਬਾਵਜੂਦ ਉਸ ਨੂੰ ਉਸ ਦੇ ਮੁਲਕ (ਫਿਲਪੀਨਜ਼) ਵਿਚ ਜੇਲ੍ਹ ਭੇਜੇ ਜਾਣ ਦਾ ਖ਼ਤਰਾ ਹੈ। ਉਸ ਨੂੰ ਇਕ ਮੁਕੱਦਮੇ ਵਿਚ ਫ਼ੌਜਦਾਰੀ ਮਾਣਹਾਨੀ ਦਾ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ; ਪਹਿਲਾਂ ਮਨੀਲਾ ਦੀ ਫ਼ੌਜਦਾਰੀ ਅਦਾਲਤ ਵੱਲੋਂ ਅਤੇ ਫਿਰ ਅਪੀਲੀ ਅਦਾਲਤ ਵੱਲੋਂ। ਸਜ਼ਾ ਅਜੇ ਨਹੀਂ ਸੁਣਾਈ ਗਈ ਕਿਉਂਕਿ ਉਸ ਨੇ ਦੋਸ਼ੀ ਕਰਾਰ ਦਿੱਤੇ ਜਾਣ ਦੇ ਅਮਲ ਨੂੰ ਸੁਪਰੀਮ ਕੋਰਟ ਵਿਚ




ਚੁਣੌਤੀ ਦਿੱਤੀ ਹੋਈ ਹੈ। ਜੇ ਉੱਥੇ ਵੀ ਅਪੀਲ ਖ਼ਾਰਿਜ ਹੋ ਜਾਂਦੀ ਹੈ ਤਾਂ ਉਸ ਨੂੰ ਛੇ ਮਹੀਨੇ ਤੋਂ ਛੇ ਵਰ੍ਹਿਆਂ ਤੱਕ ਦੀ ਕੈਦ ਹੋ ਸਕਦੀ ਹੈ। ਫਿਲਹਾਲ ਉਹ ਜ਼ਮਾਨਤ 'ਤੇ ਹੈ। ਉਸ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਖਿਲਾਫ ਛੇ ਹੋਰ ਮੁਕੱਦਮੇ ਚੱਲ ਰਹੇ ਹਨ, ਫਿਲਪੀਨਜ਼ ਦੇ ਵੱਖ ਵੱਖ ਹਿੱਸਿਆਂ ਵਿਚ। ਜੇ ਸਭਨਾਂ ਦੇ ਫ਼ੈਸਲੇ ਉਸ ਦੇ ਹੱਕ ਵਿਚ ਨਹੀਂ ਰਹਿੰਦੇ ਤਾਂ ਸਜ਼ਾ ਦੀ ਅਉਧ ਇਕ ਸਦੀ ਜਿੰਨੀ ਲੰਮੀ ਹੋ ਸਕਦੀ ਹੈ। ਇਹ ਸਾਰੇ ਮੁਕੱਦਮੇ ਪਿਛਲੇ ਰਾਸ਼ਟਰਪਤੀ ਰੌਡਰੀਗੋ ਡੂਟਰਟੇ (ਸਪੇਨੀ ਉਚਾਰਨ ਰੌਦ੍ਰੀਗੋ ਦੂਤਰਤੇ) ਦੇ ਛੇ ਵਰ੍ਹਿਆਂ ਦੇ ਕਾਰਜਕਾਲ ਦੌਰਾਨ ਦਰਜ ਹੋਏ ਸਨ। ਹੁਣ ਸੱਤਾ ਪਰਿਵਰਤਨ ਹੋ ਚੁੱਕਾ ਹੈ। ਫਰਡੀਨੈਂਡ ਮਾਰਕੋਸ ਜੋ ਬੌਂਗ-ਬੌਂਗ ਮਾਰਕੋਸ ਵਜੋਂ ਵੱਧ ਜਾਣੇ ਜਾਂਦੇ ਹਨ, ਮੁਲਕ ਦੇ ਨਵੇਂ ਰਾਸ਼ਟਰਪਤੀ ਹਨ ਪਰ ਤਾਨਾਸ਼ਾਹੀ ਉਨ੍ਹਾਂ ਦੇ ਖ਼ੂਨ ਵਿਚ ਵੀ ਰਚੀ ਹੋਈ ਹੈ। ਉਨ੍ਹਾਂ ਪਿਤਾ ਫਰਡੀਨੈਂਡ ਮਾਰਕੋਸ ਸੀਨੀਅਰ ਦੀ ਰਾਸ਼ਟਰਪਤੀ ਵਜੋਂ ਤਾਨਾਸ਼ਾਹੀ ਤੇ ਭ੍ਰਿਸ਼ਟਾਚਾਰ ਦੇ ਕਿੱਸੇ-ਕਹਾਣੀਆਂ ਅੱਜ ਵੀ ਦੰਦ-ਕਥਾਵਾਂ ਦਾ ਹਿੱਸਾ ਹਨ। ਲਿਹਾਜ਼ਾ, ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਬੌਂਗ-ਬੌਂਗ ਦੀ ਹਕੂਮਤ ਮਰੀਆ ਰੈਸਾ 'ਤੇ ਮਿਹਰਬਾਨ ਹੋਵੇਗੀ। ਮਰੀਆ ਅਜਿਹੀ ਕਿਸੇ ਮਿਹਰਬਾਨੀ ਦੀ ਤਲਬਗ਼ਾਰ ਵੀ ਨਹੀਂ। ਉਹ ਜਮਹੂਰੀ ਅਮਲ ਰਾਹੀਂ ਰਾਜਨੇਤਾ ਚੁਣੇ ਜਾਣ ਮਗਰੋਂ ਤਾਨਾਸ਼ਾਹਾਂ ਵਾਂਗ ਕੰਮ ਕਰਨ ਵਾਲੇ ਸਿਆਸਤਦਾਨਾਂ ਦਾ ਸੱਚ ਚੰਗੀ ਤਰ੍ਹਾਂ ਜਾਣਦੀ-ਪਛਾਣਦੀ ਹੈ। ਉਹ ਇਹ ਵੀ ਜਾਣਦੀ ਹੈ ਕਿ ਤਾਨਾਸ਼ਾਹ ਤੇ ਉਨ੍ਹਾਂ ਦੇ ਗੁਮਾਸ਼ਤੇ, ਅਦਾਲਤੀ ਲੜਾਈ ਹਾਰਨ ਮਗਰੋਂ ਬੰਦੂਕਚੀਆਂ ਦਾ ਸਹਾਰਾ ਲੈਣ ਤੋਂ ਨਹੀਂ ਝਿਜਕਦੇ। ਇਸੇ ਲਈ ਉਹ ਬੁਲੇਟ ਪਰੂਫ ਜੈਕੇਟ ਪਾ ਕੇ ਹੀ ਘਰੋਂ ਬਾਹਰ ਨਿਕਲਦੀ ਹੈ। ਸੁੱਚੀ ਤੇ ਇਨਸਾਨਮੁਖੀ ਪੱਤਰਕਾਰੀ ਨੂੰ ਉਹ ਆਪਣਾ ਪਾਵਨ ਫ਼ਰਜ਼ ਮੰਨਦੀ ਆਈ ਹੈ। ਇਸੇ ਫਰਜ਼ਸ਼ੱਨਾਸੀ ਵਾਸਤੇ ਉਹ ਜਾਨ ਦੀ ਬਾਜ਼ੀ ਲਾਉਣ ਲਈ ਵੀ ਤਿਆਰ ਹੈ। ਇਹੋ ਦ੍ਰਿੜਤਾ ਉਸ ਦੀ ਨਵੀਂ ਕਿਤਾਬ 'ਹਾਊ ਟੂ ਸਟੈਂਡ ਅੱਪ ਟੂ ਏ ਡਿਕਟੇਟਰ' (ਤਾਨਾਸ਼ਾਹ ਦਾ ਟਾਕਰਾ ਕਿਵੇਂ ਕਰੀਏ) ਦਾ ਵਿਸ਼ਾ ਵਸਤੂ ਹੈ।

ਕਿਤਾਬ ਦੇ ਦੋ ਪੱਖ ਹਨ। ਇਹ ਉਸ ਦੀ ਆਤਮ-ਕਥਾ ਵੀ ਹੈ ਅਤੇ ਸੋਸ਼ਲ ਮੀਡੀਆ ਮੰਚਾਂ ਦੀ ਅਜਾਰੇਦਾਰੀ ਤੇ ਕੁਵਰਤੋਂ ਖਿਲਾਫ਼ ਹੋਕਾ ਵੀ। ਇਕ ਪਾਸੇ ਇਹ ਫਿਲਪੀਨਜ਼ ਵਿਚ ਜਨਮੀ ਬੱਚੀ ਦੇ ਅਮਰੀਕਾ ਵਿਚ ਪਰਵਾਸ ਤੇ ਫਿਰ ਉੱਥੋਂ ਦੇ ਮਾਹੌਲ ਵਿਚ ਰਚਣ-ਮਿਚਣ ਵਿਚ ਆਈਆਂ ਜ਼ਿਹਨੀ ਤੇ ਜਿਸਮਾਨੀ ਦਿੱਕਤਾਂ ਦੀ ਕਹਾਣੀ ਮਾਰਮਿਕਤਾ ਨਾਲ ਬਿਆਨ ਕਰਦੀ ਹੈ, ਦੂਜੇ ਪਾਸੇ ਪ੍ਰਿੰਸਟਨ ਯੂਨੀਵਰਸਿਟੀ ਵਰਗੀ ਵਕਾਰੀ ਸੰਸਥਾ ਤੋਂ ਪੋਸਟ ਗ੍ਰੈਜੂਏਸ਼ਨ ਕਰਨ ਅਤੇ ਫਿਰ ਪੱਤਰਕਾਰੀ ਨੂੰ ਪੇਸ਼ਾ ਬਣਾਉਣ ਤੋਂ ਉਪਜੀਆਂ ਵੰਗਾਰਾਂ ਦੀ ਦਾਸਤਾਨ ਵੀ ਓਨੇ ਹੀ ਮਰਮ ਤੇ ਸ਼ਾਇਸਤਗੀ ਨਾਲ ਕਲਮਬੰਦ ਕਰਦੀ ਹੈ। ਇਸ ਪੇਸ਼ੇ ਨਾਲ ਜੁੜੀ ਖੋਜਮੁਖੀ ਤੇ ਦਲੇਰਾਨਾ ਰਿਪੋਰਟਿੰਗ ਨੇ ਰੈਸਾ ਨੂੰ ਪਹਿਲਾਂ ਅਮਰੀਕਾ ਤੇ ਫਿਰ ਦੱਖਣ-ਪੂਰਬੀ ਏਸ਼ੀਆ ਵਿਚ ਨਾਮਵਰ ਖ਼ਬਰਨਵੀਸ ਬਣਾਇਆ। ਸੀ.ਐੱਨ.ਐੱਨ. ਦਾ






*ਮਰੀਆ ਰੈਸਾ ਅਤੇ (ਉਪਰ) ਉਸ ਦੀ ਲਿਖੀ ਕਿਤਾਬ 'ਹਾਊ ਟੂ ਸਟੈਂਡ ਅੱਪ ਟੂ ਏ ਡਿਕਟੇਟਰ' ਦਾ ਮੁਖੜਾ।*

ਦੱਖਣ-ਪੂਰਬੀ ਏਸ਼ੀਆ ਬਿਓਰੋ ਉਸ ਨੇ ਹੀ ਸਥਾਪਿਤ ਕੀਤਾ ਅਤੇ ਇਸ ਦੇ ਸੁਚੱਜੇ ਸੰਚਾਲਨ ਲਈ ਉਸ ਨੇ ਆਪਣੇ ਵਤਨ (ਫਿਲਪੀਨਜ਼) ਪਰਤਣਾ ਮੁਨਾਸਿਬ ਸਮਝਿਆ। ਇਮਾਨਦਾਰਾਨਾ ਪੱਤਰਕਾਰੀ ਵਿਚ ਉਸ ਦਾ ਯਕੀਨ ਤੇ ਇਖ਼ਲਾਕੀ ਕਦਰਾਂ 'ਤੇ ਪਹਿਰਾ ਦੇਣ ਦਾ ਉਸ ਦਾ ਸੁਭਾਅ ਨਾ ਫਿਲਪੀਨਜ਼ ਦੇ ਹੁਕਮਰਾਨਾਂ ਨੂੰ ਰਾਸ ਆਇਆ ਤੇ ਨਾ ਹੀ ਸੀ.ਐੱਨ.ਐੱਨ. ਦੇ ਕਰਤਿਆਂ-ਧਰਤਿਆਂ ਨੂੰ। ਉਸ ਨੇ ਦੋਵਾਂ ਨਾਲ ਸਮਝੌਤਾ ਕਰਨ ਦੀ ਥਾਂ ਸੋਸ਼ਲ ਮੀਡੀਆ ਮੰਚਾਂ, ਖ਼ਾਸ ਕਰ ਕੇ ਫੇਸਬੁੱਕ ਦੇ ਪਸਾਰ-ਵਿਸਤਾਰ ਨੂੰ ਆਪਣੀ ਸਿਧਾਂਤਕਤਾ ਦਾ ਔਜ਼ਾਰ ਬਣਾਉਣ ਦਾ ਫ਼ੈਸਲਾ ਕੀਤਾ। ਇਸੇ ਫ਼ੈਸਲੇ ਸਦਕਾ 'ਰੈਪਲਰ' ਵਜੂਦ ਵਿਚ ਆਇਆ ਜੋ ਸਰਕਾਰੀ ਬੰਦਸ਼ਾਂ ਤੇ ਸੋਸ਼ਲ ਮੀਡੀਆ ਮੰਚਾਂ ਵੱਲੋਂ ਖੜ੍ਹੀਆਂ ਕੀਤੀਆਂ ਦਰਜਨਾਂ ਦਿੱਕਤਾਂ ਦੇ ਬਾਵਜੂਦ ਫਿਲਪੀਨਜ਼ ਦਾ ਸਭ ਤੋਂ ਮਕਬੂਲ ਆਨਲਾਈਨ ਨਿਊਜ਼ ਸਾਈਟ ਹੈ।

ਰੈਸਾ ਦੀ ਪੱਤਰਕਾਰੀ ਸਿਰਫ਼ ਫਿਲਪੀਨਜ਼ ਤੱਕ ਮਹਿਦੂਦ ਨਹੀਂ। ਜਮਹੂਰੀ ਪ੍ਰਣਾਲੀਆਂ ਦੀ ਕੁਵਰਤੋਂ, ਸਰਕਾਰੀ ਤੇ ਗ਼ੈਰ-ਸਰਕਾਰੀ ਭ੍ਰਿਸ਼ਟਾਚਾਰ, ਰਾਜਨੀਤਕ, ਸਮਾਜਿਕ ਤੇ ਧਾਰਮਿਕ ਇੰਤਹਾਪਸੰਦੀ, ਅਸਹਿਮਤੀ ਦੇ ਹੱਕ ਨੂੰ ਕੁਚਲਣ ਦੀਆਂ ਚਾਲਾਂ-ਕੁਚਾਲਾਂ, ਇਨ੍ਹਾਂ ਸਭਨਾਂ ਖਿਲਾਫ਼ ਉਹ ਖੁੱਲ੍ਹਾ ਮੰਚ ਪ੍ਰਦਾਨ ਕਰਦੀ ਆਈ ਹੈ। ਇਸੇ ਮਿਸ਼ਨ ਕਾਰਨ ਉਹ ਫਿਲਪੀਨਜ਼ ਦੇ ਹਾਕਮਾਂ ਤੋਂ ਇਲਾਵਾ ਮਲੇਸ਼ੀਆ, ਇੰਡੋਨੇਸ਼ੀਆ, ਵੀਅਤਨਾਮ ਤੇ ਥਾਈਲੈਂਡ ਦੇ ਹੁਕਮਰਾਨਾਂ ਨੂੰ ਵੀ ਨਾਪਸੰਦ ਹੈ। ਮਲੇਸ਼ੀਆ-ਇੰਡੋਨੇਸ਼ੀਆ ਵਿਚ ਉਸ ਦੇ ਦਾਖ਼ਲੇ 'ਤੇ ਪਾਬੰਦੀ ਹੈ। ਵੀਅਤਨਾਮ ਤੇ ਥਾਈਲੈਂਡ ਉਸ ਨੂੰ ਵੀਜ਼ਾ ਨਹੀਂ ਜਾਰੀ ਕਰਦੇ। ਅਜਿਹੀਆਂ ਰੋਕਾਂ-ਰੁਕਾਵਟਾਂ ਦੇ ਬਾਵਜੂਦ ਉਸ ਨੇ ਆਪਣੇ ਮੁਲਕ ਤੋਂ ਇਲਾਵਾ ਗੁਆਂਢੀ ਮੁਲਕਾਂ ਵਿਚ ਵੀ ਖੋਜਮੁਖੀ ਖ਼ਬਰਨਵੀਸਾਂ ਦੀ ਇਕ ਟੀਮ ਤਲਾਸ਼ ਅਤੇ ਤਰਾਸ਼ ਰੱਖੀ ਹੈ ਜੋ ਨਿਜ਼ਾਮਾਂ ਦੀਆਂ ਚੁਹਲਾਂ-ਚਾਲਾਕੀਆਂ ਨੂੰ ਬੇਪਰਦ ਕਰਨ ਵਾਲੀਆਂ ਰਿਪੋਰਟਾਂ ਸਾਹਮਣੇ ਲਿਆਉਂਦੀ ਰਹਿੰਦੀ ਹੈ। ਨਤੀਜਨ, ਰੈਸਾ ਤੇ 'ਰੈਪਲਰ' ਦੇ ਦੋਖੀਆਂ-ਦੁਸ਼ਮਣਾਂ ਦੀ ਤਾਦਾਦ ਲਗਾਤਾਰ ਵਧ ਰਹੀ ਹੈ।

ਰਾਸ਼ਟਰਪਤੀ ਡੂਟਰਟੇ ਨੇ ਮਰੀਆ ਰੈਸਾ ਦਾ ਹੌਸਲਾ ਪਸਤ ਕਰਨ ਵਾਸਤੇ ਹਰ ਸਾਖ਼ਤ ਦੇ ਗ਼ੈਰ-ਕਾਨੂੰਨੀ ਹਥਿਆਰ ਤੇ ਹਥਕੰਡੇ ਵਰਤੇ। 'ਰੈਪਲਰ' ਦੇ ਪ੍ਰਕਾਸ਼ਨ ਦਾ ਲਾਇਸੈਂਸ ਰੱਦ ਕਰ ਦਿੱਤਾ ਗਿਆ, ਰੈਸਾ ਨੂੰ ਅਮਰੀਕੀ ਏਜੰਟ ਕਰਾਰ ਦੇ ਕੇ ਜਲਾਵਤਨੀ ਦੇ ਹੁਕਮ ਜਾਰੀ ਕਰਵਾਏ ਗਏ, ਉਸ ਉੱਪਰ ਟੈਕਸ ਚੋਰੀ ਤੇ ਵਿਦੇਸ਼ਾਂ ਤੋਂ ਫੰਡ ਲੈਣ ਦੇ ਦੋਸ਼ਾਂ ਅਧੀਨ ਮੁਕੱਦਮੇ ਦਰਜ ਕਰਵਾਏ ਗਏ, ਬਿਲਡਰਾਂ ਤੇ ਉਦਯੋਗਪਤੀਆਂ ਤੋਂ ਉਸ ਦੇ ਖਿਲਾਫ਼ ਮਾਣਹਾਨੀ ਦੇ ਦਾਅਵੇ ਦਾਇਰ ਕਰਵਾਏ (ਇਕ ਸਮੇਂ ਅਜਿਹੇ ਮੁਕੱਦਮਿਆਂ ਦੀ ਗਿਣਤੀ 100 ਤੱਕ ਜਾ ਪੁੱਜੀ ਸੀ) ਅਤੇ ਉਸ ਨੂੰ ਗਲੀ-ਗਲੋਚ ਦਾ ਸ਼ਿਕਾਰ ਬਣਾਉਣ ਤੇ ਬਦਨਾਮ ਕਰਨ ਵਾਸਤੇ ਸੋਸ਼ਲ ਮੀਡੀਆ ਮੰਚਾਂ ਦੀ ਭਰਪੂਰ ਕੁਵਰਤੋਂ ਕੀਤੀ ਗਈ। ਇਹ ਸਾਰੇ ਹੱਥਕੰਡੇ ਰੈਸਾ ਨੂੰ ਝੁਕਾਅ ਨਾ ਸਕੇ। ਹਾਂ, ਸ਼ੋਸ਼ਲ ਮੀਡੀਆ ਮੰਚਾਂ ਦੀ ਕੁਵਰਤੋਂ ਨੇ ਉਸ ਨੂੰ ਤ੍ਰਸਤ ਜ਼ਰੂਰ ਕੀਤਾ। ਇਸੇ ਲਈ ਉਹ ਇਨ੍ਹਾਂ ਨੂੰ ਲੁਕਵੇਂ ਐਟਮ ਬੰਬ ਦੱਸਦੀ ਹੈ। ਉਹ ਲਿਖਦੀ ਹੈ, "ਬਹੁਤ ਦੁੱਖ ਦੀ ਗੱਲ ਹੈ ਕਿ ਜਿਹੜਾ ਸੋਸ਼ਲ ਮੀਡੀਆ ਦੁਨੀਆ ਭਰ ਵਿਚ ਬੌਧਿਕਤਾ ਤੇ ਗਿਆਨ ਦੇ ਪਸਾਰੇ ਦਾ ਸਭ ਤੋਂ ਵੱਡਾ ਤੇ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਬਣ ਸਕਦਾ ਸੀ, ਉਹੀ ਸਾਡੀਆਂ ਆਜ਼ਾਦੀਆਂ ਉੱਤੇ ਛਾਪੇ ਦਾ ਵਸੀਲਾ ਬਣ ਗਿਆ ਹੈ। ਇਹ ਗ਼ਲਤ ਜਾਣਕਾਰੀਆਂ ਤੇ ਗ਼ਲਤ ਵਿਚਾਰਾਂ ਦੇ ਪਸਾਰੇ ਦਾ ਖ਼ਤਰਨਾਕ ਸਾਧਨ ਬਣ ਚੁੱਕਾ ਹੈ। ਇਹ ਜਮਹੂਰੀ ਸਿਧਾਂਤਾਂ ਅਤੇ ਤਰਜ਼ਾਂ ਵਿਚ ਵਿਗਾੜ ਪੈਦਾ ਕਰ ਰਿਹਾ ਹੈ ਅਤੇ ਆਮ ਲੋਕਾਂ ਦੇ ਨਿੱਤ ਦੇ ਵਰਤੋਂ-ਵਿਹਾਰ ਨੂੰ ਵੀ ਗ਼ਲਤ ਢੰਗ ਨਾਲ ਪ੍ਰਭਾਵਿਤ ਕਰ ਰਿਹਾ ਹੈ।"

"ਜਮਹੂਰੀ ਨਿਜ਼ਾਮਾਂ ਵਿਚ ਤਾਂ ਇਸ ਦੀ ਕੁਵਰਤੋਂ ਸਾਡੀਆਂ ਰਾਜਸੀ ਤਰਜੀਹਾਂ ਉੱਤੇ ਸਿੱਧੇ ਤੌਰ 'ਤੇ ਬੁਰਾ ਅਸਰ ਪਾ ਰਹੀ ਹੈ। ਅਸੀਂ ਭੇਡ-ਚਾਲ ਦਾ ਸ਼ਿਕਾਰ ਹੋ ਰਹੇ ਹਾਂ। ਸਰਕਾਰਾਂ ਤੇ ਕਾਰਪੋਰੇਟ ਸੰਸਥਾਵਾਂ ਇਹ ਤੈਅ ਕਰਨ ਲੱਗੀਆਂ ਹਨ ਕਿ ਸੋਸ਼ਲ ਮੀਡੀਆ ਮੰਚਾਂ ਉੱਤੇ ਕੀ ਜਾਣਾ ਚਾਹੀਦਾ ਹੈ ਅਤੇ ਕੀ ਨਹੀਂ। ਫੇਸਬੁੱਕ, ਟਵਿੱਟਰ ਤੇ ਹੋਰ ਮੰਚ, ਮਹਿਜ਼ ਮੁਨਾਫ਼ੇ ਦੀ ਖ਼ਾਤਿਰ ਸਰਕਾਰਾਂ ਤੇ ਕਾਰਪੋਰੇਟਾਂ ਅੱਗੇ ਵਿਛਣ ਲੱਗੇ ਹਨ। ਉਨ੍ਹਾਂ ਨੇ ਅਜਿਹੇ ਅਲਗੋਰਿਦਮ ਵਿਕਸਿਤ ਕਰ ਲਏ ਹਨ ਜੋ ਸਰਕਾਰਾਂ ਜਾਂ ਸ਼ਕਤੀਸ਼ਾਲੀ ਕਾਰਪੋਰੇਟਾਂ ਵਿਰੁੱਧ ਜਾਣ ਵਾਲੀ ਹਰ ਜਾਣਕਾਰੀ ਨੂੰ ਜਾਂ ਤਾਂ ਮਿਟਾ ਦਿੰਦੇ ਹਨ ਅਤੇ ਜਾਂ ਫਿਰ ਫਿਲਟਰ ਕਰਕੇ 'ਨਿਪੁੰਸਕ' ਬਣਾ ਦਿੰਦੇ ਹਨ। ਸੱਚ ਨਿਸਰਨ ਤੇ ਨਿਖ਼ਰਨ ਦੀ ਬਜਾਏ ਬਿਖਰਨ ਤੇ ਵਿਸਰਨ ਲੱਗਾ ਹੈ।" ਇਹ ਸਾਰਾ ਵਰਤਾਰਾ, ਕਿਤਾਬ ਵਿਚ, ਮਿਸਾਲਾਂ ਸਮੇਤ ਪੇਸ਼ ਹੈ, ਚਾਹੇ ਉਹ ਨਸ਼ਿਆਂ ਤੇ ਨਸ਼ਾ-ਸੌਦਾਗਰਾਂ ਖਿਲਾਫ ਡੂਟਰਟੇ ਦੀ ਅਖੌਤੀ ਲੜਾਈ ਦੀ ਕਹਾਣੀ ਹੋਵੇ ਜਾਂ ਬ੍ਰਿਟੇਨ ਦੇ ਬ੍ਰੈਗਜ਼ਿਟ ਦਾ ਕਿੱਸਾ, ਰੂਸ ਦੇ ਯੂਕਰੇਨ ਉੱਤੇ ਹਮਲੇ ਦਾ ਫ਼ਸਾਨਾ ਹੋਵੇ ਜਾਂ ਚੀਨ ਵੱਲੋਂ ਹੈਕਿੰਗ ਰਾਹੀਂ ਛੇੜੀਆਂ ਸਾਈਬਰ ਜੰਗਾਂ ਦੀ ਦਾਸਤਾਨ।

ਕਿਤਾਬ ਦੇ 12 ਅਧਿਆਇ ਹਨ। ਚੌਥਾ ਅਧਿਆਇ 'ਦਿ ਮਿਸ਼ਨ ਆਫ ਜਰਨਲਿਜ਼ਮ' ਪੱਤਰਕਾਰਾਂ ਤੇ ਪੱਤਰਕਾਰੀ ਦੇ ਵਿਦਿਆਰਥੀਆਂ ਲਈ ਪੜ੍ਹਨਯੋਗ ਹੈ। ਇਹ ਕਿਤਾਬ ਸਾਨੂੰ ਜਮਹੂਰੀ ਤੇ ਇਖ਼ਲਾਕੀ ਤੌਰ 'ਤੇ ਸੁਚੇਤ ਹੋਣ, ਆਪਣੇ ਫਰਜ਼ਾਂ ਦੀ ਸ਼ਨਾਖ਼ਤ ਕਰਨ, ਉਨ੍ਹਾਂ 'ਤੇ ਪਹਿਰਾ ਦੇਣ ਦੀ ਜਾਚ ਸਿੱਖਣ, ਜਮਹੂਰੀ ਨਿਜ਼ਾਮਾਂ ਵਿਚ ਲੱਫਾਜ਼ਾਂ ਤੇ ਲਿਫ਼ਾਫ਼ੇਬਾਜ਼ਾਂ ਦੇ ਝਾਂਸੇ ਵਿਚ ਨਾ ਆਉਣ ਅਤੇ ਵੋਟਾਂ ਰਾਹੀਂ ਬਣੇ ਤਾਨਾਸ਼ਾਹਾਂ ਦੇ ਖਿਲਾਫ਼ ਉਚੇਚੇ ਤੌਰ 'ਤੇ ਜਥੇਬੰਦ ਹੋਣ ਦਾ ਸੱਦਾ ਦਿੰਦੀ ਹੈ। ਕਿਤਾਬ ਦਾ ਧਰਾਤਲ ਫਿਲਪੀਨਜ਼ ਹੈ ਪਰ ਇਸ ਅੰਦਰ ਸਿਰਜੀ ਗਈ ਤਸਵੀਰ ਸਾਡੇ ਮੁਲਕ ਵਿਚ ਵੀ ਦ੍ਰਿਸ਼ਮਾਨ ਹੈ। ਖ਼ਾਸ ਤੌਰ 'ਤੇ ਲੱਫਾਜ਼ਾਂ ਤੇ ਲਿਫ਼ਾਫ਼ੇਬਾਜ਼ਾਂ ਦੇ ਝਾਂਸਿਆਂ ਅਤੇ ਵੋਟਾਂ ਰਾਹੀਂ ਉੱਭਰੇ ਤਾਨਾਸ਼ਾਹਾਂ ਵਾਲੀ। ਇਸੇ ਲਈ ਇਸ ਕਿਤਾਬ ਅੰਦਰਲੇ ਸਬਕਾਂ ਤੇ ਸੁਨੇਹਿਆਂ ਦੀ ਸਾਡੇ ਲਈ ਵੀ ਭਰਵੀਂ ਅਹਿਮੀਅਤ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਮਾਰਚ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-577



*ਦੀਨ ਦੁਖੀ ਦੀ ਕਰੋ ਸਹਾਇਤਾ, ਧਰਮ ਹੈ ਕਰਨ ਪੁਕਾਰ,*
*ਧੁਰ ਦਰਗਾਹ 'ਚ ਲੱਗੇ ਹਾਜ਼ਰੀ, ਜੀਵਨ ਦਾ ਹੋਏ ਉਧਾਰ।*
*ਬੇਕਸਾਂ ਦਾ ਮੂੰਹ ਗੁਰੂ ਦੀ ਗੋਲਕ, ਗੁਰੂ-ਪੀਰਾਂ ਦੇ ਫੁਰਮਾਨ,*
*ਸੁੱਚੀ ਕਿਰਤ ਹੱਕ ਹਲਾਲ ਕਰੋ, ਆਖਦੇ ਨੇ ਦੀਨ ਇਮਾਨ।*

### ਕੈਪਸ਼ਨ ਮੁਕਾਬਲਾ-575



ਕਹਿੰਦੇ ਜੈਸੇ
'ਹੋਣਹਾਰ ਕੇ ਹੋਤ ਚਿਕਨੇ ਚਿਕਨੇ ਪਾਤ',
ਸੱਚ ਜਾਪਦਾ ਹੈ ਮੈਨੂੰ
ਜਦੋਂ ਤਸਵੀਰ ਉੱਤੇ ਪਾਵਾਂ ਝਾਤ।
ਸ਼ਾਲਾ! ਨੰਨ੍ਹਾ-ਮੁੰਨਾ ਇੱਕ ਦਿਨ
ਬਣ ਜਾਏ ਕਲਾਕਾਰ,
ਭਾਵੇਂ ਅੱਜ ਨਕਲ ਕਰ ਰਿਹਾ
ਪਰ ਸੁਫ਼ਨਾ ਹੋਵੇ ਸਾਕਾਰ!
***-ਸੇਵਾ ਸਿੰਘ 'ਨੂਰਪੁਰੀ'***

---

ਵਿਚ ਰੋਹੀ ਬੀਆਵਾਨ ਦੇ
ਬੱਚੇ ਜਾ ਲੱਭਿਆ ਇਕ ਖੇਤ
ਸਿੱਟੇ ਨੂੰ ਉਸ ਮਾਈਕ ਬਣਾਇਆ,
ਟਾਡਾ ਜਿਸ ਦਾ ਮੇਚ
ਉਂਗਲ ਚੁੱਕ ਜਦ ਹੇਕ ਲਗਾਈ,
ਗੂੰਜਣ ਲੱਗੇ ਖੇਤ
ਲੋਕ ਕਲੀ - ਸੁਪਨਿਆ ਤੂੰ ਸੁਲਤਾਨ ਹੈਂ,
ਉੱਤਮ ਤੇਰੀ ਜਾਤ
ਸੌ ਵਰ੍ਹਿਆਂ ਦੇ ਵਿੱਛੜੇ,
ਆਣ ਮਿਲਾਏ ਰਾਤ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ:1-925-325-2486***

---

ਜਵਾਰ ਦਾ ਛਿੱਟਾ ਮਾਈਕ ਬਣਾ ਕੇ
ਭਾਸ਼ਨ ਕਰਨ ਦੀ ਕਰੇ ਤਿਆਰੀ।
ਬਚਪਨ ਜਦੋਂ ਜਵਾਨ ਹੋ ਗਿਆ
ਲਊਗਾ ਸਟੇਜ ਦੇ ਉੱਪਰ ਵਾਰੀ।
ਉੱਚਾ ਹੱਥ ਸੰਕੇਤ ਹੈ ਕਰਦਾ
ਪਊਗਾ ਬਹੁਤਿਆਂ ਉੱਪਰ ਭਾਰੀ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਬਿਨ ਖਰੀਦਿਆਂ ਵੀ ਬੁੱਤਾ ਸਰ ਜਾਂਦਾ
ਨਾ ਹਿੰਗ ਲੱਗੇ ਨਾ ਫਟਕਰੀ
ਇਕੱਲਾ ਫਿਰ ਭਰ ਆਈ ਜੋਬਨ ਫਸਲ
ਅਕਸਰ ਡਰ ਮਾਰਦਾ ਕਿਤੇ ਕੋਈ ਨਿਓਲਾ,
ਸੱਪ, ਠੂੰਹਾਂ ਹੀ ਨਾ ਹੋਵੇ
ਬੱਚੇ ਨੇ ਕੱਢ ਦਿੱਤੀ ਕਸਰ
ਫੜ ਕਸੀਰ ਉਤੇ ਲੱਗੇ ਸਿੱਟੇ ਨੂੰ
ਕਰ ਆਪਣੇ ਵੱਲ
ਬਸ ਮਾਈਕ ਬਣ ਗਿਆ
ਲੱਗਾ ਹੇਕ ਲਾਉਣ ਮਿਰਜ਼ੇ ਦੀ
ਨਾਲੇ ਭੈਅ ਦੂਰ, ਨਾਲੇ ਦਿਲ ਤਕੜਾ
ਹੋਰਨਾਂ ਲਈ ਰਾਹ ਦਰਸਾਊ
ਹੋ ਸਾਬਤ ਗਿਆ।
***-ਦਰਸ਼ਨ ਪਾਲ ਦੋਸਾਂਝ***

*To Advertise with Punjab Times Call: 847-359-0746*

# ਯੂਕਰੇਨ ਅੰਦਰ ਲੜੀ ਜਾ ਰਹੀ ਸਾਮਰਾਜੀ ਜੰਗ ਦੇ ਨਿਕਲਣ ਵਾਲੇ ਭਿਆਨਕ ਸਿੱਟੇ



ਗੁਰਬਚਨ ਸਿੰਘ
ਫੋਨ: +91-98156-98451

ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਕਿਹਾ ਹੈ ਕਿ ਇਸ ਵੇਲੇ ਕੁਦਰਤੀ ਆਫਤਾਂ ਅਤੇ ਮਹਿੰਗਾਈ ਨੇ ਦੇਸ਼ ਦੇ ਲੋਕਾਂ ਦੇ ਨੱਕ ਵਿਚ ਦਮ ਕਰ ਦਿੱਤਾ ਹੈ। ਇਹ ਹਾਲਤ ਸਿਰਫ ਨਿਊਜ਼ੀਲੈਂਡ ਦੇ ਲੋਕਾਂ ਦੀ ਨਹੀਂ ਬਲਕਿ ਅਮਰੀਕਾ, ਕੈਨੇਡਾ, ਯੂਰਪ, ਆਸਟ੍ਰੇਲੀਆ ਸਮੇਤ ਲਗਪਗ ਸਾਰੇ ਹੀ ਦੇਸ਼ਾਂ ਦੀ ਹੈ। ਭਾਰਤ ਤੇ ਪਾਕਿਸਤਾਨ ਵਰਗੇ ਗਰੀਬ ਦੇਸ਼ ਮਹਿੰਗਾਈ ਦੀ ਮਾਰ ਸਭ ਤੋਂ ਵੱਧ ਝੱਲ ਰਹੇ ਹਨ। ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਗਰੀਬ ਤੇ ਮੱਧਵਰਗੀ ਲੋਕਾਂ ਦੀਆਂ ਮੁਸੀਬਤਾਂ ਵੱਲ ਗ਼ੌਰ ਕਰਨਾ ਹੀ ਛੱਡ ਦਿੱਤਾ ਹੈ। ਪਰ ਜਿਵੇਂ ਕਿ ਪੇਸ਼ ਕੀਤਾ ਜਾ ਰਿਹਾ ਹੈ, ਨਿੱਤ ਦਿਨ ਵਧ ਰਹੀ ਇਸ ਮਹਿੰਗਾਈ ਦਾ ਇਕੋ-ਇਕ ਕਾਰਨ ਯੂਕਰੇਨ ਅੰਦਰ ਪੱਛਮੀ ਸਾਮਰਾਜ ਅਤੇ ਰੂਸ ਦਰਮਿਆਨ ਲੜੀ ਜਾ ਰਹੀ ਜੰਗ ਨਹੀਂ ਬਲਕਿ ਆਲਮੀ ਸਾਮਰਾਜੀ ਪ੍ਰਬੰਧ ਨੂੰ ਦਰਪੇਸ਼ ਸਰਬ-ਵਿਆਪੀ ਸੰਕਟ ਹੈ। ਅਮਰੀਕਾ ਸਰਕਾਰ ਇਸ ਵੇਲੇ 31 ਟ੍ਰਿਲੀਅਨ ਭਾਵ 310 ਖਰਬ ਡਾਲਰ ਦੀ ਕਰਜ਼ਈ ਹੈ। ਅਮਰੀਕਾ ਸਿਰ ਕੁਲ ਕਰਜ਼ਾ 920 ਖਰਬ ਡਾਲਰ ਤੇ ਕੁਲ ਦੇਣਦਾਰੀਆਂ 1720 ਖਰਬ ਡਾਲਰ ਹਨ ਪਰ ਲੈਣਦਾਰੀਆਂ ਜਾਂ ਬਚਤਾਂ ਸਿਫਰ ਹਨ। ਦੇਸ਼ ਨੂੰ ਚੱਲਦਾ ਰੱਖਣ ਲਈ ਸਰਕਾਰ ਕੋਲ ਹੋਰ ਕਰਜ਼ਾ ਲੈਣ ਜਾਂ ਹੋਰ ਡਾਲਰ ਛਾਪਣ ਤੋਂ ਬਿਨਾਂ ਕੋਈ ਚਾਰਾ ਨਹੀਂ। ਸਾਰੇ ਯੂਰਪੀਨ ਮੁਲਕ ਇਸੇ ਪੈਟਰਨ ਉਤੇ ਵਿਕਸਿਤ ਹੋਣ ਕਾਰਨ ਇਸੇ ਲਾਇਲਾਜ ਰੋਗ ਦਾ ਸ਼ਿਕਾਰ ਹਨ।

ਜਨਵਰੀ 2017 ਦੇ 'ਦੇਸ ਪੰਜਾਬ' ਦੇ ਅੰਕ ਵਿਚ ਅਮਰੀਕੀ ਸਾਮਰਾਜ ਵੱਲੋਂ ਯੂਕਰੇਨ ਅੰਦਰ ਰੂਸ ਲਈ ਵਿਛਾਏ ਜਾ ਰਹੇ ਜਾਲ ਦੀ ਨਿਸ਼ਾਨਦੇਹੀ ਕਰਦਿਆਂ ਲਿਖਿਆ ਗਿਆ ਸੀ, 'ਅਮਰੀਕੀ ਸਾਮਰਾਜੀਆਂ ਮੂਹਰੇ ਤਿੰਨ ਦੁਸ਼ਮਣ ਖੜ੍ਹੇ ਹਨ। ਉਭਰ ਰਹੀ ਮਹਾਂਸ਼ਕਤੀ ਚੀਨ, ਖਤਰਨਾਕ ਪ੍ਰਮਾਣੂ ਹਥਿਆਰਾਂ ਨਾਲ ਲੈਸ ਫੌਜੀ ਸ਼ਕਤੀ ਰੂਸ ਅਤੇ ਇਸਲਾਮੀ ਜਹਾਦ। ਪੂੰਜੀਵਾਦ ਦੇ ਵਜੂਦ ਸਮੋਏ ਟਕਰਾਅ ਸਾਮਰਾਜੀ ਮੁਨਾਫੇ ਰਾਹੀਂ ਹੋਰ ਵੱਧ ਤੋਂ ਵੱਧ ਪੂੰਜੀ ਇਕੱਠੀ ਕਰਨ ਦੀ ਹਾਬੜ, ਆਪਸੀ ਸਿਰਵੱਢ ਮੁਕਾਬਲਾ, ਅਰਾਜਕਤਾ ਅਤੇ ਜਮਾਤੀ ਸੰਘਰਸ਼ਾਂ ਤੇ ਕੌਮੀ ਚੇਤਨਾ ਦਾ ਵੇਗ ਇਸ ਟਕਰਾਅ ਨੂੰ ਬੜੀ ਤੇਜ਼ੀ ਨਾਲ ਅੱਗੇ ਵਧਾ ਰਹੇ ਹਨ। 2008 ਵਿਚ ਆਰੰਭ ਹੋਏ ਆਲਮੀ ਆਰਥਿਕ ਸੰਕਟ ਨੇ ਇਸ ਸਮੁੱਚੇ ਵੇਗ ਨੂੰ ਹੋਰ ਵੀ ਜ਼ਰਬਾਂ ਦਿੱਤੀਆਂ ਹਨ।

ਇਸ ਹਾਲਤ ਵਿਚ ਅਮਰੀਕੀ ਸਾਮਰਾਜੀ ਤ੍ਰੈਪੱਖੀ ਸੰਸਾਰ ਯੁੱਧਨੀਤੀ ਲਾਗੂ ਕਰ ਰਹੇ ਹਨ। ਚੀਨ ਨੂੰ ਏਸ਼ੀਆ ਵਿਚ ਘੇਰਨਾ, ਰੂਸ ਨੂੰ ਯੂਰਪ ਵਿਚ ਘੇਰਨਾ ਅਤੇ ਇਸਲਾਮਿਕ ਜਹਾਦ ਨੂੰ ਸ਼ੀਆ-ਸੁੰਨੀ ਆਪਸੀ ਟਕਰਾਅ ਵਿਚ ਉਲਝਾਈ ਰੱਖਣਾ। ਨਾਲ ਹੀ ਰੂਸ, ਚੀਨ ਅਤੇ ਇਸਲਾਮਿਕ ਮੁਲਕਾਂ ਵਿਚਲੇ ਨਵੇਂ ਬਣੇ ਅਰਬਪਤੀਆਂ ਤੇ ਸਾਮਰਾਜੀ ਖਪਤਕਾਰੀ ਸਭਿਆਚਾਰ ਵਿਚ ਗਰਕੇ ਮੱਧਵਰਗ ਨੂੰ ਉਕਸਾ ਕੇ ਪੂਤਿਨ, ਚੀਨ ਦੀ ਕਮਿਊਨਿਸਟ ਪਾਰਟੀ ਅਤੇ ਮੁਸਲਿਮ ਜਹਾਦੀਆਂ ਵਿਰੁੱਧ ਲਾਮਬੰਦ ਕਰਨ ਦੇ ਯਤਨ ਕਰਨੇ।

ਚੀਨ ਨੂੰ ਏਸ਼ੀਆ ਵਿਚ ਘੇਰਨ ਲਈ ਮੋਦੀਕਿਆਂ ਨੂੰ ਸ਼ਿਸ਼ਕੇਰਿਆ ਜਾ ਰਿਹਾ ਹੈ। ਮੋਦੀਕਿਆਂ ਨੂੰ ਵਡਿਆ ਕੇ ਅਤੇ ਉਨ੍ਹਾਂ ਨੂੰ ਸੰਸਾਰ ਦੀ ਇਕ ਹੋਰ ਮਹਾਂਸ਼ਕਤੀ ਬਣਨ ਦੇ ਭਰਮ ਜਾਲ ਵਿਚ ਫਸਾ ਕੇ ਚੀਨ ਦੇ ਗਲ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਮੁਲਕਾਂ ਨੂੰ ਇਸ ਖੇਤਰ ਵਿਚ ਪ੍ਰਮਾਣੂ ਜੰਗ ਵਿਚ ਉਲਝਾ ਕੇ ਉਭਰ ਰਹੀ ਮਹਾਂਸ਼ਕਤੀ ਚੀਨ ਨੂੰ ਆਪਣੇ ਮੁਕਾਬਲੇ ਅਸਰਹੀਣ ਕਰਨ ਦੀਆਂ ਸਾਜ਼ਿਸ਼ਾਂ ਰਚੀਆ ਜਾ ਰਹੀਆਂ ਹਨ। ਰੂਸ ਨੂੰ ਯੂਕਰੇਨ ਨਾਲ ਲੜਾ ਕੇ ਅਤੇ ਯੂਰਪ ਨੂੰ ਯੂਕਰੇਨ ਮਗਰ ਲਾਮਬੰਦ ਕਰ ਕੇ ਰੂਸ ਨੂੰ ਯੂਰਪ ਦੇ ਗਲ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਜੇ ਸੰਭਵ ਹੋਵੇ ਤਾਂ ਰੂਸ ਨੂੰ ਆਪਣੇ ਪ੍ਰਮਾਣੂ ਹਥਿਆਰ ਅਮਰੀਕਾ ਵੱਲ ਸੇਧਿਤ ਕਰਨ ਦੀ ਬਜਾਇ ਯੂਰਪ ਵੱਲ ਸੇਧਿਤ ਕਰਨ ਲਈ ਉਕਸਾਇਆ ਜਾਵੇ।

ਅਮਰੀਕੀ ਸਾਮਰਾਜੀਆਂ ਦੀ ਯੁੱਧਨੀਤੀ ਬੜੀ ਸਾਫ ਹੈ। ਰੂਸ ਦੀ ਫੌਜੀ ਸ਼ਕਤੀ ਤੇ ਚੀਨ ਦੀ ਆਰਥਿਕ ਸ਼ਕਤੀ ਨੂੰ ਖੁੰਡਿਆਂ ਕਰਨਾ, ਆਪਣੇ ਮੁਕਾਬਲੇ ਵਿਚ ਇਨ੍ਹਾਂ ਨੂੰ ਉਭਰਨ ਨਾ ਦੇਣਾ ਅਤੇ ਆਪਣੀ ਸੰਸਾਰ ਠਾਣੇਦਾਰੀ ਕਾਇਮ ਰੱਖਣੀ।'

ਬੀਤੇ 6 ਸਾਲਾਂ ਵਿਚ ਹਾਲਤਾਂ ਨੇ ਲਗਪਗ ਇਵੇਂ ਹੀ ਮੋੜ ਕੱਟਿਆ ਹੈ। ਦੁਖਦਾਈ ਗੱਲ ਇਹ ਹੈ ਕਿ ਇਕ ਸਾਧਾਰਨ ਬੰਦਾ ਜਿਹੜਾ ਡਰ ਪ੍ਰਗਟ ਕਰ ਰਿਹਾ ਸੀ, ਉਹ ਸੱਚ ਸਾਬਤ ਹੋਇਆ ਹੈ। ਪਿਛਲੇ ਸਾਲ ਯੂਕਰੇਨ ਉਤੇ ਹਮਲਾ ਕਰ ਕੇ ਰੂਸ ਸੁੱਤੇ ਸਿੱਧ ਹੀ ਅਮਰੀਕੀ ਸਾਮਰਾਜੀਆਂ ਦੇ ਇਸ ਜਾਲ ਵਿਚ ਫਸ ਗਿਆ ਹੈ ਅਤੇ ਐਸਾ ਫਸਿਆ ਹੈ ਕਿ ਹੁਣ ਉਸ ਲਈ ਇਸ ਜਾਲ ਵਿਚੋਂ ਨਿਕਲਣਾ ਮੁਸ਼ਕਿਲ ਹੋ ਗਿਆ ਹੈ। ਪਿਛਲੇ ਇਕ ਸਾਲ ਤੋਂ ਯੂਕਰੇਨ ਪੱਛਮੀ ਸਾਮਰਾਜੀਆਂ ਦੀ ਆਰਥਿਕ ਮਦਦ ਅਤੇ ਹਥਿਆਰਾਂ ਨਾਲ ਰੂਸੀ ਫੌਜਾਂ ਦਾ ਮੁਕਾਬਲਾ ਕਰ ਰਿਹਾ ਹੈ। ਦੋਹਾਂ ਦੇਸ਼ਾਂ ਦੇ ਫੌਜੀ ਮਰ ਰਹੇ ਹਨ ਪਰ ਦੋਹਾਂ ਦੇਸ਼ਾਂ ਦਾ ਕੌਮੀ ਜਜ਼ਬਾ ਦੋਹਾਂ ਨੂੰ ਇਕ-ਦੂਜੇ ਵਿਰੁੱਧ ਲੜਨ ਲਈ ਉਕਸਾ ਰਿਹਾ ਹੈ। ਪੱਛਮੀ ਸਾਮਰਾਜੀ ਸ਼ਰੇਆਮ ਇਹ ਐਲਾਨ ਕਰ ਰਹੇ ਹਨ ਕਿ ਰੂਸ ਦੀ ਯੁੱਧਨੀਤਕ ਹਾਰ ਤਕ ਉਹ ਯੂਕਰੇਨ ਦੀ ਆਰਥਿਕ ਤੇ ਹਥਿਆਰਾਂ ਨਾਲ ਮਦਦ ਕਰਦੇ ਰਹਿਣਗੇ ਅਤੇ ਰੂਸ ਐਲਾਨੀਆ ਇਹ ਕਹਿ ਰਿਹਾ ਹੈ ਕਿ ਜੇ ਨੌਬਤ ਇੱਥੋਂ ਤਕ ਪਹੁੰਚੀ ਤਾਂ ਉਹ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਾਲ ਸਾਰੀ ਦੁਨੀਆ ਫਨਾਹ ਕਰ ਦੇਵੇਗਾ। ਕੌਮੀ ਰਾਜਾਂ ਦੀ ਹੋਂਦ ਨੇ ਅੱਜ ਦੁਨੀਆ ਨੂੰ ਤਬਾਹੀ ਦੇ ਕੰਢੇ ਉਤੇ ਲੈ ਆਂਦਾ ਹੈ।

ਸੰਸਾਰ ਇਤਿਹਾਸ ਦੇ ਇਕ ਖਾਸ ਮੋੜ ਉਤੇ ਯੂਰਪੀਨ ਬੁੱਧੀਜੀਵੀਆਂ ਅਤੇ ਉਨ੍ਹਾਂ ਦੀਆਂ ਰਾਜਸੀ ਪ੍ਰੰਪਰਾਵਾਂ ਨੇ ਇਕ ਭਾਰੂ ਭਾਸ਼ਾ ਆਧਾਰਤ ਕੌਮੀ ਰਾਜ ਦਾ ਮਨ-ਘੜਤ ਸੰਕਲਪ ਸਾਹਮਣੇ ਲਿਆਂਦਾ। ਇਸ ਸੰਕਲਪ ਦੇ ਗੁਣਾਂ-ਔਗੁਣਾਂ ਨੂੰ ਲਾਂਭੇ ਛੱਡਦੇ ਹੋਏ ਉਸ ਦੌਰ ਵਿਚ ਚੜ੍ਹਤ ਵਿਚ ਆ ਰਹੇ ਪੂੰਜੀਵਾਦ ਨੇ ਇਸ ਸੰਕਲਪ ਨੂੰ ਹਥਿਆ ਲਿਆ। ਪੂੰਜੀਵਾਦ ਨੇ ਆਪਣੇ ਆਪ ਨੂੰ ਕੌਮੀ ਪੱਧਰ ਉਤੇ ਜਥੇਬੰਦ ਕਰਨ ਲਈ ਇਸ ਸੰਕਲਪ ਦਾ ਖੂਬ ਪ੍ਰਚਾਰ ਕੀਤਾ। ਪੂੰਜੀਵਾਦ ਨੇ ਪੈਰਿਸ ਕਮਿਊਨ ਦੇ 'ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਨਾਹਰੇ ਨੂੰ ਵੀ ਹਥਿਆ ਲਿਆ ਅਤੇ ਇਸ ਨੂੰ ਕੌਮੀ 'ਜਮਹੂਰੀ ਰਾਜ' ਦੇ ਸੁਧਾਰਵਾਦ (ਲਿਬਰਲਵਾਦ) ਨਾਲ ਨਰੜ ਦਿੱਤਾ। ਉਦੋਂ ਪੂੰਜੀਵਾਦ ਜਾਗੀਰਦਾਰੀ ਅਤੇ ਰਜਵਾੜਾਸ਼ਾਹੀ ਦੇ ਮੁਕਾਬਲੇ ਅਗਾਂਹਵਧੂ ਸੀ, ਇਸ ਲਈ ਬਹੁਗਿਣਤੀ ਲੋਕਾਂ ਦਾ ਇਸ ਵਿਚ ਭਰੋਸਾ ਬੱਝਦਾ ਗਿਆ। ਉਦੋਂ ਕੋਈ ਪੂੰਜੀਵਾਦੀ ਚਿੰਤਕ ਇਹ ਅੰਦਾਜ਼ਾ ਨਾ ਲਾ ਸਕਿਆ ਕਿ ਭਵਿੱਖ ਵਿਚ ਇਸ ਤੰਗ ਨਜ਼ਰ ਕੌਮਵਾਦ ਨੇ ਕਰੋੜਾਂ ਲੋਕਾਂ ਦੀ ਜਾਨ ਲੈਣੀ ਹੈ।



ਬੇਸ਼ੱਕ ਉਸ ਦੌਰ ਦੇ ਦੋ ਮਹਾਨ ਇਨਕਲਾਬੀ ਚਿੰਤਕਾਂ ਮਾਰਕਸ ਅਤੇ ਏਂਗਲਜ਼ ਨੇ ਇਸ ਤੰਗ ਨਜ਼ਰ ਕੌਮਵਾਦ ਦੇ ਮਨੁੱਖਘਾਤੀ ਤੱਤ ਨੂੰ ਪਛਾਣ ਲਿਆ ਅਤੇ ਉਨ੍ਹਾਂ ਨੇ ਪੂੰਜੀਵਾਦੀ ਕੌਮਵਾਦ ਦਾ ਡਟਵਾਂ ਵਿਰੋਧ ਕਰਦੇ ਹੋਏ 'ਕਿਰਤੀ ਜਮਾਤ ਦੇ ਕੌਮਾਂਤਰੀਵਾਦ' ਦਾ ਸਰਬ-ਸੰਸਾਰੀ ਸੰਕਲਪ ਸਾਹਮਣੇ ਲਿਆਂਦਾ, ਜਿਸਦਾ ਸਿਧਾਂਤਕ ਆਧਾਰ ਉਨ੍ਹਾਂ ਦੋਹਾਂ ਵੱਲੋਂ ਵਿਕਸਿਤ ਕੀਤੀ ਗਈ ਭੌਤਿਕਵਾਦੀ ਫਿਲਾਸਫੀ ਦੀ ਸਰਬ-ਵਿਆਪਿਕਤਾ ਸੀ। ਉਨ੍ਹਾਂ ਨੇ ਨਵਾਂ ਨਾਹਰਾ ਦਿੱਤਾ, "ਦੁਨੀਆ ਭਰ ਦੇ ਕਿਰਤੀਓ! ਉਚੇ ਦਰਜੇ ਦੇ ਸਦਾਚਾਰ ਅਤੇ ਇਨਸਾਫ ਪ੍ਰਾਪਤੀ ਲਈ ਸਾਦੇ ਨੇਮ ਘੜਨ ਵਾਸਤੇ ਅਤੇ ਨਿੱਜੀ ਮਨੁੱਖੀ ਰਿਸ਼ਤਿਆਂ ਤੇ ਕੌਮਾਂ ਦੇ ਆਪਸੀ ਰਿਸ਼ਤਿਆਂ ਵਿਚਕਾਰ ਸੰਵਾਦ ਤੋਰਨ ਦੇ ਉਚੇ ਪੈਮਾਨੇ ਸਥਾਪਿਤ ਕਰਨ ਲਈ, ਪੂੰਜੀਵਾਦ ਵਿਰੁੱਧ ਯੁੱਧ ਦਾ ਐਲਾਨ ਕਰੋ!" (ਡਾਕੂਮੈਂਟਸ ਆਫ ਦਿ ਵਰਕਿੰਗ ਮੈਨਜ਼ ਐਸੋਸੀਏਸ਼ਨ)

ਅਕਤੂਬਰ 1917 ਦੇ ਰੂਸੀ ਇਨਕਲਾਬ ਦੇ ਆਗੂ ਲੈਨਿਨ ਜੇ ਕਾਰਲ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਤੋਂ ਰੌਸ਼ਨੀ ਲੈ ਕੇ 'ਸੋਵੀਅਤ ਯੂਨੀਅਨ' ਦੀ ਸਮਾਜਵਾਦੀ ਨਵ-ਉਸਾਰੀ ਦਾ ਕਾਰਜ ਆਰੰਭ ਕਰਦੇ ਤਾਂ ਅੱਜ ਦੁਨੀਆ ਭਰ ਦਾ ਨਕਸ਼ਾ ਕੁਝ ਹੋਰ ਹੀ ਹੋਣਾ ਸੀ। ਨਾ ਦੂਜੀ ਸਾਮਰਾਜੀ ਸੰਸਾਰ ਜੰਗ ਲੱਗਣੀ ਸੀ ਤੇ ਨਾ ਅਮਰੀਕੀ ਸਾਮਰਾਜ ਦੀ ਕੋਈ ਹੋਂਦ ਹੋਣੀ ਸੀ ਅਤੇ ਨਾ ਹੀ ਦੁਨੀਆ ਭਰ ਦੇ ਕਰੋੜਾਂ ਅਰਬਾਂ ਲੋਕ ਸਾਮਰਾਜੀ ਚਾਲਾਂ ਦੀ ਭੇਟ ਚੜ੍ਹਨੇ ਸਨ। ਨਾ ਹੀ ਅੱਜ ਯੂਕਰੇਨ ਉਤੇ ਰੂਸੀ ਹਮਲਾ ਹੋਣਾ ਸੀ। ਪੂਤਿਨ ਦੇ ਕਥਨ ਅਨੁਸਾਰ ਰੂਸੀ ਲੋਕ ਲੈਨਿਨ ਦੀਆਂ ਕੀਤੀਆਂ ਗਲਤੀਆਂ ਦਾ ਖਮਿਆਜ਼ਾ ਭੁਗਤ ਰਹੇ ਹਨ।

ਲੈਨਿਨ ਨੇ ਭੌਤਿਕਵਾਦੀ ਫਿਲਾਸਫੀ ਨੂੰ ਅਣਗੌਲਿਆ ਕਰ ਕੇ ਅਤੇ ਕਮਿਊਨਿਜ਼ਮ ਨੂੰ ਧਰਮ ਵਿਰੋਧੀ ਨਾਸਤਿਕਤਾ ਨਾਲ ਨਰੜ ਕੇ ਸਮਾਜਵਾਦੀ ਨਵ-ਉਸਾਰੀ ਦਾ ਸਾਰਾ ਕਾਰਜ ਹੀ ਕੁਰਾਹੇ ਪਾ ਦਿੱਤਾ। ਉਹ ਜ਼ਬਾਨੀ-ਕਲਾਮੀ ਕੌਮਾਂਤਰੀਵਾਦ ਦੇ ਨਾਹਰੇ ਜ਼ਰੂਰ ਲਾਉਂਦੇ ਰਹੇ ਪਰ ਉਨ੍ਹਾਂ ਨੇ ਫਿਲਾਸਫੀ ਵਿਹੂਣੇ ਕੌਮਵਾਦ ਦੇ ਸਿਧਾਂਤ ਦੀ ਪੁਸ਼ਟੀ ਕਰ ਕੇ ਦੁਨੀਆ ਭਰ ਦੇ ਦੱਬੇ ਕੁਚਲੇ ਲੋਕਾਂ ਨੂੰ ਸਮਾਜਵਾਦ ਤੋਂ ਦੂਰ ਧੱਕ ਦਿੱਤਾ। ਚੀਨੀ ਲੋਕ ਵੀ ਅੱਜ ਲੈਨਿਨ ਦੀ ਇਸੇ ਗਲਤੀ ਦਾ ਖਮਿਆਜ਼ਾ ਭੁਗਤ ਰਹੇ ਹਨ। ਭਾਰਤ ਦੇ ਸਿੱਖ, ਮੁਸਲਮਾਨ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਵੀ ਇਸੇ ਤੰਗ ਨਜ਼ਰ ਭਾਸ਼ਾਈ ਰਾਸ਼ਟਰਵਾਦ ਦਾ ਸ਼ਿਕਾਰ ਹਨ। ਦੁਨੀਆ ਭਰ ਵਿਚ ਕਿੰਨੇ ਹੀ ਭਾਈਚਾਰੇ ਹਨ, ਜਿਹੜੇ ਇਸ ਤੰਗ ਨਜ਼ਰ ਕੌਮਵਾਦ ਦਾ ਮਾਨਸਿਕ ਸੰਤਾਪ ਹੰਢਾਅ ਰਹੇ ਹਨ।

ਜੇ ਪੂਤਿਨ ਹੁਰੀਂ ਲੈਨਿਨ ਦੀਆਂ ਗਲਤੀਆਂ ਦੀ ਠੀਕ ਪੜਚੋਲ ਕਰ ਕੇ ਅੱਗੇ ਤੁਰਦੇ ਤਾਂ ਉਨ੍ਹਾਂ ਨੂੰ ਸਮਝ ਆਉਂਦੀ ਕਿ ਲੈਨਿਨ ਦਾ ਕਮਿਊਨਿਜ਼ਮ ਨੂੰ ਧਰਮ ਵਿਰੋਧੀ ਨਾਸਤਿਕਤਾ ਨਾਲ ਜੋੜਨਾ ਅਤੇ ਕਮਿਊਨਿਸਟ ਲਹਿਰ ਦੇ ਆਲਮੀ ਦਿਸਹੱਦਿਆਂ ਨੂੰ ਕੌਮਾਂ ਤਕ ਸੁੰਗੇੜ ਦੇਣਾ ਸੋਵੀਅਤ ਯੂਨੀਅਨ ਦੇ ਟੁੱਟਣ ਦਾ ਕਾਰਨ ਬਣਿਆ ਹੈ। ਲੈਨਿਨ ਦੀ ਪਹਿਲੀ ਗਲਤੀ ਨੇ ਕਮਿਊਨਿਸਟ ਲਹਿਰ ਨੂੰ ਰੂਹਾਨੀਅਤ ਵਿਹੂਣੇ ਕਰ ਦਿੱਤਾ ਅਤੇ ਦੂਜੀ ਗਲਤੀ ਨੇ 'ਇਕ ਦੇਸ਼ ਵਿਚ ਸਮਾਜਵਾਦ ਦੀ ਸਿਰਜਣਾ' ਦੇ ਸੰਕਲਪ ਨੂੰ ਮੂਹਰੇ ਲਿਆ ਕੇ ਕਮਿਊਨਿਸਟਾਂ ਦੇ ਆਲਮੀ ਦ੍ਰਿਸ਼ਟੀਕੋਣ ਨੂੰ ਕੌਮਾਂ ਤਕ ਸੁੰਗੇੜ ਦਿੱਤਾ।

ਪੂਤਿਨ ਹੁਰਾਂ ਨੇ ਆਪਣੇ ਰਾਜ ਵਿਚ ਟਕਸਾਲੀ ਇਸਾਈਅਤ ਨੂੰ ਮਾਨਤਾ ਦੇ ਕੇ ਅਧੂਰੇ ਰੂਪ ਵਿਚ ਲੈਨਿਨ ਦੀ ਪਹਿਲੀ ਗਲਤੀ ਨੂੰ ਸੁਧਾਰਨ ਦਾ ਯਤਨ ਕੀਤਾ ਪਰ ਉਹ ਰੂਸੀ ਕੌਮਵਾਦ ਦੇ ਤੰਗ ਨਜ਼ਰ ਸੰਕਲਪ ਤੋਂ ਆਪਣਾ ਖਹਿੜਾ ਨਾ ਛੁੜਾ ਸਕੇ, ਜਿਸਦੀ ਬੜੀ ਮਹਿੰਗੀ ਕੀਮਤ ਉਹ ਅੱਜ ਯੂਕਰੇਨ ਵਿਚ ਤਾਰ ਰਹੇ ਹਨ। ਟਕਸਾਲੀ ਇਸਾਈਅਤ ਨੂੰ ਮੰਨ ਕੇ ਵੀ ਉਹ ਇਸ ਦੀ ਸਰਬ-ਸੰਸਾਰੀ ਵਿਆਖਿਆ ਨਾ ਕਰ ਸਕੇ। ਜੇ ਉਹ ਧਰਮਾਂ ਬਾਰੇ ਜਾਂ ਇਸਾਈਅਤ ਦੀ ਨਵੀਂ ਵਿਆਖਿਆ ਬਾਰੇ ਮਾਰਕਸ-ਏਂਗਲਜ਼ ਦੀਆਂ ਲਿਖਤਾਂ ਪੜ੍ਹਦੇ ਤਾਂ ਉਨ੍ਹਾਂ ਨੂੰ ਸਮਝ ਆਉਂਦੀ ਕਿ ਇਸਾਈਅਤ ਸਮੇਤ ਹਰੇਕ ਧਰਮ ਦੇ ਤਿੰਨ ਪੱਖ ਹਨ, 1. ਕਰਮਕਾਂਡ, 2. ਸਦਾਚਾਰ ਅਤੇ 3. ਫਿਲਾਸਫੀ (ਮਨੁੱਖ ਦਾ ਕੁਦਰਤ ਨਾਲ ਰਿਸ਼ਤਾ)। ਕਰਮਕਾਂਡ ਹਰੇਕ ਧਰਮ ਦਾ ਅੱਡ ਅੱਡ ਹੈ। ਸਾਰੇ ਧਰਮਾਂ ਦੇ ਸਦਾਚਾਰ ਵਿਚ ਕੋਈ ਨਾ ਕੋਈ ਸਾਂਝ ਹੈ ਅਤੇ ਸਾਰੇ ਧਰਮਾਂ ਦੀ ਫਿਲਾਸਫੀ ਵਿਚਲੀ ਸਾਂਝ ਮਾਰਕਸ ਨੇ ਸਪੱਸ਼ਟ ਕਰ ਦਿੱਤੀ ਹੈ।

ਲੈਨਿਨ ਨੇ ਕਿਹਾ ਸੀ ਕਿ ਮਾਰਕਸਵਾਦ ਸਰਬ-ਵਿਆਪੀ ਹੈ ਕਿਉਂਕਿ ਇਹ ਸੱਚ ਹੈ। ਕੁਦਰਤ ਤੇ ਮਨੁੱਖ ਜਾਤੀ ਦਾ ਰਿਸ਼ਤਾ ਸਭ ਤੋਂ ਵੱਡਾ ਸੱਚ ਹੈ। ਇਸ ਵੱਡੇ ਸੱਚ ਨੂੰ ਲਾਂਭੇ ਛੱਡ ਕੇ ਮਨੁੱਖੀ ਸੱਚ ਕਿਵੇਂ ਲੱਭਿਆ ਜਾ ਸਕਦਾ ਹੈ? ਮਾਰਕਸ ਨੇ ਆਪਣੀ ਸਭ ਤੋਂ ਅਹਿਮ ਲਿਖਤ ਸਰਮਾਏ ਦੀ ਤੀਜੀ ਜਿਲਦ ਦੇ 829 ਸਫੇ ਉਤੇ ਬੜਾ ਸਪੱਸ਼ਟ ਬਿਆਨ ਕੀਤਾ ਹੈ ਕਿ ਕਮਿਊਨਿਸਟ ਇਨਕਲਾਬ ਦਾ ਮੰਤਵ ਮਨੁੱਖ ਜਾਤੀ ਤੇ ਕੁਦਰਤ ਵਿਚਕਾਰ ਸਿੱਧਾ ਰਿਸ਼ਤਾ ਕਾਇਮ ਕਰਨਾ ਹੈ, ਜਿਹੜਾ ਕਿ ਗੁਲਾਮਦਾਰੀ ਯੁੱਗ ਤੋਂ ਪਹਿਲਾਂ ਆਦਿ ਕਮਿਊਨ ਜਾਂ ਆਦਿ ਜਾਂਗਲੀ ਕਬੀਲਿਆਂ ਵੇਲੇ ਕਾਇਮ ਸੀ। ਏਂਗਲਜ਼ ਨੇ ਇਸ ਰਿਸ਼ਤੇ ਨੂੰ ਹੋਰ ਵੀ ਸਪੱਸ਼ਟ ਕੀਤਾ ਹੈ। ਇਸੇ ਪ੍ਰਸੰਗ ਵਿਚ ਏਂਗਲਜ਼ ਨੇ ਮਨੁੱਖੀ ਆਜ਼ਾਦੀ ਦੀ ਗੱਲ ਕਰਦਿਆਂ ਕਿਹਾ ਹੈ ਕਿ 'ਆਜ਼ਾਦੀ ਆਪਣੀਆਂ ਕੁਦਰਤੀ ਲੋੜਾਂ ਦੀ ਸੁਚੇਤ ਪਛਾਣ ਹੈ।' ਖਪਤਕਾਰੀ ਮਨੁੱਖ ਨੂੰ ਉਸ ਦੀਆਂ ਕੁਦਰਤੀ ਲੋੜਾਂ ਤੋਂ ਤੋੜ ਕੇ ਉਸਨੂੰ ਗੈਰਕੁਦਰਤੀ ਇੱਛਾਵਾਂ ਦਾ ਗੁਲਾਮ ਬਣਾ ਦੇਂਦੀ ਹੈ। ਇੰਝ ਉਹ ਸਿਰਫ ਤਾਂ ਹੀ ਕਰ ਸਕਦੀ ਹੈ ਜੇ ਉਹ ਮਨੁੱਖ ਦੀ ਬੁੱਧੀ ਨੂੰ ਭ੍ਰਿਸ਼ਟ ਕਰ ਕੇ ਉਸਨੂੰ ਆਪਣੀਆਂ ਇੰਦਰੀਆਂ ਦਾ ਗੁਲਾਮ ਬਣਾ ਦੇਵੇ ਜਾਂ ਉਸਦੀ ਚੇਤਨਾ ਨੂੰ ਇੰਦ੍ਰਿਆਵੀ ਭੋਗਾਂ ਦੇ ਅਧੀਨ ਕਰ ਦੇਵੇ।

ਐਂਟੀ ਡੂਹਰਿੰਗ ਵਿਚ ਫ੍ਰੈਡਰਿਕ ਏਂਗਲਜ਼ ਨੇ ਲਿਖਿਆ ਹੈ, "ਬੁਰਜੁਆ (ਪੂੰਜੀਵਾਦੀ) ਆਰਥਿਕਤਾ ਨਾ ਸੰਕਟਾਂ ਨੂੰ ਟਾਲ ਸਕਦੀ ਹੈ ਤੇ ਨਾ ਹੀ ਪੂੰਜੀਪਤੀਆਂ ਨੂੰ ਘਾਟਿਆਂ, ਮਹਿੰਗੇ ਕਰਜ਼ਿਆਂ ਤੇ ਨਾ ਹੀ ਦਿਵਾਲੀਆ ਹੋਣ ਤੋਂ ਬਚਾਅ ਸਕਦੀ ਹੈ। ਨਾ ਹੀ ਇਹ ਮਜ਼ਦੂਰਾਂ ਦੀ ਬੇਰੁਜ਼ਗਾਰੀ ਤੇ ਕੰਗਾਲੀ ਤੋਂ ਰਾਖੀ ਕਰ ਸਕਦੀ ਹੈ। ਬੁਰਜੁਆ ਆਰਥਿਕ ਸਾਇੰਸ ਬਾਰੇ ਗਿਆਨ ਭਾਵੇਂ ਕਿੰਨਾ ਵੀ ਵਸੀਹ ਅਤੇ ਗਹਿਰਾ ਹੋਵੇ, ਸਾਰੀਆਂ ਸਮਾਜੀ ਤਾਕਤਾਂ ਨੂੰ ਸਮਾਜ ਦੇ ਅਧੀਨ ਲਿਆਉਣ ਲਈ ਕਾਫੀ ਨਹੀਂ। ਇਸ ਵਾਸਤੇ ਇਕ ਸਮਾਜੀ ਐਕਟ ਲੋੜੀਂਦਾ ਹੈ। ਜਦੋਂ ਇਸ ਐਕਟ ਤੋਂ ਬਾਅਦ ਸਮਾਜ ਸਾਰੇ ਪੈਦਾਵਾਰੀ ਸਾਧਨਾਂ ਦੀ ਮਾਲਕੀ ਹਥਿਆ ਕੇ ਕਿਸੇ ਯੋਜਨਾਬੱਧ ਢੰਗ ਨਾਲ ਉਨ੍ਹਾਂ ਦੀ ਵਰਤੋਂ ਕਰਨ ਦੇ ਯੋਗ ਹੋਵੇ ਅਤੇ ਆਪਣੇ ਸਾਰੇ ਮੈਂਬਰਾਂ ਸਮੇਤ ਆਪਣੇ ਆਪ ਨੂੰ ਮੌਜੂਦਾ ਪੈਦਾਵਾਰੀ ਸਾਧਨਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾ ਲਵੇ, ਸਿਰਫ ਉਦੋਂ ਹੀ ਧਰਮ ਵਿਚ ਪ੍ਰਗਟ ਹੁੰਦੀਆਂ (ਕੁਦਰਤ ਤੋਂ) ਪਰਾਈਆਂ ਤਾਕਤਾਂ ਖਤਮ ਹੋਣਗੀਆਂ ਅਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਧਾਰਮਿਕ ਪ੍ਰਗਟਾਵੇ ਵੀ ਖਤਮ ਹੋ ਜਾਣਗੇ।"

ਜਿਹੜੇ ਸੁਹਿਰਦ ਲੋਕ ਇਹ ਸੋਚਦੇ ਹਨ ਕਿ ਰੂਸ ਅਤੇ ਯੂਕਰੇਨ ਵਿਚਕਾਰ ਹੋਏ ਕਿਸੇ ਸਮਝੌਤੇ ਨਾਲ ਦੁਨੀਆ ਇਕ ਵਾਰ ਫਿਰ ਪਹਿਲਾਂ ਵਾਂਗ ਹੋ ਜਾਵੇਗੀ, ਉਹ ਗਲਤ-ਫਹਿਮੀ ਦਾ ਸ਼ਿਕਾਰ ਹਨ। ਇਸ ਤੋਂ ਪਹਿਲਾਂ ਹੋਈਆਂ ਦੋ ਸੰਸਾਰ ਜੰਗਾਂ ਦਾ ਤਜਰਬਾ ਦੱਸਦਾ ਹੈ ਕਿ ਸਮੁੱਚੇ ਸੰਸਾਰ ਸਾਮਰਾਜੀ ਪ੍ਰਬੰਧ ਨੂੰ ਨਵੇਂ ਸਿਰਿਓਂ ਵਿਉਂਤਣ ਤੋਂ ਬਿਨਾਂ ਇਹ ਜੰਗ ਖਤਮ ਨਹੀਂ ਹੋ ਸਕਦੀ। ਇਹੀ ਸਮਾਂ ਹੈ ਜਦੋਂ ਸਾਮਰਾਜੀ ਇਕ ਪਾਸੇ ਪੈਦਾਵਾਰੀ ਸ਼ਕਤੀਆਂ ਦੀ ਭਾਰੀ ਤਬਾਹੀ ਕਰ ਕੇ ਅਤੇ ਦੂਜੇ ਪਾਸੇ ਨਵੀਆਂ ਮੰਡੀਆਂ ਨੂੰ ਕਾਬੂ ਕਰ ਕੇ ਤੇ ਪੁਰਾਣੀਆਂ ਮੰਡੀਆਂ ਦੀ ਹੋਰ ਵਧੇਰੇ ਲੁੱਟ ਕਰ ਕੇ ਇਸ ਸੰਕਟ ਨੂੰ ਹੱਲ ਕਰਨ ਦਾ ਯਤਨ ਕਰ ਰਹੇ ਹਨ।

ਚੀਨ ਦੇ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਨੇ ਬਰਤਾਨੀਆ ਦੇ ਮੈਂਬਰ ਪਾਰਲੀਮੈਂਟ ਜਾਰਜ ਗੈਲੋਵੇ ਦੇ ਹਵਾਲੇ ਨਾਲ ਲਿਖਿਆ ਹੈ, "1960 ਵਿਚ ਮਾਓ ਜੇ ਤੁੰਗ ਨੇ ਅਮਰੀਕੀ ਸਾਮਰਾਜ ਨੂੰ ਕਾਗਜ਼ੀ ਸ਼ੇਰ ਕਿਹਾ ਸੀ। 50 ਸਾਲ ਬਾਅਦ ਹੁਣ ਇਹ ਕਾਗਜ਼ੀ ਸ਼ੇਰ ਵੀ ਨਹੀਂ ਰਹਿ ਗਿਆ। ਇਹ ਹੁਣ ਇਕ ਬੁੱਢਾ ਤੇ ਮਰਨ ਕਿਨਾਰੇ ਪਿਆ ਸ਼ੇਰ ਹੈ। ਇਸ ਦੇ ਦੰਦ ਨਿਕਲ ਗਏ ਹਨ। ਹੁਣ ਇਸ ਜੰਗਲ ਵਿਚ ਇਸ ਤੋਂ ਜਵਾਨ ਅਤੇ ਖਤਰਨਾਕ ਸ਼ੇਰ ਮੌਜੂਦ ਹਨ।" ਰੂਸ ਦੇ ਰਾਸ਼ਟਰਪਤੀ ਪੂਤਿਨ ਤੇ ਚੀਨ ਸਰਕਾਰ ਦੇ ਮੁਖੀ ਸ਼ੀ ਜਿਨਪਿੰਗ ਨੇ 4 ਫਰਵਰੀ ਨੂੰ ਬੀਜਿੰਗ ਵਿਖੇ ਜਾਰੀ ਕੀਤੇ ਇਕ ਵਿਸਥਾਰੀ ਸਾਂਝੇ ਬਿਆਨ ਵਿਚ ਇਹ ਗੱਲ ਸਪੱਸ਼ਟ ਕਰ ਦਿੱਤੀ ਸੀ ਕਿ ਸੰਸਾਰ ਮਸਲਿਆਂ ਵਿਚ ਹੁਣ ਅਮਰੀਕਾ ਦੀ ਠਾਣੇਦਾਰੀ ਨਹੀਂ ਚੱਲਣ ਦਿੱਤੀ ਜਾਵੇਗੀ।"

ਭਾਰਤ ਵਿਚ ਚੀਨ ਦੇ ਸਾਬਕਾ ਰਾਜਦੂਤ ਤੇ ਹੁਣ ਉਪ ਬਦੇਸ ਮੰਤਰੀ ਲੀ ਯੂ ਚੇਂਗ ਦਾ ਕਹਿਣਾ ਹੈ, "ਯੂਕਰੇਨ ਸੰਕਟ ਦੀ ਰੌਸ਼ਨੀ ਵਿਚ ਸਾਨੂੰ ਏਸ਼ੀਆ ਅਤੇ ਹਿੰਦ ਪ੍ਰਸ਼ਾਂਤ ਖੇਤਰ ਦੇ ਹਾਲਾਤ ਦਾ ਫੈਸਲਾ ਕਰਨਾ ਚਾਹੀਦਾ ਹੈ। ਇਤਿਹਾਸ ਦੇ ਵਹਿਣ ਦੇ ਉਲਟ ਜਾ ਕੇ ਹਿੰਦ ਪ੍ਰਸ਼ਾਂਤ ਖੇਤਰ ਦੀ ਅਮਰੀਕੀ ਰਣਨੀਤੀ ਦਾ ਹਥਿਆਰ ਬਣਨਾ ਸਮੱਸਿਆ ਨੂੰ ਹੋਰ ਉਲਝਾਏਗਾ। ਜੇ ਬਿਨਾਂ ਕਿਸੇ ਰੋਕ-ਟੋਕ ਇਸ ਰਣਨੀਤੀ ਨੂੰ ਅੱਗੇ ਵਧਾਇਆ ਗਿਆ ਤਾਂ ਇਸ ਦੇ ਬਹੁਤ ਗੰਭੀਰ ਸਿੱਟੇ ਨਿਕਲਣਗੇ।"

ਇੱਥੇ ਧਿਆਨ ਵਿਚ ਰੱਖਣ ਵਾਲੀ ਮੁੱਖ ਗੱਲ ਸਿਰਫ ਏਨੀ ਹੈ ਕਿ ਰੂਸ ਵਲੋਂ ਯੂਕਰੇਨ ਵਿਚ ਲੜੀ ਜਾ ਰਹੀ ਜੰਗ ਅਤੇ ਅਮਰੀਕਾ ਸਮੇਤ ਪੱਛਮੀ ਦੇਸ਼ਾਂ ਵਲੋਂ ਰੂਸ ਉਤੇ ਲਾਈਆਂ ਗਈਆਂ ਬੇਮਿਸਾਲ ਆਰਥਿਕ ਪਾਬੰਦੀਆਂ ਨੇ ਦੂਜੀ ਸੰਸਾਰ ਸਾਮਰਾਜੀ ਜੰਗ ਤੋਂ ਬਾਅਦ ਦੇ 'ਸ਼ਾਂਤਮਈ' ਦੌਰ ਦਾ ਅੰਤ ਕਰ ਦਿੱਤਾ ਹੈ। ਆਲਮੀ ਹਾਲਤਾਂ ਬਿਲਕੁਲ ਬਦਲ ਗਈਆਂ ਹਨ। ਸਾਰਾ ਕੁਝ ਅਨਿਸ਼ਚਿਤ ਹੈ। ਕੱਲ੍ਹ ਦਾ ਕੋਈ ਪਤਾ ਨਹੀਂ ਕੀ ਵਾਪਰ ਸਕਦਾ ਹੈ। ਹੁਣ ਅਮਨ-ਸ਼ਾਂਤੀ ਦੇ ਨਾਹਰੇ ਲਾ ਕੇ ਦੂਜੀ ਸੰਸਾਰ ਜੰਗ ਤੋਂ ਬਾਅਦ ਬਣਿਆ ਸੰਸਾਰ ਪ੍ਰਬੰਧ ਵਾਪਸ ਨਹੀਂ ਆ ਸਕਦਾ। ਰੂਸ ਦੇ ਰੱਖਿਆ ਮੰਤਰੀ ਨੇ ਹਮਲੇ ਤੋਂ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਮਸਲਾ ਯੂਕਰੇਨ ਦਾ ਨਹੀਂ ਬਲਕਿ ਅਮਰੀਕਾ ਦੀ ਠਾਣੇਦਾਰੀ ਖਤਮ ਕਰਨ ਦਾ ਹੈ।

# ਪੰਜਾਬੀ ਖੇਡ ਸਾਹਿਤ ਦਾ ਇਨਸਾਈਕਲੋਪੀਡੀਆ -ਪ੍ਰਿੰਸੀਪਲ ਸਰਵਣ ਸਿੰਘ

***'ਹਕੀਮਪੁਰ' ਪਿੰਡ ਦੇ'ਹਰਬੰਸ ਸਿੰਘ ਪੁਰੇਵਾਲ' ਯਾਦਗਾਰੀ ਖੇਡ ਮੇਲੇ 'ਤੇ ਪੁਰੇਵਾਲ ਭਰਾਵਾਂ ਅਤੇ ਦੇਸ਼/ ਵਿਦੇਸ਼ ਦੇ ਖੇਡ ਪ੍ਰਮੋਟਰਾਂ ਵੱਲੋਂ ਪੰਜਾਬੀ ਖੇਡ ਸਾਹਿਤ ਅਤੇ ਉਮਰ ਭਰ ਦੀਆਂ ਖੇਡ ਸੇਵਾਵਾਂ ਲਈ ਪ੍ਰਿੰਸੀਪਲ ਸਰਵਣ ਸਿੰਘ ਨੂੰ 'ਖੇਡ ਰਤਨ' ਐਵਾਰਡ ਦਿੱਤਾ ਗਿਆ। 4-5 ਮਾਰਚ 2023 ਨੂੰ ਹੋਏ ਇਸ ਖੇਡ ਮੇਲੇ ਵਿਚ ਉਨ੍ਹਾਂ ਨੂੰ ਸਵਾ ਦੋ ਤੋਲੇ ਦੇ ਗੋਲਡ ਮੈਡਲ, ਸਨਮਾਨ ਚਿੰਨ੍ਹ, ਕੰਬਲੀ, ਦਸਤਾਰ ਅਤੇ ਪੰਜ ਲੱਖ ਰੁਪਏ ਦੀ ਇਨਾਮੀ ਰਾਸ਼ੀ ਨਾਲ ਸਨਮਾਨਿਆ ਗਿਆ।***

ਪ੍ਰਿੰਸੀਪਲ ਸਰਵਣ ਸਿੰਘ ਪੰਜਾਬੀ ਖੇਡ ਸਾਹਿਤ ਦਾ ਬਾਬਾ ਬੋਹੜ ਹੈ। ਉਹ ਵਿਲੱਖਣ ਤੇ ਬਹੁ-ਪੱਖੀ ਸ਼ਖ਼ਸੀਅਤ ਦਾ ਮਾਲਕ ਹੈ। ਬਤੌਰ ਖਿਡਾਰੀ ਯੂਨੀਵਰਸਿਟੀ ਦਾ ਬੈਸਟ ਐਥਲੀਟ, ਕਾਲਜ ਹਾਕੀ ਟੀਮ ਦਾ ਕਪਤਾਨ, ਕਾਲਜ ਪ੍ਰੋਫ਼ੈਸਰ ਤੇ ਪ੍ਰਿੰਸੀਪਲ, ਖੇਡ ਲੇਖਕ, ਖੇਡ ਪ੍ਰਬੰਧਕ, ਖੇਡ ਪ੍ਰੋਮਟਰ, ਕਬੱਡੀ ਦਾ ਕੌਮਾਂਤਰੀ ਕੁਮੈਂਟੇਟਰ ਆਦਿ ਉਸਦੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣ ਹਨ। ਬਤੌਰ ਲੇਖਕ ਉਹ ਉੱਘਾ ਵਾਰਤਾਕਾਰ, ਕਹਾਣੀਕਾਰ, ਸੰਪਾਦਕ ਅਤੇ ਅਨੁਵਾਦਕ ਵੀ ਹੈ। ਉਸਨੇ ਆਪਣੇ ਕਲਮ ਦੀ ਤਾਕਤ ਨਾਲ ਪੰਜਾਬੀ ਖੇਡ ਸਾਹਿਤ ਨੂੰ ਬੁਲੰਦੀਆਂ ਉੱਤੇ ਹੀ ਨਹੀਂ ਪਹੁੰਚਾਇਆ, ਸਗੋਂ ਖੇਡਾਂ ਤੇ ਖਿਡਾਰੀਆਂ ਬਾਰੇ ਬਿਆਨ ਕਰਨ ਵਾਲੀਆਂ ਹੋਰ ਵੀ ਅਨੇਕਾਂ ਕਲਮਾਂ ਪੈਦਾ ਕਰ

**ਗੁਰਜੀਤ ਸਿੰਘ**
**ਫੋਨ: 75268-99013**

ਦਿੱਤੀਆ। ਜਿਨ੍ਹਾਂ ਕਲਮਾਂ ਦੀ ਬਦੌਲਤ ਖੇਡ ਸਾਹਿਤ ਦੀਆਂ ਅਲਮਾਰੀਆਂ ਭਰੀਆਂ ਜਾ ਰਹੀਆਂ ਹਨ। ਉਸ ਦੁਆਰਾ 1966 ਵਿਚ ਲਿਖੇ ਰੇਖਾ-ਚਿੱਤਰ 'ਮੁੜਕੇ ਦਾ ਮੋਤੀ' ਤੋਂ ਲੈ ਕੇ 'ਮੇਰੀ ਕਲਮ ਦੀ ਮੈਰਾਥਨ' ਤੱਕ ਉਸਦੀ ਖੇਡ ਸਾਹਿਤ ਸਿਰਜਣਾ ਦਾ ਸਮਾਂ ਅੱਧੀ ਸਦੀ ਤੋਂ ਵੀ ਸੱਤ ਸਾਲ ਉੱਤੇ ਟੱਪ ਗਿਆ ਹੈ। ਇਸ ਸਾਲ ਦੀ 20 ਜੂਨ ਨੂੰ ਉਹ ਚੁਰਾਸੀ ਵਰ੍ਹਿਆਂ ਦਾ ਹੋ ਜਾਵੇਗਾ। ਪ੍ਰੰਤੂ ਬਤੌਰ ਖੇਡ ਲੇਖਕ ਉਸਦੀ ਕਲਮ ਦੀ ਖੇਡ ਲੇਖਣੀ ਦੀ ਮੈਰਾਥਨ ਅਜੇ ਜਾਰੀ ਹੈ।

ਬੇਸ਼ੱਕ ਪ੍ਰਿੰਸੀਪਲ ਸਰਵਣ ਸਿੰਘ ਨੇ ਹੋਰ ਸਾਹਿਤਕ ਵੰਨਗੀਆਂ ਤੇ ਵੱਖ-ਵੱਖ ਵਿਸ਼ਿਆਂ ਜਿਵੇਂ- ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ, ਅਨੁਵਾਦ, ਸੰਪਾਦਨ, ਸਭਿਆਚਾਰ, ਲੇਖਕਾਂ, ਰਾਜਨੀਤਕਾਂ, ਕਲਾਕਾਰਾਂ, ਕਿਸਾਨ ਅੰਦੋਲਨਾਂ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਸੰਬੰਧਤ ਮਸਲਿਆਂ ਬਾਰੇ ਵੀ ਸਾਹਿਤਕ ਰਚਨਾ ਕੀਤੀ। ਪ੍ਰੰਤੂ ਖੇਡ ਸਾਹਿਤ ਸਿਰਜਣਾ ਦੇ ਖੇਤਰ ਵਿਚ ਉਸਦਾ ਕਾਰਜ ਤੇ ਯੋਗਦਾਨ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ। ਉਸਦੀ ਖੇਡ ਸ਼ੈਲੀ ਕਮਾਲ ਦੀ ਹੈ। 'ਨਾਨਕ ਸਿੰਘ' ਅਤੇ 'ਜਸਵੰਤ ਸਿੰਘ ਕੰਵਲ' ਵਾਂਗ ਉਸ ਦੇ ਪਾਠਕਾਂ ਦੀ ਗਿਣਤੀ ਅਤੇ ਘੇਰਾ ਬਹੁਤ ਵਿਸ਼ਾਲ ਹੈ। ਖੇਡਾਂ ਬਾਰੇ ਲਿਖ ਕੇ ਉਸਨੇ ਲੱਖਾਂ ਪਾਠਕਾਂ ਨੂੰ ਪੁਸਤਕਾਂ ਨਾਲ ਅਤੇ ਖਿਡਾਰੀਆਂ ਨੂੰ ਖੇਡਾਂ ਨਾਲ ਜੋੜੀ ਰੱਖਿਆ। ਉਸਨੇ ਪੰਜਾਬ ਦੇ ਪਿੰਡਾਂ ਦੇ ਟੂਰਨਾਮੈਂਟਾਂ ਤੋਂ ਲੈ ਕੇ ਉਲੰਪਿਕ ਤੱਕ ਦੇ ਖੇਡਾਂ ਦੇ ਇਤਿਹਾਸ, ਪੰਜਾਬ ਦੇ ਖਿਡਾਰੀਆਂ ਤੋਂ ਲੈ ਕੇ ਅੰਤਰਰਾਸ਼ਟਰੀ ਖਿਡਾਰੀਆਂ ਤੱਕ ਦੇ ਰੇਖਾ-ਚਿੱਤਰ, ਪੰਜਾਬ ਦੇ ਖੇਡ-ਮੇਲਿਆਂ ਤੋਂ ਲੈ ਕੇ ਕੌਮਾਂਤਰੀ ਖੇਡ ਮੇਲਿਆਂ ਦੇ ਦ੍ਰਿਸ਼ ਆਪਣੀ ਕਲਮ ਰਾਹੀਂ ਸਾਕਾਰ ਕੀਤੇ। ਖੇਡ ਖੇਤਰ ਦਾ ਕੋਈ ਵੀ ਅਜਿਹਾ ਪੱਖ ਨਹੀਂ ਜੋ ਉਨ੍ਹਾਂ ਤੋਂ ਗੁੱਝਾ ਰਿਹਾ ਹੋਵੇ। ਏਸ਼ੀਆ ਤੋਂ ਉਲੰਪਿਕ ਖੇਡਾਂ ਤੱਕ ਦੇ ਸਰਵੇਖਣ, ਪੰਜਾਬੀ ਵਿਚ ਰਚੇ ਜਾ ਰਹੇ ਖੇਡ ਸਾਹਿਤ ਦੇ ਖੋਜ-ਕਾਰਜ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਖੇਡਾਂ ਨਾਲ ਸੰਬੰਧਤ ਕਰਵਾਏ ਜਾਂਦੇ ਪ੍ਰੋਗਰਾਮ ਸਭ ਉਨ੍ਹਾਂ ਦੇ ਧਿਆਨ ਵਿਚ ਹੁੰਦੇ ਹਨ। ਖੇਡਾਂ ਅਤੇ ਖਿਡਾਰੀਆਂ ਬਾਰੇ ਲਿਖ ਰਹੇ ਲੇਖਕਾਂ ਅਤੇ ਮੈਗਜ਼ੀਨ/ਰਸਾਲੇ ਆਦਿ ਸਭ ਉਸਦੀ ਜਾਣਕਾਰੀ ਵਿਚ ਹੁੰਦੇ ਹਨ। ਗੱਲ ਕੀ, ਇਨਸਾਈਕਲੋਪੀਡੀਆ ਹੈ।

ਉਸਨੇ ਆਪਣੀ ਸਾਹਿਤ ਸਿਰਜਣਾ ਦੇ ਸਤਵੰਜਾ ਸਾਲਾਂ ਦੀ ਯਾਤਰਾ ਤੈਅ ਕਰਦਿਆਂ ਪੰਜਾਹ ਤੋਂ ਉੱਪਰ ਪੁਸਤਕਾਂ ਦੀ ਸਿਰਜਣਾ ਕੀਤੀ, ਜਿਨ੍ਹਾਂ ਵਿਚੋਂ ਪੱਚੀ ਪੁਸਤਕਾਂ ਖੇਡ ਸਾਹਿਤ ਬਾਰੇ ਹੀ ਹਨ। ਉਸ ਦੀਆਂ ਖੇਡ ਪੁਸਤਕਾਂ ਇਸ ਪ੍ਰਕਾਰ ਹਨ- ਪੰਜਾਬ ਦੇ ਉੱਘੇ ਖਿਡਾਰੀ, ਖੇਡ ਸੰਸਾਰ, ਖੇਡ ਜਗਤ ਵਿਚ ਭਾਰਤ, ਪੰਜਾਬੀ ਖਿਡਾਰੀ, ਓਲੰਪਿਕ ਖੇਡਾਂ, ਪੰਜਾਬ ਦੀਆਂ ਦੇਸੀ ਖੇਡਾਂ, ਖੇਡ ਜਗਤ ਦੀਆਂ ਬਾਤਾਂ, ਖੇਡ ਪਰਿਕਰਮਾ, ਖੇਡ ਦਰਸ਼ਨ, ਓਲੰਪਿਕ ਖੇਡਾਂ ਦੀ ਸਦੀ, ਖੇਡ ਮੇਲੇ ਵੇਖਦਿਆਂ, ਪੰਜਾਬ ਦੇ ਚੋਣਵੇਂ ਖਿਡਾਰੀ, ਕਬੱਡੀ ਕਬੱਡੀ ਕਬੱਡੀ, ਖੇਡਾਂ ਦੀ ਦੁਨੀਆਂ, ਮੇਲੇ ਕਬੱਡੀ ਦੇ, ਅੱਖੀਂ ਡਿੱਠਾ ਕਬੱਡੀ ਵਰਲਡ ਕੱਪ, ਏਥਨਜ਼ ਤੋਂ ਲੰਡਨ (ਓਲੰਪਿਕ ਖੇਡਾਂ ਦਾ ਇਤਿਹਾਸ), ਖੇਡ ਅਤੇ ਸੇਹਤ ਵਾਰਤਾ, ਕਿੱਸਾ ਕਬੱਡੀ ਦਾ, ਗੋਲਡਨ ਗੋਲ (ਬਲਬੀਰ ਸਿੰਘ ਦੀ ਜੀਵਨੀ), ਭਾਰਤ ਵਿਚ ਹਾਕੀ (ਅਨੁਵਾਦ) ਪੰਜਾਬੀ ਖਿਡਾਰੀ (ਅੰਗਰੇਜ਼ੀ ਅਨੁਵਾਦ), ਉੱਡਣਾ ਸਿੱਖ ਮਿਲਖਾ ਸਿੰਘ (ਜੀਵਨੀ), ਖੇਡ ਖਿਡਾਰੀ, ਮੇਰੀ ਕਲਮ ਦੀ ਮੈਰਾਥਨ ਆਦਿ। ਕਰੋਨਾ ਕਾਲ ਦੌਰਾਨ ਉਸ ਨੇ ਪੰਜਾਬੀ ਖੇਡ ਸਾਹਿਤ ਦਾ ਇਤਿਹਾਸ, ਸ਼ਬਦਾਂ ਦੇ ਖਿਡਾਰੀ, ਖੇਡ ਸਾਹਿਤ ਦੀਆਂ ਬਾਤਾਂ, ਖੇਡ ਸਾਹਿਤ ਦੇ ਮੋਤੀ ਤੇ ਖੇਡ ਸਾਹਿਤ ਦੇ ਹੀਰੇ ਲਿਖ ਕੇ ਚਾਰ ਭਾਗਾਂ ਵਿਚ ਛਪਵਾਇਆ ਹੈ।

ਪੰਜਾਬੀ ਵਿਚ ਖੇਡ ਪੱਤਰਕਾਰੀ ਸ਼ੁਰੂ ਕਰਨ



ਦਾ ਸਿਹਰਾ ਵੀ ਪ੍ਰਿੰਸੀਪਲ ਸਰਵਣ ਸਿੰਘ ਨੂੰ ਹੀ ਜਾਂਦਾ ਹੈ। ਉਸ ਦੁਆਰਾ 1966 ਵਿਚ ਪ੍ਰਸਿੱਧ ਅਥਲੀਟ 'ਗੁਰਬਚਨ ਸਿੰਘ ਰੰਧਾਵਾ' ਬਾਰੇ ਲਿਖਿਆ ਰੇਖਾ-ਚਿੱਤਰ 'ਮੁੜਕੇ ਦਾ ਮੋਤੀ' ਉਸ ਸਮੇਂ ਦੇ ਪ੍ਰਸਿੱਧ ਰਸਾਲੇ 'ਆਰਸੀ' ਵਿਚ ਛਪਿਆ। ਇਸ ਤੋਂ ਇਲਾਵਾ ਪ੍ਰਵੀਨ, ਸਰਦਾਰਾ, ਮਹਿੰਦਰ ਸਿੰਘ, ਅਜਮੇਰ ਸਿੰਘ, ਜਰਨੈਲ ਸਿੰਘ ਆਦਿ ਖਿਡਾਰੀਆਂ ਬਾਰੇ ਲਿਖੇ ਰੇਖਾ-ਚਿੱਤਰ ਵੀ 'ਆਰਸੀ' ਵਿਚ ਛਪਦੇ ਰਹੇ। ਉਸਨੇ 1975 ਵਿਚ ਪ੍ਰਸਿੱਧ ਰਸਾਲੇ 'ਸਚਿੱਤਰ ਕੌਮੀ ਏਕਤਾ' ਵਿਚ ਖੇਡਾਂ ਨਾਲ ਸੰਬੰਧਿਤ ਇਕ ਕਾਲਮ ਖੇਡ ਮੈਦਾਨ 'ਚੋਂ ਸ਼ੁਰੂ ਕੀਤਾ ਜੋ ਦਸ-ਬਾਰ੍ਹਾਂ ਸਾਲ ਚੱਲਿਆ। ਉਸਨੇ 1978 ਵਿਚ 'ਪੰਜਾਬੀ ਟ੍ਰਿਬਿਊਨ' ਲਈ ਬੰਬਈ ਦੇ ਵਿਸ਼ਵ ਹਾਕੀ ਕੱਪ ਟੂਰਨਾਮੈਂਟ ਅਤੇ ਦਿੱਲੀ ਏਸ਼ਿਆਈ ਖੇਡਾਂ ਬਾਰੇ ਰਿਪੋਰਟਾਂ ਲਿਖੀਆਂ। 'ਅਜੀਤ' ਅਖ਼ਬਾਰ ਲਈ ਸਿਓਲ ਦੀਆਂ ਏਸ਼ਿਆਈ ਖੇਡਾਂ ਬਾਰੇ ਲਿਖਿਆ।

ਉਸਨੇ 1984 ਤੋਂ 'ਪਿੰਡ ਦੀ ਸੱਥ 'ਚੋਂ' ਕਾਲਮ 'ਪਹਿਰੇਦਾਰ' ਨਾਂ ਹੇਠ 'ਸਚਿੱਤਰ ਕੌਮੀ ਏਕਤਾ' ਵਿਚ ਲਿਖਣਾ ਸ਼ੁਰੂ ਕੀਤਾ। ਵੈਨਕੂਵਰ ਦੇ ਰਸਾਲੇ 'ਇੰਡੋ-ਕਨੇਡੀਅਨ ਟਾਈਮਜ਼' ਵਿਚ ਇਕ ਕਾਲਮ 'ਬਾਤਾਂ ਵਤਨ ਦੀਆਂ' ਚਿੱਠੀਆਂ ਦੇ ਰੂਪ ਵਿਚ ਛਾਪਣਾ ਸ਼ੁਰੂ ਕੀਤਾ।

ਇਸ ਤੋਂ ਇਲਾਵਾ ਅੱਜ-ਕੱਲ੍ਹ ਉਹ 'ਪੰਜਾਬੀ ਟ੍ਰਿਬਿਊਨ' ਦੇ ਇੰਟਰਨੈੱਟ ਐਡੀਸ਼ਨ 'ਤਬਸਰਾ' ਵਿਚ ਵੀ ਵੱਖ-ਵੱਖ ਸਾਹਿਤਕਾਰਾਂ, ਖੇਡ ਲੇਖਕਾਂ, ਆਦਿ ਦੁਆਰਾ ਖੇਡਾਂ ਬਾਰੇ ਰਚੀਆਂ ਰਚਨਾਵਾਂ ਨੂੰ ਪੇਸ਼ ਕਰ ਰਹੇ ਹਨ। ਇਹ ਰਚਨਾ ਹਰ ਸ਼ਨਿਚਰਵਾਰ 'ਤਬਸਰੇ' ਦੇ ਰੂਪ ਵਿਚ ਛਪਦੀ ਹੈ। ਜਿਨ੍ਹਾਂ ਵਿਚੋਂ ਕੁਝ ਕੁ ਦਾ ਵੇਰਵਾ ਇਸ ਪ੍ਰਕਾਰ ਹੈ- ਵਰਿਆਮ ਸਿੰਘ ਸੰਧੂ ਦਾ ਗਰਾਈ ਕਰਤਾਰ ਸਿੰਘ ਭਲਵਾਨ, ਪਹਿਲਵਾਨ ਦਾਰਾ ਸਿੰਘ ਆਤਮ ਕਥਾ, ਡਾ. ਹਰਿਭਜਨ ਸਿੰਘ ਦੀ ਖੇਡ ਵਾਰਤਾ, ਮੇਰਾ ਖੇਡ ਸਾਹਿਤ ਦਾ ਸਫ਼ਰ, ਬਲਬੀਰ ਸਿੰਘ ਕੰਵਲ ਦੀ ਬੱਲੇ-ਬੱਲੇ, ਸੂਬਾ ਸਿੰਘ ਦੇ ਮੱਲ ਤੇ ਅਖਾੜੇ, ਨਵਦੀਪ ਗਿੱਲ ਦੀ ਖੇਡ ਪੱਤਰਕਾਰੀ, ਗੁਰਪ੍ਰੀਤ ਸਹਿਜੀ ਦਾ ਖੇਡ ਗਲਪ, ਕੁਲਵੰਤ ਦੀ ਕੁਮੈਂਟਰੀ ਤੇ ਕਲਮਕਾਰੀ ਆਦਿ। ਇਨ੍ਹਾਂ ਤਬਸਰਿਆਂ ਰਾਹੀਂ ਉਪਰੋਕਤ ਲੇਖਕਾਂ, ਖੇਡ ਕੁਮੈਂਟੇਟਰਾਂ, ਖੇਡ ਪ੍ਰੇਮੀਆਂ ਅਤੇ ਪੰਜਾਬੀ ਸਾਹਿਤ ਦੀਆਂ ਡਾ. ਹਰਿਭਜਨ ਸਿੰਘ ਵਰਗੀਆਂ ਹਸਤੀਆਂ ਦੇ ਖੇਡਾਂ ਪ੍ਰਤੀ ਨਜ਼ਰੀਏ ਨੂੰ ਪੇਸ਼ ਕੀਤਾ ਹੈ। ਉੱਥੇ ਹੀ ਖਿੰਡਰੇ-ਪੁੰਡਰੇ ਰੂਪ ਵਿਚ ਪਈਆਂ ਅਣਗੌਲੇਪਣ ਦੀ ਬਿਰਤੀ ਦੀਆਂ ਸ਼ਿਕਾਰ ਹੋਈਆਂ ਇਨ੍ਹਾਂ ਰਚਨਾਵਾਂ ਨੂੰ ਇਕੱਤਰ ਕਰ ਕੇ ਸੰਭਾਲਣ ਦਾ ਯਤਨ ਵੀ ਕੀਤਾ ਗਿਆ ਹੈ, ਜਿਸ ਨਾਲ ਉਹ ਇੱਕ ਖੋਜਕਾਰ ਦੇ ਰੂਪ ਵਿਚ ਵੀ ਸਾਡੇ ਸਾਹਮਣੇ ਪੇਸ਼ ਹੁੰਦਾ ਹੈ।

ਪ੍ਰਿੰਸੀਪਲ ਸਰਵਣ ਸਿੰਘ ਦੁਆਰਾ ਰਚਿਤ ਖੇਡ ਸਾਹਿਤ ਨਵੀਂ ਪੀੜ੍ਹੀ ਦੇ ਲੇਖਕਾਂ ਤੇ ਖਿਡਾਰੀਆਂ ਲਈ ਪੱਥ-ਪ੍ਰਦਰਸ਼ਕ ਦੇ ਤੌਰ 'ਤੇ ਭੂਮਿਕਾ ਨਿਭਾ ਰਿਹਾ ਹੈ। ਜਿਸ ਤੋਂ ਸੇਧ ਲੈ ਕੇ ਅਨੇਕਾਂ ਖਿਡਾਰੀ ਆਪਣੀ ਖੇਡ ਵਿਚ ਸੁਧਾਰ ਕਰ ਕੇ ਨਿਖਾਰ ਲਿਆਉਂਦੇ ਹਨ। ਅਨੇਕਾਂ ਖਿਡਾਰੀ ਖੇਡ ਸਾਹਿਤ ਤੋਂ ਪ੍ਰੇਰਨਾ ਲੈ ਕੇ ਜ਼ਿੰਦਗੀ ਦੇ ਅਗਲੇਰੇ ਪੈਂਡਿਆਂ ਵੱਲ ਉਤਸ਼ਾਹ ਨਾਲ ਕਦਮ ਪੁੱਟਦੇ ਹਨ। ਖੇਡਾਂ ਦੇ ਅਧਿਕਾਰੀ, ਕਲੱਬਾਂ, ਫੈਡਰੇਸ਼ਨਾਂ, ਖੇਡਾਂ ਦੇ ਹੋਰ ਵਿਕਾਸ ਲਈ ਅਗਵਾਈ ਲੈਂਦੀਆਂ ਹਨ। ਇਨ੍ਹਾਂ ਦੇ ਖੇਡ ਸਾਹਿਤ ਤੋਂ ਪ੍ਰੇਰਿਤ ਹੋ ਕੇ ਅਨੇਕਾਂ ਖੇਡ ਲੇਖਕ ਪੈਦਾ ਹੋਏ ਤੇ ਉਨ੍ਹਾਂ ਵਿਚ ਸਰਵਣ ਸਿੰਘ ਵਾਂਗ ਖੇਡ ਰਚਨਾ ਕਰਨ ਦੀ ਤਾਂਘ ਪੈਦਾ ਹੋਈ, ਜਿਸ ਨਾਲ ਅਨੇਕਾਂ ਖੇਡ ਪੁਸਤਕਾਂ ਹੋਂਦ ਵਿਚ ਆਈਆਂ। ਖੇਡ ਪੁਸਤਕਾਂ ਹੋਂਦ ਵਿਚ ਆਉਣ ਨਾਲ ਖਿਡਾਰੀਆਂ/ਖੇਡਾਂ ਬਾਰੇ ਲੋਕਾਂ ਨੂੰ ਜਾਣਕਾਰੀ ਪ੍ਰਾਪਤ ਹੋਈ। ਖਿਡਾਰੀਆਂ ਦੇ ਜੀਵਨ ਦਾ ਇਤਿਹਾਸ ਸੰਭਾਲਿਆ ਗਿਆ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਹੋਰ ਖਿਡਾਰੀ ਆਪਣੇ ਮਿੱਥੇ ਟੀਚਿਆਂ ਨੂੰ ਪੂਰਾ ਕਰਨਗੇ। ਪ੍ਰਿੰਸੀਪਲ ਸਾਹਿਬ ਨਵੀਂ ਪੀੜ੍ਹੀ ਦੇ ਖੇਡ ਲੇਖਕਾਂ ਨੂੰ ਜਿੱਥੇ ਲਿਖਣ ਦੇ ਦਾਅ-ਪੇਚ ਦੱਸਦੇ ਹਨ, ਉੱਥੇ ਉਨ੍ਹਾਂ ਦੁਆਰਾ ਲਿਖੀਆਂ ਪੁਸਤਕਾਂ ਦੇ ਮੁੱਖ-ਬੰਧ ਵੀ ਲਿਖਦੇ ਆ ਰਹੇ ਹਨ, ਜਿਸ ਤੋਂ ਪ੍ਰੇਰਿਤ ਹੋ ਕੇ ਖੇਡ ਲੇਖਕ ਹੋਰ ਸ਼ਿੱਦਤ ਨਾਲ ਲੇਖਨ ਕਲਾ ਨੂੰ ਚਮਕਾਉਂਦੇ ਹਨ। ਪ੍ਰਿੰਸੀਪਲ ਸਰਵਣ ਸਿੰਘ ਨੇ ਪੰਜਾਬ ਦੀਆਂ ਦੇਸੀ ਖੇਡਾਂ ਪੁਸਤਕ ਵਿਚ 87 ਲੋਕ-ਖੇਡਾਂ ਦਾ ਵਰਣਨ ਕੀਤਾ ਹੈ। ਇਹ ਪੁਸਤਕ ਪੰਜਾਬੀ ਯੂਨੀਵਰਸਿਟੀ ਨੇ ਵਿਸ਼ੇਸ਼ ਤੌਰ 'ਤੇ ਛਾਪੀ। ਉਨ੍ਹਾਂ ਦੀ ਲਿਖੀ ਪੁਸਤਕ ਪੰਜਾਬੀ ਖਿਡਾਰੀ ਵੀ ਪੰਜਾਬੀ ਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਛਾਪੀ। ਇਸ ਪ੍ਰਕਾਰ ਦੀਆਂ ਪੁਸਤਕਾਂ ਲਿਖ ਕੇ ਉਸ ਨੇ ਇਤਿਹਾਸਕ ਕਾਰਜ ਕੀਤਾ ਹੈ। ਖੇਡਾਂ ਦੇ ਇਤਿਹਾਸ ਵੀ ਲਿਖੇ ਹਨ, ਜੋ ਕਿ ਬਹੁਤ ਹੀ ਮੁੱਲਵਾਨ ਕਾਰਜ ਹੈ।

ਆਪਣੀਆਂ ਰਚਨਾਵਾਂ ਵਿਚ ਖਿਡਾਰੀਆਂ ਦੇ ਤੁਲਨਾਤਮਕ ਅਧਿਐਨ ਰਾਹੀਂ ਇੱਕੋ ਹੀ ਖੇਡ ਦੇ ਇੱਕੋ ਜਿਹੇ ਨਾਵਾਂ ਵਾਲੇ ਖਿਡਾਰੀਆਂ ਦੇ ਨਾਵਾਂ ਦੇ ਮੇਲ ਖਾ ਜਾਣ ਕਾਰਨ ਉਨ੍ਹਾਂ ਸੰਬੰਧੀ ਪੈਦਾ ਹੋਈ ਅਸਪੱਸ਼ਟਤਾ, ਦਵੰਦ ਅਤੇ ਭੰਬਲਭੂਸੇ ਵਾਲੀ ਸਥਿਤੀ ਨੂੰ ਸਪੱਸ਼ਟ ਕਰਨ ਲਈ ਉਸ ਨੇ ਯਤਨ ਕੀਤੇ। ਅਣਗੌਲੇ ਨਾਇਕਾਂ ਨੂੰ ਪਛਾਣਿਆ ਗਿਆ ਤੱਥਾਂ/ਘਟਨਾਵਾਂ ਨੂੰ ਵੀ ਖਲਤ-ਮਲਤ ਹੋਣ ਤੋਂ ਬਚਾਇਆ ਹੈ। ਕੁਸ਼ਤੀ ਦੇ ਭਲਵਾਨਾਂ ਦਾਰਾ ਦੁਲਚੀਪੁਰੀਆ ਤੇ ਦਾਰਾ ਧਰਮੂਚੱਕ ਬਾਰੇ ਕੀਤਾ ਤੁਲਨਾਤਮਕ ਕਾਰਜ ਉਹ ਤਿੰਨੇ ਸਮਕਾਲੀ ਵੀ ਸਨ। ਉਨ੍ਹਾਂ ਦੀ ਖੇਡ ਵੀ ਇੱਕੋ ਹੋਣ ਕਾਰਨ ਉਨ੍ਹਾਂ ਤੋਂ ਅਗਲੇਰੀ ਪੀੜ੍ਹੀ ਦੇ ਪਾਠਕਾਂ ਨੂੰ ਤੇ ਖਿਡਾਰੀਆਂ ਨੂੰ ਤਿੰਨੋਂ ਬਲਬੀਰਾਂ ਦੇ ਨਾਵਾਂ ਸੰਬੰਧੀ ਪੈਂਦੇ ਭੁਲੇਖਿਆਂ ਤੋਂ ਬਚਾਉਣ ਲਈ ਵੀ ਉਸਨੇ ਸਲਾਹੁਣਯੋਗ ਕਾਰਜ ਕੀਤਾ ਹੈ। ਪੰਜਾਬੀ ਵਿਚ ਖੇਡ ਗਲਪ ਦੀ ਪਹਿਲੀ ਮੌਲਿਕ ਪੁਸਤਕ ਨਾਵਲ 'ਗੁੰਮਨਾਮ ਚੈਂਪੀਅਨ' ਦੀ ਕਥਾ ਦਾ ਤਾਂ ਆਧਾਰ ਹੀ ਦੋਵਾਂ ਦਾਰਿਆਂ ਬਾਰੇ ਕੀਤੇ ਨਿਖੇੜੇ ਦਾ ਅਣਗੌਲਿਆ ਭਲਵਾਨ ਦਾਰਾ ਦੁਲਚੀਪੁਰੀਆ ਬਣਦਾ ਹੈ। ਇਸ ਨਾਵਲ ਦਾ ਰਚਣਹਾਰਾ ਵੀ ਪ੍ਰਿੰਸੀਪਲ ਸਰਵਣ ਸਿੰਘ ਦਾ ਭਤੀਜਾ 'ਬਲਵੰਤ ਸਿੰਘ ਸੰਧੂ' ਹੈ।

ਇਸ ਤੋਂ ਇਲਾਵਾ ਖੇਡਾਂ ਵਿਚ ਸਿਆਸਤ, ਭ੍ਰਿਸ਼ਟਾਚਾਰ, ਵਪਾਰ, ਮੈਚ ਫਿਕਸਿੰਗ, ਖੇਡਾਂ ਵਿਚ ਡੋਪਿੰਗ, ਫੈਡਰੇਸ਼ਨਾਂ ਦੇ ਧੱਕੇ, ਖਿਡਾਰੀਆਂ ਦੇ ਵਿਤਕਰੇ, ਖੇਡਾਂ ਵਿਚ ਆਏ ਨੈਤਿਕ ਨਿਘਾਰ, ਖੇਡਾਂ ਤੇ ਖਿਡਾਰੀਆਂ ਦੀ ਚੜ੍ਹਤ, ਖੇਡਾਂ ਵਿਚ ਤਰੱਕੀ ਲਈ ਸੇਧਾਂ ਤੇ ਅਗਵਾਈ, ਦੁਨੀਆ ਭਰ ਵਿਚ ਹੋਣ ਵਾਲੇ ਖੇਡ-ਮੇਲਿਆਂ ਦਾ ਜ਼ਿਕਰ ਆਦਿ ਕਿੰਨਾ ਹੀ ਕੁਝ ਪ੍ਰਿੰਸੀਪਲ ਸਰਵਣ ਸਿੰਘ ਦੀ ਕਲਮ-ਪਾਠਕਾਂ ਤੇ ਲੋਕਾਂ ਦੇ ਰੂ-ਬ-ਰੂ ਕਰਦੀ ਹੈ।

ਪ੍ਰਿੰਸੀਪਲ ਸਰਵਣ ਸਿੰਘ ਦੁਆਰਾ ਲਿਖੀਆਂ ਕਈ ਪੁਸਤਕਾਂ ਤੇ ਰਚਨਾਵਾਂ ਨੂੰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੇ ਆਪਣੇ ਪਾਠਕ੍ਰਮ ਦਾ ਹਿੱਸਾ ਬਣਾਇਆ 'ਅਖਾੜੇ ਦਾ ਸ਼ਹੀਦ' ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪਾਠਕ੍ਰਮ ਵਿਚ, 'ਪਿੰਡ ਦੀ ਸੱਥ 'ਚੋਂ' ਪੁਸਤਕ ਗਿਆਨੀ ਦੇ ਸਿਲੇਬਸ ਵਿਚ ਲੱਗੀ ਰਹੀ ਹੈ। ਸਫ਼ਰਨਾਮਾ 'ਅੱਖੀਂ ਵੇਖ ਨਾ ਰੱਜੀਆਂ' ਪੰਜਾਬ ਯੂਨੀਵਰਸਿਟੀ ਦੇ ਸਿਲੇਬਸ ਵਿਚ ਇਕ ਜਮਾਤ ਦੇ ਪਾਠਕ੍ਰਮ ਵਿਚ ਸ਼ਾਮਲ ਕਰੀ ਰੱਖਿਆ। 'ਉੱਡਣਾ ਸਿੱਖ ਮਿਲਖਾ ਸਿੰਘ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਪਾਠਕ੍ਰਮ ਵਿਚ ਲੱਗਿਆ ਹੋਇਆ ਹੈ। 'ਸਨਾਈਪਸ' ਨਾਂ ਦੀ ਖੇਡ ਸੁਸਾਇਟੀ ਗਵਾਲੀਅਰ ਜੋ ਕਿ ਭਾਰਤੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਸਰੀਰਕ ਸਿੱਖਿਆ ਅਤੇ ਖੇਡਾਂ ਦੀਆਂ ਪੁਸਤਕਾਂ ਨੂੰ ਪੁਰਸਕਾਰ ਪ੍ਰਦਾਨ ਕਰਦੀ ਹੈ, ਉਸ ਨੇ 'ਖੇਡ ਜਗਤ ਵਿਚ ਭਾਰਤ' ਪੁਸਤਕ ਨੂੰ ਇਨਾਮ ਲਈ ਚੁਣਿਆ ਅਤੇ ਪ੍ਰਿੰਸੀਪਲ ਸਰਵਣ ਸਿੰਘ ਨੂੰ 'ਨੈਸ਼ਨਲ ਐਵਾਰਡ' ਦਿੱਤਾ। ਭਾਸ਼ਾ ਵਿਭਾਗ ਪੰਜਾਬ ਨੇ 'ਸ਼੍ਰੋਮਣੀ ਪੰਜਾਬੀ ਲੇਖਕ' ਪੁਰਸਕਾਰ ਨਾਲ ਸਨਮਾਨਿਆ। 'ਕਰਤਾਰ ਸਿੰਘ ਧਾਲੀਵਾਲ' ਐਵਾਰਡ, 'ਸੱਯਦ ਵਾਰਿਸ ਸ਼ਾਹ' ਐਵਾਰਡ, 'ਪਰਵਾਸੀ ਲੇਖਕ' ਐਵਾਰਡ ਆਦਿ ਅਨੇਕਾਂ ਹੋਰ ਸਨਮਾਨ ਉਸਦੀ ਝੋਲੀ ਪਏ। ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਿੰਡੀਕੇਟ ਤੇ ਸੈਨੇਟ ਮੈਂਬਰ ਵਜੋਂ ਵੀ ਸਥਾਪਿਤ ਰਿਹਾ।

ਸੋ ਪ੍ਰਿੰਸੀਪਲ ਸਰਵਣ ਸਿੰਘ ਦੁਆਰਾ ਪੰਜਾਬੀ ਖੇਡ ਸਾਹਿਤ ਸਿਰਜਣਾ ਦੇ ਖੇਤਰ ਵਿਚ ਕੀਤੀ ਮੁਸ਼ੱਕਤ ਅਤਿ ਸ਼ਲਾਘਾਯੋਗ ਹੈ। ਇਹ ਉਸਦੀ ਅੱਧੀ ਸਦੀ ਦੀ ਕੀਤੀ ਕਠੋਰ ਸਾਹਿਤਕ ਸਾਧਨਾ ਦਾ ਨਤੀਜਾ ਹੈ। ਪੰਜਾਬੀ ਖੇਡ ਸਾਹਿਤ ਦੇ ਖੇਤਰ ਵਿਚ ਹਾਲੇ ਤੱਕ ਉਸਦਾ ਕੋਈ ਸਾਨੀ ਨਹੀਂ। ਉਸਨੇ ਆਪਣੀ ਸਾਹਿਤਕ ਸਾਧਨਾ ਤੇ ਮਾਂ-ਬੋਲੀ ਦੀ ਕਲਾਤਮਿਕਤਾ ਦੇ ਵਰਣਨ ਜ਼ਰੀਏ ਦੇਸ਼ਾਂ/ਵਿਦੇਸ਼ਾਂ ਵਿਚ ਵਸੇ ਪੰਜਾਬੀਆਂ/ਪਾਠਕਾਂ, ਖਿਡਾਰੀਆਂ, ਖੇਡ ਪ੍ਰਮੋਟਰਾਂ, ਖੇਡ ਪ੍ਰਸ਼ੰਸਕਾਂ ਦਾ ਦਿਲ ਜਿੱਤ ਲਿਆ ਹੈ। ਜਿਸ ਸਦਕਾ ਇਸ ਸ਼ਬਦਾਂ ਦੇ ਓਲੰਪੀਅਨ ਦਾ ਲੱਖਾਂ ਦੇ ਇਨਾਮਾਂ ਵਾਲਾ ਏਸ਼ੀਆ ਦਾ ਸਭ ਤੋਂ ਵੱਡਾ ਇਨਾਮੀ ਪੇਂਡੂ ਖੇਡ ਮੇਲੇ ਦੇ ਨਾਂ ਨਾਲ ਮਸ਼ਹੂਰ ਦੁਆਬੇ ਦੇ 'ਹਕੀਮਪੁਰ' ਪਿੰਡ ਦੇ 'ਹਰਬੰਸ ਸਿੰਘ ਪੁਰੇਵਾਲ' ਯਾਦਗਾਰੀ ਖੇਡ ਮੇਲੇ ਉੱਤੇ ਪੁਰੇਵਾਲ ਭਰਾਵਾਂ ਅਤੇ ਦੇਸ਼/ ਵਿਦੇਸ਼ ਦੇ ਖੇਡ ਪ੍ਰਮੋਟਰਾਂ ਵੱਲੋਂ ਪੰਜਾਬੀ ਖੇਡ ਸਾਹਿਤ ਅਤੇ ਉਮਰ ਭਰ ਦੀਆਂ ਖੇਡ ਸੇਵਾਵਾਂ ਲਈ 'ਖੇਡ ਰਤਨ' ਐਵਾਰਡ ਦਿੱਤਾ ਗਿਆ ਹੈ। 4-5 ਮਾਰਚ 2023 ਨੂੰ ਹੋਏ 26ਵੇਂ ਪੁਰੇਵਾਲ ਖੇਡ ਮੇਲੇ ਵਿਖੇ ਪ੍ਰਿੰਸੀਪਲ ਸਰਵਣ ਸਿੰਘ ਦਾ ਸਵਾ ਦੋ ਤੋਲੇ ਦਾ ਗੋਲਡ ਮੈਡਲ, ਸਨਮਾਨ ਚਿੰਨ੍ਹ, ਕੰਬਲੀ, ਦਸਤਾਰ ਅਤੇ ਪੰਜ ਲੱਖ ਰੁਪਏ ਦੀ ਇਨਾਮੀ ਰਾਸ਼ੀ ਨਾਲ ਸਨਮਾਨ ਕੀਤਾ ਗਿਆ। ਇੰਝ ਮਹਿਸੂਸ ਹੋ ਰਿਹਾ ਹੈ ਜਿਵੇਂ ਪ੍ਰਿੰਸੀਪਲ ਸਰਵਣ ਸਿੰਘ ਜ਼ਰੀਏ ਇਹ ਸਨਮਾਨ ਪੰਜਾਬੀ ਖੇਡ ਸਾਹਿਤ ਦਾ ਸਨਮਾਨ ਹੀ ਕੀਤਾ ਜਾ ਰਿਹਾ ਹੈ। ਲੇਖਕ ਨੂੰ ਮੁਬਾਰਕਬਾਦ ਦਿੰਦੇ ਹੋਏ ਅਸੀਂ ਦੁਆ ਕਰਦੇ ਹਾਂ ਕਿ ਸ਼ਾਲਾ ਉਨ੍ਹਾਂ ਦੀ ਕਲਮ ਆਪਣੀ ਮੈਰਾਥਨ ਸਦਾ ਦੌੜਦੀ ਰਹੇ।

## ਖੇਡ ਰਤਨ ਐਵਾਰਡ ਲਈ ਧੰਨਵਾਦ

ਕਦੇ ਸੋਚਿਆ ਨਹੀਂ ਸੀ ਕਿ ਪੰਜਾਬੀ ਦੇ ਕਿਸੇ ਖੇਡ ਲੇਖਕ ਨੂੰ 'ਖੇਡ ਰਤਨ ਐਵਾਰਡ' ਮਿਲੇਗਾ ਜਿਸ ਵਿਚ ਸਨਮਾਨ ਪਲੇਕ, ਗੋਲਡ ਮੈਡਲ, ਦਸਤਾਰ, ਕੰਬਲੀ ਤੇ ਪੰਜ ਲੱਖ ਦੀ ਰਾਸ਼ੀ ਸ਼ਾਮਲ ਹੋਵੇਗੀ। ਸਨਮਾਨ ਦੇਣ ਵਾਲਿਆਂ ਦਾ ਹਾਰਦਿਕ ਧੰਨਵਾਦ। ਕੰਬਲੀ ਤੇ ਦਸਤਾਰ ਮੇਰੀ ਵਰਤੋਂ ਦੀਆਂ ਵਸਤਾਂ ਹਨ। ਸਨਮਾਨ ਪਲੇਕ ਤੇ ਗੋਲਡ ਮੈਡਲ ਘਰ ਦਾ ਸ਼ਿੰਗਾਰ ਬਣਨਗੇ। ਧਨ ਰਾਸ਼ੀ ਹੁਣ ਮੇਰੀ ਲੋੜ ਨਹੀਂ, ਉਹ ਮੈਂ ਖੇਡਾਂ ਖਿਡਾਰੀਆਂ ਦੇ ਲੇਖੇ ਹੀ ਲਾਵਾਂਗਾ। ਪੰਜਾਬੀ ਪਿਆਰਿਆਂ ਤੇ ਖੇਡ ਪ੍ਰਮੋਟਰਾਂ ਦੀ ਹੱਲਾਸ਼ੇਰੀ ਨਾਲ ਮੇਰੀ ਕਲਮ ਦੀ ਮੈਰਾਥਨ ਦੌੜ ਜਾਰੀ ਹੈ ਤੇ ਉਦੋਂ ਤਕ ਜਾਰੀ ਰਹੇਗੀ ਜਦੋਂ ਤਕ ਸਾਹ ਵਗਦੇ ਹਨ। ਮੇਰੀਆਂ ਹੁਣ ਤਕ ਛਪੀਆਂ 50 ਕੁ ਪੁਸਤਕਾਂ ਵਿਚੋਂ 25 ਖੇਡਾਂ ਖਿਡਾਰੀਆਂ ਬਾਰੇ ਹੀ ਹਨ। ਉਮਰ ਦੇ 80ਵਿਆਂ ਵਿਚ ਮੇਰੀ ਕਲਮ ਹੋਰ ਤੇਜ਼ ਦੌੜੀ ਹੈ। ਮੈਂ ਸਵੈ-ਜੀਵਨੀ 'ਹਸੰਦਿਆਂ ਖੇਲੰਦਿਆਂ' ਵਿਚ ਲਿਖਿਆ ਸੀ: ਜੀਹਨੇ ਦੁਨੀਆਂ ਦਾ ਮੇਲਾ ਵੇਖਣਾ ਹੋਵੇ ਉਹ ਹੋਰ ਕੁੱਝ ਕਰੇ ਨਾ ਕਰੇ, ਤੋਰਾ ਫੇਰਾ ਜ਼ਰੂਰ ਜਾਰੀ ਰੱਖੇ। ਤੋਰੇ ਫੇਰੇ ਵਿਚ ਹੀ ਜੀਵਨ ਦਾ ਚਾਅ ਹੈ, ਖੇੜਾ ਤੇ ਅਨੰਦ ਹੈ। ਕੁੱਝ ਵੇਖਣ ਦੀ ਇੱਛਾ, ਕੁੱਝ ਕਰਨ ਤੇ ਮਾਣਨ ਦੀ ਰੀਝ ਹਮੇਸ਼ਾਂ ਬਣੀ ਰਹਿਣੀ ਚਾਹੀਦੀ ਹੈ। ਇੱਛਾ ਮੁੱਕ ਜਾਵੇ ਤਾਂ ਜੀਵਨ ਦੇ ਚਾਅ ਈ ਮੁੱਕ ਜਾਂਦੇ ਨੇ। ਰੀਝਾਂ ਮਰ ਜਾਣ ਤਾਂ ਕਲਪਨਾ ਵੀ ਕੁਮਲਾਅ ਜਾਂਦੀ ਐ। ਬੰਦਾ ਇੱਛਾਵਾਂ ਤੇ ਕਾਮਨਾਵਾਂ ਦੇ ਸਿਰ 'ਤੇ ਹੀ ਪੀੜ੍ਹੀ ਦਰ ਪੀੜ੍ਹੀ ਜਿਉਂਦਾ ਆ ਰਿਹੈ। ਕੁੱਝ ਕਰਨ ਦੀ ਉਮੰਗ ਤੇ ਕੁੱਝ ਮਾਣਨ ਦੀ ਤਰੰਗ ਨੂੰ ਪੂਰੀ ਕਰਨ ਲਈ ਆਹਰੇ ਲੱਗੇ ਰਹਿਣਾ ਈ ਜ਼ਿੰਦਗੀ ਹੈ। ਪਾਠਕਾਂ, ਲੇਖਕਾਂ, ਖਿਡਾਰੀਆਂ ਤੇ ਦੋਸਤਾਂ ਮਿੱਤਰਾਂ ਦੀਆਂ ਦੁਆਵਾਂ ਨਾਲ ਹਾਲੇ ਕਾਇਮ ਦਾਇਮ ਹਾਂ ਜਿਸ ਲਈ ਸਭਨਾਂ ਦਾ ਸ਼ੁਕਰਗੁਜ਼ਾਰ ਹਾਂ।

***-ਪ੍ਰਿੰ. ਸਰਵਣ ਸਿੰਘ***

# ਵਰਧਾ ਵਿਚ ਮਿਲਿਆ ਫਰੀਦ!

18 ਫਰਵਰੀ, 2023, ਦੀ ਸਵੇਰ ਮੈਂ ਤੇ ਪ੍ਰੋ. ਅਨਵਰ ਅਹਿਮਦ ਸਦੀਕੀ ਬਾਬੇ ਫਰੀਦ ਦੇ ਚਿੱਲੇ ਨੂੰ ਚੱਲੇ। ਜਦ ਪਹਿਲੇ ਦਿਨ ਆਇਆ ਸਾਂ ਜੁਆਇਨ ਕਰਨ, ਤਾਂ ਯੂਨਿਵਰਸਿਟੀ ਦੇ ਰਜਿਸਟਰਾਰ ਡਾ. ਨਵਾਬ ਕਾਦਰ ਖਾਂ ਕੋਲ ਮਿਲੇ

**ਨਿੰਦਰ ਘੁਗਿਆਣਵੀ**

## ‘ਡਾਇਰੀ ਦਾ ਪੰਨਾ’

ਸਨ ਸਦੀਕੀ ਜੀ। ਯੂਨਿਵਰਸਿਟੀ ਦੇ ਮੁੱਢਲੇ ਪ੍ਰੋਫੈਸਰਾਂ ‘ਚੋਂ ਇਕ ਹਨ ਤੇ ਸ਼ਾਇਰੀ ਵੀ ਕਰਦੇ ਹਨ। ਉਨ੍ਹਾਂ ਆਖਿਆ ਸੀ ਕਿ ਆਪ ਜੀ ਬਾਬਾ ਫਰੀਦ ਦੇ ਸ਼ਹਿਰੋਂ ਆਏ ਓ, ਪਤਾ ਹੈ ਕਿ ਬਾਬਾ ਫਰੀਦ ਜੀ ਨੇ ਆਪਣੇ ਜੀਵਨ ਦਾ ਲੰਬਾ ਸਮਾਂ ਏਥੇ ਤਪੱਸਿਆ ਕੀਤੀ ਸੀ ਤੇ ਫਿਰ (ਪੰਜਾਬ) ਫਰੀਦਕੋਟ ਵੱਲ ਵੀ ਉਹ ਇਧਰੋਂ ਹੁੰਦੇ ਗਏ ਸਨ। ਮੈਨੂੰ ਸੱਚੀਓਂ ਨਹੀਂ ਸੀ ਪਤਾ ਇਸ ਬਾਬਤ।

ਵਰਧਾ ਯੂਨਿਵਰਸਿਟੀ, ਜਿੱਥੇ ਮੈਂ ਹਾਂ, ਇੱਥੋਂ 60 ਕਿਲੋਮੀਟਰ ਦੂਰ ‘ਗਿਰੜ’ ਨਾਮੀ ਇਕ ਕਸਬਾ ਹੈ, ਉਥੇ ਇਕ ਪਹਾੜੀ ਉਤੇ ਬਾਬਾ ਫਰੀਦ ਜੀ ਦਾ ਚਿੱਲਾ ਪੱਕੇ ਰੂਪ ਵਿਚ ਅੱਜ ਤੋਂ ਲਗਭਗ ਢਾਈ ਸੌ ਸਾਲ ਪਹਿਲਾਂ ਨਾਗਪੁਰ ਦੇ ਰਾਜੇ ਰਘੂ ਜੀ ਭੌਂਸਲੇ ਨੇ ਬਣਵਾਇਆ ਸੀ। ਉਸ ਤੋਂ ਪਹਿਲਾਂ ਇਸ ਜੰਗਲੀ ਪਹਾੜੀ ਉਤੇ ਲੋਕ ਬੜੀ ਔਖ ਨਾਲ ਚੜ੍ਹਦੇ ਤੇ ਇਸ ਅਸਥਾਨ ਦੀ ਪੂਜਾ ਸੇਵਾ ਕਰਦੇ। ਆਖਦੇ ਨੇ ਕਿ ਇੱਥੇ ਛੋਟੇ ਜਿਹੇ ਝਰਨੇ ਨੇ ਤਲਾਬ ਦਾ ਰੂਪ ਧਾਰਿਆ ਸੀ ਤੇ ਰਾਖਸ਼ਸ਼ ਨੂੰ ਹਰਾਇਆ ਫਰੀਦ ਜੀ ਨੇ।

ਇਹ ਗੱਲਾਂ ਸਦੀਕੀ ਜੀ ਕਾਰ ਚਲਾਉਂਦੇ ਚਲਾਉਂਦੇ ਦੱਸੀ ਜਾਂਦੇ ਸਨ। ਖੁਸ਼ਕੀ ਮਾਰੇ ਖੇਤਾਂ ਵਿਚ ਮਰੀਅਲ ਜਿਹੀ ਕਪਾਹ ਖੜ੍ਹੀ ਸੀ। ਕਿਤੇ ਕਿਤੇ ਕੋਈ ਕਿਸਾਨ ਖੇਤਾਂ ਵਿਚ ਫਿਰਦਾ ਦਿਸਦਾ, ਖਾਲੀ ਪਏ ਸਨ ਮਹਾਂਰਾਸ਼ਟਰ ਦੇ ਖੇਤ। ਪਹਾੜੀ ਕਿੱਕਰਾਂ ਦੇ ਜਮਘਟੇ। ਕਿਤੇ ਕਿਤੇ ਕੋਈ ਮਲਾ ਵੀ ਦਿਸ ਜਾਂਦਾ ਲਾਲ ਸੂਹੇ ਬੇਰਾਂ ਨਾਲ ਭਰਿਆ। ਲੰਬੇ ਤੇ ਹਰੇ ਭਰੇ ਰੁੱਖ ਕਿਧਰੇ ਨਹੀਂ ਸਨ ਦਿਸਦੇ।

‘ਗਿਰੜ’ ਨੇੜੇ ਆ ਗਿਆ। ਪਹਾੜੀ ਉਤੋਂ ਚਿੱਲਾ ਦਿਸਣ ਲੱਗਿਆ ਤੇ ਮੇਰੀ ਉਤਸੁਕਤਾ ਹੋਰ




ਵਧਣ ਲੱਗੀ ਫਰੀਦ ਜੀ ਨੂੰ ਮਿਲਣ ਦੀ। ਹਰੇ ਰੰਗ ਦੀ ਚਾਦਰ ਮੈਂ ਫਰੀਦਕੋਟੋਂ ਤੁਰਦਿਆਂ ਟਿੱਲੇ ਤੋਂ ਲੈ ਕੇ ਬੈਗ ਵਿਚ ਪਾ ਲਈ ਸੀ, ਹੁਣ ਚਾਦਰ ਵਾਲਾ ਲਿਫਾਫਾ ਪੱਟਾਂ ਉਤੇ ਧਰਿਆ ਹੋਇਆ ਸੀ।

ਪਹਾੜੀ ਤੋਂ ਥੱਲੇ ਫਰੀਦ ਜੀ ਨੇ ‘ਸ਼ੱਕਰ ਬਾਉਲੀ’ ਖੂਹ ਬਣਾਇਆ ਸੀ, ਉਸਦੇ ਜਾ ਦਰਸ਼ਨ ਕੀਤੇ। ਖੂਹ ਵਾਲੀ ਦਰਗਾਹ ਦੇ ਆਸੇ ਪਾਸੇ ਕੋਈ ਕੋਈ ਬੰਦਾ ਬੁੜੀ ਤੁਰਿਆ ਫਿਰਦਾ ਦੀਂਹਦਾ। ਦੁਕਾਨਾਂ ਵੀ ਕੋਈ ਖਾਸ ਨਾ ਖੁੱਲ੍ਹੀਆਂ, ਪਤਾ ਲੱਗਿਆ ਕਿ ਐਤਵਾਰ ਨੂੰ ਲੋਕ ਜ਼ਿਆਦਾ ਆਉਂਦੇ ਨੇ। ਅੱਜ ਸ਼ਿਵਰਾਤਰੀ ਕਾਰਨ ਸੰਗਤ ਮੰਦਰਾਂ ਨੂੰ ਗਈ ਹੋਈ ਹੈ। ਪਹਾੜੀ ਚੜ੍ਹੇ ਤਾਂ ਉਥੇ ਕੁਝ ਕੁਝ ਰੌਣਕ ਸੀ। ਦੁਕਾਨਾਂ ਵਾਲੇ ਧੂਫਾਂ ਧੁਖਾ ਰਹੇ, ਦੁਕਾਨਾਂ ਮੂਹਰੇ ਪਾਣੀ ਛਿੜਕਦੇ ਗਾਹਕਾਂ ਨੂੰ ਉਡੀਕ ਰਹੇ ਸਨ।

ਸਾਨੂੰ ਸਈਅਦ ਅਯੂਬ ਕਮਰੂਦੀਨ ਸੇਵਦਾਰ ਦੇ ਰੂਪ ਵਿਚ ਸਮਾਧੀ ਮੂਹਰੇ ਬੈਠੇ ਮਿਲੇ। ਦੱਸਣ ਲੱਗੇ ਕਿ ਇਸ ਚਿੱਲੇ ਤੋਂ ਬਿਨਾਂ 19 ਕਿਲੋਮੀਟਰ ਦੂਰ ਫਰੀਦ ਜੀ ਨੇ ਇਕ ਥਾਂ (ਕੁੰਬੜੀ) ਇਮਲੀ ਦੇ ਰੁੱਖ ਹੇਠ ਵੀ ਆਰਾਮ ਕੀਤਾ ਸੀ ਤੇ 12 ਸਾਲ ਉਥੇ ਰਹੇ ਸਨ ਤੇ ਇੱਥੋਂ ਸਦਰਬੇਲੀ ਵਿਚ ਵੀ ਉਹ 12 ਸਾਲ ਹੀ ਰਹੇ ਸੀ, ਕੁੱਲ 36 ਸਾਲ ਇੱਥੇ ਤਪੱਸਿਆ ਕੀਤੀ ਉਨ੍ਹਾਂ ਨੇ। ਪੰਜਾਹ ਸਾਲ ਤੋਂ ਇੱਥੇ ਸਈਅਦ ਅਯੂਬ ਸੇਵਾ ਕਰ ਰਹੇ ਨੇ, ਜੋ ਇਸ ਵੇਲੇ 80 ਸਾਲਾਂ ਦੇ ਹਨ, ਉਹ ਦੱਸਣ ਲੱਗੇ ਕਿ ਏਥੇ ਕਦੀ ਪੰਜਾਬੋਂ ਕੋਈ ਨਹੀਂ ਆਇਆ। ਸਾਲਾਨਾ ਮੇਲੇ ਉਤੇ ਬਹੁਤ ਇਕੱਠ ਹੁੰਦਾ ਹੈ ਤੇ ਲੰਗਰ ਪਾਣੀ ਵੀ ਉਦੋਂ ਈ ਬਣਦਾ ਹੈ। ਅਯੂਬ ਜੀ ਨੇ ਆਪਣੇ ਵਾਸਤੇ ਟਿਫਨ ਲਵਾਇਆ ਹੋਇਆ, ਜੋ ਹੇਠੋਂ ਪਹਾੜ ਉਤੇ ਆਣ ਕੇ ਦੇ ਜਾਂਦੇ ਨੇ ਤੇ ਚਾਹ ਦੁਕਾਨਾਂ ਤੋਂ ਹੀ ਪੀਤੀ ਜਾਂਦੀ ਹੈ। ਟਰੱਸਟ ਦੇ ਚੇਅਰਮੈਨ ਉਦ ਦੀਨ ਕਾਜ਼ੀ ਹਨ। ਮੋਟਰਸਾਈਕਲ ਦੁੜਾਉਂਦੇ ਉਹ ਵੀ ਪਹਾੜੀ ਆਣ ਚੜ੍ਹੇ। ਪੰਜਾਹ ਪੰਜਾਹ ਗਰਾਮ ਚਾਹ ਕਾਗਜ਼ ਦੇ ਗਲਾਸਾਂ ‘ਚ ਨੇੜਲੀ ਦੁਕਾਨ ਤੋਂ ਆਈ। (ਮਹਾਂਰਾਸ਼ਟਰ ਵਿਚ ਦੋ ਘੁੱਟਾਂ ਚਾਹ ਪੈਣ ਵਾਲੇ ਗਲਾਸ ਹੀ ਨੇ, ਪੰਜਾਬ ਦੇ ਗਲਾਸਾਂ ਜਿਹੇ ਗਲਾਸ ਏਥੇ ਕਿੱਥੇ?)

ਮੈਂ ਫਰੀਦਕੋਟੋਂ ਲਿਆਂਦੀ ਚਾਦਰ ਚੜ੍ਹਾਈ। ਇਕ ਟੋਪੀ ਤੇ ਮੁੰਦਰੀ ਖਰੀਦੀ। ਕਾਜ਼ੀ ਜੀ ਨੇ ਪੰਜਾਬ ਲਿਜਾਣ ਵਾਸਤੇ ਮੌਲੀਆਂ ਦਿੱਤੀਆਂ ਤੇ ਮਖਾਣਿਆਂ ਦਾ ਪਰਸ਼ਾਦਿ ਵੀ। ਫਰੀਦਕੋਟ ਦੇ ਟਿੱਲੇ ਦੇ ਮੁੱਖ ਸੇਵਾਦਾਰ ਇੰਦਰਜੀਤ ਸਿੰਘ ਖਾਲਸਾ ਨਾਲ ਕਾਜ਼ੀ ਜੀ ਦੀ ਫੋਨ ਉਤੇ ਗੱਲ ਵੀ ਕਰਵਾਈ ਤੇ ਅਚਾਨਕ ਹੀ ਉਸੇ ਵੇਲੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਫੋਨ ਆ ਗਿਆ, ਸੁਣ ਤੇ ਜਾਣ ਕੇ ਉਹ ਵੀ ਹੈਰਾਨ ਤੇ ਖੁਸ਼ ਹੋਏ। ਬਹੁਤਿਆਂ ਨੂੰ ਇਸ ਬਾਬਤ ਪਤਾ ਹੀ ਨਹੀਂ ਹੈ। ਵਰਧਾ ਵਿਚ ਵੀ ਫਰੀਦ ਜੀ ਦੀ ਇਕ ਯਾਦਗਾਰ ਹੈ, ਉਥੇ ਵੀ ਜਾਣਾ ਹੈ ਤੇ ਇੱਥੇ ਬਹੁਤੇ ਵੇਰਵੇ ਦੇਣ ਤੋਂ ਚੰਗਾ ਹੈ ਕਿ, “ਵਰਧਾ ‘ਚ ਮਿਲਿਆ ਫਰੀਦ” ਨਾਂ ਹੇਠ ਇਕ ਕਿਤਾਬ ਲਿਖ ਦੇਵਾਂ!

# ਸ਼ਿਵਚਰਨ ਜੱਗੀ ਕੁੱਸਾ ਦੀ ਲਿਖੀ ਹਿੰਦੀ ਵੈੱਬ ਸੀਰੀਜ਼ ‘ਐੱਨ ਆਰ ਆਈ’ ਮਚਾਏਗੀ ਤਹਿਲਕਾ

**ਲੰਡਨ/ਗਲਾਸਗੋ:** ‘ਪੁਰਜਾ ਪੁਰਜਾ ਕਟਿ ਮਰੈ’, ‘ਤਵੀ ਤੋਂ ਤਲਵਾਰ ਤੱਕ’ ਅਤੇ ‘ਸੱਜਰੀ ਪੈੜ ਦਾ ਰੇਤਾ’ ਵਰਗੇ ਨਾਵਲ ਲਿਖ ਕੇ ਰਾਤੋ ਰਾਤ ਪ੍ਰਸਿੱਧੀ ਹਾਸਲ ਕਰਨ ਵਾਲਾ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਹੁਣ ਆਪਣੀ ਲਿਖੀ ਹਿੰਦੀ ਵੈੱਬ ਸੀਰੀਜ਼ ‘ਐਨ ਆਰ ਆਈ’ ਨਾਲ ਫ਼ਿਲਮ ਜਗਤ ਵਿਚ ਵੀ ਤਹਿਲਕਾ ਮਚਾਉਣ ਆ ਰਿਹਾ ਹੈ। ਆਪਣੇ ਨਾਵਲਾਂ ਵਾਂਗ ਦਮਦਾਰ ਲੇਖਣੀ ਨਾਲ ਲਬਰੇਜ਼ ਇਸ ਵੈੱਬ

**ਮਨਦੀਪ ਖੁਰਮੀ ਹਿੰਮਤਪੁਰਾ**

ਸੀਰੀਜ਼ ਵਿਚ ਪੰਜਾਬੀ ਅਤੇ ਹਿੰਦੀ ਸਿਨੇਮਾ ਜਗਤ ਦੇ ਦਿੱਗਜ਼ ਕਲਾਕਾਰ ਦੇਖਣ ਨੂੰ ਮਿਲਣਗੇ। ਖ਼ਾਸ ਗੱਲ ਇਹ ਵੀ ਹੈ ਕਿ ਜਵਾਨੀ ਵਿਚ ਫ਼ਿਲਮ ਕਲਾਕਾਰ ਬਣਨ ਦੀ ਅਧੂਰੀ ਖ਼ਾਹਿਸ਼ ਨੂੰ ਪੂਰਾ ਕਰਦਿਆਂ ਇਸ ਵੈੱਬ ਸੀਰੀਜ਼ ਵਿਚ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਖ਼ੁਦ ਵੀ ਇਕ ਖ਼ਾਸ ਭੂਮਿਕਾ ਵਿਚ ਨਜ਼ਰ ਆਉਣਗੇ।

ਹਿੰਦੀ ਵੈੱਬ ਸੀਰੀਜ਼ ‘ਐੱਨ ਆਰ ਆਈ’ ਦੇ ਪਹਿਲੇ ਦੋ ਐਪੀਸੋਡਾਂ ਦੀ ਸ਼ੂਟਿੰਗ ਮੁਕੰਮਲ ਕਰ ਲਈ ਗਈ ਹੈ। ਨੈੱਟਫ਼ਲਿਕਸ ਲਈ ਬਣਨ ਵਾਲੀ ਇਸ ਵੈੱਬ ਸੀਰੀਜ਼ ਦੇ ਕੁੱਲ ਅੱਠ ਐਪੀਸੋਡ ਹਨ, ਜਿਨ੍ਹਾਂ ਵਿਚੋਂ ਦੋ ਦੀ ਸ਼ੂਟਿੰਗ ਜੈਤੋਂ, ਗੋਬਿੰਦਪੁਰਾ ਅਤੇ ਪਾਕਿਸਤਾਨ ਦੇ ਸਰਹੱਦੀ ਖੇਤਰ ਵਿਚ ਕੀਤੀ ਗਈ। ਕੈਨਵੈਸਟ ਫਿਲਮ ਪ੍ਰੋਡਕਸ਼ਨ ਕੈਨੇਡਾ ਦੇ ਬੈਨਰ ਹੇਠ ਬਣ ਰਹੀ ਇਸ ਵੈੱਬ ਸੀਰੀਜ਼ ਦੇ ਮੁੱਖ ਪ੍ਰੋਡਿਊਸਰ ਜਗਮਨਦੀਪ ਸਮਰਾ, ਡਾਇਰੈਕਟਰ ਲਵਲੀ ਸ਼ਰਮਾ, ਐਸੋਸੀਏਟ ਡਾਇਰੈਕਟਰ ਸਤਿੰਦਰ ਸਿੰਘ (ਸੱਤਾ ਸੈਣੀ), ਮੈਡਮ ਕੁਲਵੰਤ ਖੁਰਮੀ, ਪ੍ਰੋਜੈਕਟ ਹੈੱਡ ਕਾਬਲ ਗਿੱਲ, ਕੋ-ਪ੍ਰੋਡਿਊਸਰ ਖੁਸ਼ਦੀਪ ਬਰਾੜ ਅਤੇ ਰੌਬਿਨ ਸੰਧੂ ਵਰਣਨਯੋਗ ਹਨ।

ਇਸ ਸੀਰੀਜ਼ ਵਿਚ ਪ੍ਰੀਤ ਬਾਠ, ਐਂਜਲੀਨਾ ਰਾਜਪੂਤ, ਮਹਾਂਬੀਰ ਭੁੱਲਰ, ਰਵਿੰਦਰ ਮੰਡ, ਦਿਲਾਵਰ ਸਿੱਧੂ, ਵਿਰਾਟ ਮਾਹਲ, ਭਾਨਾ ਭਗੌੜਾ (ਮਿੰਟੂ ਜੱਟ), ਲਖਵੀਰ ਧਾਲੀਵਾਲ, ਨਗਿੰਦਰ ਗੱਖੜ, ਜਸਵੰਤ ਰਾਠੌਰ, ਵਿਕਟਰ ਜੌਹਨ, ਸੂਫ਼ੀ ਗੁੱਜਰ, ਹਾਕਮ ਬਖਤੜੀ ਵਾਲਾ, ਸ਼ਿਵਚਰਨ ਜੱਗੀ ਕੁੱਸਾ ਅਤੇ ਹਰਪਾਲ ਧੂੜਕੋਟ ਕਿਰਦਾਰ ਨਿਭਾਅ ਰਹੇ ਹਨ। ਇਸ ਵੈੱਬ ਸੀਰੀਜ਼ ਵਿਚ ਗਾਇਕਾ ਵਜੋਂ ਸਾਜਦੀਪ ਨੇ ਵੀ ਸੇਵਾਵਾਂ ਦਿੱਤੀਆਂ ਹਨ। ਇੱਥੇ ਵਰਣਨਯੋਗ ਹੈ ਕਿ ਲਵਲੀ ਸ਼ਰਮਾ ਇਸ ਵੈੱਬ ਸੀਰੀਜ਼ ਨਾਲ਼ ਮੁੱਖ ਨਿਰਦੇਸ਼ਕ ਵਜੋਂ ਸ਼ੁਰੂਆਤ ਕਰਨ ਜਾ ਰਹੇ ਹਨ।




# ਕਾਵਿ -ਕਿਆਰੀ

## ਹੋਲੀ

ਰੰਗ-ਬਿਰੰਗੇ ਰੰਗਾਂ ਵਾਲਾ
ਹੋਲੀ ਦਾ ਤਿਉਹਾਰ।
ਜਾ ਕੇ ਵੇਖੋ ਰੰਗਾਂ ਦੇ ਨਾਲ
ਸਭ ਨੇ ਸਜੇ ਬਾਜ਼ਾਰ।
ਪਾਣੀ ਦੇ ਵਿਚ ਰੰਗ ਘੋਲ ਕੇ
ਭਰ ਕੇ ਵਿਚ ਪਿਚਕਾਰੀ,
ਇੱਕ ਦੂਜੇ ‘ਤੇ ਪਾ ਕੇ ਬੱਚਿਓ
ਲੁੱਟੋ ਮੌਜ-ਬਹਾਰ।

ਰਾਹੀਆਂ ਉੱਤੇ ਰੰਗ ਡੋਲ੍ਹਣ ਦੀ
ਜੇ ਕਰ ਬੈਠੇ ਗਲਤੀ,
ਗੁੱਸੇ ਵਿਚ ਉਹ ਆਣ ਚਪੇੜਾਂ
ਗੱਲ਼੍ਹ ‘ਤੇ ਧਰਜੂ ਚਾਰ।
ਕਈ ਰੰਗ ਕੱਪੜਿਆਂ ‘ਤੇ ਪੈ ਕੇ
ਦਾਗ ਸਦੀਵੀ ਛੱਡਣ,
ਮਹਿੰਗੇ ਕੱਪੜੇ ਪਹਿਨ ਕੇ ਘਰ ਤੋਂ
ਨਿਕਲਿਓ ਨਾ ਬਾਹਰ।

ਮੌਜ-ਮਸਤੀਆਂ ਕਰਦੇ ਕੋਈ
ਨੁਕਸਾਨ ਕਰਾ ਨਾ ਬਹਿਣਾ,
ਘਾਤਕ ਕੈਮੀਕਲਾਂ ਦੀ ਹੁੰਦੀ
ਰੰਗਾਂ ਵਿਚ ਭਰਮਾਰ।
ਆਪਸ ਦੇ ਵਿਚ ਰਲ਼-ਮਿਲ
ਹੱਸਣ ਖੇਡਣ ਲੋਕੀਂ ਸਾਰੇ,
ਸਭ ਧਰਮਾਂ ਦਾ ਹੋ ਨਿੱਬੜਿਆ
ਸਾਂਝਾ ਇਹ ਤਿਉਹਾਰ।

‘ਨਾਗਰਾ’ ਜਿਹੜੇ ਲੋਕ ਬੀਜਦੇ
ਬੀਜ ਨਫ਼ਰਤਾਂ ਵਾਲੇ,
ਪਊ ਨਜਿੱਠਣਾ ਨਾਲ ਉਨ੍ਹਾਂ ਦੇ
ਬਣ ਕੇ ਸਮਝਦਾਰ।
***-ਜਸਪਾਲ ਸਿੰਘ ‘ਮਹਿੰਦਪੁਰੀ’***
***ਫੋਨ: +13604481989***

---

## ਹੋ਼ਲੀ ਆਈ-ਹੋਲੀ ਆਈ

ਹੋ਼ਲੀ ਆਈ-ਹੋਲੀ ਆਈ
ਸਭ ਪਾਸੇ ਰੌਣਕ ਹੈ ਆਈ।
ਮੌਸਮ ਲੱਗੇ ਸਭ ਨੂੰ ਸੋਹਣਾ
ਆਸਮਾਨ ਵੀ ਹੈ ਮਨਮੋਹਣਾ।

ਪੰਛੀ-ਪਰਿੰਦੇ ਵੀ ਖੁਸ਼ੀ ਮਨਾਵਣ
ਰਲ਼-ਮਿ਼ਲ ਪਰਮਾਤਮਾ ਦੇ
ਗੁਣ ਗਾਵਣ,
ਵੈਰ-ਵਿਰੋਧ ਤੇ ਊਚ-ਨੀਚ ਦੀ
ਸਭ ਪਾਸੇ ਮਿਟ ਜਾਵੇ ਖਾਈ
ਹੋਲੀ ਆਈ - ਹੋਲੀ ਆਈ,
ਸਭ ਦੇ ਚਿਹਰੇ ‘ਤੇ ਖੁਸ਼ੀ ਲਿਆਈ।

ਦੇਸ਼ ਦੀ ਖੁਸ਼ਹਾਲੀ ਲਈ ਕੰਮ ਕਰੀਏ
ਮਾਨਵਤਾ ਦੀ ਵੀ ਸਭ ਹਾਮੀ ਭਰੀਏ,
ਅੰਧ-ਵਿਸ਼ਵਾਸਾਂ ਵਿਰੁੱਧ ਅਲਖ ਜਗਾਈਏ
ਵਾਤਾਵਰਨ ਨੂੰ ਵੀ ਖੁਸ਼ਹਾਲ ਬਣਾਈਏ।

ਪ੍ਰਦੂਸ਼ਣ ਘਟਾ ਕੇ ਮਨਾਂ ਅੰਦਰਲਾ
ਸਭ ਨੂੰ ਪਿਆਰ-ਸਤਿਕਾਰ
ਨਾਲ ਬੁਲਾਈਏ।
ਭੁਲਾ ਕੇ ਸਭ ਗਿਲੇ-ਸ਼ਿਕਵੇ
ਭਾਈਚਾਰਕ ਸਾਂਝ ਵਧਾਈਏ।

ਕਰ ਕੇ ਚੰਗੇ-ਪਰਉਪਕਾਰੀ
ਕੰਮ ਦੁਨੀਆ ਵਿਚ
ਇਨਸਾਨੀਅਤ ਦੇ ਪਹਿਰੇਦਾਰ
ਬਣ ਜਾਈਏ।

ਹਰ ਚੰਗੀ ਸ਼ੁਰੂਆਤ ਖੁਦ ਤੋਂ ਕਰ ਕੇ
ਦੂਸਰਿਆਂ ਲਈ ਰਾਹ-ਦਸੇਰੇ
ਬਣ ਜਾਈਏ,
ਆਓ! ਹੋਲੀ ਦਾ ਤਿਓਹਾਰ ਮਨਾਈਏ
ਸਮਾਜ ਤੇ ਦੇਸ਼ ਲਈ
ਕੁਝ ਯੋਗਦਾਨ ਪਾਈਏ।
***-ਮਾਸਟਰ ਸੰਜੀਵ ਧਰਮਾਣੀ***
***ਫੋਨ: 94785-61356***

---

## ਖ਼ੁਦ ਦੇ ਦੁਖੜੇ

ਖ਼ੁਦ ਦੇ ਦੁਖੜੇ ਖ਼ੁਦ ਦੇ ਕੋ਼ਲੇ ਫੋਲਿਆ ਕਰ।
ਹਰ ਕਿਸੇ ਦੇ ਕੋ਼ਲ ਦਿਲ ਨਾ ਖੋਲ੍ਹਿਆ ਕਰ।
ਹਰ ਮੁਸੀਬਤ ਨੂੰ ਵਿਖਾ ਦੇ ਹੱਸ ਕੇ ਤੂੰ
ਮਾੜੀ ਮੋਟੀ ਗੱਲ ‘ਤੇ ਨਾ ਡੋਲਿਆ ਕਰ।

ਸਭ ਦਾ ਏਥੇ ਵੱਖੋ ਵੱਖਰਾ ਰੇਟ ਹੈ ਸੋ
ਸਭ ਨੂੰ ਇਕੋ ਭਾਅ ਹੀ ਨਾ
ਤੂੰ ਤੋਲਿਆ ਕਰ।
ਆਪਣਿਆਂ ਦੇ ਭੇਸ ਅੰਦਰ ਗ਼ੈਰ ਫਿਰਦੇ
ਹਰ ਕਿਸੇ ਨੂੰ ਨਾ ਤੂੰ ਬੂਹਾ ਖੋਲ੍ਹਿਆ ਕਰ।

ਤੂੰ ਸਿਆਸਤ ਵਿਚ ਜੇਕਰ ਦੂਰ ਜਾਣਾ
ਖੰਡ ਵਰਗਾ ਮਿੱਠਾ-ਮਿੱਠਾ ਬੋਲਿਆ ਕਰ।
ਤੇਰੇ ‘ਤੇ ਵੀ ਪੈਰ ਕੋਈ ਧਰ ਦੇਵੇਗਾ
ਹਰ ਕਿਸੇ ਨੂੰ ਪੈਰਾਂ ਵਿਚ ਨਾ ਰੋਲਿਆ ਕਰ।

ਜਦ ਖੁਸ਼ੀ ਦਾ ਰੰਗ
ਖਿੜ-ਖਿੜ ਕੇ ਪਵੇ ਤਦ
ਤੂੰ ਗਮਾਂ ਦਾ ਰੰਗ
ਵਿਚ ਨਾ ਘੋਲਿਆ ਕਰ।
***-ਹਰਦੀਪ ਬਿਰਦੀ***
***ਫੋਨ: 90416-00900***

# ਅਜੋਕਾ ਪੰਜਾਬ, ਸਿੱਖ ਭਾਈਚਾਰਾ, ਗੁਰਬਾਣੀ ਅਤੇ ਮਾਰਕਸਵਾਦ

***(ਸਫਾ 15 ਦਾ ਬਾਕੀ)***

ਲਈ ਅਤੇ ਆਪਣੀ ਪੁਰਾਣੀ ਪਾਰਟੀ ਦੇ ਸਾਥੀਆਂ ਨੂੰ (ਉਗਰਾਹਾਂ ਹੁਰਾਂ ਨੂੰ) ਨਾਸਤਿਕ ਅਤੇ ਨੀਵਾਂ ਦਿਖਾਉਣ ਲਈ ਦੀਪ ਸਿੱਧੂ ਵਰਗੇ ਨਿਰਛਲ ਅਤੇ ਜਜ਼ਬਾਤੀ ਨੌਜਵਾਨ ਨੂੰ ਪ੍ਰੇਰ ਕੇ ਉਸ ਵਲੋਂ ਕਰਵਾਈ ਲਾਲ ਕਿਲ੍ਹੇ ‘ਤੇ ਚੜ੍ਹਾਈ! ਪਿਛਲੇ ਦਿਨੀਂ, 24 ਫਰਵਰੀ ਨੂੰ ਸਿੱਖ ਵਿਊ ਚੈਨਲ ‘ਤੇ ‘ਸਿੱਖ ਕੌਮ ਅੰਦਰ ਇਨਸਾਫ਼ ਲੈਣ ਦੀ ਤਾਂਘ ਤੇ ਦੀਪ ਸਿੱਧੂ’ ਸਿਰਲੇਖ ਹੇਠਲੇ ਤਾਜ਼ਾ ਪ੍ਰਵਚਨ ਵਿਚ ਉਹ ਆਪਣੇ ਇਸ ਹੋਣਹਾਰ ਸ਼ਾਗਿਰਦ ਨੂੰ ਯਾਦ ਕਰਦਿਆਂ ਕੂੰਜ ਵਾਂਗ ਕੁਰਲਾਉਂਦਾ ਹੈ। ਇਸ ‘ਤੇ ਸਾਨੂੰ ਜਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ ਪਰੰਤੂ ਕੀ ਉਸ ਦੇ ਇਸ ਦਾਅਵੇ ਨਾਲ ਵੀ ਸਹਿਮਤ ਹੋਇਆ ਜਾ ਸਕਦਾ ਹੈ ਜਦੋਂ ਉਹ ਆਪਣੇ ਪ੍ਰਵਚਨ ਵਿਚ ਦੀਪ ਸਿੱਧੂ ਦੀ ਬੇਵਕਤ ਮੌਤ ਨਾਲ ਪਏ ਘਾਟੇ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਦੇ ਸਿੱਟੇ ਵਜੋਂ ਕੌਮ ਨੂੰ ਪਏ ਘਾਟੇ ਨਾਲ ਜੋੜਨ ਤਕ ਵੀ ਚਲਿਆ ਜਾਂਦਾ ਹੈ! ਕੀ ਤੁਸੀਂ ਦੀਪ ਸਿੱਧੂ ਦੇ ‘ਵਾਰਸ’ ਭਾਈ ਅਮ੍ਰਿਤਪਾਲ ਸਿੰਘ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾ ਕੇ ਅਜਨਾਲਾ ਥਾਣੇ ਅੰਦਰ ਰਚਾਈ ‘ਤਾਂਡਵ ਲੀਲਾ’ ਦੀ ਡਟਵੀਂ ਪ੍ਰੋੜਤਾ ਵਿਚ ‘ਅਜਨਾਲੇ ਦਾ ਘਟਨਾਕ੍ਰਮ’ ਸਿਰਲੇਖ ਹੇਠ ਜਾਰੀ ਕੀਤਾ ਪ੍ਰਵਚਨ ਸੁਣਿਆ ਹੈ। ਪੰਜਾਬ ਤੇ ਚੋਟੀ ਦੇ ਪੱਤਰਕਾਰਾਂ, ਰਾਜਸੀ ਆਗੂਆਂ ਦੇ ਨਾਲ-ਨਾਲ ਕਿਸਾਨ ਨੇਤਾਵਾਂ ਦੀ ਜਹੀ-ਤਹੀ ਫੇਰਨ ਤੋਂ ਇੱਥੇ ਵੀ ਖੁੰਝਿਆ ਨਹੀਂ ਹੈ। ਕੀ ਤੁਸੀਂ ਉਸ ਵਲੋਂ ਮਾਰੇ ਗਏ ਅਜਿਹੇ ਸਭ ਯੱਕੜਾਂ ਨਾਲ ਸਹਿਮਤ ਹੋ? ਤੁਸੀਂ ਸਾਨੂੰ ਇਹ ਵੀ ਦੱਸੋ ਹੁਣ ਜਦੋਂ ਦੀਪ ਸਿੱਧੂ ਦੀ ਉਸ ਨਾਲੋਂ ਵੀ ਵੱਧ ਨਿਰਛਲ ਸਾਥਣ, ਰੀਨਾ ਰਾਏ ਨੇ ਆਪਣੇ ਸਾਥੀ ਦੀ ਹਾਦਸੇ ਵਿਚ ਮੌਤ ਜਾਂ ‘ਸ਼ਹਾਦਤ’ ਬਾਰੇ ਸਾਰੀ ਸੱਚਾਈ ਜੱਗ ਜ਼ਾਹਰ ਕਰ ਦਿੱਤੀ ਹੈ ਤਾਂ ਉਸ ਦੀ ਇਸ ‘ਸਿੰਬਲ ਸਿਰਜਣਾ’ ਦੀ ਮੁਹਿੰਮ ਨੂੰ ਕਿੰਜ ਸਮਝਿਆ ਜਾਵੇ!

ਮੇਰੇ ਇਨ੍ਹਾਂ ਸਵਾਲਾਂ ਨੂੰ ਕੋਈ ਮਿਹਣਾ ਨਾ ਮੰਨਣਾ ਪਰ ਤੁਸੀਂ ਆਪਣੇ ਲੇਖਾਂ ਤੇ ਕਿਤਾਬਾਂ ਵਿਚ ਵਾਰ-ਵਾਰ ਕਹਿੰਦੇ ਆ ਰਹੇ ਹੋ ਕਿ ਲੈਨਿਨ ਨੇ ਮਾਰਕਸ ਦੀ ਭੌਤਿਕਵਾਦੀ ਫਿਲਾਸਫੀ ਦੀ ਧੁਰ ਆਤਮਾ ਨੂੰ ਪਛਾਣਿਆ ਨਾ, ਇਸ ਕਰਕੇ ਸਾਰੀ ਬਰਬਾਦੀ ਹੋਈ। ਹੁਣ ਤੁਸੀਂ ਤਾਂ ਬਾਬਾ ਨਾਨਕ ਅਤੇ ਕਾਰਲ ਮਾਰਕਸ ਦੋਵਾਂ ਪੈਗੰਬਰਾਂ ਦੇ ਸੰਦੇਸ਼ ਦੀ ਥਾਹ ਪਾਈ ਬੈਠੇ ਹੋ- ਪਰ ਪਿਛਲੇ ਵੀਹ-ਤੀਹ ਵਰ੍ਹਿਆਂ ਦੌਰਾਨ ਤੁਹਾਡੇ ਕੋਲੋਂ ‘ਉਸ ਦਿਨ 26 ਜਨਵਰੀ ਨੂੰ ਲਾਲ ਕਿਲ੍ਹੇ ਉਪਰ ਚੜ੍ਹਾਈ’ ਤੋਂ ਬਿਨਾ ਹੋਰ ਕੋਈ ਕਿੰਨੀ ਕੁ ਗੱਲ ਬਣੀ ਹੈ। ਇਸ ਸਵਾਲ ਦਾ ਜਵਾਬ ਮੈਨੂੰ ਬੇਸ਼ੱਕ ਨਾ ਦੇਣਾ ਪਰ ਮੇਰੀ ਬੇਨਤੀ ਹੈ ਕਿ ਤੁਸੀਂ ਆਪਣੇ ਆਪ ਨੂੰ ਇਹ ਸਵਾਲ ਪੁੱਛਣ ਦੀ ਖੇਚਲ ਜ਼ਰੂਰ ਕਰਨਾ।

# ਖ਼ੈਰ ਹੋਵੇ ਸਹੀ...

**ਸ਼ਬਦ ਜੋਤ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।*

ਖ਼ੈਰ ਹੋਵੇ ਸਹੀ, ਬਹੁਤ ਚਿਰ ਹੋਇਆ ਮਿੱਤਰ ਦਾ ਕੋਈ ਖ਼ਤ ਹੀ ਨਹੀਂ ਆਇਆ। ਪਹਿਲਾਂ ਤਾਂ ਅਜੇਹਾ ਕਦੇ ਨਹੀਂ ਸੀ ਹੁੰਦਾ। ਉਸ ਦਾ ਖ਼ਤ ਆਉਣਾ ਮੇਰੇ ਲਈ ਨਿੱਤਨੇਮ ਵਰਗਾ। ਖ਼ਤ ਜੋ ਉਸ ਦੀਆਂ ਸੱਤਾਂ ਖੈਰਾਂ ਲੈ ਕੇ ਮੇਰੇ ਦਰੀਂ ਦਸਤਕ ਦਿੰਦਾ ਸੀ। ਖ਼ੈਰ ਸੁੱਖ ਦੱਸਦੇ ਰਹੀਏ ਤਾਂ ਬੰਦਾ ਜਿਉਂਦਾ। ਖ਼ਤ ਨਾ ਆਵੇ ਤਾਂ ਮਨ ਵਿਚ ਧੁੜਕੂ ਪੈਦਾ ਹੁੰਦਾ। ਅਜੋਕੇ ਸਮੇਂ ਵਿਚ ਕੁਝ ਪਤਾ ਨਹੀਂ ਲੱਗਦਾ ਕਿ ਕਦੋਂ ਕੀ ਹੋ ਜਾਵੇ? ਸਿਰਫ਼ ਇਕ 'ਜੇ' ਹੀ ਪੱਲੇ ਵਿਚ ਰਹਿ ਜਾਵੇ ਅਤੇ ਬੰਦਾ ਸਾਰੀ ਉਮਰ ਝੂਰਨ ਜੋਗਾ ਰਹਿੰਦਾ।

ਅੱਗੇ ਤਾਂ ਕਦੇ ਵੀ ਇੰਝ ਨਹੀਂ ਸੀ ਹੋਇਆ। ਉਹ ਹਰ ਖ਼ਤ ਦਾ ਜਵਾਬ ਮੁੜਦੀ ਡਾਕ 'ਚ ਦੇ ਦਿੰਦਾ ਸੀ। ਉਸਦਾ ਖ਼ਤ ਆਉਂਦਾ ਸੀ ਤਾਂ ਪਤਾ ਲੱਗਦਾ ਸੀ ਕਿ ਮੇਰਾ ਪਿੰਡ ਕਿਵੇਂ ਆ? ਕਿੰਨਾ ਕੁ ਬਿਮਾਰ ਹੋ ਚੁੱਕਾ? ਕਿੰਨਾ ਕੁ ਸਿਹਤਮੰਦ? ਕਿੰਨਾ ਕੁ ਨਸ਼ਿਆਂ ਵਿਚ ਡੁੱਬ ਗਿਆ? ਕਿੰਨੇ ਕੁ ਰਹਿ ਗਏ ਨੇ ਪਾੜ੍ਹਿਆਂ ਦੇ ਘਰ? ਕਿੰਨੇ ਕੁ ਜਵਾਕ ਅਜੇ ਵੀ ਕਿਤਾਬਾਂ ਨਾਲ ਮੋਹ ਪਾਲਦੇ, ਗਿਆਨ-ਸਾਗਰ ਵਿਚ ਡੁਬਕੀਆਂ ਲਾਉਂਦੇ? ਖ਼ੁਦ ਨੂੰ ਤਰਾਸ਼ਣ ਅਤੇ ਆਪਣੇ ਹਿੱਸੇ ਦੇ ਅੰਬਰ ਦੀ ਤਲਾਸ਼ ਵਿਚ ਕਿੰਨੇ ਕੁ ਨੇ? ਕਿੰਨਿਆਂ ਨੇ ਆਪਣੇ ਆਸਮਾਨ ਨੂੰ ਘਰ ਦੀ ਛੱਤ 'ਤੇ ਉਤਾਰ ਲਿਆ?

ਉਸਦੇ ਖ਼ਤ ਨੇ ਹੀ ਦੱਸਿਆ ਸੀ ਕਿ ਹੁਣ ਹਰ ਘਰ ਦਾ ਭਵਿੱਖ ਆਈਲੈਟਸ ਤੀਕ ਹੀ ਸੁੰਘੜ ਕੇ ਰਹਿ ਗਿਆ। ਵੱਡੇ ਸੁਪਨੇ ਲੈਣ ਵਾਲੇ ਨਹੀਂ ਰਹੇ ਅਤੇ ਖ਼ੁਆਬ ਹੀ ਪਿੰਡ ਦੇ ਚੇਤਿਆਂ ਵਿਚੋਂ ਵਿਸਰ ਗਿਆ ਹੈ। ਖ਼ੁਆਬ ਹੀ ਵਿਸਰ ਜਾਣ ਤਾਂ ਬਹੁਤ ਕੁਝ ਗਵਾਚ ਜਾਂਦਾ ਅਤੇ ਇਸ ਗਵਾਚਣ ਦੇ ਰਾਹ ਤੁਰ ਪਿਆ ਹੈ ਮੇਰਾ ਪਿੰਡ ਜਿਸ ਬਾਰੇ ਉਸਦੀ ਫ਼ਿਕਰਮੰਦੀ ਹਰ ਖ਼ਤ ਵਿਚ ਜ਼ਾਹਰ ਹੁੰਦੀ ਸੀ। ਉਸਦੇ ਖ਼ਤ ਤੋਂ ਹੀ ਜਾਣ ਸਕਿਆ ਕਿ ਆਜ਼ਾਦੀ ਦੇ 70 ਸਾਲ ਬਾਅਦ ਵੀ ਪਿੰਡ ਦੀਆਂ ਲੋੜਾਂ ਸਿਰਫ਼ ਗਲੀਆਂ ਪੱਕੀਆਂ ਕਰਨ ਤੀਕ ਹੀ ਸੀਮਤ ਨੇ। ਪਤਾ ਨਹੀਂ ਪਿੰਡ ਗਲੀਆਂ ਕੱਚੀਆਂ-ਪੱਕੀਆਂ ਕਰਨ ਦੇ ਚੱਕਰਵਿਊ ਵਿਚੋਂ ਕਦੋਂ ਨਿਕਲੇਗਾ? ਵੈਸੇ ਹੁਣ ਤਾਂ ਪਿੰਡ ਕਰਜ਼ੇ ਦਾ ਨਿਗਲਿਆ, ਕਰਜ਼ਾ-ਮੁਆਫ਼ੀ ਲਈ ਤਰਲੇ ਕਰਨ ਲੱਗ ਪਿਆ ਏ। ਪਿੰਡ ਨੂੰ ਪਤਾ ਹੀਂ ਨਹੀਂ ਲੱਗਿਆ ਕਿ ਕਦੋਂ ਉਹ ਅਣਜਾਣੇ ਹੀ ਕਰਜ਼ੇ ਦੇ ਚੁੰਗਲ ਵਿਚ ਫਸ ਗਿਆ?

ਉਸ ਦਾ ਖ਼ਤ ਨਾ ਆਉਣਾ ਬਹੁਤ ਫ਼ਿਕਰਮੰਦ ਕਰਦਾ ਕਿਉਂਕਿ ਉਸ ਨੇ ਕਦੇ ਲਿਖਿਆ ਸੀ ਕਿ ਉਸਦੇ ਘਰ ਦੀ ਡਿਗੂੰ-ਡਿਗੂੰ ਕਰਦੀ ਛੱਤ ਅਕਸਰ ਚੋਂਦੀ ਹੈ। ਪਿਛਲੀਆਂ ਬਰਸਾਤਾਂ ਵਿਚ ਉਸਨੂੰ ਡਿੱਗਦੇ ਛਤੀਰਾਂ ਹੇਠ ਥੰਮੀ ਦੇਣੀ ਪਈ ਸੀ। ਐਤਕੀਂ ਤਾਂ ਮੀਂਹ ਵੀ ਕਾਫ਼ੀ ਪਏ ਨੇ। ਰੱਬ ਮਿਹਰ ਕਰੇ। ਸਾਰਾ ਪਰਿਵਾਰ ਸੁਖੀਂ-ਸਾਂਦੀ ਹੋਵੇ। ਕਿਉਂਕਿ ਛੱਤ ਹੀ ਤਾਂ ਹੁੰਦੀ ਹੈ ਬੰਦੇ ਦੇ ਸਿਰ ਜਿਸ ਕਰਕੇ ਬੰਦਾ ਰਾਤ ਨੂੰ ਨਿਸ਼ਚਿੰਤ ਸੌਂਦਾ। ਜੇ ਛੱਤ ਹੀ ਨਾ ਰਹੇ ਤਾਂ ਫਿਰ ਬੰਦਾ ਅੰਬਰ ਹੇਠ ਰਾਤਾਂ ਕੱਟਦਾ, ਤਾਰਿਆਂ ਨੂੰ ਦੁੱਖ ਸੁਣਾਉਣ ਜੋਗਾ ਹੀ ਰਹਿ ਜਾਂਦਾ। ਬਹੁਤ ਚਿੰਤਤ ਹਾਂ ਕਿ ਕਿਉਂ ਨਹੀਂ ਉਸਦਾ ਜਵਾਬ ਆਇਆ। ਯਾਦ ਹੈ ਕਿ ਪਿਛਲੀ ਵਾਰੀ ਉਹਨੇ ਲਿਖਿਆ ਸੀ ਕਿ ਉਸਦਾ ਪੁੱਤ ਨਸ਼ੇ ਕਰਨ ਲੱਗ ਪਿਆ ਹੈ। ਬਹੁਤ ਔਖਾ ਹੋ ਗਿਆ ਹੈ ਉਸਦੀ ਨਸ਼ੇ ਦੀ ਲਤ ਨੂੰ ਪੂਰਿਆਂ ਕਰਨਾ ਅਤੇ ਹੌਲੀ ਹੌਲੀ ਮਰਦਿਆਂ ਦੇਖਣਾ। ਅਗਰ ਨਸ਼ਾ ਨਾ ਮਿਲੇ ਤਾਂ ਘਰ ਵਿਚ ਕਲੇਸ਼ ਅਤੇ ਘਰ ਦੀਆਂ ਵਸਤਾਂ ਵੇਚਣ ਤੀਕ ਦੀ ਨੌਬਤ। ਭਲਾ ਮਿੱਤਰ! ਕਿੰਨਾ ਕੁ ਚਿਰ ਨਸ਼ਿਆਂ ਵਿਚ ਡੁੱਬਦੀ ਅਤੇ ਮਰ ਰਹੀ ਸੰਤਾਨ ਨੂੰ ਦੇਖ ਸਕਦਾ? ਉਹ ਆਪਣੀ ਔਲਾਦ ਦਾ ਦੁੱਖ ਕਿਵੇਂ ਜਰੇਗਾ ਜਦ ਉਹ ਆਪਣੇ ਪੁੱਤ ਦੀ ਅਰਥੀ ਆਪਣੇ ਮੋਢੇ 'ਤੇ ਢੋਵੇਗਾ? ਫਿਰ ਆਪ ਉਹ ਖੁਦ ਕਬਰ ਬਣ ਕੇ ਘਰ ਦੀਆਂ ਨੀਂਹਾਂ ਨੂੰ ਸਦਾ ਲਈ ਜ਼ਰਜ਼ਰੀ ਕਰ ਦੇਵੇਗਾ। ਦੋਹਾਂ ਹੀ ਗੱਲਾਂ ਤੋਂ ਬਹੁਤ ਡਰ ਲੱਗਦਾ। ਖ਼ੁਦਾ ਮਿਹਰ ਕਰੀਂ।


ਫ਼ਿਕਰ ਤਾਂ ਹੋ ਜਾਂਦਾ ਕਿਉਂਕਿ ਪਿਛਲੀ ਵਾਰ ਉਸਦੀ ਚਿੱਠੀ ਹੰਝੂਆਂ ਨਾਲ ਭਿੱਜੀ ਹੋਈ ਸੀ। ਉਸਦੇ ਸ਼ਬਦਾਂ ਵਿਚ ਹਟਕੋਰੇ ਬੋਲਦੇ ਸਨ ਅਤੇ ਉਸਦੇ ਵਾਕਾਂ ਵਿਚ ਸਿਸਕੀਆਂ ਦੀ ਗੂੰਜ ਸੀ। ਉਸ ਨੇ ਲਿਖਿਆ ਕਿ ਮੈਂ ਧੀ ਨੂੰ ਪੜ੍ਹਾਈ ਲਈ ਬਾਹਰਲੇ ਦੇਸ਼ ਤਾਂ ਭੇਜ ਦਿੱਤਾ ਪਰ ਮਨ ਡੁੱਬਦਾ ਜਾਂਦਾ ਹੈ ਜਦ ਮੈਂ ਬਾਹਰਲੇ ਦੇਸ਼ ਵਿਚ ਧੀਆਂ ਦੀ ਹੋਰ ਹੀ ਬੇਰੁਹਮਤੀ ਜਾਂ ਆਪਣਿਆਂ ਵਲੋਂ ਬੇਆਸਰੀਆਂ ਧੀਆਂ ਦੀ ਇੱਜ਼ਤ ਨਾਲ ਖੇਡਿਆ ਜਾਂਦਾ, ਸੁਣਦਾ ਹਾਂ। ਉਨ੍ਹਾਂ ਦੀ ਮਜਬੂਰੀ ਦਾ ਫਾਇਦਾ ਉਠਾਇਆ ਜਾਂਦਾ। ਉਸਨੇ ਤਾਂ ਤਰਲਾ ਪਾਉਂਦਿਆ ਇਹ ਵੀ ਲਿਖ ਦਿੱਤਾ ਸੀ ਕਿ ਯਾ ਖ਼ੁਦਾਇਆ! ਮੇਰੀ ਧੀ ਸਲਾਮਤ ਰੱਖੀਂ। ਉਸਦੀ ਇੱਜ਼ਤ ਪੱਤ ਰੱਖੀਂ ਕਿਉਂਕਿ ਧੀਆਂ ਦਾ ਦੁੱਖ ਮਾਪਿਆਂ ਨੂੰ ਅੰਦਰੋਂ ਰਾਖ਼ ਕਰ ਦਿੰਦਾ। ਰੱਬਾ! ਧੀ ਨੂੰ ਖੁਸ਼ ਰੱਖੀਂ ਅਤੇ ਉਹ ਆਪਣੇ ਸੁਪਨੇ ਪੂਰੇ ਕਰ ਸਕੇ। ਦੁਆ ਹੀ ਕਰ ਸਕਦਾ ਹਾਂ ਕਿ ਧੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ। ਐ ਰੱਬਾ ਉਸਦੀ ਧੀ ਨੂੰ ਤੱਤੀ ਵਾਅ ਨਾ ਲੱਗੇ। ਉਹ ਆਪਣੇ ਆਪ ਨੂੰ ਮਾੜੇ ਹਾਲਾਤ ਤੋਂ ਬਚਾਉਂਦੀ ਜ਼ਿੰਦਗੀ ਨੂੰ ਨਵੇਂ ਅਰਥ ਦੇਣ ਦੇ ਕਾਬਲ ਹੋਵੇ। ਖ਼ੁਦਾ ਨਾ ਖਾਸਤਾ ਜੇ ਉਸਦੀ ਧੀ ਨੂੰ ਕਿਸੇ ਨੇ ਕੁਝ ਕਹਿ ਦਿੱਤਾ ਜਾਂ ਕੁਝ ਵਾਪਰ ਗਿਆ ਤਾਂ ਕੀ ਹੋਵੇਗਾ ਮੇਰੇ ਦੋਸਤ ਦਾ? ਇਸ ਲਈ ਉਸ ਦਾ ਖ਼ਤ ਨਾ ਆਉਣ ਕਾਰਨ ਡਰ ਜਾਂਦਾ ਹਾਂ।

ਖ਼ੱਤ ਲਿਖਦੇ ਰਹੀਏ ਦੋਸਤਾਂ ਨੂੰ
ਖ਼ੱਤ ਆਉਣ 'ਤੇ ਹੀ ਪਤਾ ਲੱਗਦਾ
ਕਿ
ਸਭ ਜੀਅ ਸੁਖੀਂ ਸਾਂਦੀ ਨੇ
ਦੋਸਤ ਦੇ ਸੁਪਨੇ ਮਰੇ ਨਹੀਂ
ਭਾਵੇਂ ਅਧਮੋਏ ਜਹੇ ਹੋ ਗਏ ਨੇ
ਘਰ ਦੀਆਂ ਕੰਧਾਂ ਡਿੱਗੀਆਂ ਨਹੀਂ
ਮਿੱਤਰ-ਦਰ
ਮਿੱਤਰ ਨੂੰ ਉਡੀਕਦਾ ਹੈ
ਮਿੱਤਰ ਮੋਹ ਜਿਉਂਦਾ ਹੈ
ਬਚਪਨੀ ਸਾਂਝਾਂ ਧੜਕਦੀਆਂ ਨੇ
ਬੀਤੇ ਦਿਨ ਯਾਦਾਂ ਵਿਚ ਤਾਜ਼ੇ ਨੇ
ਬੇਫਿਕਰੀ ਦਾ ਆਲਮ
ਅਤੇ ਸੁਪਨੇ ਸਾਂਝੇ ਕਰਨ ਦੀ ਆਦਤ
ਅਜੇ ਸਾਹ ਭਰਦੀ ਹੈ।
ਪਰ
ਸਭ ਤੋਂ ਅਹਿਮ
ਪਤਾ ਲੱਗ ਜਾਂਦਾ
ਕਿ
ਮਿੱਤਰ ਅਜੇ ਤੀਕ ਜਿਉਂਦਾ ਹੈ।

ਪਿਛਲੀ ਵਾਰੀ ਉਸਨੇ ਖ਼ਤ ਵਿਚ ਦੱਸਿਆ ਸੀ ਕਿ ਇਸ ਵਾਰ ਮੌਸਮੀ ਬਾਰਸ਼ ਨੇ ਨਿੱਸਰੀ ਕਣਕ ਨੂੰ ਧਰਤੀ 'ਤੇ ਵਿਛਾ ਦਿੱਤਾ। ਨਾਲ ਹੀ ਨੈਣਾਂ ਵਿਚ ਸੰਜੋਏ ਸੁਪਨੇ ਮਰਨ ਕਿਨਾਰੇ ਹੋ ਗਏ, ਕਿਉਂਕ ਫਸਲ ਕਿਸਾਨ ਦਾ ਭਵਿੱਖ ਹੁੰਦਾ ਅਤੇ ਜਦ ਭਵਿੱਖ ਹੀ ਨਜ਼ਰ ਨਾ ਆਵੇ ਤਾਂ ਕਈ ਵਾਰ ਜਿਊਣਾ ਮੁਹਾਲ ਹੋ ਜਾਂਦਾ ਹੈ। ਡਰਦਾ ਹਾਂ ਕਿ ਕਿਤੇ ਮੇਰਾ ਮਿੱਤਰ ਟਾਹਲੀ 'ਤੇ ਲਟਕਦੀ ਲਾਸ਼ ਹੀ ਨਾ ਬਣ ਗਿਆ ਹੋਵੇ। ਘਰ-ਪਰਿਵਾਰ ਨੂੰ ਛਾਂ ਵਿਹੂਣਾ ਨਾ ਕਰ ਗਿਆ ਹੋਵੇ। ਰੱਬ ਮਿਹਰ ਕਰੇ ਤੇ ਖ਼ਤ ਆ ਜਾਵੇ। ਮਿੱਤਰ ਦਾ ਖ਼ਤ ਆਉਂਦਾ ਤਾਂ ਪਤਾ ਲੱਗਦਾ ਕਿ ਅੱਜ ਕੱਲ੍ਹ ਉਹ ਖੇਤਾਂ ਵਿਚ ਸਬਜ਼ੀਆਂ ਅਤੇ ਫ਼ਲ ਨਹੀਂ ਉਗਾਉਂਦਾ ਸਗੋਂ ਜ਼ਹਿਰ ਉਗਾ ਰਿਹਾ। ਆਪ ਹੀ ਦੱਸਦਾ ਸੀ ਕਿ ਮੇਰੇ ਖੇਤਾਂ ਵਿਚ ਉਗਾਈਆਂ ਜਾ ਰਹੀਆਂ ਸਬਜ਼ੀਆਂ, ਹਦਵਾਣੇ ਤੇ ਖਰਬੂਜੇ ਨਿਰਾ ਜ਼ਹਿਰ। ਇਹ ਸਿਰਫ਼ ਮੈਂ ਮੰਡੀ ਲਈ ਉਗਾਉਂਦਾ ਹਾਂ। ਇਨ੍ਹਾਂ ਦਾ ਘਰ ਵਿਚ ਵਰਤਣਾ ਮਨ੍ਹਾ ਹੈ। ਕਈ ਵਾਰ ਸਲਾਹ ਦਿੱਤੀ ਕਿ ਘਰ ਖਾਣ ਜੋਗੇ ਦਾਣੇ ਅਤੇ ਸਬਜ਼ੀਆਂ ਬਿਨਾਂ ਖਾਦ ਜਾਂ ਸਪਰੇਅ ਤੋਂ ਉਗਾ ਲਿਆ ਕਰ। ਪਰ ਪਤਾ ਨਹੀਂ ਉਸ ਦੀ ਮੱਤ ਨੂੰ ਕੀ ਹੋਇਆ ਕਿ ਮੰਨਣ ਲਈ ਤਿਆਰ ਹੀ ਨਹੀਂ। ਭਲਾ ਸਬਜ਼ੀਆਂ ਜਾਂ ਫ਼ਲਾਂ ਤੋਂ ਬਗੈਰ ਤਾਂ ਸਰ ਜਾਓ ਪਰ ਕਣਕ ਦੀ ਰੋਟੀ ਜਾਂ ਲਵੇਰੀ ਗਾਂ ਦੇ ਦੁੱਧ ਤੋਂ ਕਿਵੇਂ ਬਚਿਆ ਜਾ ਸਕਦਾ? ਇਹ ਜ਼ਹਿਰਾਂ ਤਾਂ ਹੁਣ ਚੌਂਕੇ ਵਿਚ ਹਾਜ਼ਰ-ਨਾਜ਼ਰ। ਇਨ੍ਹਾਂ ਜ਼ਹਿਰਾਂ ਨੇ ਹੀ ਕੋਈ ਚੰਦ ਨਾ ਚਾੜ੍ਹ ਦਿੱਤਾ ਹੋਵੇ, ਇਹ ਸੋਚ ਕੇ ਸਿਰ ਚਕਰਾਉਣ ਲੱਗਦਾ ਹੈ। ਖ਼ਤ ਛੇਤੀ ਆ ਜਾਵੇ ਤਾਂ ਮਨ ਵਿਚ ਪੈਦਾ ਹੋ ਰਹੇ ਮਾੜੇ-ਖਿਆਲਾਂ ਅਤੇ ਭੈਅਭੀਤ ਹੋਈ ਮਾਨਸਿਕਤਾ ਤੋਂ ਕੁਝ ਰਾਹਤ ਮਿਲੇ।

ਮੋਹ-ਖੋਰਾ ਮਿੱਤਰ ਕਦੇ ਵੀ ਖ਼ਤ ਪਾਉਣ ਤੋਂ ਅਵੇਸਲਾ ਨਹੀਂ ਸੀ ਹੋਇਆ। ਫਿਰ ਇਸ ਵਾਰ ਕੀ ਹੋਇਆ ਹੋਵੇਗਾ ਕਿ ਉਸਨੇ ਖ਼ਤ ਹੀ ਨਹੀਂ ਪਾਇਆ। ਕਦੇ 'ਕੇਰਾਂ ਖ਼ਤ ਵਿਚ ਲਿਖੀ ਗੰਭੀਰ ਗੱਲ ਵੀ ਯਾਦ ਆ ਜਾਂਦੀ ਜਦ ਉਸਨੇ ਲਿਖਿਆ ਸੀ ਕਿ ਉਸਦੀ ਪਤਨੀ ਨੂੰ ਕੈਂਸਰ ਹੈ। ਦੱਸਿਆ ਸੀ ਕਿ ਖਾਦਾਂ ਦੀ ਭਰਮਾਰ ਅਤੇ ਕੀਟ ਨਾਸ਼ਕਾਂ ਦੀ ਬਹੁਤਾਤ ਨੇ ਬਹੁਤ ਸਾਰੇ ਪੰਜਾਬੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ ਅਤੇ ਉਸ ਵਿਚ ਹੀ ਆ ਗਈ ਸੀ ਉਸਦੀ ਪਤਨੀ। ਉਸਦੇ ਇਲਾਜ ਕਾਰਨ ਘਰ ਦੀ ਹਾਲਾਤ ਖਸਤਾ ਹੋ ਗਈ। ਖੁਦਾਇਆ ਰਹਿਮ ਕਰੀਂ। ਜੀਵਨ ਸਾਥੀ ਜਿਉਂਦਾ ਰਹੇ ਤਾਂ ਬੰਦਾ ਜਿਉਂਦਾ। ਜੀਵਨ ਸਾਥੀ ਤੋਂ ਬਗੈਰ ਬਹੁਤ ਕੁਝ ਤਿੜਕ ਜਾਂਦਾ। ਵਿਅਕਤੀ ਇਕੱਲਤਾ ਭੋਗਦਾ ਹੀ ਆਖਰੀ ਸਾਹ ਪੂਰੇ ਕਰਦਾ। ਅੱਲ੍ਹਾ ਕਰੇ ਉਸਦੀ ਪਤਨੀ ਨੂੰ ਕੁਝ ਨਾ ਹੋਇਆ ਹੋਵੇ। ਮਿੱਤਰ ਦਾ ਘਰ ਵੱਸਦਾ ਰਸਦਾ ਰਹੇ। ਕਿਧਰੇ ਖੰਡਰ ਨਾ ਬਣ ਜਾਵੇ।

ਮਿੱਤਰ ਦੇ ਖ਼ਤ ਦਾ ਨਾ ਆਉਣਾ ਪਤਾ ਨਹੀਂ ਕਿਉਂ ਮਨ ਵਿਚ ਘਬਰਾਹਟ ਜਿਹੀ ਪੈਦਾ ਕਰ ਰਿਹਾ ਹੈ। ਉਸ ਨਾਲ ਬਿਤਾਏ ਖ਼ੂਬਸੂਰਤ ਪਲ ਮੁਸਾਫ਼ਰਾਂ ਵਾਂਗ ਬੀਤ ਗਏ। ਪਰ ਉਨ੍ਹਾਂ ਪਿਆਰੇ ਪਲਾਂ ਦੀਆਂ ਯਾਦਾਂ ਅਜੇ ਵੀ ਬਚਪਨੇ ਦੇ ਰਾਹਾਂ ਵਿਚ ਖੜੀਆਂ, ਪਤਾ ਨਹੀਂ ਕਿਸਦੀ ਉਡੀਕ ਕਰ ਰਹੀਆਂ। ਉਮਰ ਦੇ ਇਸ ਪੜਾਅ 'ਤੇ ਬਚਪਨ ਦੇ ਉਹ ਪਲ, ਹਰ ਪਲ ਹੀ ਚੇਤਿਆਂ ਵਿਚ ਵੱਸਦੇ। ਪਰ ਇਸ ਪਲ ਵਿਚ ਬੀਤੇ ਹੋਏ ਪਲਾਂ ਨੂੰ ਤੁਸੀਂ ਦੁਬਾਰਾ ਨਹੀਂ ਜੀਅ ਸਕਦੇ। ਮਿੱਤਰ ਦੇ ਹਰ ਖ਼ਤ ਵਿਚ ਉਸਦੇ ਹੱਥਾਂ ਦੀ ਛੋਹ ਵੀ ਹੁੰਦੀ ਸੀ। ਪੁਰਾਣੀ ਕਾਪੀ ਦੇ ਕਾਗਜ਼ ਦਾ ਕੋਰਾਪਣ ਵੀ। ਇਸ 'ਤੇ ਉਕਰਿਆ ਹਰ ਸ਼ਬਦ ਇਕ ਚਿਰਾਗ ਵਾਂਗ ਰੌਸ਼ਨੀ ਵੰਡਦਾ ਮੇਰੇ ਅੰਦਰਲੇ ਹਨੇਰ ਨੂੰ ਚਾਨਣ ਨਾਲ ਭਰ ਜਾਂਦਾ ਸੀ।



ਮਿੱਤਰ ਦੇ ਖ਼ਤ ਦੀ ਦਸਤਕ
ਪਿੰਡ ਨੂੰ ਜਾਂਦੇ ਰਾਹ ਵਰਗੀ
ਫਿਰਨੀ 'ਤੇ ਉਗੀ ਚਾ ਵਰਗੀ
ਤੇ ਦਰਗਾਹ ਤੋਂ ਆਉਂਦੀ ਦੁਆ ਵਰਗੀ।

ਮਿੱਤਰ ਦੇ ਖ਼ਤ ਦਾ ਆਉਣਾ
ਸਰਘੀ ਦੀ ਸੰਦਲੀ ਭਾਅ ਵਰਗਾ,
ਮਨ ਵਿਚ ਉਗੇ ਚਾਅ ਵਰਗਾ
ਤੇ ਚਾਨਣ ਦੀ ਦਿੱਤੀ ਸਦਾਅ ਵਰਗਾ।

ਮਿੱਤਰ ਦੇ ਖ਼ਤ ਦਾ ਮਿਲਣਾ
ਮਹਿਕਾਂ ਭਿੱਜੀ 'ਵਾ ਵਰਗਾ
ਰੂਹ 'ਚ ਉਗਮੇ ਉਮਾਹ ਵਰਗਾ
ਤੇ ਸਾਹਾਂ ਨੂੰ ਮਿਲਦੇ ਸਾਹ ਵਰਗਾ।

ਮਿੱਤਰ ਦੇ ਖ਼ਤ ਦੇ ਅੱਖਰ
ਸੋਚਾਂ ਵਿਚ ਵੱਸਦੀ ਦੁਆ ਵਰਗੇ
ਰੂਹ ਨੂੰ ਜਾਂਦੇ ਰਾਹ ਵਰਗੇ
ਤੇ ਵਗਦੀ ਨਦੀ ਦੇ ਵਹਾਅ ਵਰਗੇ।

ਮਿੱਤਰ ਦੇ ਖ਼ਤ ਦੀ ਛੋਹ
ਖੁਦ ਸੰਗ ਖੁਦ ਦਾ ਮਿਲਾਪ ਹੁੰਦਾ
ਤਾਰਿਆਂ ਭਰੀ ਰਾਤ ਹੁੰਦਾ
ਤੇ ਮੋਹ 'ਚ ਭਿੱਜੀ ਬਾਤ ਹੁੰਦਾ।

ਮਿੱਤਰ ਦੇ ਖ਼ਤ ਨੂੰ ਚੁੰਮਣਾ
ਜੀਕੂੰ ਧਾਅ ਕੇ ਮਿਲਿਆ ਯਾਰ ਹੋਵੇ
ਪਹਿਲੀ ਰੁੱਤ ਜੇਹਾ ਪਿਆਰ ਹੋਵੇ
ਤੇ ਮੁੱਖ 'ਤੇ ਉਗੜਿਆ ਨਿਖਾਰ ਹੋਵੇ।

ਮਿੱਤਰ ਦਾ ਖ਼ਤ ਸਿਰਫ਼ ਖ਼ਤ ਹੀ ਨਹੀਂ ਹੁੰਦਾ। ਇਸ ਨਾਲ ਆਉਂਦੀ ਹੈ ਮੇਰੇ ਪਿੰਡ ਦੀ ਪੌਣ, ਬਚਪਨੀ ਪਲਾਂ ਦੀ ਨਿੱਘੀ ਜਿਹੀ ਯਾਦ। ਬੇਫ਼ਿਕਰੀ ਦੇ ਆਲਮ ਵਿਚ ਬਿਤਾਏ ਹੋਏ ਦਿਨਾਂ ਦੀ ਆਵਾਰਗੀ। ਬਾਦਸ਼ਾਹੀ ਦਿਨਾਂ ਦਾ ਚੇਤਾ ਜਦੋਂ ਖੁਦ ਹੀ ਹਾਕਮ ਅਤੇ ਖੁਦ ਹੀ ਪਰਜਾ ਹੁੰਦੇ। ਸਾਡੇ ਹੁਕਮ ਚੱਲਦੇ ਸੀ ਅਤੇ ਅਸੀਂ ਕਾਗਜ਼ੀ ਹਵਾਈ ਜਹਾਜ਼ਾਂ ਤੇ ਦੇਸ਼-ਦੇਸ਼ਾਂਤਰਾਂ ਦੀ ਸੈਰ ਕਰ ਆਉਂਦੇ ਸਾਂ। ਘਰ ਦੇ ਨਿੱਕੇ ਜਿਹੇ ਟੋਏ ਵਿਚ ਕਾਗਜ਼ ਦੀਆਂ ਬੇੜੀਆਂ ਚਲਾਉਂਦੇ, ਸੱਤ ਸਮੁੰਦਰਾਂ ਦੀ ਸੈਰ 'ਤੇ ਨਿਕਲਦੇ ਸਾਂ। ਉਹ ਕੇਹੇ ਪਲ ਹੁੰਦੇ ਸਨ ਜਦ ਘੜੀਆਂ ਦੀਆਂ ਸੂਈਆਂ ਦੀ ਟਿੱਕ-ਟਿੱਕ ਰਾਤਾਂ ਦੀ ਨੀਂਦ ਵਿਚ ਖਲਲ ਨਹੀਂ ਸੀ ਪਾਉਂਦੀ। ਕੰਮ 'ਤੇ ਆਉਣ ਅਤੇ ਜਾਣ ਦੀ ਚਿੰਤਾ ਦਾ ਪਤਾ ਹੀ ਨਹੀਂ ਸੀ ਹੁੰਦਾ। ਖ਼ਤ ਆਉਂਦਾ ਜਾਂਦਾ ਰਹੇ ਤਾਂ ਨਿਰੰਤਰਤਾ ਬਰਕਰਾਰ ਰਹਿੰਦੀ। ਹਰਫ਼ਾਂ ਦੀ ਸਾਂਝ ਬਣੀ ਰਹਿੰਦੀ। ਇਨ੍ਹਾਂ ਹਰਫ਼ਾਂ ਵਿਚ ਪਰੋਏ ਹੋਏ ਅਹਿਸਾਸ ਇਕ ਦੂਜੇ ਲਈ ਜਿਊਣ ਦਾ ਆਹਰ। ਇਕ ਖ਼ਤ ਵਿਚੋਂ ਹੀ ਹੋਰ ਬਹੁਤ ਸਾਰੇ ਖ਼ਤ ਲਿਖਣ ਦੀ ਤਮੰਨਾ ਮਨ ਵਿਚ ਪੈਦਾ ਹੁੰਦੀ ਅਤੇ ਇਹ ਸਿਲਸਿਲਾ ਲਗਾਤਾਰ ਚੱਲਦਾ ਰਹਿੰਦਾ।

ਮਿੱਤਰ ਦੇ ਖ਼ਤ ਦਾ ਨਾ ਆਉਣਾ ਬਹੁਤ ਸਾਰੇ ਖਦਸ਼ੇ ਪੈਦਾ ਕਰਦਾ ਹੈ ਮਨ ਵਿਚ। ਖੈਰ ਹੋਵੇ ਸਹੀ ਕਿਉਂਕਿ ਮਿੱਤਰ ਦਾ ਖ਼ਤ ਅਤੇ ਪੁਰਾਣੀਆਂ ਯਾਦਾਂ, ਮਰ੍ਹਮ ਹੀ ਤਾਂ ਹੁੰਦੀਆਂ ਨੇ ਤੁਹਾਡੇ ਚਸਕਦੇ ਪਲਾਂ ਨੂੰ ਰਾਹਤ ਦੇਣ ਲਈ। ਉਸ ਦੇ ਖ਼ਤ ਦਾ ਆਉਣਾ ਮੇਰੇ ਲਈ ਇਉਂ ਹੁੰਦਾ ਜੀਕੂੰ ਮੈਂ ਖੁਦ ਨੂੰ ਮਿਲ ਲਿਆ ਹੋਵੇ ਜੋ ਮੇਰੇ ਤੋਂ ਅਕਸਰ ਹੀ ਅਲੋਪ ਹੋ ਜਾਂਦਾ। ਖੁਦ ਨੂੰ ਮਿਲਣਾ ਰੂਹ ਦਾ ਸਕੂਨ ਜੋ ਬੰਦੇ ਨੂੰ ਮਿਲਣਾ ਹੀ ਚਾਹੀਦਾ।

ਕਦੇ ਮਨ ਹੀ ਮਨ ਸੋਚਦਾਂ ਕਿ ਕਿਧਰੇ ਉਸਨੇ ਮੈਨੂੰ ਖ਼ਤ ਲਿਖਦਿਆਂ, ਆਪਣੇ ਹੀ ਜਜ਼ਬਾਤਾਂ ਦੇ ਨਾਮ ਭੁਲੇਖੇ ਨਾਲ ਖ਼ਤ ਪਾ ਦਿੱਤਾ ਹੋਵੇ। ਜਜ਼ਬਾਤਾਂ ਦਾ ਤਾਂ ਕੋਈ ਵੀ ਅਜਿਹਾ ਡਾਕ-ਪਤਾ ਨਹੀਂ ਹੁੰਦਾ ਜਿਹੜਾ ਕੋਈ ਡਾਕੀਆ ਜਾਣਦਾ ਹੋਵੇ। ਫਿਰ ਮੈਨੂੰ ਖ਼ਤ ਕਿਵੇਂ ਮਿਲਣਾ ਸੀ? ਪਤਾ ਨਹੀਂ ਕੀ ਕੁਝ ਦਿਲ ਵਿਚ ਆਈ ਜਾਂਦਾ। ਕਈ ਵਾਰ ਇਉਂ ਜਾਪਦਾ ਕਿ ਉਹ ਰੇਤ ਵਰਗੀ ਜ਼ਿੰਦਗੀ ਦੇ ਸਫ਼ੇ 'ਤੇ ਕਿਵੇਂ ਖ਼ਤ ਲਿਖ ਸਕਦਾ ਕਿਉਂਕਿ ਰੇਤ 'ਤੇ ਉਂਗਲ ਨਾਲ ਵਾਹੇ ਅੱਖਰ ਬਹੁਤ ਜਲਦੀ ਮਿਟ ਜਾਂਦੇ ਜਦ ਜ਼ਰਾ ਕੁ ਵੀ ਹਵਾ ਵਗਦੀ ਹੈ।

ਮਿੱਤਰਾ ਖ਼ਤ ਜ਼ਰੂਰ ਲਿਖਿਆ ਕਰ। ਇਸ ਨਾਲ ਤੇਰੇ ਦਿਲ ਦਾ ਗੁਬਾਰ ਵੀ ਨਿਕਲੇਗਾ। ਮਿੱਤਰ ਪਿਆਰੇ ਹੀ ਹੁੰਦੇ ਜਿਨ੍ਹਾਂ ਨਾਲ ਦਿਲ ਸਾਂਝੇ ਕੀਤੇ ਜਾ ਸਕਦੇ। ਦਿਲਾਂ ਨੂੰ ਹੌਲਾ ਕਰਦੇ ਰਹੀਏ ਤਾਂ ਇਸਨੂੰ ਹੌਲਾ ਕਰਨ ਲਈ ਨਾ ਤਾਂ ਨਸ਼ਿਆਂ ਦੀ ਲੋੜ ਹੁੰਦੀ ਅਤੇ ਨਾ ਹੀ ਕਿਸੇ ਚੀਰ-ਫਾੜ ਦੀ। ਮਿੱਤਰਾ ਜੇ ਲੰਮਾ ਖ਼ਤ ਲਿਖਣ ਲਈ ਸਮਾਂ ਨਾ ਹੋਵੇ ਤਾਂ ਇਕ ਦੋ ਵਾਕਾਂ ਵਾਲਾ ਖ਼ਤ ਹੀ ਪਾ ਦਿਆ ਕਰ ਕਿਉਂਕਿ ਕਈ ਵਾਰ ਇਕ ਵੀ ਵਾਕ ਵਾਲਾ ਖ਼ਤ ਵੱਡੇ-ਵੱਡੇ ਖ਼ਤਾਂ ਨਾਲੋਂ ਜ਼ਿਆਦਾ ਅਹਿਮ ਅਤੇ ਭਾਵਪੂਰਤ ਹੁੰਦਾ। ਕਈ ਵਾਰ ਤਾਂ ਇਕ ਹੀ ਵਾਕ ਨੂੰ ਪੜ੍ਹਦਿਆਂ ਅਤੇ ਸਮਝਦਿਆਂ ਕਈ ਕਈ ਦਿਨ ਬੀਤ ਜਾਂਦੇ। ਇਕ ਹਰਫ਼ੇ ਖ਼ਤ ਵਿਚੋਂ ਮਿੱਤਰ ਨੂੰ ਪੜ੍ਹਨ ਦੀ ਜਾਚ ਮਿੱਤਰ ਨੂੰ ਹੀ ਹੁੰਦੀ।

ਦੋਸਤ! ਖ਼ਤ ਦਾ ਜਵਾਬ ਦਿੰਦਾ ਰਿਹਾ ਕਰ। ਖ਼ਤ ਨਾਲ ਜੁੜੇ ਜੀਵਨ ਵਿਚੋਂ ਜਦ ਖ਼ਤ ਹੀ ਮਨਫ਼ੀ ਹੋ ਜਾਵੇ ਤਾਂ ਮਨ ਵਿਚ ਬਹੁਤ ਕੁਝ ਨਕਾਰਾਤਮਿਕ ਪੈਦਾ ਹੁੰਦਾ। ਮਨ ਨੀਵੇਂ ਵਹਿਣੀਂ ਵਗਣ ਲੱਗਦਾ। ਖ਼ਤ ਆ ਜਾਵੇ ਤਾਂ ਮਨ ਉਛਲਦਾ। ਅੰਬਰ ਨੂੰ ਛੂੰਹਦਾ। ਧਰਤੀ ਨੂੰ ਆਪਣੇ ਕਲਾਵੇ ਵਿਚ ਲੈਂਦਾ ਅਤੇ ਪਹਾੜਾਂ ਨੂੰ ਆਪਣਾ ਆਢੀ ਬਣਾ ਲੈਂਦਾ। ਉਹ ਫਿਰ 'ਵਾ ਦੇ ਪਿੰਡੇ 'ਤੇ ਦਿਲ ਦੇ ਨਗ਼ਮੇ ਲਿਖਦਾ। ਇਹੀ ਨਗ਼ਮੇ ਜਦ ਵਗਦੀਆਂ ਪੌਣਾਂ ਗੁਣਗੁਣਾਉਂਦੀਆਂ ਤਾਂ ਮਹਿਸੂਸ ਹੁੰਦਾ ਕਿ ਜ਼ਿੰਦਗੀ ਦਾ ਸੂਹਾ ਰੰਗ ਕੀ ਹੁੰਦਾ, ਦੋਸਤੀ ਨੂੰ ਕਿਵੇਂ ਮਾਣਿਆ ਜਾ ਸਕਦਾ? ਮਿੱਤਰ ਦੀ ਗਲਵੱਕੜੀ ਦੇ ਨਿੱਘ ਵਿਚ ਬੰਦਾ ਕਿਵੇਂ ਪਿਘਲ ਜਾਂਦਾ ਅਤੇ ਫਿਰ ਇਹ ਪਿਘਲੇ ਹੋਏ ਪਲ ਹੀ ਹੁੰਦੇ ਜਿਹੜੇ ਖ਼ੂਬਸੂਰਤ ਜ਼ਿੰਦਗੀ ਦੀ ਇਬਾਰਤ ਬਣਦੇ। ਭਾਵੇਂ ਹੋਰ ਕੁਝ ਨਾ ਵੀ ਲਿਖੀਂ ਦੋਸਤ, ਸਿਰਫ਼ ਇੰਨਾ ਹੀ ਲਿਖ ਦਿਆ ਕਰ ਕਿ ਸਭ ਠੀਕ- ਠਾਕ ਹੈ। ਮਿੱਤਰ-ਪਿਆਰਿਆਂ ਨੂੰ ਹੀ ਆਪਣਿਆਂ ਦੇ ਖ਼ਤ ਦੀ ਤੀਬਰਤਾ ਨਾਲ ਉਡੀਕ ਹੁੰਦੀ ਹੈ

# ਫਾਸ਼ੀਵਾਦ ਅਤੇ ਔਰਤਾਂ

***ਔਰਤਾਂ ਅੱਜ ਹਰ ਖੇਤਰ ਵਿਚ ਮੱਲਾਂ ਮਾਰ ਰਹੀਆਂ ਹਨ ਪਰ ਅਜੇ ਵੀ ਵੱਖ-ਵੱਖ ਸਮਾਜਾਂ ਅੰਦਰ ਅਜਿਹੀਆਂ ਰੋਕਾਂ ਅਤੇ ਰੁਕਾਵਟਾਂ ਹਨ ਜੋ ਔਰਤਾਂ ਦੇ ਪੈਰਾਂ ਨੂੰ ਬੱਝੇ ਪਹਾੜ ਵਾਂਗ ਹਨ। ਔਰਤਾਂ ਉਡਣਾ ਲੋਚਦੀਆਂ ਹਨ ਪਰ ਸਮਾਜ ਦੇ ਸੰਗਲ ਇਸ ਉਡਾਣ ਨੂੰ ਡੱਕ ਲੈਂਦੇ ਹਨ। ਮਨੀਸ਼ ਆਜ਼ਾਦ ਨੇ ਇਸ ਲੇਖ ਵਿਚ ਉਨ੍ਹਾਂ ਪਿਛਾਂਹਖਿੱਚੂ ਤਾਕਤਾਂ ਦਾ ਜ਼ਿਕਰ ਛੋਹਿਆ ਹੈ ਜੋ ਔਰਤ ਨੂੰ ਬਰਾਬਰ ਦਾ ਰੁਤਬਾ ਦੇ ਤੋਂ ਇਨਕਾਰੀ ਹਨ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***



ਮਸ਼ਹੂਰ ਲੇਖਿਕਾ 'ਕਲਾਦੀਆ ਕੂਨਜ਼' ਆਪਣੀ ਕਿਤਾਬ 'ਮਦਰਜ਼ ਇਨ ਫਾਦਰਲੈਂਡ' ਵਿਚ ਲਿਖਦੀ ਹੈ ਕਿ ਜਦੋਂ ਇਕ ਸੀਨੀਅਰ ਨਾਜ਼ੀ ਅਫ਼ਸਰ ਨੂੰ ਪੁੱਛਿਆ ਗਿਆ ਕਿ ਹਿਟਲਰ ਨੇ ਅਜੇ ਤਕ ਵਿਆਹ ਕਿਉਂ ਨਹੀਂ ਕਰਵਾਇਆ ਤਾਂ ਉਸ ਨੇ ਬੜੇ ਮਾਣ ਨਾਲ ਕਿਹਾ ਕਿ ਹਿਟਲਰ ਨੇ ਜਰਮਨੀ ਨਾਲ ਵਿਆਹ ਕਰ ਲਿਆ ਹੈ। ਜਰਮਨੀ ਹੀ ਹਿਟਲਰ ਦੀ ਵਹੁਟੀ ਹੈ।

ਇਹ ਕੋਈ ਆਮ ਮਜ਼ਾਕ ਨਹੀਂ ਹੈ, ਇਸ ਦੇ ਨਿਹਿਤ ਅਰਥ ਡੂੰਘੇ ਹਨ, ਜਿਨ੍ਹਾਂ ਨੂੰ ਸਮਝਣ ਦੀ ਲੋੜ ਹੈ। ਸਮਾਜ ਵਿਚ ਪਰਿਵਾਰ ਨਾਮ ਦੀ ਸੰਸਥਾ ਜਿਸ ਜਗੀਰੂ-ਮਰਦ ਪ੍ਰਧਾਨ ਢਾਂਚੇ ਵਿਚ ਕੰਮ ਕਰਦੀ ਹੈ, ਉਸ ਵਿਚ ਔਰਤਾਂ ਮਰਦਾਂ ਦੇ ਅਧੀਨ ਹਨ। ਜੇ ਪੁਰਾਣੇ ਮੁਹਾਵਰੇ ਵਿਚ ਕਿਹਾ ਜਾਵੇ ਤਾਂ ਮਰਦਾਂ ਦੇ ਪੈਰ ਜੁੱਤੀ ਹੁੰਦੀਆਂ ਹਨ ਅਤੇ ਐਨ ਉਸੇ ਤਰ੍ਹਾਂ ਕੋਈ ਤਾਨਾਸ਼ਾਹ ਜਾਂ ਫਾਸ਼ੀਵਾਦੀ ਹਾਕਮ ਪੂਰੇ ਮੁਲਕ ਨੂੰ ਆਪਣੇ ਪੈਰਾਂ ਦੀ ਜੁੱਤੀ ਸਮਝਦਾ ਹੈ ਅਤੇ ਉਸੇ ਹਿਸਾਬ ਨਾਲ ਜਨਤਾ ਨਾਲ ਸਲੂਕ ਕਰਦਾ ਹੈ। ਪਰਿਵਾਰ ਦੀ ਸੰਸਥਾ ਅਤੇ ਔਰਤਾਂ ਦੀ ਇਸ ਅਧੀਨਤਾ ਨੂੰ ਜਿੰਨਾ ਵਡਿਆਇਆ ਜਾਵੇਗਾ, ਤਾਨਾਸ਼ਾਹ ਲਈ ਆਪਣੀ ਵਾਜਬੀਅਤ ਨੂੰ ਸਾਬਤ ਕਰਨਾ ਓਨਾ ਹੀ ਸੌਖਾ ਹੋਵੇਗਾ।

ਇਸੇ ਲਈ ਫਾਸ਼ੀਵਾਦੀ/ਫਿਰਕੂ ਦੌਰ ਵਿਚ ਪਰਿਵਾਰ ਅਤੇ ਮਾਂ ਦੀ ਪਦਵੀ ਦਾ ਹਮੇਸ਼ਾ ਗੁਣ ਗਾਣ ਕੀਤਾ ਜਾਂਦਾ ਹੈ। ਹਿਟਲਰ ਨੇ ਸਪਸ਼ਟ ਤੌਰ

**ਮਨੀਸ਼ ਆਜ਼ਾਦ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

'ਤੇ ਐਲਾਨ ਕੀਤਾ ਸੀ - ''ਮੇਰੇ ਰਾਜ ਵਿਚ ਮਾਵਾਂ ਸਭ ਤੋਂ ਮਹੱਤਵਪੂਰਨ ਨਾਗਰਿਕ ਹਨ।''

ਆਰ.ਐੱਸ.ਐੱਸ. ਦੀਆਂ ਸ਼ਾਖਾਵਾਂ ਵਿਚ ਔਰਤਾਂ ਕਿਉਂ ਨਹੀਂ ਜਾਂਦੀਆਂ? ਇਹ ਸਵਾਲ ਸਮੇਂ-ਸਮੇਂ 'ਤੇ ਉੱਠਦਾ ਰਿਹਾ ਹੈ। ਇਸ ਦਾ ਬਹੁਤ ਹੀ ਦਿਲਚਸਪ ਪਰ ਅਰਥਪੂਰਨ ਜਵਾਬ ਦਿੱਤਾ ਗਿਆ। ਆਰ.ਐੱਸ.ਐੱਸ. ਦੇ ਇਕ ਸੀਨੀਅਰ ਆਗੂ ਨੇ 'ਇਕਨਾਮਿਕ ਟਾਈਮਜ਼' ਅਖ਼ਬਾਰ ਨੂੰ ਦੱਸਿਆ - 'ਸ਼ਾਖਾ ਦਾ ਸਮਾਂ ਅਜਿਹਾ ਹੈ ਕਿ ਇਹ ਔਰਤਾਂ ਨੂੰ ਰਾਸ ਨਹੀਂ ਆਉਂਦਾ।' ਇਸ ਸਤਰ ਨੂੰ ਡੀਕੋਡ ਕਰਨਾ ਔਖਾ ਨਹੀਂ ਹੈ। ਸਵੇਰੇ-ਸਵੇਰੇ ਔਰਤਾਂ ਪੂਰੇ ਦਿਨ ਦੇ ਭਾਰੇ ਗੱਡੇ ਨੂੰ ਅੱਗੇ ਤੋਰਨ ਲਈ ਕਮਰ ਕੱਸ ਰਹੀਆਂ ਹੁੰਦੀਆਂ ਹਨ। ਅਜਿਹੇ 'ਚ ਉਨ੍ਹਾਂ ਕੋਲ ਸਵੇਰੇ 6 ਵਜੇ ਸ਼ਾਖਾ 'ਚ ਜਾਣ ਦਾ ਸਮਾਂ ਕਿੱਥੇ ਹੋਵੇਗਾ। ਯਾਨੀ ਜੇ ਉਹ ਸਵੇਰੇ-ਸਵੇਰੇ ਸ਼ਾਖਾ ਵਿਚ ਜਾਂਦੀ ਹਨ ਤਾਂ ਘਰ ਦਾ ਕੰਮ ਕੌਣ ਕਰੇਗਾ। ਔਰਤਾਂ ਨੂੰ ਸ਼ਾਖਾ ਵਿਚ ਨਾ ਸੱਦਣ ਦਾ ਜੋ ਦੂਜਾ ਕਾਰਨ ਉਸ ਨੇ ਦੱਸਿਆ ਉਹ ਇਹ ਸੀ ਕਿ ਸ਼ਾਖਾ ਵਿਚ ਜਿਸ ਤਰ੍ਹਾਂ ਦੀ ਸਰੀਰਕ ਮਿਹਨਤ ਕਰਵਾਈ ਜਾਂਦੀ ਹੈ ਔਰਤਾਂ ਉਹ ਕਰਨ ਦੇ ਕਾਬਲ ਨਹੀਂ ਹਨ। ਭਾਵ ਔਰਤਾਂ ਕੁਦਰਤੀ ਤੌਰ 'ਤੇ ਕਮਜ਼ੋਰ ਹੁੰਦੀਆਂ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਔਰਤਾਂ ਪ੍ਰਤੀ ਇਨ੍ਹਾਂ ਫਾਸੀਵਾਦੀ ਅਤੇ ਫਿਰਕੂ ਲੋਕਾਂ ਦਾ ਰਵੱਈਆ ਕੀ ਹੈ।

ਹਾਲ ਹੀ ਵਿਚ ਹਰਿਦੁਆਰ 'ਚ 'ਧਰਮ ਸੰਸਦ' ਵਿਚ ਔਰਤਾਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਵੱਧ ਤੋਂ ਵੱਧ ਬੱਚੇ ਜੰਮਣ ਅਤੇ ਮੁਸਲਮਾਨਾਂ ਨੂੰ ਇਸ ਮਾਮਲੇ 'ਚ ਪਛਾੜ ਦੇਣ। ਮੋਹਨ ਭਾਗਵਤ ਅਤੇ ਹੋਰ ਫਿਰਕੂ ਆਗੂ ਅਕਸਰ ਇਹ ਨਾਅਰਾ ਲਾਉਂਦੇ ਰਹਿੰਦੇ ਹਨ। ਜਰਮਨੀ ਵਿਚ ਨਾਜ਼ੀਆਂ ਨੇ ਇਕ ਗੁਰ ਘੜਿਆ ਸੀ - 'ਜ਼ਮੀਨ ਭੋਜਨ ਮੁਹੱਈਆ ਕਰਦੀ ਹੈ, ਔਰਤਾਂ ਜਨ-ਸੰਖਿਆ ਮੁਹੱਈਆ ਕਰਦੀਆਂ ਹਨ ਅਤੇ ਮਰਦ ਕਾਰਵਾਈ ਕਰਦੇ ਹਨ।'

ਇੱਥੇ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਬੱਚੇ ਦਾ ਮਤਲਬ ਲੜਕਾ ਹੈ। ਯਾਨੀ ਫਾਸ਼ੀਵਾਦ ਵਿਚ ਔਰਤਾਂ ਉੱਪਰ ਲੜਕਾ ਜੰਮਣ ਦਾ ਦਬਾਅ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵੱਧ ਜਾਂਦਾ ਹੈ। ਤੁਸੀਂ ਇਸ ਅੰਕੜੇ ਤੋਂ ਇਸ ਦਬਾਅ ਦੇ ਪ੍ਰਭਾਵ ਨੂੰ ਸਮਝ ਸਕਦੇ ਹੋ। 'ਸੰਯੁਕਤ ਰਾਸ਼ਟਰ ਆਬਾਦੀ ਫੰਡ' ਅਨੁਸਾਰ 2013-17 ਦਰਮਿਆਨ ਭਾਰਤ ਵਿਚ 4.6 ਕਰੋੜ ਲੜਕੀਆਂ 'ਲਾਪਤਾ' ਹੋਈਆਂ। ਭਾਵ ਉਨ੍ਹਾਂ ਦੀ ਭਰੂਣ ਹੱਤਿਆ ਕਰ ਦਿੱਤੀ ਗਈ ਜਾਂ ਉਹ ਤਮਾਮ ਅਣਗਹਿਲੀਆਂ ਕਾਰਨ ਜਨਮ ਤੋਂ ਬਾਅਦ ਮਰ ਗਈਆਂ।

ਇਸੇ ਲਈ ਅਸੀਂ ਦੇਖਦੇ ਹਾਂ ਕਿ ਹਰ ਦੰਗੇ ਵਿਚ ਬੱਚੇ ਪੈਦਾ ਕਰਨ ਵਾਲੀ ਇਸੇ ਮਸ਼ੀਨ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਵਿਰੋਧੀ ਕੌਮ ਦੀ ਨਸਲ ਨੂੰ ਖ਼ਤਮ ਕੀਤਾ ਜਾ ਸਕੇ।

ਬੱਚੇ ਜੰਮਣ ਵਾਲੀ ਮਸ਼ੀਨ ਬਣਨ ਤੋਂ ਇਨਕਾਰ ਕਰਨ ਵਾਲੀਆਂ ਔਰਤਾਂ ਫਿਰਕੂ/ ਫਾਸ਼ੀਵਾਦੀਆਂ ਦੀਆਂ ਅੱਖਾਂ 'ਚ ਕੰਡਾ ਬਣ ਚੁਭਦੀਆਂ ਹਨ ਅਤੇ ਉਹ ਐਸੀਆਂ ਔਰਤਾਂ ਨੂੰ ਸਬਕ ਸਿਖਾਉਣ ਦੀ ਉਡੀਕ ਵਿਚ ਘਾਤ ਲਾਈ ਬੈਠੇ ਰਹਿੰਦੇ ਹਨ। ਇਸੇ ਪਿਛੋਕੜ ਵਿਚ ਉਪਰੋਕਤ ਲੇਖਿਕਾ ਕਲਾਦੀਆ ਕੂਨਜ਼ ਨੇ ਇਕ ਬਹੁਤ ਹੀ ਮਹੱਤਵਪੂਰਨ ਗੱਲ ਕਹੀ ਹੈ-'ਫਾਸ਼ੀਵਾਦ ਵਿਚ ਜਿਵੇਂ ਆਰੀਅਨ ਯਹੂਦੀਆਂ ਉੱਪਰ ਆਪਣੀ ਜਿੱਤ ਦੇ ਜਸ਼ਨ ਮਨਾਉਂਦੇ ਹਨ ਉਸੇ ਤਰ੍ਹਾਂ ਮਰਦ ਆਜ਼ਾਦ ਔਰਤਾਂ ਉੱਪਰ ਆਪਣੀ ਜਿੱਤ ਦੇ ਜਸ਼ਨ ਮਨਾਉਂਦੇ ਹਨ।' ਇਹ ਗੱਲ ਭਾਰਤ ਦੇ ਪ੍ਰਸੰਗ 'ਚ ਵੀ ਹੂਬਹੂ ਸੱਚ ਹੈ। 'ਲਵ ਜੇਹਾਦ ਕਾਨੂੰਨ' ਔਰਤਾਂ ਉੱਪਰ ਮਰਦਾਂ ਦੀ ਜਿੱਤ ਦਾ ਜਸ਼ਨ ਹੈ।

ਭਾਰਤ ਵਿਚ ਅਜੇ ਇਸ ਬਾਰੇ ਅਧਿਐਨ ਕਰਨ ਦੀ ਲੋੜ ਹੈ ਕਿ ਜਿਉਂ-ਜਿਉਂ ਫਿਰਕੂ ਵਿਚਾਰ ਅਤੇ ਇਸ ਦੀ ਰਾਜਨੀਤੀ ਸਮਾਜ ਵਿਚ ਆਪਣੇ ਪੈਰ ਪਸਾਰ ਰਹੀ ਹੈ, ਤਿਉਂ-ਤਿਉਂ ਮਰਦਾਂ ਵਿਚ ਕੰਡੋਮ ਦੀ ਵਰਤੋਂ ਘਟਦੀ ਜਾ ਰਹੀ ਹੈ। ਭਾਰਤ ਦੇ ਸਿਹਤ ਮੰਤਰਾਲੇ ਦੇ ਅੰਕੜਿਆਂ ਮੁਤਾਬਕ 2008 ਤੋਂ 2016 ਦਰਮਿਆਨ ਕੰਡੋਮ ਦੀ ਵਰਤੋਂ ਵਿਚ 52 ਫੀਸਦੀ ਦੀ ਕਮੀ ਆਈ ਹੈ। ਅਜਿਹੇ 'ਚ ਤੁਸੀਂ ਸਮਝ ਸਕਦੇ ਹੋ ਕਿ ਔਰਤਾਂ ਉੱਪਰ ਪਰਿਵਾਰ ਨਿਯੋਜਨ ਦਾ ਬੋਝ ਵਧਦਾ ਜਾ ਰਿਹਾ ਹੈ।

ਆਰ.ਐੱਸ.ਐੱਸ. ਦੇ 'ਪਰਿਵਾਰ ਪ੍ਰਬੋਧਨ' ਪ੍ਰੋਗਰਾਮ 'ਚ ਔਰਤਾਂ ਦੀ ਰਵਾਇਤੀ ਭੂਮਿਕਾ ਉੱਪਰ ਬਹੁਤ ਜ਼ੋਰ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ 'ਸੰਸਕ੍ਰਿਤੀ ਦੀ ਪੁਨਰਜਨਣੀ' ਕਹਿ ਕੇ ਵਡਿਆਇਆ ਜਾਂਦਾ ਹੈ।

ਕਿਉਂਕਿ ਬੱਚੇ ਦਾ ਪਹਿਲਾ ਸਕੂਲ ਮਾਂ ਦੀ ਗੋਦ ਹੁੰਦਾ ਹੈ, ਇਸ ਲਈ ਫਾਸ਼ੀਵਾਦੀ/ਫਿਰਕੂ ਤਾਕਤਾਂ ਇਸ ਪ੍ਰਤੀ ਬਹੁਤ ਸੁਚੇਤ ਹਨ। ਔਰਤਾਂ ਦੇ ਅੰਦਰ ਪਹਿਲਾਂ ਤੋਂ ਮੌਜੂਦ ਪਿਤਰਸੱਤਾ ਇਕ ਪੁਲ ਦਾ ਕੰਮ ਕਰਦੀ ਹੈ, ਜਿਸ ਰਾਹੀਂ ਸਾਰੇ ਜ਼ਹਿਰੀਲੇ ਅਤੇ ਪਿਛਾਂਹਖਿੱਚੂ ਵਿਚਾਰ ਔਰਤਾਂ ਦੇ ਅੰਦਰ ਦਾਖ਼ਲ ਕੀਤੇ ਜਾਂਦੇ ਹਨ ਜਿੱਥੋਂ ਉਹ ਬਹੁਤ ਹੀ ਆਸਾਨੀ ਨਾਲ ਮਾਸੂਮ ਬੱਚੇ ਵਿਚ ਪ੍ਰਵੇਸ਼ ਕਰ ਕੇ ਉਸ ਦੀ 'ਆਮ ਸੂਝ' ਦਾ ਹਿੱਸਾ ਬਣਦੀ ਰਹਿੰਦੀ ਹੈ।

ਇਸੇ ਲਈ ਪਿਤਰਸੱਤਾ-ਫਿਰਕਾਪ੍ਰਸਤੀ-ਫਾਸ਼ੀਵਾਦ ਦਾ ਆਪਸ ਵਿਚ ਇਕ ਡੂੰਘਾ ਸੰਬੰਧ ਹੁੰਦਾ ਹੈ। ਭਾਰਤ ਵਿਚ ਜਦੋਂ ਇਸ ਨੂੰ ਮਨੂਵਾਦ 'ਚ ਮਿਸ਼ਰਤ ਕਰ ਲਿਆ ਜਾਂਦਾ ਹੈ ਤਾਂ ਇਹ ਹੋਰ ਵੀ ਖ਼ਤਰਨਾਕ ਮਿਸ਼ਰਣ ਬਣ ਜਾਂਦਾ ਹੈ। ਆਖ਼ਿਰਕਾਰ, ਦੰਗਿਆਂ ਵਿਚ ਹਿੰਦੂ ਉੱਚ ਜਾਤੀਆਂ ਦਲਿਤ ਜਾਤੀਆਂ ਨੂੰ ਮੁਸਲਮਾਨਾਂ ਵੱਲ ਭੜਕਾ ਕੇ ਉੱਚ ਜਾਤੀਆਂ ਦੇ ਤਮਾਤ ਵਿਸ਼ੇਸ਼ ਅਧਿਕਾਰਾਂ ਪ੍ਰਤੀ ਦਲਿਤਾਂ ਦੇ ਸੰਘਰਸ਼ ਨੂੰ ਖੁੰਢਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।

ਦਰ ਅਸਲ ਫਾਸ਼ੀਵਾਦੀ/ਫਿਰਕੂ ਪ੍ਰੋਜੈਕਟ ਸਾਰੇ ਅਗਾਂਹਵਧੂ/ਇਨਕਲਾਬੀ ਪ੍ਰੋਜੈਕਟਾਂ ਨੂੰ ਰੋਕਣ ਅਤੇ ਤਬਾਹ ਕਰਨ ਦਾ ਇਕ ਪ੍ਰੋਜੈਕਟ ਹੈ। ਇਸ ਲਈ ਸਾਨੂੰ ਇਸ ਨੂੰ ਬਹੁਤ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

'ਨਿਸ਼ਾ ਪਾਹੂਜਾ' ਦੀ ਮਸ਼ਹੂਰ ਡਾਕੂਮੈਂਟਰੀ 'ਦੀ ਵਰਲਡ ਬਿਫੋਰ ਹਰ' ਵਿਚ ਆਰ.ਐੱਸ.ਐੱਸ. ਦੀ ਫਰੰਟ ਜਥੇਬੰਦੀ 'ਦੁਰਗਾ ਵਾਹਿਨੀ' ਦੀ ਇਕ ਵਰਕਸ਼ਾਪ ਲਗਾ ਚੁੱਕੀ ਮਹਿਜ਼ 11 ਸਾਲ ਦੀ ਬੱਚੀ ਕੈਮਰੇ ਦੇ ਸਾਹਮਣੇ ਬੜੇ ਆਤਮ ਵਿਸ਼ਵਾਸ ਨਾਲ ਕਹਿੰਦੀ ਹੈ-'ਮੈਨੂੰ ਮਾਣ ਹੈ ਕਿ ਮੇਰਾ ਕੋਈ ਮੁਸਲਮਾਨ ਦੋਸਤ ਨਹੀਂ ਹੈ।' ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇਹੀ ਬੱਚੀ ਜਦੋਂ ਮਾਂ ਦੀ ਭੂਮਿਕਾ ਅਖ਼ਤਿਆਰ ਕਰੇਗੀ ਤਾਂ ਉਸਦੀ ਗੋਦ ਵਿਚ ਬੈਠਾ ਬੱਚਾ ਕੀ ਕੀ ਸਿੱਖੇਗਾ। ਹੁਣ ਤੁਸੀਂ ਇਕ ਬੱਚੇ ਦੀ ਕਲਪਨਾ ਕਰੋ ਜੋ ਅਜਿਹੀ ਮਾਂ ਦੀ ਗੋਦੀ ਤੋਂ ਉੱਤਰ ਕੇ ਸਕੂਲ ਜਾਂਦਾ ਹੈ ਅਤੇ ਉੱਥੇ ਉਹੀ ਸਭ ਚੀਜ਼ਾਂ ਸਿੱਖਦਾ ਹੈ, ਫਿਰ ਉਹ ਟੀਵੀ ਲਗਾਉਂਦਾ ਹੈ ਅਤੇ ਉੱਥੇ ਉਹ ਉਹੀ ਚੀਜ਼ਾਂ ਹੋਰ ਵੀ ਅਸ਼ਲੀਲ ਅਤੇ ਭੜਕਾਊ ਤਰੀਕੇ ਨਾਲ ਦੇਖਦਾ ਹੈ, ਫਿਰ ਉਹ ਬੜਿਆਂ ਦੀ ਸੰਗਤ ਵਿਚ ਜਾਂਦਾ ਹੈ ਅਤੇ ਉੱਥੇ ਵੀ ਉਸ ਨੂੰ ਉਹੀ ਜ਼ਹਿਰ ਮਿਲਦਾ ਹੈ। ਇਸ ਵਾਰ-ਵਾਰ ਹੋਣ ਵਾਲੇ ਇਸ 'ਦੁਹਰਾਓ' ਕਾਰਨ ਹੀ ਪਿਛਾਖੜੀ ਜ਼ਹਿਰੀਲੇ ਫਿਰਕੂ ਫਾਸ਼ੀਵਾਦੀ ਵਿਚਾਰ ਉਸ ਦੇ ਅੰਦਰ ਵਿਚਾਰ ਡੂੰਘੀ ਜੜ੍ਹ ਫੜ ਲੈਂਦੇ ਹਨ। ਅਤੇ ਫਿਰ ਉਸੇ ਦਾ ਖ਼ਦਸ਼ਾ ਹਮੇਸ਼ਾ ਬਣਿਆ ਰਹਿੰਦਾ ਹੈ ਜੋ 13 ਦਸੰਬਰ ਨੂੰ ਹਰਿਆਣੇ ਦੇ ਪਲਵਲ ਵਿਚ ਵਾਪਰਿਆ, ਜਿੱਥੇ ਇਕ ਮੁਸਲਮਾਨ ਨੌਜਵਾਨ ਦੀ ਹਿੰਦੂ ਦੋਸਤਾਂ ਨੇ ਇਹ ਕਹਿ ਕੇ 'ਲਿੰਚਿੰਗ' ਕੀਤੀ ਕਿ ਭਾਵੇਂ ਤੂੰ ਸਾਡਾ ਦੋਸਤ ਹੈਂ, ਪਰ ਹੈ ਤਾਂ ਮੁੱਲਾ। ਲਵ-ਜੇਹਾਦ ਵਰਗੇ ਕਾਨੂੰਨ ਨੂੰ ਤੁਸੀਂ ਇਸੇ ਅਕਸ 'ਚ ਦੇਖ ਸਕਦੇ ਹੋ, ਜਿਥੇ ਔਰਤਾਂ ਦੀ ਏਜੰਸੀ ਯਾਨੀ ਉਨ੍ਹਾਂ ਦੀ ਸੁਤੰਤਰ ਭੂਮਿਕਾ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ ਗਈ ਹੈ। ਔਰਤਾਂ ਦੀ ਅਖਾਉਤੀ ਪਵਿੱਤਰਤਾ ਦੇ ਤਾਲੇ ਦੀ ਚਾਬੀ ਹੁਣ ਪਰਿਵਾਰ ਦੇ ਮਰਦ ਮੁਖੀ ਰਾਹੀਂ ਹੁੰਦੀ ਹੋਈ ਰਾਜ ਦੇ ਹੱਥ 'ਚ ਪਹੁੰਚ ਗਈ ਹੈ। ਪੁਰਾਣੇ ਸਮਿਆਂ ਵਿਚ, ਕੁਝ ਭਾਈਚਾਰਿਆਂ ਵਿਚ ਔਰਤਾਂ ਨੂੰ ਸੱਚਮੁੱਚ ਇਕ ਐਸੀ ਕਮਰ ਬੈਲਟ ਪਹਿਨਾਈ ਜਾਂਦੀ ਸੀ ਜਿਸਦੀ ਚਾਬੀ ਸੱਚੀਮੁੱਚੀ ਘਰ ਦੇ ਮੁਖੀ ਜਾਂ ਪਿਤਰਸੱਤਾ ਦਾ ਬੋਝ ਚੁੱਕਣ ਵਾਲੀਆਂ ਘਰ ਦੀਆਂ ਬਜ਼ੁਰਗ ਸੁਆਣੀਆਂ ਕੋਲ ਹੁੰਦੀ ਸੀ, ਤਾਂ ਜੋ ਔਰਤਾਂ ਦੀ ਅਖਾਉਤੀ ਪਵਿੱਤਰਤਾ ਬਣੀ ਰਹੇ।

ਪਰ ਇਸ ਦੇ ਨਾਲ ਹੀ ਫਾਸ਼ੀਵਾਦ ਅੰਦਰ ਔਰਤਾਂ ਵਿੱਚੋਂ ਹੀ ਕੁਝ ਐਸੀਆਂ ਔਰਤਾਂ ਵੀ ਤਿਆਰ ਕੀਤੀਆਂ ਜਾਂਦੀਆਂ ਹਨ ਜੋ ਆਪਣੀ ਪਰੰਪਰਾਗਤ ਪਰਿਵਾਰਕ ਭੂਮਿਕਾ ਤੋਂ ਮੁਕਤ ਹੋ ਕੇ ਰਾਜ ਜਾਂ ਫਾਸ਼ੀਵਾਦੀ/ਫਿਰਕੂ ਜਥੇਬੰਦੀ ਦੇ ਪ੍ਰੋਜੈਕਟ ਵਿਚ ਸਰਗਰਮੀ ਨਾਲ ਸ਼ਾਮਲ ਹੁੰਦੀਆਂ ਹਨ ਅਤੇ ਜਨਤਕ ਮੰਚਾਂ ਤੋਂ ਦੂਜੇ ਭਾਈਚਾਰਿਆਂ ਵਿਰੁੱਧ ਜ਼ਹਿਰ ਉਗਲਦੀਆਂ ਰਹਿੰਦੀਆਂ ਹਨ। ਪੂਜਾ ਸਕੁਨ ਪਾਂਡੇ ਉਰਫ਼ ਸਾਧਵੀ ਅੰਨਪੂਰਨਾ, ਜਿਸ ਨੇ ਪਿਛਲੇ ਦਿਨੀਂ ਹਰਿਦੁਆਰ ਵਿਚ ਹੋਈ ਧਰਮ ਸਭਾ ਵਿਚ ਖੁੱਲ੍ਹੇਆਮ ਮੁਸਲਮਾਨਾਂ ਦੀ ਨਸਲਕੁਸ਼ੀ ਦਾ ਸੱਦਾ ਦਿੱਤਾ, ਉਹ ਇਕ ਔਰਤ ਹੀ ਹੈ ਜੋ ਸੰਵਿਧਾਨ ਨੂੰ ਨਜ਼ਰਅੰਦਾਜ਼ ਕਰਕੇ ਗੋਡਸੇ ਤੋਂ ਸਿੱਖਣ ਦਾ ਸੱਦਾ ਦੇ ਰਹੀ ਹੈ। ਦਰ ਅਸਲ ਇਨ੍ਹਾਂ ਔਰਤਾਂ ਨੂੰ ਸਮਾਜ ਵਿਚ ਫਾਸ਼ੀਵਾਦੀ/ਫਿਰਕੂ ਵਿਚਾਰਧਾਰਾ ਨੂੰ ਵਧੇਰੇ ਪ੍ਰਵਾਨਿਤ ਅਤੇ 'ਨੈਤਿਕ' ਬਣਾਉਣ ਲਈ ਵਰਤਿਆ ਜਾਂਦਾ ਹੈ। ਯਾਨੀ ਅੰਨਪੂਰਣਾ ਜਾਂ ਸਾਧਵੀ ਪ੍ਰਗਿਆ ਠਾਕੁਰ ਵਰਗੀਆਂ ਔਰਤਾਂ ਰਵਾਇਤੀ ਪਰਿਵਾਰਕ ਜੀਵਨ ਤੋਂ ਮੁਕਤ ਹੋਣ ਦੇ ਬਾਵਜੂਦ ਆਪਣੇ ਸਮਿਆਂ ਦੇ ਫਾਸ਼ੀਵਾਦੀ/ਫਿਰਕੂ ਪ੍ਰੋਜੈਕਟ ਦਾ ਮਹਿਜ਼ ਇਕ ਪੁਰਜਾ ਹੁੰਦੀਆਂ ਹਨ। ਇਸੇ ਲਈ ਆਮ ਤੌਰ 'ਤੇ ਉਨ੍ਹਾਂ ਦਾ ਸਿਆਸੀ ਜੀਵਨ ਵੀ ਉਨ੍ਹਾਂ ਦੇ ਮਰਦ ਸਾਥੀਆਂ ਨਾਲੋਂ ਬਹੁਤ ਘੱਟ ਹੁੰਦਾ ਹੈ। ਜਿਵੇਂ ਪੁਰਜਾ ਥੋੜ੍ਹਾ ਜਿਹਾ ਘਸ ਗਿਆ ਤਾਂ ਉਸ ਨੂੰ 'ਰੀਪਲੇਸ' ਕਰ ਦਿੱਤਾ ਜਾਂਦਾ ਹੈ। ਐਨ ਉਸੇ ਤਰ੍ਹਾਂ ਜਿਵੇਂ ਬੰਬਈਆ ਫਿਲਮਾਂ ਵਿਚ ਹੀਰੋਇਨਾਂ ਦੇ ਜੋਬਨ ਦਾ 'ਤੇਜ਼' ਫਿੱਕਾ ਪੈਂਦੇ ਹੀ ਉਨ੍ਹਾਂ ਨੂੰ ਰਿਟਾਇਰ ਕਰ ਦਿੱਤਾ ਜਾਂਦਾ ਹੈ।

ਇੱਥੇ ਅਸੀਂ ਉਨ੍ਹਾਂ ਭਾਈਚਾਰਿਆਂ ਦੀਆਂ ਔਰਤਾਂ ਦੀ ਚਰਚਾ ਨਹੀਂ ਕਰ ਰਹੇ ਜੋ ਸਟੇਟ ਦੀ ਸਰਪ੍ਰਸਤੀ ਵਾਲੇ ਫਾਸ਼ੀਵਾਦ ਦੇ ਨਿਸ਼ਾਨੇ 'ਤੇ ਹੁੰਦੀਆਂ ਹਨ, ਜਿਵੇਂ ਜਰਮਨੀ ਵਿਚ ਯਹੂਦੀ ਜਾਂ ਭਾਰਤ ਵਿਚ ਮੁਸਲਮਾਨ ਔਰਤਾਂ। ਇਸ ਲਈ ਵੱਖਰੇ ਅਧਿਐਨ ਦੀ ਲੋੜ ਹੈ। ਹਾਲਾਂਕਿ, ਅਜੋਕੇ ਫਾਸ਼ੀਵਾਦ/ਫਿਰਕਾਪ੍ਰਸਤੀ ਦੇ ਅਕਸ 'ਚ ਅਸੀਂ ਦੇਖ ਸਕਦੇ ਹਾਂ ਕਿ ਉੱਥੇ ਸਥਿਤੀ ਕਿੰਨੀ ਪੇਚੀਦਾ ਅਤੇ ਭਿਆਨਕ ਹੋਵੇਗੀ।

ਦਰਅਸਲ ਅਜੋਕਾ ਪੂੰਜੀਵਾਦ ਅਰਥਾਤ ਸਾਮਰਾਜਵਾਦ ਆਪਣੇ ਆਪ ਨੂੰ ਬਚਾਈ ਰੱਖਣ ਅਤੇ ਆਪਣਾ ਪੁਨਰ-ਉਤਪਾਦਨ ਕਰਨ ਲਈ ਦੁਨੀਆ ਭਰ ਦੀਆਂ ਪਿਛੜੀਆਂ ਹੋਈਆਂ ਪਿਛਾਂਹਖਿੱਚੂ ਕਦਰਾਂ-ਕੀਮਤਾਂ ਦਾ ਇਸਤੇਮਾਲ ਕਰਦਾ ਹੈ ਅਤੇ ਉਨ੍ਹਾਂ ਨੂੰ ਪਾਲਦਾ ਪੋਸਦਾ ਹੈ। ਪਿਤਰਸੱਤਾ ਉਨ੍ਹਾਂ ਵਿੱਚੋਂ ਇਕ ਹੈ। ਇਸੇ ਲਈ ਫਾਸ਼ੀਵਾਦ ਸਾਮਰਾਜਵਾਦ ਦਾ ਹੀ ਰਾਜਨੀਤਕ ਇਜ਼ਹਾਰ ਹੈ।

ਪਰ ਤਸਵੀਰ ਦਾ ਇਕ ਹੋਰ ਸ਼ਾਨਦਾਰ ਪਹਿਲੂ ਵੀ ਹੈ। ਹਿਟਲਰ ਦੇ ਫਾਸ਼ੀਵਾਦੀ ਰਾਜ ਵਿਚ ਸਾਰੀਆਂ ਅਖਾਉਤੀ ਆਰੀਅਨ ਔਰਤਾਂ ਫਾਸ਼ੀਵਾਦੀ ਪ੍ਰੋਜੈਕਟ ਦਾ ਹਿੱਸਾ ਨਹੀਂ ਸਨ। ਔਰਤਾਂ ਦੀ ਵਾਹਵਾ ਗਿਣਤੀ 'ਵਿਰੋਧ ਲਹਿਰ' ਦਾ ਹਿੱਸਾ ਸੀ ਅਤੇ ਲਗਾਤਾਰ ਹਿਟਲਰ ਦੇ ਫਾਸ਼ੀਵਾਦੀ ਪ੍ਰੋਜੈਕਟ ਦੀ ਕਬਰ ਪੁੱਟ ਰਹੀ ਸੀ। ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਇਹ ਉਹ ਔਰਤਾਂ ਸਨ ਜੋ ਲਗਾਤਾਰ ਪਿਤਰਸੱਤਾ ਨਾਲ ਲੜ ਰਹੀਆਂ ਸਨ, ਯਾਨੀ ਉਨ੍ਹਾਂ ਨੇ ਪਹਿਲਾਂ ਹੀ ਉਸ ਪੁਲ ਨੂੰ ਨੁਕਸਾਨ ਪਹੁੰਚਾ ਦਿੱਤਾ ਸੀ ਜਿੱਥੋਂ ਦੀ ਲੰਘ ਕੇ ਜ਼ਹਿਰੀਲੀ ਫਾਸ਼ੀਵਾਦੀ ਵਿਚਾਰਧਾਰਾ ਔਰਤਾਂ ਤੱਕ ਪਹੁੰਚਦੀ ਸੀ। ਅੱਜ ਉਨ੍ਹਾਂ ਦੀ ਇਸ ਸ਼ਾਨਦਾਰ ਭੂਮਿਕਾ 'ਤੇ ਕਈ ਫਿਲਮਾਂ ਅਤੇ ਬਹੁਤ ਸਾਰਾ ਸਾਹਿਤ ਮੌਜੂਦ ਹੈ। ਜਰਮਨੀ ਵਿਚ ਵੱਡੀ ਗਿਣਤੀ ਵਿਚ ਦਲੇਰ ਔਰਤਾਂ ਵੀ ਸਨ ਜੋ ਆਪਣੇ ਨਾਜ਼ੀ ਪਤੀਆਂ ਅਤੇ ਪੁੱਤਰਾਂ ਤੋਂ ਛੁਪ ਕੇ ਯਹੂਦੀਆਂ ਨੂੰ ਆਪਣੇ ਘਰਾਂ ਵਿਚ ਪਨਾਹ ਦਿੰਦੀਆਂ ਸਨ ਅਤੇ ਫੜੇ ਜਾਣ 'ਤੇ ਆਪਣੀਆਂ ਜਾਨਾਂ ਵੀ ਕੁਰਬਾਨ ਕਰਦੀਆਂ ਸਨ। ਸਾਡੇ ਮੁਲਕ ਵਿਚ ਵੀ ਸਾਨੂੰ ਦੰਗਿਆਂ ਦੇ ਦੌਰਾਨ ਅਜਿਹੀਆਂ ਕਈ ਕਹਾਣੀਆਂ ਦੇਖਣ ਨੂੰ ਮਿਲ ਜਾਂਦੀਆਂ ਹਨ ਜਿੱਥੇ ਔਰਤਾਂ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ ਲੋਕਾਂ ਦੀ ਮੱਦਦ ਕਰਦੀਆਂ ਹਨ ਅਤੇ ਇਸ ਧੜਵੈਲ ਫਾਸ਼ੀਵਾਦੀ ਮਸ਼ੀਨ ਦਾ ਪੁਰਜਾ ਬਣਨ ਤੋਂ ਇਨਕਾਰ ਕਰ ਦਿੰਦੀਆਂ ਹਨ। ਨਤਾਸ਼ਾ ਨਰਵਾਲ, ਦੇਵਾਂਗਨਾ ਕਾਲੀਤਾ ਅਤੇ ਸੁਧਾ ਭਾਰਦਵਾਜ ਵਰਗੀਆਂ ਔਰਤਾਂ ਸਾਡੇ ਮੁਲਕ ਦੀਆਂ ਅਜਿਹੀਆਂ ਹੀ ਬਹਾਦਰ ਔਰਤਾਂ ਹਨ।

ਔਰਤਾਂ ਅਤੇ ਫਾਸ਼ੀਵਾਦ ਉੱਪਰ ਏਨੀ ਚਰਚਾ ਤੋਂ ਬਾਦ ਅੰਤ ਵਿਚ ਸਾਨੂੰ ਸਟਾਲਿਨ ਦਾ ਇਹ ਨਿਰਣਾਇਕ ਨੁਕਤੇ ਹਮੇਸ਼ਾ ਚੇਤੇ ਰੱਖਣਾ ਹੋਵੇਗਾ ਕਿ ਫਾਸ਼ੀਵਾਦ ਨਾਲ ਬਹਿਸ ਨਹੀਂ ਕੀਤੀ ਜਾ ਸਕਦੀ ਇਸ ਨੂੰ ਤਾਂ ਨਸ਼ਟ ਕਰਨਾ ਪੈਂਦਾ ਹੈ।



ਮਸ਼ਹੂਰ ਚਿੱਤਰਕਾਰ ਅੰਮ੍ਰਿਤਾ ਸ਼ੇਰਗਿੱਲ ਦਾ ਚਿੱਤਰ।

*ਤਸਵੀਰ ਦਾ ਇਕ ਹੋਰ ਸ਼ਾਨਦਾਰ ਪਹਿਲੂ ਵੀ ਹੈ। ਹਿਟਲਰ ਦੇ ਫਾਸ਼ੀਵਾਦੀ ਰਾਜ ਵਿਚ ਸਾਰੀਆਂ ਅਖਾਉਤੀ ਆਰੀਅਨ ਔਰਤਾਂ ਫਾਸ਼ੀਵਾਦੀ ਪ੍ਰੋਜੈਕਟ ਦਾ ਹਿੱਸਾ ਨਹੀਂ ਸਨ। ਔਰਤਾਂ ਦੀ ਵਾਹਵਾ ਗਿਣਤੀ 'ਵਿਰੋਧ ਲਹਿਰ' ਦਾ ਹਿੱਸਾ ਸੀ ਅਤੇ ਲਗਾਤਾਰ ਹਿਟਲਰ ਦੇ ਫਾਸ਼ੀਵਾਦੀ ਪ੍ਰੋਜੈਕਟ ਦੀ ਕਬਰ ਪੁੱਟ ਰਹੀ ਸੀ। ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਇਹ ਉਹ ਔਰਤਾਂ ਸਨ ਜੋ ਲਗਾਤਾਰ ਪਿਤਰਸੱਤਾ ਨਾਲ ਲੜ ਰਹੀਆਂ ਸਨ, ਯਾਨੀ ਉਨ੍ਹਾਂ ਨੇ ਪਹਿਲਾਂ ਹੀ ਉਸ ਪੁਲ ਨੂੰ ਨੁਕਸਾਨ ਪਹੁੰਚਾ ਦਿੱਤਾ ਸੀ ਜਿੱਥੋਂ ਦੀ ਲੰਘ ਕੇ ਜ਼ਹਿਰੀਲੀ ਫਾਸ਼ੀਵਾਦੀ ਵਿਚਾਰਧਾਰਾ ਔਰਤਾਂ ਤੱਕ ਪਹੁੰਚਦੀ ਸੀ। ਅੱਜ ਉਨ੍ਹਾਂ ਦੀ ਇਸ ਸ਼ਾਨਦਾਰ ਭੂਮਿਕਾ 'ਤੇ ਕਈ ਫਿਲਮਾਂ ਅਤੇ ਬਹੁਤ ਸਾਰਾ ਸਾਹਿਤ ਮੌਜੂਦ ਹੈ। ਜਰਮਨੀ ਵਿਚ ਵੱਡੀ ਗਿਣਤੀ ਵਿਚ ਦਲੇਰ ਔਰਤਾਂ ਵੀ ਸਨ।*

# ਇਤਿਹਾਸ, ਲੋਕਧਾਰਾ, ਵਿਗਿਆਨ ਅਤੇ ਬਸਤਾਨੀ ਮਿਸਲਾਂ ਵਿਚ ਵਗਦਾ ਸਤਲੁਜ

***ਤਿੰਨ ਮੁਲਕ ਅਤੇ ਕਈ ਸੂਬੇ ਸਤਲੁਜ ਦੇ ਮਾਲਕ ਹੋਣ ਦਾ ਦਾਅਵਾ ਕਰਦੇ ਹਨ ਪਰ ਦਰਿਆਵਾਂ ਦੇ ਮੁਲਕ ਅਤੇ ਮਾਲਕ ਨਹੀਂ ਹੁੰਦੇ। ਦਰਿਆ ਦਾ ਕਿਸੇ ਖਿੱਤੇ ਵਿਚ ਵਹਿਣਾਂ ਖਿੱਤੇ ਦਾ ਧੰਨਭਾਗ ਹੈ। ਇਨਸਾਨ ਧੰਨਭਾਗ ਨੂੰ ਮਲਕੀਅਤ ਸਮਝ ਸਕਦਾ ਹੈ ਪਰ ਉਹਦੇ ਮੰਨਣ ਜਾਂ ਨਾ ਮੰਨਣ ਨਾਲ ਦਰਿਆ ਨੂੰ ਫਰਕ ਨਹੀਂ ਪੈਂਦਾ। ਦਰਿਆ ਦਾ ਕੰਮ ਵਗਣਾ ਹੈ। ਵਹਿਣ ਵਿਚ ਬਰਕਤ ਅਤੇ ਹੜ੍ਹ ਹਨ। ਸਤਲੁਜ ਦੀ ਬਰਕਤ ਨੇ ਰੇਤਲੇ ਟਿੱਬਿਆਂ ਨੂੰ ਹਰੇ-ਕਚੂਰ ਖੇਤਾਂ ਵਿਚ ਬਦਲਿਆ ਅਤੇ ਲੋਕਾਈ ਦੀ ਭੁੱਖ ਨੂੰ ਠੱਲ੍ਹ ਪਾਈ। ਇਸ ਲੇਖ ਵਿਚ ਫਿਲਮਸਾਜ਼ ਅਤੇ ਖੋਜੀ ਜਤਿੰਦਰ ਮੌਹਰ ਨੇ ਸਤਲੁਜ ਦੇ ਇਤਿਹਾਸ ਅਤੇ ਪਿਛੋਕੜ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ।***

ਸਤਲੁਜ ਪੰਜ ਦਰਿਆਵਾਂ ਵਿਚੋਂ ਸਭ ਤੋਂ ਲੰਬਾ ਦਰਿਆ ਹੈ। ਇਹ ਤਕਰੀਬਨ ਚੌਦਾਂ ਸੌ ਕਿਲੋਮੀਟਰ ਲੰਬਾ ਹੈ। ਜਿਹਦੇ ਵਿਚੋਂ ਤਕਰੀਬਨ ਚੌਥਾ ਹਿੱਸਾ ਚੜ੍ਹਦੇ ਪੰਜਾਬ ਵਿਚ ਵਹਿੰਦਾ ਹੈ। ਇਹ ਤਿੱਬਤ ਦੀ ਰਕਸ਼ਾਤਲ ਝੀਲ ਵਿਚੋਂ ਨਿਕਲਦਾ ਹੈ। ਹਿਮਾਚਲ ਪ੍ਰਦੇਸ਼ ਵਿਚ ਸਪਿਤੀ ਅਤੇ ਬਾਪਸਾ ਇਹਦੀਆਂ ਮੁੱਖ ਸਹਾਇਕ ਨਦੀਆਂ ਹਨ। ਮੈਦਾਨ ਵਿਚ ਦਾਖ਼ਿਲ ਹੋਏ ਸਤਲੁਜ ਵਿਚ ਸੂਆਂ, ਸਰਸਾ, ਬੁੱਦਕੀ, ਸੁਘ ਰਾਉ ਅਤੇ ਸੀਸਵਾਂ ਨਾਮੀ ਨਦੀਆਂ ਮਿਲਦੀਆਂ ਹਨ। ਸਤਲੁਜ ਵਿਚ ਕਈ ਵਹਿਣ ਡਿੱਗਦੇ ਹਨ ਜਿਨ੍ਹਾਂ ਨੂੰ ਮੁਕਾਮੀ ਬੋਲੀ ਵਿਚ ਖੱਡਾਂ



ਕਿਹਾ ਜਾਂਦਾ ਹੈ। ਉਨ੍ਹਾਂ ਵਿਚ ਦੋਨਾਲਾ, ਦੌਲੇਵਾਲ, ਦੁਨਾਈ, ਬਰਹਾਮਪੁਰ, ਭਟਲੌਰ, ਝੰਡਾ ਜੀ ਕੀ ਖੱਡ, ਰਾਇਪੁਰ, ਕਾਹਨਪੁਰ ਖੂਹੀ,

**ਜਤਿੰਦਰ ਮੌਹਰ**
ਫੋਨ: +91-97799-34747

ਡਬਵਾਲੀ, ਚਰਨ ਗੰਗਾ, ਲੋਹੰਡ ਅਤੇ ਕੁੰਡਲੂ ਕੀ ਖੱਡ ਸ਼ਾਮਿਲ ਹਨ। ਖੱਡਾਂ ਤੋਂ ਬਿਨ੍ਹਾਂ ਮੁਕਾਮੀ ਬੋਲੀ ਵਿਚ ਇਨ੍ਹਾਂ ਵਹਿਣਾਂ ਨੂੰ ਚੋਆ, ਚੋਈ, ਨਾਲਾ, ਰੌ ਅਤੇ ਸਿਰਸਾ ਕਿਹਾ ਜਾਂਦਾ ਹੈ। ਦੁਆਬੇ ਦੀ ਚਿੱਟੀ ਬੇਈਂ ਸਤਲੁਜ ਵਿਚ ਸਮਾਉਂਦੀ ਹੈ। ਹਰੀਕੇ ਕੋਲ ਸਤਲੁਜ ਦਾ ਮੇਲ ਬਿਆਸ ਨਾਲ ਹੁੰਦਾ ਹੈ।

ਤਿੰਨ ਮੁਲਕ ਅਤੇ ਕਈ ਸੂਬੇ ਸਤਲੁਜ ਦੇ ਮਾਲਕ ਹੋਣ ਦਾ ਦਾਅਵਾ ਕਰਦੇ ਹਨ ਪਰ ਦਰਿਆਵਾਂ ਦੇ ਮੁਲਕ ਅਤੇ ਮਾਲਕ ਨਹੀਂ ਹੁੰਦੇ। ਦਰਿਆ ਦਾ ਕਿਸੇ ਖਿੱਤੇ ਵਿਚ ਵਹਿਣਾਂ ਖਿੱਤੇ ਦਾ ਧੰਨਭਾਗ ਹੈ। ਇਨਸਾਨ ਧੰਨਭਾਗ ਨੂੰ ਮਲਕੀਅਤ ਸਮਝ ਸਕਦਾ ਹੈ ਪਰ ਉਹਦੇ ਮੰਨਣ ਜਾਂ ਨਾ ਮੰਨਣ ਨਾਲ ਦਰਿਆ ਨੂੰ ਫਰਕ ਨਹੀਂ ਪੈਂਦਾ। ਦਰਿਆ ਦਾ ਕੰਮ ਵਗਣਾ ਹੈ। ਵਹਿਣ ਵਿਚ ਬਰਕਤ ਅਤੇ ਹੜ੍ਹ ਹਨ। ਸਤਲੁਜ ਦੀ ਬਰਕਤ ਨੇ ਰੇਤਲੇ ਟਿੱਬਿਆਂ ਨੂੰ ਹਰੇ-ਕਚੂਰ ਖੇਤਾਂ ਵਿਚ ਬਦਲਿਆ ਅਤੇ ਲੋਕਾਈ ਦੀ ਭੁੱਖ ਨੂੰ ਠੱਲ ਪਾਈ। ਪਾਣੀ ਖੁਣੋਂ ਤਰਸਦੇ ਮਾਲਵੇ, ਭਟਿਆਣੇ, ਬਾਗੜ ਅਤੇ ਬਾਂਗਰ ਦੇ ਰੇਤਲੇ ਮੈਦਾਨਾਂ ਵਿਚ ਬਹਾਰ ਆਈ ਜਿੱਥੇ ਮੋਠ-ਬਾਜਰਾ ਉਬਾਲ ਕੇ ਖਾਣਾ ਲੋਕਾਂ ਦੀ ਮਜਬੂਰੀ ਸੀ। ਸਤਲੁਜ ਦੀਆਂ ਨਹਿਰਾਂ ਨੇ ਧਰਤੀ ਦੀ ਹਿੱਕ ਠਾਰ ਦਿੱਤੀ।

ਜੇ ਸਤਲੁਜ ਦੇ ਦੱਖਣੀ ਮੁਲਕ ਦੇ ਸੋਲਵੀਂ, ਸਤਾਰਵੀਂ ਅਤੇ ਅਠਾਰਵੀਂ ਸਦੀ ਦੇ ਇਤਿਹਾਸ ਉੱਤੇ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਪਾਣੀ ਲੋਕਾਂ ਲਈ ਵੱਡਾ ਮਸਲਾ ਸੀ। ਪਾਣੀ ਤੋਂ ਬਿਨ੍ਹਾਂ ਖੇਤੀ ਨਹੀਂ ਸੀ। ਕੋਹਾਂ ਦੂਰ ਖੂਹ ਮਿਲਦੇ ਸਨ। ਜਿਹਦਾ ਖੂਹ ਉਹਦਾ ਪਾਣੀ ਅਤੇ ਉਸੇ ਦਾ ਪਿੰਡ। ਖੂਹਾਂ ਦੇ ਦੁਆਲੇ ਪਿੰਡ ਬੱਝਦੇ ਸਨ ਅਤੇ ਖ਼ਾਸ ਗੋਤ ਵਾਲਿਆਂ ਦਾ ਖੂਹ ਅਤੇ ਪਿੰਡ ਉੱਤੇ ਕਬਜ਼ਾ ਹੁੰਦਾ ਸੀ। ਭਟਿਆਣੇ ਵਲੋਂ ਪਾਣੀ ਦੀ ਤਲਾਸ਼ ਵਿਚ ਲੋਕ ਮਾਲਵੇ ਦਾ ਰੁਖ ਕਰਦੇ ਸਨ।

ਗੁਰਪਰਤਾਪ ਸੂਰਜ ਗ੍ਰੰਥ ਵਿਚ ਸਿੱਖ ਗੁਰੂਆਂ, ਮਲਵਈਆਂ ਅਤੇ ਪਾਣੀ ਨਾਲ ਰਿਸ਼ਤੇ ਬਾਬਤ ਤਫ਼ਸੀਲ ਮਿਲਦੀ ਹੈ। ਗੁਰੂ ਹਰਗੋਬਿੰਦ ਸਿੱਧੂਆਂ ਨੂੰ ਖੂਹਾਂ ਦਾ ਪਾਣੀ ਦਿਵਾਉਣ ਲਈ ਭੁੱਲਰਾਂ ਨੂੰ ਮਨਾਉਂਦਾ ਸੀ ਪਰ ਭੁੱਲਰਾਂ ਨੇ ਗੁਰੂ ਦਾ ਕਿਹਾ ਮੋੜ ਦਿੱਤਾ। ਗੁਰੂ ਉਨ੍ਹਾਂ ਨੂੰ ਕੌੜੇ ਭੁੱਲਰ ਸੱਦਦਾ ਸੀ। ਗੁਰੂ ਗੋਬਿੰਦ ਸਿੰਘ ਨੇ ਮਲਵਈਆਂ ਦੀ ਮਦਦ ਤੋਂ ਖ਼ੁਸ਼ ਹੋ ਕੇ ਵਰ ਮੰਗਣ ਨੂੰ ਕਿਹਾ ਤਾਂ ਮਲਵਈਆਂ ਦੀ ਮੰਗ 'ਪਾਣੀ' ਸੀ। ਗੁਰੂ ਭੋਲਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਪਰ ਪਾਣੀ ਦੇ ਤਿਹਾਇਆਂ ਨੂੰ ਹੋਰ ਕੁਝ ਨਹੀਂ ਸੁਝਦਾ ਸੀ। ਆਖਿਰ ਗੁਰੂ ਵਰ ਦਿੰਦਾ ਕਿ ਮਾਲਵੇ ਦੀ ਧਰਤੀ ਉੱਤੇ ਕਣਕ ਅਤੇ ਕਮਾਦ ਹੋਵੇਗਾ। ਮਲਵਈਆਂ ਨੂੰ ਇਹ ਵੀ ਮਨਜ਼ੂਰ ਨਹੀਂ ਸੀ। ਉਹ ਗੁਰੂ ਨੂੰ ਵਰ ਵਾਪਸ ਲੈਣ ਲਈ ਕਹਿੰਦੇ ਕਿਉਂਕਿ ਕਣਕ-ਕਮਾਦ ਹੋਣ ਦੀ ਹਾਲਤ ਵਿਚ ਹਾਕਮਾਂ ਨੇ ਲਗਾਨ ਲੈਣ ਆਉਣਾ ਸੀ। ਜਿਹਨੇ ਮਲਵਈਆਂ ਦੀ ਰਹਿੰਦੀ-ਖੂੰਹਦੀ ਆਜ਼ਾਦੀ ਖੋਹ ਲੈਣੀ ਸੀ। ਉਨ੍ਹਾਂ ਨੂੰ ਪਾਣੀ ਅਤੇ ਮੁਕਤੀ ਇਕੱਠੇ ਚਾਹੀਦੇ ਸਨ।

ਪਾਣੀ ਅਤੇ ਖੇਤੀ ਘੱਟ ਹੋਣ ਕਰਕੇ ਭੱਟੀ, ਬਰਾੜ, ਸਿੱਧੂ ਅਤੇ ਹੋਰ ਕੁਨਬੇ ਇੱਕ-ਦੂਜੇ ਉੱਤੇ ਧਾੜਾਂ ਮਾਰਦੇ ਰਹਿੰਦੇ ਸਨ। ਬੱਚੇ ਅਤੇ ਔਰਤਾਂ ਚੁੱਕੇ ਜਾਂਦੇ। ਭੱਟੀਆਂ ਅਤੇ ਬਰਾੜਾਂ ਖ਼ਿਲਾਫ਼ ਸਿੱਧੂਆਂ ਦੀ ਮਦਦ ਲਈ ਬਾਬਾ ਦੀਪ ਸਿੰਘ, ਗੁਰਬਖਸ਼ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆਂ ਵਰਗੇ ਮਿਸਲਦਾਰਾਂ ਵਲੋਂ ਦਲ ਖਾਲਸਾ ਦੇ ਸਿਪਾਹੀ ਭੇਜੇ ਜਾਣ ਦੇ ਹਵਾਲੇ ਮਿਲਦੇ ਹਨ।

ਪਾਣੀ ਤੋਂ ਥੁੜ੍ਹੀ ਧਰਤੀ ਦੇ ਵਸਨੀਕਾਂ ਦਾ ਸਤਲੁਜ ਨਾਲ ਸੁਫ਼ਨੇ ਜਿਹਾ ਰਿਸ਼ਤਾ ਸੀ। ਉਨ੍ਹਾਂ ਨੇ ਆਪਣੀ ਧਰਤੀ ਦੇ ਕੋਨੇ-ਕੋਨੇ ਵਿਚ ਸਤਲੁਜ ਨੂੰ ਵਗਦਿਆਂ ਕਿਆਸਿਆ ਹੈ। ਮਾਲਵੇ ਦੀ ਲੋਕਧਾਰਾ ਵਿਚ ਇਹਦੇ ਬਾਬਤ ਬੇਸ਼ੁਮਾਰ ਹਵਾਲੇ ਹਨ। ਚਮਕੌਰ ਸਾਹਿਬ, ਬਹਿਲੋਲਪੁਰ, ਮਾਛੀਵਾੜਾ, ਕੂਮ ਕਲਾਂ, ਲੁਧਿਆਣਾ, ਸੰਘੋਲ, ਲੁਠੇੜੀ, ਸਰਹਿੰਦ, ਨਾਭਾ, ਖੰਨਾ, ਮਾਲੇਰਕੋਟਲਾ, ਪਾਇਲ, ਹਠੂਰ, ਬਰਨਾਲਾ, ਠੀਕਰੀਵਾਲਾ, ਮੰਡੀ ਕਲਾਂ, ਲੋਹਟਬੱਧੀ, ਲਿੱਛਾਬੱਦੀ, ਸੁਨਾਮ, ਪਟਿਆਲਾ, ਸ਼ਤਰਾਣਾ, ਮੂਨਕ, ਸਿਰਸਾ, ਭਟਨੇਰ (ਹਨੂੰਮਾਨਗੜ੍ਹ), ਗੰਗਾਨਗਰ, ਪਦਮਪੁਰ, ਡੱਬਵਾਲੀ, ਬਠਿੰਡਾ, ਮਲੋਟ, ਫਰੀਦਕੋਟ, ਮੁਕਤਸਰ, ਫ਼ਿਰੋਜ਼ਪੁਰ, ਅਬੋਹਰ, ਧਰਮਕੋਟ, ਜ਼ੀਰਾ, ਮੁੱਦਕੀ ਅਤੇ ਹੋਰ ਥਾਂਵਾਂ ਦੇ ਨਾਮ ਗਿਣਾਏ ਜਾ ਸਕਦੇ ਹਨ। ਕਿਹਾ ਜਾਂਦਾ ਹੈ ਕਿ ਮਾਲਵੇ ਦਾ ਸਾਰਾ ਖਿੱਤਾ ਸਤਲੁਜ ਅਤੇ ਇਹਦੇ ਵਹਿਣਾਂ ਨਾਲ ਸਿੰਜਿਆ ਜਾਂਦਾ ਸੀ। ਲੋਕ-ਰਵਾਇਤਾਂ ਮਾਲਵੇ ਨੂੰ ਸੌ ਧਾਰਾਵਾਂ ਦੀ ਧਰਤੀ ਹੋਣ ਦਾ ਮਾਣ ਦਿੰਦੀਆਂ ਹਨ। ਮਾਲਵੇ ਦੀ ਧਰਤੀ ਉੱਤੇ ਸਤਲੁਜ ਅਤੇ ਇਹਦੇ ਵਹਿਣਾਂ ਦਾ ਜਾਲ ਵਿਛਿਆ ਹੋਇਆ ਸੀ। ਇਸ ਧਾਰਨਾ ਨੂੰ ਸਤਲੁਜ ਦੇ ਪੁਰਾਣੇ ਨਾਮ 'ਸ਼ਤਦ੍ਰੂ ਜਾਂ ਸ਼ਤਦ੍ਰੁਰੀ' ਨਾਲ ਜੋੜਿਆ ਜਾਂਦਾ ਹੈ। ਸ਼ਤਦ੍ਰੂ ਦਾ ਅਰਥ ਹੈ, 'ਸੌ ਵਹਿਣਾਂ ਜਾਂ ਧਾਰਾਵਾਂ ਵਿਚ ਵਗਣ ਵਾਲਾ'।

ਮੈਦਾਨ ਵਿਚ ਦਾਖ਼ਿਲ ਹੁੰਦੇ ਸਾਰ ਸਤਲੁਜ ਬੇਸ਼ੁਮਾਰ ਵਹਿਣਾਂ, ਬਰਸਾਤੀ ਅਤੇ ਕੱਚੀਆਂ ਨਹਿਰਾਂ ਵਿਚ ਵੰਡਿਆਂ ਜਾਂਦਾ ਸੀ। ਇਹ ਵਹਿਣ ਦਰਿਆ ਨੇੜਲੇ ਖਿੱਤੇ ਨੂੰ ਸਿੰਜਣ ਦੇ ਕੰਮ ਆਉਂਦੇ ਸਨ। 1832-33 ਵਿਚ ਸਤਲੁਜ ਦੀ ਜਲ-ਯਾਤਰਾ ਕਰਨ ਵਾਲੇ ਮੈਕੇਸਨ ਨੇ ਅਜਿਹੇ ਵਹਿਣਾਂ ਦੀ ਤਫ਼ਸੀਲ ਦਿੱਤੀ ਹੈ, "ਪਾਕਪਟਨ (ਲਹਿੰਦੇ ਪੰਜਾਬ ਵਿਚ ਸਤਲੁਜ ਦੇ ਉੱਤਰ ਵਿਚ ਕਸਬਾ) ਤੋਂ ਹੇਠਾਂ ਵੱਲ ਜਾਂਦਿਆ ਸਤਲੁਜ ਦੇ ਕੋਲ ਕੁਦਰਤੀ ਨਹਿਰਾਂ ਅਤੇ ਵਹਿਣਾਂ ਦੀ ਗਿਣਤੀ ਵਧਦੀ ਜਾਂਦੀ ਹੈ। ਇਹ ਦਸ ਤੋਂ ਵੀਹ ਗਜ ਚੌੜੀਆਂ ਹੁੰਦੀਆਂ ਹਨ ਜੋ ਮਈ ਤੋਂ ਸਤੰਬਰ ਵਿਚਕਾਰ ਪਾਣੀ ਨਾਲ ਭਰੀਆਂ ਰਹਿੰਦੀਆਂ ਹਨ ਅਤੇ ਆਲੇ ਦੁਆਲੇ ਦੇ ਇਲਾਕੇ ਦੀ ਸਿੰਜਾਈ ਕਰਦੀਆਂ ਹਨ। ਕਈ ਥਾਵਾਂ ਉੱਤੇ ਦਰਿਆ ਦੇ ਕੰਢਿਆਂ ਤੋਂ ਤੀਹ ਮੀਲ ਦੂਰ ਤੱਕ ਸਿੰਜਾਈ ਹੁੰਦੀ ਹੈ। ਮੁੱਖ ਵਹਿਣਾਂ ਤੋਂ ਛੋਟੀਆਂ ਛੋਟੀਆਂ ਨਹਿਰਾਂ ਨਿਕਲਦੀਆਂ ਹਨ ਅਤੇ ਸਾਰਾ ਮੁਲਕ ਇਨ੍ਹਾਂ ਨਾਲ ਢਕਿਆ ਹੋਇਆ ਹੈ। ਮਈ ਤੋਂ ਸਤੰਬਰ ਵਿਚ ਇਨ੍ਹਾਂ ਇਲਾਕਿਆਂ ਦੀ ਸੈਰ ਔਖੀ ਸੀ।"

'ਸੈਰਿ-ਪੰਜਾਬ' ਕਿਤਾਬ ਦਾ ਕਰਤਾ ਸਤਲੁਜ ਵਿਚੋਂ ਨਿਕਲਣ ਵਾਲੇ ਕਈ ਵਹਿਣਾਂ ਦੇ ਨਾਮ ਦਰਜ ਕਰਦਾ ਹੈ ਜਿਨ੍ਹਾਂ ਨੂੰ ਨਹਿਰਾਂ ਦੇ ਰੂਪ ਵਿਚ ਵਰਤਿਆ ਗਿਆ। ਇਨ੍ਹਾਂ ਵਿਚ ਘਾਰਾ ਜਾਂ ਹਾਲਾ ਵਾਹ, ਖਾਨ ਵਾਹ (ਅਕਬਰ ਦੇ ਸਮੇਂ), ਸੁਹਾਗ ਨਵਾਂ, ਸੁਹਾਗ ਪੁਰਾਣਾ, ਬੋਧ ਨਾਲਾ ਅਤੇ ਹੋਰ ਕਈ ਸਨ। ਇਨ੍ਹਾਂ ਵਹਿਣਾਂ ਨਾਲ ਜ਼ਿਕਰਗੋਚਰਾ ਰਕਬਾ ਸਿੰਜਿਆਂ ਜਾਂਦਾ ਸੀ। ਰੋਪੜ ਤੋਂ ਵਾਇਆ ਫ਼ਿਰੋਜ਼ਪੁਰ ਅਤੇ ਸਿੰਧ ਵਿਚ 'ਉੱਚ' (ਜਿੱਥੇ ਸਤਲੁਜ ਬਾਕੀ ਚਾਰ ਦਰਿਆਵਾਂ ਨਾਲ ਮਿਲਦਾ ਹੈ) ਦੇ ਵਿਚਕਾਰ ਅਜਿਹੇ ਬੇਸ਼ੁਮਾਰ ਵਹਿਣ ਸਤਲੁਜ ਵਿਚੋਂ ਨਿਕਲਦੇ ਅਤੇ ਇਹਦੇ ਵਿਚ ਪੈਂਦੇ ਸਨ।

ਇਤਿਹਾਸ ਅਤੇ ਲੋਕ-ਧਾਰਾ ਵਿਚ ਸਤਲੁਜ ਨੂੰ ਸਭ ਤੋਂ ਵੱਧ ਵਹਿਣ ਬਦਲਣ ਵਾਲੇ ਦਰਿਆ ਵਜੋਂ ਪੇਸ਼ ਕੀਤਾ ਗਿਆ ਹੈ। ਸਤਲੁਜ ਦੇ ਵਹਿਣ ਅਤੀਤ ਵਿਚ ਵੱਖਰੀਆਂ ਵੱਖਰੀਆਂ ਥਾਂਵਾਂ ਵਿਚ ਸਰਗਰਮ ਰਹੇ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ ਪਰ ਨਵੀ ਵਿਗਿਆਨਕ ਖੋਜ ਵੱਖਰੀ ਕਹਾਣੀ ਪੇਸ਼ ਕਰਦੀ ਹੈ। ਆਈ.ਆਈ.ਟੀ. ਕਾਨਪੁਰ, ਇੰਪੀਰੀਅਲ ਕਾਲਜ ਲੰਡਨ, ਟੈਕਨੀਕਲ ਯੂਨੀਵਰਸਿਟੀ ਡੈਨਮਾਰਕ ਅਤੇ ਹੋਰ ਕਈ ਆਲਮੀ ਸੰਸਥਾਵਾਂ ਦੀ ਸਾਂਝੀ ਖੋਜ ਦਾਅਵਾ ਕਰਦੀ ਹੈ ਕਿ ਸਤਲੁਜ ਤਕਰੀਬਨ ਅੱਠ ਹਜ਼ਾਰ ਸਾਲ ਪਹਿਲਾਂ ਆਪਣੇ ਮੌਜੂਦਾ ਵਹਿਣ ਦੇ ਨੇੜੇ ਪਹੁੰਚ ਚੁੱਕਿਆ ਸੀ। ਇਹ ਤੋਂ ਪਹਿਲਾਂ ਸਤਲੁਜ ਰੋਪੜ ਤੋਂ ਦੱਖਣ-ਪੂਰਬ ਵੱਲ ਵਗਦਾ ਸੀ। ਇਹਦਾ ਵਹਿਣ ਰੋਪੜ ਤੋਂ ਚਮਕੌਰ ਸਾਹਿਬ-ਲੁਠੇੜੀ-ਸੰਘੋਲ-ਸਰਹਿੰਦ ਤੋਂ ਪਟਿਆਲੇ ਵੱਲ ਸੀ। ਘੱਗਰ ਅਤੇ ਹੋਰ ਸਹਾਇਕ ਨਦੀਆਂ ਸਤਲੁਜ ਵਿਚ ਮਿਲਦੀਆਂ ਸਨ। ਘੱਗਰ-ਹਾਕੜਾ ਵਹਿਣ ਸਤਲੁਜ ਦਾ ਪੁਰਾਣਾ ਵਹਿਣ ਸੀ। ਸਤਲੁਜ ਪੱਛਮ ਵੱਲ ਵਹਿਣ ਬਦਲ ਗਿਆ ਅਤੇ ਮਾਲਵੇ ਵਿਚ ਟਿੱਬਿਆਂ ਦਾ ਸਾਗਰ, ਜ਼ਮੀਨਦੋਜ਼ ਪਾਣੀ, ਛੋਟੀਆਂ ਨਦੀਆਂ ਅਤੇ ਜਰਖ਼ੇਜ਼ ਧਰਤੀ ਛੱਡਦਾ ਗਿਆ। ਇਸੇ ਕਰਕੇ ਮਾਲਵੇ ਦੇ ਹਰ ਪਿੰਡ-ਸ਼ਹਿਰ ਦਾ ਬੰਦਾ ਇਹ ਕਹਿੰਦਾ ਮਿਲ ਸਕਦਾ ਹੈ ਕਿ ਸਤਲੁਜ ਸਾਡੇ ਪਿੰਡ-ਸ਼ਹਿਰ ਕੋਲੋਂ ਵਗਦਾ ਸੀ।

ਇਹ ਖੋਜ ਹਮੇਸ਼ਾ ਮੇਰੀ ਜਗਿਆਸਾ ਦਾ ਸਬੱਬ ਰਹੀ ਹੈ ਕਿ ਕੀ ਸਤਲੁਜ ਸੱਚਮੁੱਚ ਮਾਲਵੇ ਦੀਆਂ ਵੱਖਰੀਆਂ-ਵੱਖਰੀਆਂ ਥਾਵਾਂ ਵਿਚ ਵਗਦਾ ਰਿਹਾ ਹੈ? ਲੋਕ-ਰਵਾਇਤਾਂ, ਇਤਿਹਾਸ ਅਤੇ ਵਿਗਿਆਨਕ ਖੋਜਾਂ ਇਹਦੇ ਬਾਰੇ ਕੀ ਕਹਿੰਦੀਆਂ ਹਨ? ਕੀ ਇਹਦੇ ਵਹਿਣਾਂ ਦੀਆਂ ਨਿਸ਼ਾਨੀਆਂ ਬਚੀਆਂ ਹੋਈਆਂ ਹਨ ਜਾਂ ਇਹ ਸੱਚਮੁੱਚ ਉਹਦੀਆਂ ਨਿਸ਼ਾਨੀਆਂ ਹਨ ਜਾਂ ਇਹ ਸਤਲੁਜ ਵੱਚੋਂ ਆਉਂਦੇ ਵਹਿਣਾਂ ਦਾ ਕੋਈ ਰੂਪ ਹੋਣ ਦਾ ਦਾਅਵਾ ਕਰ ਸਕਦੀਆਂ ਹਨ?


ਇਸ ਸਵਾਲ ਦਾ ਜਵਾਬ ਲੱਭਣ ਲਈ ਅਸੀਂ ਖਿੱਤੇ ਦੀਆਂ ਲੋਕ ਰਵਾਇਤਾਂ, ਸਾਹਿਤ, ਇਤਿਹਾਸ, ਉਨੀਵੀਂ-ਵੀਹਵੀਂ ਸਦੀ ਦੇ ਬਰਤਾਨਵੀ ਖੋਜੀਆਂ ਦੀਆਂ ਲਿਖਤਾਂ, ਥੇਹਖੋਜ (ਆਰਕੀਓਲੌਜੀ), ਰਿਮੋਟ ਸੈਂਸਿੰਗ ਕੇਂਦਰ ਦੀਆਂ ਖੋਜਾਂ ਅਤੇ ਸੈਟੇਲਾਇਟ ਰਾਹੀਂ ਖਿੱਚੇ ਕਦੀਮੀ ਵਹਿਣਾਂ ਦੇ ਨਕਸ਼ਿਆਂ ਤੱਕ ਬਹੁੜੀ ਕਰਦੇ ਹਾਂ। ਉੱਚ (ਮੌਜੂਦਾ ਪਾਕਿਸਤਾਨ) ਤੋਂ ਅੰਬਾਲੇ ਵਿਚਕਾਰ ਸਤਲੁਜ ਦੇ ਬੇਸ਼ੁਮਾਰ ਕਦੀਮੀ ਵਹਿਣ (ਪੈਲੀਓਚੈਨਲਜ਼) ਦਰਜ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ ਜੋ ਸਤਲੁਜ ਅਤੇ ਇਹਦੇ ਵਹਿਣਾਂ ਦੀ 'ਚਾਲ-ਬਦਲੀ' ਬਾਬਤ ਜਾਣਕਾਰੀ ਦਿੰਦੇ ਦੱਸੇ ਗਏ ਹਨ। ਪੁਰਾਣੇ ਅਤੇ ਸੁੱਕੇ ਵਹਿਣ ਨੂੰ ਅੰਗਰੇਜ਼ੀ ਵਿਚ ਪੈਲੀਓਚੈਨਲ ਕਹਿੰਦੇ ਹਨ। ਪਾਣੀ ਵਸੀਲਿਆਂ ਦੇ ਮਹਿਕਮੇ ਦੀ ਰਪਟ (2016) ਵਿਚ ਕਦੀਮੀ ਵਹਿਣਾਂ (ਪੈਲੀਓਚੈਨਲਜ਼) ਦੀ ਧਾਰਨਾ ਇਉਂ ਸਪੱਸ਼ਟ ਕੀਤੀ ਗਈ ਹੈ, "ਇਹ ਦਰਿਆ ਜਾਂ ਕਿਸੇ ਵਹਿਣ ਦੇ ਸੁੱਕ ਚੁੱਕੇ ਪੁਰਾਣੇ ਵਹਿਣ ਦੀ ਬਚੀ ਖੁਚੀ ਨਿਸ਼ਾਨੀ ਹੈ ਜੋ ਹੁਣ ਗਾਇਬ ਹੋ ਚੁੱਕਿਆ ਹੈ ਜਾਂ ਗਾਦ ਦੇ ਰੂਪ ਵਿਚ ਮੌਜੂਦ ਹੈ। ਪੈਲੀਓਚੈਨਲ ਅਣਮੇਲ ਦਰਿਆਵਾਂ ਜਾਂ ਵਹਿਣਾਂ ਦਾ ਹਿੱਸਾ ਹੁੰਦੇ ਹਨ ਜੋ ਦਰਿਆਵਾਂ ਦੇ ਵਹਿਣ ਬਦਲਣ ਕਰਕੇ ਜਾਂ ਨਵੇਂ ਵਹਿਣ ਬਣਾ ਲੈਣ ਕਰਕੇ ਢਾਹੇ ਦਾ ਰੂਪ ਧਾਰ ਲੈਂਦੇ ਹਨ। ਇਹ ਉਹ ਧਾਰਾ ਹੈ ਜੋ ਮੌਜੂਦਾ ਸਮੇਂ ਵਿਚ ਸਰਗਰਮ ਦਰਿਆਈ ਪਰਿਵਾਰ ਦਾ ਹਿੱਸਾ ਨਾ ਹੋਵੇ ਅਤੇ ਨਾਲੇ ਦਾ ਰੂਪ ਧਾਰ ਚੁੱਕੀ ਹੋਵੇ। ਸਰਗਰਮ ਦਰਿਆਈ ਵਹਿਣ ਤੋਂ ਵੱਖ ਹੋਣ ਦੇ ਬਾਵਜੂਦ ਹੜ੍ਹ ਦੀ ਮਾਰ ਹੇਠ ਆਉਂਦੀ ਹੋਵੇ। ਇਹ ਤੱਤ ਇਹਨੂੰ ਸਰਗਰਮ ਦਰਿਆ ਦੇ ਟੱਬਰ ਦਾ ਹਿੱਸਾ ਬਣਾਉਂਦੇ ਹਨ।"

ਪੰਜਾਬ ਵਿਚ ਬਹੁਤੇ ਕਦੀਮੀ ਵਹਿਣ ਹੁਣ ਨਹੀਂ ਬਚੇ ਹਨ ਕਿਉਂਕਿ ਇਹ ਨਹਿਰੀ ਢਾਂਚੇ ਵਿਚ ਤਬਦੀਲ ਹੋ ਚੁੱਕੇ ਹਨ। ਐਚਜੀ ਰੈਵਰਟੀ ਨੇ 1892 ਵਿਚ ਭਵਿੱਖਬਾਣੀ ਕੀਤੀ ਸੀ, "ਸਤਲੁਜ ਜਾਂ ਹਾਕੜਾ ਦੇ ਵਹਿਣ ਜੋ ਨਹਿਰਾਂ ਵਿਚ ਬਦਲ ਦਿੱਤੇ ਹਨ। ਛੇਤੀ ਹੀ ਸਾਰੇ ਪੁਰਾਣੇ ਵਹਿਣਾਂ ਦੀਆਂ ਨਿਸ਼ਾਨੀਆਂ ਖਤਮ ਹੋ ਜਾਣਗੀਆਂ। ਸਤਲੁਜ ਵਿਚੋਂ ਨਿਕਲੀਆਂ ਨਹਿਰਾਂ ਇਹਦੇ ਵਹਿਣਾਂ ਵਿਚ ਜਾਂ ਉਨ੍ਹਾਂ ਦੇ ਨੇੜੇ ਤੇੜੇ ਵਗਣਗੀਆਂ ਜੋ ਸਤਲੁਜ ਦੇ ਪੁਰਾਣੇ ਵਹਿਣਾਂ ਦੀਆਂ ਨਿਸ਼ਾਨੀਆਂ ਨੂੰ ਖਤਮ ਕਰ ਦੇਣਗੀਆਂ।"

ਹੋਰ ਮੱਤ ਹੈ ਕਿ ਸਮਰਾਲਾ-ਬਠਿੰਡਾ ਢਾਹਾ (ਰਿੱਜ) ਦੇ ਉੱਪਰ ਉੱਠਣ ਨਾਲ ਕਈ ਵਹਿਣ ਖਤਮ ਹੋਏ ਹਨ। ਸੜਕਾਂ, ਰੇਲ-ਪੱਟੜੀਆਂ ਉੱਚੀਆਂ ਹੋਣਾ, ਪੁਰਾਣੇ ਵਹਿਣਾਂ ਉੱਤੇ ਨਹਿਰਾਂ, ਸੇਮ ਨਾਲੇ ਅਤੇ ਸੂਏ-ਕੱਸੀਆਂ ਬਣਨ ਕਰਕੇ ਪੁਰਾਣੇ ਵਹਿਣਾਂ ਦੀ ਨਿਸ਼ਾਨਦੇਹੀ ਔਖੀ ਹੋ ਗਈ ਹੈ ਪਰ ਕੁਝ ਵਹਿਣ ਅਜੇ ਬਾਕੀ ਹਨ। ਘੱਗਰ ਤੋਂ ਸਤਲੁਜ ਦੇ ਵਿਚਕਾਰਲੇ ਖਿੱਤੇ ਵਿਚ ਕਈ ਪੁਰਾਣੇ ਵਹਿਣ ਮਿਲਦੇ ਹਨ ਜਿਨ੍ਹਾਂ ਨੂੰ ਖੋਜੀ ਸਤਲੁਜ ਦੇ ਪੁਰਾਣੇ ਵਹਿਣਾਂ ਦੀ ਨਿਸ਼ਾਨੀ ਵਜੋਂ ਤਸਦੀਕ ਕਰਨ ਦਾ ਦਾਅਵਾ ਕਰਦੇ ਹਨ। ਇਨ੍ਹਾਂ ਵਹਿਣਾਂ ਵਿਚ ਪੁਰਾਣਾ ਦਰਿਆ ਜਾਂ ਘੱਗਰ ਨਦੀ, ਪਟਿਆਲਾ ਕੀ ਰੌ ਜਾਂ ਪਟਿਆਲਵੀ ਨਦੀ, ਚੋਆ ਨਦੀ ਉਰਫ਼ ਝੰਬੋਵਾਲੀ ਚੋਅ, ਸਰਹਿੰਦ ਚੋਅ ਜਾਂ ਸੁਨਾਮ ਵਾਲਾ ਚੋਅ, ਬੁੱਢਾ ਦਰਿਆ, ਲਸਾੜਾ ਚੋਅ, ਸਰਹਿੰਦ ਨਹਿਰ, ਮੋਗਾ ਨਾਲਾ ਅਤੇ ਸੁੱਕਰ ਜਾਂ ਸੁੱਖਰ ਨਾਲਾ ਨੂੰ ਪਛਾਣਿਆ ਜਾ ਸਕਦਾ ਹੈ।

ਚੋਆ ਨਦੀ ਝੰਬੋਵਾਲੀ ਚੋਅ ਦੀ ਲਗਾਤਾਰਤਾ ਹੈ। ਇਸ ਤੋਂ ਬਿਨ੍ਹਾਂ ਮਾਲਵੇ ਵਿਚ ਅਜੇ ਵੀ ਕੁਝ ਡਰੇਨਾਂ ਜਾਂ ਸੇਮ ਨਾਲੇ ਮੌਜੂਦ ਹਨ ਜੋ ਰਿਮੋਟ ਸੈਂਸਿੰਗ ਦੇ ਖੋਜੀਆਂ ਦੀ ਨਜ਼ਰ ਵਿਚ ਪੁਰਾਣੇ ਵਹਿਣਾਂ ਦੀਆਂ 'ਨਿਸ਼ਾਨੀਆਂ' ਹਨ। ਮਿਸਾਲ ਦੇ ਤੌਰ ਉੱਤੇ, ਚੋਆ ਨਦੀ ਜਾਂ ਪੁਰਾਣਾ ਦਰਿਆ, ਪਟਿਆਲਵੀ ਨਦੀ ਅਤੇ ਘੱਗਰ ਦਰਿਆ ਨੂੰ ਸਤਲੁਜ ਦੇ ਸਭ ਤੋਂ ਪੁਰਾਣੇ ਵਹਿਣ ਰੋਪੜ-ਚਮਕੌਰ-ਲੁਠੇੜੀ-ਸਰਹਿੰਦ-ਪਟਿਆਲਾ-ਸ਼ਤਰਾਣਾ ਦੀ ਨਿਸ਼ਾਨੀ ਵਜੋਂ ਪੇਸ਼ ਕੀਤਾ ਜਾਂਦਾ ਹੈ। ਝੰਬੋਵਾਲੀ ਚੋਅ ਨੂੰ 'ਪੁਰਾਣਾ ਦਰਿਆ' ਨਾਮ ਦੇ ਵਹਿਣ ਦੀ ਨਿਸ਼ਾਨੀ ਕਿਹਾ ਗਿਆ ਹੈ ਜੋ ਰੋਪੜ-ਸਰਹਿੰਦ-ਚਨਾਰਥਲ ਵਲੋਂ ਆਉਂਦਾ ਮੂਨਕ ਨੇੜੇ ਘੱਗਰ ਦਰਿਆ ਦੀ ਲਗਾਤਾਰਤਾ ਵਿਚ ਸੀ। ਸਰਹਿੰਦ ਚੋਅ ਨੂੰ ਰੋਪੜ-ਸਰਹਿੰਦ-ਨਾਭਾ-ਛੀਂਟਾਂਵਾਲਾ-ਘਾਬਦਾ-ਸੁਨਾਮ-ਭੀਖੀ ਵਹਿਣ ਦੀ ਬਚੀ ਖੁਚੀ ਨਿਸ਼ਾਨੀ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਹ ਵਹਿਣ ਨੂੰ ਫ਼ਿਰੋਜ਼ ਤੁਗਲਕ ਅਤੇ ਸਰਹਿੰਦ ਦੇ ਸੂਬੇਦਾਰ ਮਿਰਜ਼ਾ ਕੰਦੀ ਨੇ ਨਹਿਰ ਦਾ ਰੂਪ ਦਿੱਤਾ ਸੀ। ਲਸਾੜਾ ਚੋਅ ਨੂੰ ਚਮਕੌਰ ਸਾਹਿਬ-ਖੰਨਾ-ਬਰਨਾਲਾ-ਬਠਿੰਡਾ-ਡੱਬਵਾਲੀ ਵਹਿਣ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਲੋਹਟਬੱਧੀ-ਕਲਸੀਆਂ-ਜਲਾਲਦੀਵਾਲ-ਭਾਗੀਕੇ-ਕਿਸ਼ਨਗੜ੍ਹ ਪੱਖਰਵੱਡ ਕੋਲੋਂ ਜਾਂਦੇ ਨਾਲੇ ਨੂੰ ਰਾਇਕੋਟ-ਕਿਸ਼ਨਗੜ੍ਹ-ਅਬੋਹਰ ਵਹਿਣ ਅਤੇ ਰੋਪੜ-ਦੋਰਾਹਾ-ਛਪਾਰ-ਅਹਿਮਦਗੜ੍ਹ-ਲੋਹਟਬੱਧੀ-ਕਲਸੀਆਂ-ਜਲਾਲਦੀਵਾਲ-ਬਠਿੰਡਾ-ਅਬੋਹਰ ਵਹਿਣ ਦੀ ਨਿਸ਼ਾਨੀ ਵਜੋਂ ਪੇਸ਼ ਕੀਤਾ ਜਾਂਦਾ ਹੈ। ਚਮਕੌਰ ਸਾਹਿਬ-ਬੇਲੇ ਕੋਲੋਂ ਨਿਕਲਦਾ ਬੁੱਢਾ ਦਰਿਆ (ਜੋ ਭੂੰਦੜੀ-ਵਲੀਪੁਰ ਕੋਲ ਸਤਲੁਜ ਵਿਚ ਦੁਬਾਰਾ ਮਿਲ ਜਾਂਦਾ ਹੈ) ਸਤਲੁਜ ਦੇ ਪੁਰਾਣੇ ਵਹਿਣ ਰੋਪੜ-ਚਮਕੌਰ-ਮਾਛੀਵਾੜਾ-ਬਹਿਲੋਲਪੁਰ-ਲੁਧਿਆਣਾ-ਧਰਮਕੋਟ-ਫਰੀਦਕੋਟ ਦੀ ਨਿਸ਼ਾਨੀ ਵਜੋਂ ਲਿਖਤਾਂ ਵਿਚ ਦਰਜ ਹੈ। ਡਗਰੂ-ਮੁੱਦਕੀ ਤੋਂ ਫਰੀਦਕੋਟ ਅਤੇ ਵੱਟੂ ਵੱਲ ਜਾਂਦਾ ਨਾਲਾ ਸਤਲੁਜ ਦੇ ਧਰਮਕੋਟ-ਮੁੱਦਕੀ-ਫਰੀਦਕੋਟ-ਭਾਂਗੇਵਾਲਾ ਵਹਿਣ ਦੀ ਨਿਸ਼ਾਨੀ ਵਜੋਂ ਅਤੇ ਰੱਤੇਵਾਲੇ ਕੋਲ ਵਹਿੰਦਾ ਨਾਲਾ ਜ਼ੀਰਾ-ਗੋਲੇਵਾਲਾ-ਰੱਤੇਵਾਲਾ

***(ਬਾਕੀ ਅਗਲੇ ਸਫੇ 'ਤੇ)***



***ਸਤਲੁਜ, ਬਿਆਸ, ਰਾਵੀ ਅਤੇ ਚਨਾਬ ਦਾ ਵਹਿਣ ਦਰਸਾ ਰਿਹਾ ਚਿੱਤਰ ਅਤੇ (ਸੱਜੇ) 1874 ਵਿਚ ਸੀ. ਐਫ. ਉਲਡਮ ਦਾ ਬਣਾਇਆ ਨਕਸ਼ਾ।***

# ਪੈਨਸ਼ਨ ਸੁਧਾਰਾਂ ਖਿਲਾਫ ਕਿਰਤੀਆਂ ਨੇ ਫਰਾਂਸ ਹਿਲਾਇਆ






*ਫਰਾਂਸ ਵਿਚ ਪੈਨਸ਼ਨ ਸੁਧਾਰਾਂ ਖਿਲਾਫ ਸੜਕਾਂ ਉਤੇ ਨਿੱਕਲੇ ਕਿਰਤੀ।*

19 ਦਸੰਬਰ ਨੂੰ ਫਰਾਂਸ ਵਿਚ ਮੈਕਰੌਨ ਸਰਕਾਰ ਦੇ ਪੈਨਸ਼ਨ 'ਸੁਧਾਰਾਂ' ਜਿਸ ਤਹਿਤ ਸੇਵਾਮੁਕਤੀ ਦੀ ਉਮਰ 62 ਤੋਂ 64 ਸਾਲ ਕੀਤੀ ਗਈ ਹੈ, ਖ਼ਿਲਾਫ਼ ਫਰਾਂਸੀਸੀ ਕਾਮਿਆਂ ਨੇ ਹੜਤਾਲ ਕੀਤੀ ਜਿਸ ਵਿਚ ਪੂਰੇ ਮੁਲਕ ਦੇ 200 ਤੋਂ ਵੱਧ ਸ਼ਹਿਰਾਂ ਦੇ 20 ਲੱਖ ਤੋਂ ਵੱਧ ਕਾਮਿਆਂ ਨੇ ਹਿੱਸਾ ਲਿਆ।

ਪੈਨਸ਼ਨ 'ਸੁਧਾਰ' ਸ਼ੁਰੂ ਤੋਂ ਹੀ ਫਰਾਂਸ ਵਿਚ ਗੰਭੀਰ ਮਸਲਾ ਰਿਹਾ ਹੈ। ਫਰਾਂਸੀਸੀ ਸ਼ੁਰੂ ਤੋਂ ਹੀ ਹੱਕਾਂ ਲਈ ਲੜਨ ਦੇ ਆਦੀ ਹਨ। ਫਰਾਂਸ ਦੇ

**ਪੁਸ਼ਪਿੰਦਰ**
**ਫੋਨ: +91-95305-33274**

ਕਿਰਤੀਆਂ ਨੇ ਸਦਰ ਮਿਟਰੈਂਡ ਦੇ ਕਾਰਜਕਾਲ ਵਿਚ ਸੰਘਰਸ਼ਾਂ ਦੇ ਦਮ 'ਤੇ 1982 ਵਿਚ ਸੇਵਾਮੁਕਤੀ ਦੀ ਉਮਰ 65 ਤੋਂ ਘਟਾ ਕੇ 60 ਕਰਵਾ ਲਈ ਸੀ। ਉਸ ਤੋਂ ਬਾਅਦ ਪਹਿਲੀ ਵਾਰ 1995 ਵਿਚ ਸਦਰ ਜੈਕ ਸ਼ਿਰਾਕ ਨੇ ਪੈਨਸ਼ਨ 'ਸੁਧਾਰ' ਕੀਤੇ ਜਿਸ ਦਾ ਫਰਾਂਸ ਵਿਚ ਜ਼ੋਰਦਾਰ ਵਿਰੋਧ ਹੋਇਆ ਅਤੇ ਫਰਾਂਸੀਸੀ ਕਾਮਿਆਂ ਨੇ ਵੱਡੀਆਂ ਹੜਤਾਲਾਂ ਕੀਤੀਆਂ ਅਤੇ ਸਰਕਾਰ ਨੂੰ ਪਿੱਛੇ ਹਟਣ ਲਈ ਮਜਬੂਰ ਕੀਤਾ।

ਇਸ ਤੋਂ ਬਾਅਦ ਅਮਰੀਕਾ ਤੋਂ ਸ਼ੁਰੂ ਹੋਈ 2008 ਦੇ ਆਰਥਿਕ ਸੰਕਟ ਨੇ ਹੌਲੀ ਹੌਲੀ ਪੂਰੇ ਯੂਰਪ ਨੂੰ ਜਕੜ ਲਿਆ। ਸਰਮਾਏਦਾਰਾ ਆਰਥਿਕ ਸੰਕਟ ਦਾ ਬੋਝ ਹਕੂਮਤਾਂ ਨੇ ਲੋਕਾਂ ਸਿਰ ਭੰਨਿਆ। ਉਦੋਂ ਯੂਰਪ ਦੇ ਕਈ ਦੇਸ਼ਾਂ ਨੇ ਲੋਕਾਂ ਨੂੰ ਮਿਲਣ ਵਾਲੀਆਂ ਜਨਤਕ ਸਹੂਲਤਾਂ ਉੱਪਰ ਕਟੌਤੀ ਕੀਤੀ। ਫਰਾਂਸ ਨੇ ਵੀ ਅਪਣੇ ਦੇਸ਼ ਦੇ ਸਰਮਾਏਦਾਰਾਂ ਨੂੰ ਖੁਸ਼ ਕਰਨ ਲਈ ਸਾਰਾ ਬੋਝ ਕਿਰਤੀਆਂ ਉੱਪਰ ਸੁੱਟ ਦਿੱਤਾ। ਕਈ ਜਨਤਕ ਸਹੂਲਤਾਂ ਵਿਚ ਕਟੌਤੀ ਕੀਤੀ ਗਈ ਜਿਨ੍ਹਾਂ ਵਿਚ 2010 ਵਿਚ ਉਸ ਸਮੇਂ ਦੇ ਰਾਸ਼ਟਰਪਤੀ ਨਿਕੋਲਸ ਸਾਰਕੋਜੀ ਦੁਆਰਾ ਕੀਤੇ ਗਏ ਪੈਨਸ਼ਨ 'ਸੁਧਾਰ' ਮੁੱਖ ਸਨ ਜਿਹਨਾਂ ਤਹਿਤ ਸੇਵਾਮੁਕਤੀ ਦੀ ਉਮਰ 60 ਤੋਂ 62 ਸਾਲ ਕਰ ਦਿੱਤੀ ਗਈ। ਉਦੋਂ ਵੀ ਭਾਰੀ ਗਿਣਤੀ ਵਿਚ ਲੋਕ ਅੱਠ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਹੜਤਾਲ ਵਿਚ ਸ਼ਾਮਲ ਹੋਏ ਸਨ। ਇਸ ਦੌਰਾਨ ਪੁਲੀਸ ਨਾਲ ਝੜਪਾਂ ਹੋਈਆਂ, ਗ੍ਰਿਫਤਾਰੀਆਂ ਕੀਤੀਆਂ ਗਈਆਂ ਅਤੇ ਲੋਕਾਂ ਉੱਤੇ ਜਬਰਨ ਪੈਨਸ਼ਨ 'ਸੁਧਾਰ' ਮੜ੍ਹ ਦਿੱਤੇ ਗਏ। 2019 ਦੇ ਦਸੰਬਰ ਵਿਚ ਵੀ ਸਦਰ ਮੈਕਰੌਨ ਨੇ ਸੇਵਾਮੁਕਤੀ ਦੀ ਉਮਰ 62 ਤੋਂ 64 ਸਾਲ ਕਰਨ ਦੀ ਵਕਾਲਤ ਕੀਤੀ ਪਰ ਲੱਖਾਂ ਦੀ ਗਿਣਤੀ ਵਿਚ ਸੜਕਾਂ 'ਤੇ ਉੱਤਰੇ ਲੋਕਾਂ ਦੇ ਰੂਹ ਕਾਰਨ ਇਹ ਲੋਕ ਵਿਰੋਧੀ ਪੈਨਸ਼ਨ 'ਸੁਧਾਰ' ਕੁਝ ਸਮੇਂ ਲਈ ਟਾਲ ਦਿੱਤੇ ਗਏ।

ਮੈਕਰੌਨ ਜਿਸ ਨੂੰ ਅਪਰੈਲ 2022 ਵਿਚ ਦੂਸਰੀ ਵਾਰ ਸਦਰ ਚੁਣਿਆ ਗਿਆ, ਹੁਣ ਨਵੇਂ ਸਾਲ ਦੀ ਆਮਦ ਉੱਤੇ ਇੱਕ ਵਾਰ ਫਿਰ ਪੈਨਸ਼ਨ 'ਸੁਧਾਰ' ਬਿੱਲ ਲੈ ਕੇ ਆਇਆ ਹੈ। ਇਹ ਅਖੌਤੀ ਪੈਨਸ਼ਨ ਸੁਧਾਰ ਸਤੰਬਰ 2023 ਤੋਂ ਲਾਗੂ ਹੋਣਗੇ। ਸਦਰ ਮੈਕਰੌਨ ਨੇ ਇਹਨਾਂ ਦੀ ਵਕਾਲਤ ਕਰਦੇ ਹੋਏ ਕਿਹਾ ਕਿ ਦੇਸ਼ ਹਿੱਤ ਵਿਚ ਇਹ ਅਤਿ-ਜ਼ਰੂਰੀ ਸੁਧਾਰ ਹੈ ਜਿਸ ਤਹਿਤ ਵਿੱਤੀ ਘਾਟੇ ਦੀ ਸਮੱਸਿਆ ਨਾਲ ਨਜਿੱਠਣ ਵਿਚ ਮਦਦ ਮਿਲੇਗੀ। ਯੂਰਪ ਦੇ ਹੋਰਾਂ ਮੁਲਕਾਂ ਦੀ ਤਰਜ਼ 'ਤੇ ਫਰਾਂਸ ਵਿਚ ਸੇਵਾਮੁਕਤੀ ਦੀ ਉਮਰ ਵਧਾਈ ਜਾ ਰਹੀ ਹੈ।

### ਮੈਕਰੌਨ ਸਰਕਾਰ ਦੇ ਪੈਨਸ਼ਨ 'ਸੁਧਾਰਾਂ' ਦਾ ਵਿਰੋਧ ਕਿਉਂ?

ਅਖੌਤੀ ਪੈਨਸ਼ਨ ਸੁਧਾਰ ਅਸਲ ਵਿਚ ਮਰਦੇ ਦਮ ਤੱਕ ਫਰਾਂਸੀਸੀ ਕਾਮਿਆਂ ਤੋਂ ਕੰਮ ਕਰਵਾਉਂਦੇ ਰਹਿਣ ਦੇ ਫਰਮਾਨ ਹਨ ਪਰ ਫਰਾਂਸ ਦੇ ਕਾਮੇ ਇਸ ਨੂੰ ਮਨਜ਼ੂਰ ਨਹੀਂ ਕਰਦੇ। ਪਹਿਲਾਂ ਹੀ ਫਰਾਂਸ ਵਿਚ ਭੋਜਨ ਅਤੇ ਊਰਜਾ ਦੀਆਂ ਵਧੀਆਂ ਕੀਮਤਾਂ ਨੇ ਲੋਕਾਂ ਦਾ ਲੱਕ ਤੋੜ ਸੁੱਟਿਆ ਹੈ। ਹੁਣ ਇਹਨਾਂ 'ਸੁਧਾਰਾਂ' ਨੇ ਕਿਰਤੀ ਲੋਕਾਂ ਦੇ ਸਿਰ ਦੂਹਰੀ ਮਾਰ ਕਰਨੀ ਹੈ। ਪਿਛਲੇ ਸਾਲ ਵੀ ਲੋਕਾਂ ਨੇ ਪੈਰਿਸ ਦੀਆਂ ਸੜਕਾਂ ਉੱਤੇ ਉੱਤਰ ਕੇ ਨਵੇਂ ਲਿਆਂਦੇ ਭੋਜਨ ਅਤੇ ਊਰਜਾ ਬਿੱਲਾਂ ਖਿਲਾਫ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ ਸੀ । ਇੱਕ ਟ੍ਰੇਡ ਯੂਨੀਅਨ ਦੇ ਮੁਖੀ ਨੇ ਕਿਹਾ ਕਿ "ਇਹ ਸੁਧਾਰ ਸਭ ਤੋਂ ਭੈੜੇ ਸਮੇਂ 'ਤੇ ਆ ਰਹੇ ਹਨ ਜਦੋਂ ਜਿਊਣ ਦੀਆਂ ਕੀਮਤਾਂ ਵਧ ਰਹੀਆਂ ਹੋਣ, ਲੋਕਾਂ ਅੰਦਰ ਪਹਿਲਾਂ ਹੀ ਨਿਰਾਸ਼ਾ ਹੋਵੇ ਅਤੇ ਲੋਕ ਕੱਖੋਂ ਹੌਲੇ ਹੋ ਚੁੱਕੇ ਹੋਣ।"

ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਆਰਥਿਕ ਮੰਦਹਾਲੀ ਕਾਰਨ ਫਰਾਂਸ ਵਿਚ ਕਿਰਤੀ ਲੋਕਾਂ ਨੂੰ ਆਪਣੀਆਂ ਜਿਊਣ ਹਾਲਤਾਂ ਲਈ ਭਾਰੀ ਮੁਸ਼ੱਕਤ ਕਰਨੀ ਪੈ ਰਹੀ ਹੈ। ਊਰਜਾ ਮਹਿੰਗੀ ਹੋਣ ਕਾਰਨ ਦੇਸ਼ ਦੀ ਅੱਧੀ ਆਬਾਦੀ ਦੇ ਬਜਟ ਹਿਲਦੇ ਨਜ਼ਰ ਆ ਰਹੇ ਹਨ ਤੇ ਅਜਿਹੇ ਸਮੇਂ ਲੋਕਾਂ ਨੂੰ ਆਰਥਿਕ ਸਹਾਇਤਾ ਦੀ ਥਾਂ ਇਹ ਪੈਨਸ਼ਨ 'ਸੁਧਾਰ' ਜਾਬਰ ਫਰਮਾਨ ਸੁਣਾਉਣ ਵਾਂਗ ਹਨ। ਫਰਾਂਸ ਦੇ ਇੱਕ ਹਫਤਾਵਾਰੀ ਅਖਬਾਰ ਦੇ ਸਰਵੇਖਣ ਮੁਤਾਬਕ ਫਰਾਂਸ ਦੇ ਲਗਭਗ 70 ਫੀਸਦੀ ਕਾਮੇ ਇਸ ਨਵੀਂ ਪੈਨਸ਼ਨ ਯੋਜਨਾ ਦਾ ਵਿਰੋਧ ਕਰ ਰਹੇ ਹਨ। ਇਹਨਾਂ 'ਸੁਧਾਰਾਂ' ਵਿਰੁੱਧ ਬਾਰਾਂ ਸਾਲਾਂ ਬਾਅਦ ਫਰਾਂਸ ਦੀਆਂ ਅੱਠ ਟਰੇਡ ਯੂਨੀਅਨਾਂ ਇਕੱਠੇ ਹੜਤਾਲ ਵਿਚ ਸ਼ਾਮਲ ਹੋਈਆਂ ਹਨ ਜਿਸ ਵਿਚ ਖੱਬੇ ਪੱਖੀ ਸਿਆਸੀ ਪਾਰਟੀਆਂ, ਵਾਤਾਵਰਨਵਾਦੀ, ਸਮਾਜਵਾਦੀ ਅਤੇ ਫਰਾਂਸ ਦੇ ਅਨਬੋਵੂਡ ਪਾਰਟੀ ਸ਼ਾਮਿਲ ਹੈ।

### ਫਰਾਂਸ ਭਰ ਵਿਚ ਕਿੱਥੇ ਕਿੱਥੇ ਦਿਸਿਆ ਹੜਤਾਲ ਦਾ ਅਸਰ?

ਲਗਭਗ ਹਰ ਖੇਤਰ ਵਿਚ ਹੜਤਾਲ ਦਾ ਅਸਰ ਦੇਖਣ ਨੂੰ ਮਿਲਿਆ ਹੈ। ਖਬਰਾਂ ਮੁਤਾਬਕ 20 ਲੱਖ ਤੋਂ ਵੱਧ ਕਾਮਿਆਂ ਨੇ ਸੜਕਾਂ ਉੱਤੇ ਆ ਕੇ ਹੜਤਾਲਾਂ ਵਿਚ ਹਿੱਸਾ ਲਿਆ ਅਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਪੈਨਸ਼ਨ 'ਸੁਧਾਰ' ਵਾਪਸ ਨਹੀਂ ਲੈਂਦੀ ਤਾਂ ਆਉਣ ਵਾਲੇ ਸਮੇਂ ਵਿਚ ਉਸ ਨੂੰ ਇਸ ਤੋਂ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਫਰਾਂਸ ਦੇ ਇਕੱਲੇ ਪੈਰਿਸ ਸ਼ਹਿਰ ਵਿਚ ਹੀ ਲਗਭਗ 4 ਲੱਖ ਤੋਂ ਵੱਧ ਲੋਕਾਂ ਨੇ ਵਿਰੋਧ ਮੁਜ਼ਾਹਰਾ ਕੀਤਾ। ਫਰਾਂਸ ਦੇ ਮੁੱਖ ਸ਼ਹਿਰਾਂ ਜਿਵੇਂ ਮਾਰਸੇਲੀ, ਟੂਲੂਜ, ਨੈਂਟਸ ਅਤੇ ਨਈਸ ਵਿਚ ਵੱਡੇ ਮੁਜ਼ਾਹਰੇ ਹੋਏ। ਆਈਫਲ ਟਾਵਰ ਨੂੰ ਵੀ ਵੀਰਵਾਰ ਨੂੰ ਸੈਲਾਨੀਆਂ ਲਈ ਬੰਦ ਕਰ ਦਿੱਤਾ ਗਿਆ। ਕਈ ਸ਼ਹਿਰਾਂ 'ਚ ਪੁਲੀਸ ਨੇ ਮੁਜ਼ਾਹਰਾਕਾਰੀਆਂ 'ਤੇ ਹੰਝੂ ਗੈਸ ਦੇ ਗੋਲੇ ਦਾਗੇ ਪਰ ਇਹ ਵੀ ਲੋਕਾਂ ਦੇ ਜੋਸ਼ 'ਤੇ ਕੋਈ ਖਾਸ ਅਸਰ ਨਹੀਂ ਪਾ ਸਕੇ।

ਇਹਨਾਂ ਮੁਜ਼ਾਹਰਿਆਂ ਵਿਚ ਵੱਖ ਵੱਖ ਤਬਕਿਆਂ ਦੇ ਲੋਕਾਂ ਨੇ ਹਿੱਸਾ ਲਿਆ। ਪ੍ਰਾਇਮਰੀ ਸਕੂਲਾਂ ਦੇ 40 ਫੀਸਦੀ ਅਧਿਆਪਕ ਅਤੇ ਹਾਈ ਸਕੂਲਾਂ ਦੇ 30 ਫੀਸਦੀ ਤੋਂ ਵੱਧ ਅਧਿਆਪਕ ਹੜਤਾਲ ਵਿਚ ਸ਼ਾਮਲ ਹੋਏ ਜਿਸ ਕਰ ਕੇ ਫਰਾਂਸ ਦੇ ਕਈ ਸਕੂਲ ਬੰਦ ਰੱਖੇ ਗਏ। ਫਰਾਂਸੀਸੀ ਰੇਲ ਅਥਾਰਿਟੀ ਅਨੁਸਾਰ ਰੇਲ ਆਵਾਜਾਈ ਵੀ ਲਗਭਗ ਠੱਪ ਰਹੀ ਤੇ 500 ਤੋਂ ਵੱਧ ਰੇਲਾਂ ਰੱਦ ਹੋਈਆਂ। ਸ਼ਹਿਰੀ ਆਵਾਜਾਈ ਵੀ ਪੂਰੀ ਤਰ੍ਹਾਂ ਬੰਦ ਰਹੀ। ਹਵਾਈ ਉਡਾਣਾਂ ਦੇ ਸਮੇਂ ਵਿਚ ਵੀ ਭਾਰੀ ਤਬਦੀਲੀਆਂ ਕਰਨੀਆਂ ਪਈਆਂ। ਤੇਲ ਸੋਧਕ ਕਾਰਖਾਨੇ ਦੇ ਮਜ਼ਦੂਰਾਂ ਨੇ ਵੀ ਹੜਤਾਲ ਵਿਚ ਹਿੱਸਾ ਲਿਆ ਜਿਸ ਕਰ ਕੇ ਤੇਲ ਦੀ ਪੂਰਤੀ ਵਿਚ ਭਾਰੀ ਵਿਘਨ ਪਿਆ। ਸਮੁੰਦਰੀ ਮਾਰਗ ਡੋਵਰ ਅਤੇ ਕੈਲੇਸ ਦੇ ਵਿਚਕਾਰ ਮਜ਼ਦੂਰਾਂ ਦੀ ਵੱਡੀ ਹੜਤਾਲ ਹੋਈ ਜਿਸ ਕਰ ਕੇ ਯੂਕੇ ਅਤੇ ਮਹਾਂਦੀਪ ਵਿਚਕਾਰ ਆਵਾਜਾਈ ਵਿਚ ਵੱਡਾ ਵਿਘਨ ਪਿਆ। ਇਸ ਤੋਂ ਇਲਾਵਾ ਬੈਂਕ, ਡਾਕ ਮਹਿਕਮੇ, ਸੁਰੱਖਿਆ ਕਰਮੀਆਂ, ਸਫਾਈ ਮੁਲਾਜ਼ਮਾਂ, ਭਾਵ, ਲਗਭਗ ਹਰ ਕਿੱਤੇ ਨਾਲ ਜੁੜੇ ਲੋਕਾਂ ਨੇ ਹੜਤਾਲ ਵਿਚ ਸ਼ਮੂਲੀਅਤ ਕੀਤੀ।

### ਮੈਕਰੌਨ ਪੈਨਸ਼ਨ 'ਸੁਧਾਰ' ਲਈ ਪੱਬਾਂ ਭਾਰ ਕਿਉਂ?

ਅਸਲ ਵਿਚ ਅੱਜ ਯੂਰਪ ਸਣੇ ਸਾਰਾ ਸੰਸਾਰ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਡੂੰਘੇ ਆਰਥਿਕ ਸੰਕਟ ਦੇ ਮੁਹਾਣ 'ਤੇ ਖੜ੍ਹਾ ਹੈ। ਫਰਾਂਸ ਇਸ ਤੋਂ ਵੱਖਰਾ ਨਹੀਂ। ਫਰਾਂਸ ਦੀ ਵਿਕਾਸ ਦਰ ਵੀ 2023 ਵਿਚ 2% ਤੋਂ ਵੀ ਘੱਟ ਰਹਿਣ ਦਾ ਖ਼ਦਸ਼ਾ ਹੈ। ਸਰਮਾਏਦਾਰਾ ਪ੍ਰਬੰਧ ਵਿਚ ਆਰਥਿਕ ਸੰਕਟ ਅਟੱਲ ਹਨ, ਇਹ ਪ੍ਰਬੰਧ ਇਹਨਾਂ ਤੋਂ ਨਿਜਾਤ ਨਹੀਂ ਪਾ ਸਕਦਾ। ਇਸ ਲਈ ਸਰਮਾਏਦਾਰਾਂ ਦੇ ਡਿੱਗਦੇ ਮੁਨਾਫੇ ਨੂੰ ਪੂਰਾ ਕਰਨ ਲਈ ਆਮ ਕਿਰਤੀਆਂ ਨੂੰ ਮਿਲਣ ਵਾਲੀਆਂ ਜਨਤਕ ਸਹੂਲਤਾਂ ਵਿਚ ਕਟੌਤੀ ਕੀਤੀ ਜਾ ਰਹੀ ਹੈ। ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰਿਪੋਰਟ ਮੁਤਾਬਕ ਫਰਾਂਸ ਵਿਚ ਪੈਨਸ਼ਨਾਂ ਉੱਤੇ ਕੁੱਲ ਘਰੇਲੂ ਪੈਦਾਵਾਰ ਦਾ ਲਗਭਗ 14 ਫੀਸਦੀ ਖਰਚਿਆ ਜਾਂਦਾ ਹੈ ਜੋ ਦੁਨੀਆ ਦੇ ਹੋਰ ਦੇਸ਼ਾਂ ਨਾਲੋਂ ਵੱਧ ਹੈ ਪਰ ਜੇ ਦੇਖਿਆ ਜਾਵੇ ਤਾਂ ਇਹ ਕੋਈ ਖੈਰਾਤ ਨਹੀਂ, ਨਾ ਹੀ ਹਕੂਮਤਾਂ ਦੀ ਫਰਾਂਸ ਦੇ ਲੋਕਾਂ ਪ੍ਰਤੀ ਕੋਈ ਦਰਿਆ ਦਿਲੀ ਹੈ ਸਗੋਂ ਇਹ ਸਹੂਲਤ ਫਰਾਂਸ ਦੇ ਲੋਕਾਂ ਨੇ ਸੰਘਰਸ਼ਾਂ ਰਾਹੀਂ ਹਾਸਲ ਕੀਤੀ ਹੈ ਪਰ ਲੋਕਾਂ ਨੂੰ ਮਿਲਣ ਵਾਲੀ ਇਹ ਸਹੂਲਤ ਸਰਮਾਏਦਾਰਾਂ ਦੀਆਂ ਅੱਖਾਂ ਵਿਚ ਰੜਕ ਰਹੀ ਹੈ।

ਫਰਾਂਸ ਦੇ ਹੁਕਮਰਾਨਾਂ ਦਾ ਕਹਿਣਾ ਹੈ ਕਿ ਜੇ ਬਿੱਲ ਹੇਠਲੇ ਸਦਨ ਵਿਚ ਪਾਸ ਨਹੀਂ ਹੁੰਦਾ ਤਾਂ ਵੀ ਸੰਵਿਧਾਨ ਦੀ ਐਮਰਜੈਂਸੀ ਤਾਕਤ ਦਾ ਇਸਤੇਮਾਲ ਕਰਦੇ ਹੋਏ ਇਹ 'ਸੁਧਾਰ' ਹਰ ਹਾਲ ਵਿਚ ਲਾਗੂ ਕੀਤੇ ਜਾਣਗੇ ਪਰ ਹੁਣ ਇਹ ਦੇਖਣਾ ਵੀ ਦਿਲਚਸਪ ਹੋਵੇਗਾ ਕਿ ਲੋਕ ਲਹਿਰਾਂ ਦਾ ਗੜ੍ਹ ਮੰਨੇ ਜਾਂਦੇ ਫਰਾਂਸ ਦੇ ਕਿਰਤੀ ਲੋਕ ਫਰਾਂਸ ਦੀ ਲੋਟੂ ਸਰਕਾਰ ਦੇ ਇਸ ਧੱਕੇ ਖਿਲਾਫ ਕਿਸ ਹੱਦ ਤੱਕ ਸੰਘਰਸ਼ ਕਰਨਗੇ?

# ਇਤਿਹਾਸ, ਲੋਕਧਾਰਾ, ਵਿਗਿਆਨ ਅਤੇ ਬਸਤਾਨੀ ਮਿਸਲਾਂ 'ਚ ਵਗਦਾ ਸਤਲੁਜ

*(ਪਿਛਲੇ ਸਫੇ ਦੀ ਬਾਕੀ)*

ਵਹਿਣ ਦੀ ਨਿਸ਼ਾਨੀ ਵਜੋਂ ਮੌਜੂਦ ਹੋਣ ਦਾ ਦਾਅਵਾ ਹੈ। ਮੁਕਤਸਰ ਤੋਂ ਫ਼ਾਜ਼ਿਲਕਾ ਦੇ ਵਿਚਕਾਰ ਅਤੇ ਉੱਪਰ ਫ਼ਿਰੋਜ਼ਪੁਰ ਤੋਂ ਲੁਧਿਆਣੇ ਦੇ ਵਿਚਕਾਰ ਕਈ ਨਾਲੇ ਸਤਲੁਜ ਦੇ ਪੁਰਾਣੇ ਵਹਿਣਾਂ ਦੀ ਨਿਸ਼ਾਨੀ ਵਜੋਂ ਪੜ੍ਹਾਏ ਜਾਂਦੇ ਹਨ। ਇਨ੍ਹਾਂ ਦੇ ਸਾਂਝੇ ਵਹਿਣ ਨੂੰ ਸੰਬੰਧਤ ਖਿੱਤੇ ਦੇ ਨਾਮ ਉੱਤੇ ਅੰਗਰੇਜ਼ਾਂ ਨੇ 'ਦਰਿਆਇ-ਦੰਦਾ' ਦਾ ਨਾਮ ਦਿੱਤਾ ਸੀ। ਦਰਿਆਇ-ਦੰਦਾ ਦਾ ਜ਼ਿਕਰ ਤੇਰਵੀਂ-ਚੌਦਵੀਂ ਸਦੀ ਦੇ ਇਤਿਹਾਸ ਵਿਚ ਆਉਂਦਾ ਹੈ। ਗਰਗ ਅਤੇ ਸਿੰਘ ਦੀ 1991-92 ਦੀ ਰਪਟ, ਪੰਜਾਬ ਰਿਮੋਟ ਸੈਂਸਿੰਗ ਸੈਂਟਰ ਲੁਧਿਆਣਾ ਦੇ ਲੈਂਡਸੈਟ ਇਮੇਜਰੀ ਡਾਟਾ ਦੀ ਖੋਜ ਅਤੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਸਰਵੇ ਦੀ ਰਪਟ ਵਿਚ ਸਤਲੁਜ ਦੇ ਪੁਰਾਣੇ ਵਹਿਣਾਂ ਦੀ ਹੋਂਦ ਫ਼ਿਰੋਜ਼ਪੁਰ, ਫਰੀਦਕੋਟ, ਸਾਇਆਂਵਾਲੀ, ਭੰਗਰ, ਸੱਪਾਂਵਾਲੀ, ਡੱਗਾ, ਰਮਾਣਾ, ਵੱਟੂ, ਗੋਲੇਵਾਲਾ, ਪੱਕਾ, ਟੀਨਾ, ਬੂਰੇ ਗੁੱਜਰ ਅਤੇ ਤਰੀਉਂਵਾਲੀ ਵਿਚ ਦਰਜ ਹੋਈ ਦੱਸੀ ਜਾਂਦੀ ਹੈ। ਉੱਪਰਲੀਆਂ ਲਿਖਤਾਂ ਇਸ਼ਾਰਾ ਕਰਦੀਆਂ ਹਨ ਕਿ ਫਰੀਦਕੋਟ, ਸਾਇਆਂਵਾਲੀ, ਭੰਗਰ, ਸੱਪਾਂਵਾਲੀ, ਡੱਗਾ ਰਮਾਣਾ, ਵੱਟੂ, ਤਰੀਉਂਵਾਲੀ ਨੇੜੇ ਵਗਦਾ ਰਿਹਾ ਵਹਿਣ ਅਟਾਰੀ, ਸਲੀਨਾ, ਮੁੱਦਕੀ, ਮਾਂਗੇਵਾਲ, ਡਗਰੂ ਅਤੇ ਧਰਮਕੋਟ ਤੋਂ ਆਉਂਦੇ ਵਹਿਣ ਦੀ ਲਗਾਤਾਰਤਾ ਵਿਚ ਦਿਸਦਾ ਹੈ। ਇਹ ਵਹਿਣ ਰਾਜਸਥਾਨ ਫੀਡਰ/ਸਰਹਿੰਦ ਫੀਡਰ ਨਹਿਰਾਂ ਦੇ ਬਰਾਬਰ ਚੱਲਦਾ ਹੈ ਪਰ ਫਰੀਦਕੋਟ ਅਤੇ ਵੱਟੂ ਕੋਲ ਇਹ ਨਹਿਰਾਂ ਨੂੰ ਕੱਟਦਾ ਹੈ।

ਸੈਟੇਲਾਇਟ ਇਮੈਜਰੀ ਡੈਟਾ ਦੇ ਦਾਅਵਿਆਂ ਅਤੇ ਖੋਜਾਂ ਨੂੰ ਮਸ਼ਹੂਰ ਇਤਿਹਾਸਕਾਰ ਇਰਫ਼ਾਨ ਹਬੀਬ ਸ਼ੱਕ ਦੇ ਘੇਰੇ ਵਿਚ ਰੱਖਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਲੈਂਡਸੈਟ ਡੈਟਾ ਅਤੇ ਰਿਮੋਟ ਸੈਂਸਿੰਗ ਦੀਆਂ ਖੋਜਾਂ ਵਿਚ ਦਰਜ ਨੀਵਾਣਾਂ (ਡਿਪਰੈਸ਼ਨਜ਼) ਜਾਂ ਵਹਿਣ ਸਤਲੁਜ ਦੇ ਸੱਚਮੁੱਚ 'ਪੁਰਾਣੇ ਜਾਂ ਸਾਬਕਾ ਵਹਿਣ' ਹੋਣ ਦਾ ਪੱਕਾ ਸਬੂਤ ਨਹੀਂ ਹੋ ਸਕਦੇ।

ਅੰਗਰੇਜ਼ਾਂ ਦੀ ਆਮਦ ਤੋਂ ਬਾਅਦ ਇਤਿਹਾਸ ਅਤੇ ਭੂਗੋਲ ਦੇ ਤਿੰਨ ਖੋਜੀਆਂ ਦਾ ਨਾਮ ਸਾਹਮਣੇ ਆਉਂਦਾ ਹੈ ਜਿਨ੍ਹਾਂ ਨੇ ਸਮਕਾਲ ਅਤੇ ਇਤਿਹਾਸ ਵਿਚ ਦਰਜ ਸਤਲੁਜ ਦੇ 'ਵਹਿਣਾਂ' ਦਾ ਬਿਊਰਾ ਲਿਖਿਆ। ਉਨ੍ਹਾਂ ਨੇ ਆਪਣੀ ਸਮਝ ਮੁਤਾਬਕ ਅੰਦਾਜ਼ੇ ਅਤੇ ਦਾਅਵੇ ਪੇਸ਼ ਕੀਤੇ। ਉਨ੍ਹਾਂ ਨੇ ਲੋਕ-ਰਵਾਇਤਾਂ, ਇਤਿਹਾਸਕ ਹਵਾਲਿਆਂ, ਅਤੇ ਜ਼ਮੀਨੀ ਸਰਵਿਆਂ ਤੋਂ ਸਤਲੁਜ ਦੇ ਵਹਿਣਾਂ ਨੂੰ ਪਛਾਨਣ ਅਤੇ ਉਨ੍ਹਾਂ ਵਿਚ ਆਈਆਂ ਤਬਦੀਲੀਆਂ ਦੀ ਥਾਹ ਪਾਉਣ ਦਾ ਦਾਅਵਾ ਕੀਤਾ। ਮੁਲਕ ਉੱਤੇ ਰਾਜ ਕਰਨ ਆਏ ਬਸਤਾਨਾਂ ਨੇ 'ਭਾਰਤੀ ਰੇਗਿਸਤਾਨ ਵਿਚ ਗੁਆਚ ਗਏ ਦਰਿਆ' ਨੂੰ ਲੱਭਣ ਦੀ ਬਹਿਸ ਸ਼ੁਰੂ ਕੀਤੀ। ਜਿਹੜੀ ਗੋਰਿਆਂ ਦੇ ਆਉਣ ਤੋਂ ਪਹਿਲਾਂ ਬਿਲਕੁਲ ਨਹੀਂ ਸੀ।

ਸੀ.ਐਫ. ਉਲਡਮ ਨੇ 1874 ਦੀ ਲਿਖਤ 'ਨੌਟਸ ਔਨ ਦਿ ਲੌਸਟ ਰਿਵਰ ਔਫ਼ ਇੰਡੀਅਨ ਡੈਜ਼ਰਟ' ਵਿਚ ਸਤਲੁਜ ਨੂੰ 'ਰੇਗਿਸਤਾਨ ਵਿਚ ਗੁਆਚ ਗਏ ਦਰਿਆ' ਵਜੋਂ ਪੇਸ਼ ਕੀਤਾ। ਨਰੂਚਸ ਨਾਮ ਦੇ ਬੇਨਾਮ ਖ਼ੋਜੀ ਨੇ 1875 ਵਿਚ ਉਲਡਮ ਦੇ ਲੇਖ ਉੱਤੇ ਟਿੱਪਣੀਨੁਮਾ ਵੱਡਾ ਲੇਖ ਲਿਖਿਆ। 1886 ਵਿਚ ਆਰਡੀ ਉਲਡਮ ਨੇ 'ਔਨ ਪਰੌਬੇਬਲ ਚੇਂਜਜ਼ ਔਫ਼ ਪੰਜਾਬ ਰਿਵਰਜ਼' ਨਾਮ ਦਾ ਲੇਖ ਲਿਖਿਆ। ਮੇਜਰ ਐਚਜੀ ਰੈਵਰਟੀ ਨੇ 1892 ਵਿਚ ਦੋਵੇਂ ਉਲਡਮਾਂ ਦੀਆਂ ਲਿਖਤਾਂ ਦੇ ਜਵਾਬ ਵਿਚ 'ਦਿ ਮਹਿਰਾਨ ਔਫ਼ ਸਿੰਧ ਐਂਡ ਇਟਸ ਟ੍ਰਿਬਿਊਟਰੀਜ਼' ਨਾਮ ਦਾ ਲੰਬਾ ਲੇਖ ਰਾਇਲ ਏਸ਼ੀਆਟਿਕ ਸੋਸਾਇਟੀ ਲਈ ਲਿਖਿਆ ਅਤੇ ਸਤਲੁਜ ਦੀ ਵਹਿਣ-ਬਦਲੀ ਬਾਬਤ ਲੰਬੀ ਤਫ਼ਸੀਲ ਦਿੱਤੀ। ਇਨ੍ਹਾਂ ਤਿੰਨ ਲੇਖਕਾਂ ਤੋਂ ਬਿਨ੍ਹਾਂ ਕਰਨਲ ਮਿਨਚਿਨ, ਜੇਐਨ ਬਾਰਨਜ਼, ਆਰਬੀ ਵਾਈਟਹੈਡ, ਸਟੀਨ, ਪਿਠਬਾਲਾ, ਵਿਲਹੈਲਮੀ ਅਤੇ ਹੋਰ ਕਈ ਖੋਜੀਆਂ ਨੇ ਆਪਣੇ ਅੰਦਾਜ਼ੇ ਪੇਸ਼ ਕੀਤੇ।

ਇਨ੍ਹਾਂ ਖੋਜੀਆਂ ਨੇ ਲੋਕ-ਰਵਾਇਤਾਂ ਵਿਚ ਦਰਜ ਸਤਲੁਜ ਦੇ ਵੱਖਰੇ ਵੱਖਰੇ ਸਮਿਆਂ ਉੱਤੇ ਸਰਗਰਮ ਰਹੇ ਵਹਿਣਾਂ ਨੂੰ ਤਿੰਨ ਨੈਆਂ ਜਾਂ ਨੈਵਾਲਾਂ, ਬੁੱਢਾ ਦਰਿਆ, ਦਰਿਆਇ-ਦੰਦਾ, ਸਰਹਿੰਦ ਨਦੀ, ਪੁਰਾਣਾ ਦਰਿਆ (ਝੰਬੋਵਾਲੀ ਚੋਅ), ਘੱਗਰ, ਸੁੱਕਰ ਨਾਲਾ ਅਤੇ ਹੋਰ ਕਈ ਵਹਿਣਾਂ ਦੇ ਰੂਪ ਵਿਚ ਪਛਾਨਣ ਦਾ ਦਾਅਵਾ ਕੀਤਾ। ਸੀਐਫ਼ ਉਲਡਮ ਦੀ 1874 ਦੀ ਲਿਖਤ ਅਤੇ ਨਕਸ਼ੇ ਮੁਤਾਬਕ ਘੱਗਰ-ਹਾਕੜਾ-ਨਾਰਾ ਵਹਿਣ ਸਤਲੁਜ ਦਾ ਪੁਰਾਣਾ ਵਹਿਣ ਸੀ ਅਤੇ ਇਹਦੀਆਂ ਨਿਸ਼ਾਨੀਆਂ 1874 ਤੱਕ ਮੌਜੂਦ ਸਨ। ਸਤਲੁਜ ਆਜ਼ਾਦ ਰੂਪ ਵਿਚ ਅਰਬ ਸਾਗਰ ਤੱਕ ਵਹਿੰਦਾ ਸੀ। ਇਹ ਬਿਆਸ ਦਰਿਆ ਨਾਲ ਨਹੀਂ ਮਿਲਦਾ ਸੀ। ਹੌਲੀ ਹੌਲੀ ਸਤਲੁਜ ਨੇ ਹਾਕੜਾ-ਨਾਰਾ ਧਾਰਾ ਦਾ ਵਹਿਣ ਛੱਡ ਦਿੱਤਾ। ਇਹ ਬਿਆਸ ਨਾਲ ਮਿਲ ਕੇ ਸਿੰਧ ਦਰਿਆ ਵਿਚ ਡਿੱਗਣ ਲੱਗ ਪਿਆ। ਉਲਡਮ ਦਾ ਕਹਿਣਾ ਸੀ, "ਹਿਮਾਲਿਆ ਤੋਂ ਸਮੁੰਦਰ ਤੱਕ ਵਗਣ ਵਾਲੇ ਅਲੋਪ ਹੋਏ ਦਰਿਆ ਦਾ ਰਸਤਾ ਸਾਡੇ ਸਾਹਮਣੇ ਹੈ। ਇਹ ਅਲੋਪ ਹੋਇਆ ਦਰਿਆ ਕੋਈ ਘੱਗਰ ਜਾਂ 'ਪਵਿੱਤਰ ਸਰਸਵਤੀ' ਜਾਂ ਕੋਈ ਮਿਥਿਹਾਸਕ ਧਾਰਾ ਨਹੀ ਸੀ। ਇਹ ਮਹਾਨ ਸਤਲੁਜ ਤੋਂ ਬਿਨ੍ਹਾਂ ਹੋਰ ਕੋਈ ਹੋ ਹੀ ਨਹੀਂ ਸਕਦਾ।"

ਇਹ ਵੱਖਰੀ ਗੱਲ ਹੈ ਕਿ 19 ਸਾਲ ਬਾਅਦ ਇਸੇ ਸੀਐਫ ਉਲਡਮ ਨੇ 'ਗੁਆਚੇ ਦਰਿਆ' ਨੂੰ ਸਰਸਵਤੀ ਸਿੱਧ ਕਰਨ ਉੱਤੇ ਜ਼ੋਰ ਲਾਇਆ। ਉਹਦੇ ਮੁਤਾਬਕ ਸਤਲੁਜ ਅਤੇ ਜਮਨਾ ਦਰਿਆ ਸਰਸਵਤੀ ਦੇ ਸਹਾਇਕ ਦਰਿਆ ਸਨ ਅਤੇ ਸਰਸਵਤੀ ਇਨ੍ਹਾਂ ਦਰਿਆਵਾਂ ਦਾ ਪਾਣੀ ਲੈ ਕੇ ਘੱਗਰ-ਹਾਕੜਾ-ਨਾਰਾ ਵਹਿਣ ਰਾਹੀਂ ਕੱਛ ਦੀ ਰਣ (ਅਰਬ ਸਾਗਰ) ਵਿਚ ਡਿੱਗਦੀ ਸੀ। ਨਵੀਂ ਵਿਗਿਆਨਕ ਖੋਜ ਮੁਤਾਬਕ ਘੱਗਰ-ਹਾਕੜਾ-ਨਾਰਾ ਵਹਿਣ ਸਤਲੁਜ ਦਾ ਹੀ ਪੁਰਾਣਾ ਵਹਿਣ ਹੈ।

# ਮੈਂ ਬੇਦੀ ਦਾ ਅਨੁਵਾਦਕ ਕਿਵੇਂ ਬਣਿਆ?

ਰਾਜਿੰਦਰ ਸਿੰਘ ਬੇਦੀ ਅਤੇ ਪ੍ਰੋ. ਪ੍ਰੀਤਮ ਸਿੰਘ ਦਾ ਸਾਹਿਤ ਦੇ ਖੇਤਰ ਵਿਚ ਆਪੋ-ਆਪਣਾ ਮੁਕਾਮ ਹੈ। ਰਾਜਿੰਦਰ ਸਿੰਘ ਬੇਦੀ ਨੇ ਉਰਦੂ ਸਾਹਿਤ ਨੂੰ ਜੋ ਰਚਨਾਵਾਂ ਦਿੱਤੀਆਂ, ਉਹ ਬੇਮਿਸਾਲ ਹਨ। ਇਸੇ ਤਰ੍ਹਾਂ ਪ੍ਰੋ. ਪ੍ਰੀਤਮ ਸਿੰਘ ਦਾ ਪੰਜਾਬੀ ਲਈ ਯੋਗਦਾਨ ਉਚ-ਦੁਮਾਲੜਾ ਹੈ। ਇਸ ਲੇਖ ਵਿਚ ਪ੍ਰੋ. ਪ੍ਰੀਤਮ ਸਿੰਘ ਨੇ ਰਾਜਿੰਦਰ ਸਿੰਘ ਬੇਦੀ ਦੀਆਂ ਉਰਦੂ ਤੋਂ ਪੰਜਾਬੀ ਵਿਚ ਅਨੁਵਾਦੀਆਂ ਕਿਤਾਬਾਂ ਦਾ ਕਿੱਸਾ ਛੋਹਿਆ ਹੈ ਜੋ ਇਨ੍ਹਾਂ ਦੋਹਾਂ ਸ਼ਖਸੀਅਤਾਂ ਜਿੰਨਾ ਹੀ ਦਿਲਚਸਪ ਅਤੇ ਜਾਣਕਾਰੀ ਭਰਪੂਰ ਹੈ।

ਇਕ ਮਹੀਨੇ, ਸਬੱਬ ਨਾਲ, ਚਾਰ ਰਿਸਾਲਿਆਂ ਵਿਚ ਤੇ ਦੋ ਅਖ਼ਬਾਰਾਂ ਦੇ ਇਤਵਾਰੀ ਐਡੀਸ਼ਨਾਂ ਵਿਚ ਮੇਰੀਆਂ ਅਨੁਵਾਦੀਆਂ ਰਾਜਿੰਦਰ ਸਿੰਘ ਬੇਦੀ ਦੀਆਂ ਕਹਾਣੀਆਂ ਛਪੀਆਂ ਤਾਂ ਚੰਡੀਗੜ੍ਹ ਦੇ ਮੇਰੇ ਇਕ ਕਵੀ-ਮਿੱਤਰ ਜੋ ਹਾਈ ਕੋਰਟ ਵਿਚ ਵਕਾਲਤ ਕਰਦੇ ਹਨ, ਨੇ ਟਿੱਚਰ ਵਜੋਂ ਮੈਨੂੰ ਕਿਹਾ, "ਐਤਕੀਂ ਤਾਂ ਤੁਸੀਂ ਬੇਦੀ ਦੀਆਂ ਕਹਾਣੀਆਂ ਦਾ ਮੀਂਹ ਵਸਾ ਦਿਤੈ।"

ਮੈਂ ਮੁਸਕਰਾ ਕੇ ਚੁੱਪ ਰਿਹਾ।

ਉਨ੍ਹਾਂ ਪੁੱਛਿਆ, "ਵੰਡ ਤੋਂ ਪਹਿਲਾਂ ਬੇਦੀ ਸਾਹਿਬ ਵੀ ਲਾਹੌਰ ਹੀ ਹੁੰਦੇ ਸਨ ਨਾ?"

ਮੈਂ ਹਾਮੀ ਭਰੀ, "ਜੀ, ਲਾਹੌਰ ਹੀ ਹੁੰਦੇ ਸਨ।"

"ਫੇਰ, ਤੁਹਾਡੀ ਸਾਂਝ ਤਾਂ ਬਹੁਤ ਪੁਰਾਣੀ ਹੈ। ਹੁਣ ਸਮਝ ਆਈ ਹੈ ਕਿ ਆਪਣੇ ਦੋਸਤ ਨੂੰ ਏਨਾ ਕਿਉਂ ਚਮਕਾ ਰਹੇ ਹੋ। ਜਿਹੜਾ ਪਰਚਾ ਚੁੱਕੋ, ਬੇਦੀ; ਜਿਹੜਾ ਅਖ਼ਬਾਰ ਚੁੱਕੋ, ਬੇਦੀ! ਬੰਦਾ ਦੋਸਤੀ ਨਿਭਾਏ ਤਾਂ ਤੁਹਾਡੇ ਵਾਂਗ। ਮਰੇ ਨੂੰ ਵੀ ਜੀਉਂਦਿਆਂ ਵਿਚ ਖੜ੍ਹਾ ਰੱਖੇ। ਅਸ਼ਕੇ ਤੁਹਾਡੇ।"



ਪ੍ਰੋ. ਪ੍ਰੀਤਮ ਸਿੰਘ

ਮੈਂ ਚੁੱਪ ਰਿਹਾ ਪਰ ਕਿਉਂਕਿ ਬੇਦੀ ਸਾਹਿਬ ਦੀਆਂ ਕਹਾਣੀਆਂ ਦੇ ਲਗਾਤਾਰ ਅਨੁਵਾਦ ਦੇ ਪਿੱਛੇ ਦੋਸਤੀ ਨਾਲੋਂ ਕਿਸੇ ਵੱਖਰੇ ਬੰਧਨ ਦਾ ਹੱਥ ਸੀ, ਇਸ ਲਈ ਮੈਂ ਮਹਿਸੂਸ ਕੀਤਾ, ਜਿਵੇਂ ਮੇਰੇ ਕਵੀ-ਮਿੱਤਰ ਨੂੰ ਭੁਲੇਖਾ ਹੈ ਕਿ ਇਨ੍ਹਾਂ ਕਹਾਣੀਆਂ ਨਾਲ ਮੇਰੇ ਲਗਾਉ ਦੇ ਪਿੱਛੇ ਬੇਦੀ ਹੁਰਾਂ ਨਾਲ ਮੇਰੇ ਨਿੱਘੇ ਜ਼ਾਤੀ ਸਬੰਧਾਂ ਦੀ ਰਿਆਇਤ ਕੰਮ ਕਰ ਰਹੀ ਹੈ। ਇਸੇ ਤਰ੍ਹਾਂ ਹੋਰ ਵੀ ਬਥੇਰੇ ਮਿੱਤਰ ਇਹੋ ਜਿਹੇ ਕਈ ਭੁਲੇਖੇ ਪਾਲ ਰਹੇ ਹੋਣਗੇ। ਸੋ ਬੇਦੀ ਸਾਹਿਬ ਨਾਲ ਆਪਣੇ ਸਬੰਧਾਂ ਤੇ ਕਹਾਣੀਆਂ ਨਾਲ ਆਪਣੇ ਗਹਿਰੇ ਲਗਾਉ ਦੀ ਅਸਲੀਅਤ ਦੱਸਣ ਦੇ ਮੁਨਾਸਬ ਮੌਕੇ ਦੀ ਤਲਾਸ਼ ਵਿਚ ਸਾਂ ਕਿ ਭਾਪਾ ਪ੍ਰੀਤਮ ਸਿੰਘ ਜੀ (ਨਵਯੁੱਗ ਪਬਲਿਸ਼ਰਜ਼ ਦਿੱਲੀ) ਨੇ ਬੇਦੀ ਦੀਆਂ ਕਹਾਣੀਆਂ ਦੀ ਚੌਥੀ ਕਿਤਾਬ ਛਾਪਣ ਲਈ ਹਰੀ ਝੰਡੀ ਵਿਖਾ ਦਿੱਤੀ। ਕਿਉਂਕਿ ਮੈਂ ਬੇਦੀ ਹੁਰਾਂ ਦੀਆਂ ਕਹਾਣੀਆਂ ਪੰਜਾਬੀ ਵਿਚ ਅਨੁਵਾਦਣ ਦਾ ਕੰਮ ਇਸ ਕਿਤਾਬ ਨਾਲ ਬੰਦ ਕਰ ਰਿਹਾ ਹਾਂ, ਇਸ ਲਈ 'ਗਰਮ ਕੋਟ' ਦੇ ਮੁੱਢਲੇ ਪੱਤਰਿਆਂ ਵਿਚ ਹੀ ਸਾਰੀ ਪਿਛੋਕੜ ਨੂੰ ਅਗੋਕੜ ਬਣਾ ਕੇ ਪੇਸ਼ ਕਰਨ ਦਾ ਫ਼ੈਸਲਾ ਕਰ ਲਿਆ ਹੈ।

(2)

ਜੇ ਸਹੁੰ ਖਵਾਓ ਤਾਂ ਮੈਨੂੰ ਕਹਿਣਾ ਪਵੇਗਾ ਕਿ ਮੈਂ ਲਾਹੌਰ ਵਿਚ ਰਹਿੰਦਿਆਂ 'ਐਨੀਥਿੰਗੇਰੀਅਨਜ਼' ਦੀ ਜਿਸ ਮੀਟਿੰਗ ਦੀ ਮੈਂ ਗੱਲ ਕੀਤੀ ਹੈ, ਉਸ ਵਿਚ ਉਸ ਦਿਨ ਉਹ ਖੁੱਥਾ ਜਿਹਾ ਡਾਕਖ਼ਾਨੇ ਦਾ ਕਲਰਕ ਹੀ ਲੱਗ ਰਿਹਾ ਸੀ। ਰੰਗ ਪੱਕਾ, ਕੱਦ ਛੋਟਾ ਤੇ ਸਰੀਰ ਉੱਤੇ ਕੰਜੂਸੀ ਨਾਲ ਚੜ੍ਹਿਆ ਮਾਸ ਦਾ ਉਛਾੜ ਪਰ ਨੈਣ-ਨਕਸ਼ ਓਦੋਂ ਵੀ ਧਿਆਨ ਖਿੱਚਦੇ ਸਨ। ਉਸ ਦੀ ਹਾਜ਼ਰ ਜਵਾਬੀ, ਕਹਾਣੀ ਕਲਾ ਵਿਚ ਨਿਪੁੰਨਤਾ ਤੇ ਉਰਦੂ ਜ਼ਬਾਨ ਉੱਤੇ ਉਸ ਦੇ ਵਸੀਕਾਰ ਦੀ ਚਰਚਾ ਲਾਹੌਰ ਦੇ ਜਾਣਕਾਰ ਹਲਕਿਆਂ ਵਿਚ ਚੱਲ ਨਿਕਲੀ ਸੀ ਪਰ ਮੇਰਾ ਤੇ ਉਸ ਦਾ ਮੇਲ ਕਿਸੇ ਅਜਿਹੇ ਮੌਕੇ ਉੱਤੇ ਨਾ ਹੋ ਸਕਿਆ ਜਿੱਥੇ ਮੈਨੂੰ ਉਸ ਦੇ ਮੂੰਹੋਂ ਉਸ ਦੀ ਫੁਰਤੀਲੀ ਸੋਚ ਤੇ ਸ਼ੋਖ਼ ਫ਼ਿਕਰੇਬਾਜ਼ੀ ਸੁਣਨ ਦਾ ਸੁਭਾਗ ਮਿਲ ਸਕਦਾ ਸੀ। ਇਸ ਲਈ ਇਹੀ ਕਹਿਣਾ ਬਣਦਾ ਹੈ ਕਿ ਮੈਂ ਲਾਹੌਰੀਏ ਬੇਦੀ ਨੂੰ ਨਹੀਂ ਸਾਂ ਜਾਣਦਾ।

(3)

ਲਾਹੌਰ ਤਾਂ ਭਲਾ ਸ਼ਹਿਰਾਂ ਵਿਚੋਂ ਸ਼ਹਿਰ ਸੀ, ਜਿਸ ਬਾਰੇ ਲਾਹੌਰੀਆਂ ਦੀ ਉਕਤੀ ਸੀ ਕਿ ਜਿਸ ਕਿਸੇ ਨੇ ਲਾਹੌਰ ਨਹੀਂ ਵੇਖਿਆ, ਉਹ ਸਮਝੋ ਜੰਮਿਆ ਹੀ ਨਹੀਂ। ਓਥੇ ਹਰ ਤਰ੍ਹਾਂ ਦਾ ਬੰਦਾ, ਹਰ ਤਰ੍ਹਾਂ ਦੀ ਚੀਜ਼, ਹਰ ਵੇਲੇ ਤੁਹਾਡੀ ਪਹੁੰਚ ਵਿਚ ਹੁੰਦੀ ਸੀ ਪਰ ਦੇਸ਼ ਦੀ ਵੰਡ ਪਿੱਛੋਂ ਹਿੰਦੁਸਤਾਨੀ ਪੰਜਾਬ ਵਿਚ ਇਕ ਸ਼ਹਿਰ ਵੀ ਨਹੀਂ ਸੀ ਜੋ ਲਾਹੌਰ ਦਾ ਸਾਨੀ ਅਖਵਾ ਸਕਦਾ- ਸਣੇ ਅੰਬਰਸਰ ਦੇ। ਉੱਜੜੇ ਹੋਏ ਲਾਹੌਰੀ ਬੁੱਧੀਜੀਵੀਆਂ ਨੂੰ ਸਾਰੇ ਹਿੰਦੁਸਤਾਨ ਵਿਚ ਬੀਜਾਂ ਦੀ ਤਰ੍ਹਾਂ ਖਿੱਲਰਨਾ ਪੈ ਗਿਆ। ਕੋਈ ਜਲੰਧਰ, ਕੋਈ ਦਿੱਲੀ, ਕੋਈ ਲਖਨਊ, ਕੋਈ ਬੰਬਈ, ਕੋਈ ਕਲਕੱਤੇ, ਕੋਈ ਮਦਰਾਸ ਤੇ ਬਾਕੀ ਦੇ ਸੱਤ ਸਮੁੰਦਰੋਂ ਪਾਰ। ਉਨ੍ਹਾਂ ਨੇ ਰਿਜ਼ਕ ਦੀ ਭਾਲ ਵਿਚ ਕਈ ਥਾਈਂ ਪੈਰ ਜਮਾਉਣ ਦੀ ਕੋਸ਼ਿਸ਼ ਕੀਤੀ, ਕਈ ਘਾਟਾਂ ਦਾ ਪਾਣੀ ਪੀਤਾ ਤੇ ਫੇਰ ਕਿਤੇ ਜਾ ਪੱਕੇ ਪੈਰੀਂ ਟਿਕ ਸਕੇ। ਬੇਦੀ ਹੁਰੀਂ ਵੀ ਬਥੇਰੇ ਖੱਜਲ ਹੋਏ, ਅਖ਼ੀਰ ਮਹਾਨਗਰ ਬੰਬਈ ਰਾਸ ਆਇਆ। ਏਥੋਂ ਦੇ ਫ਼ਿਲਮਸਾਜ਼ ਕਹਾਣੀਆਂ ਖ਼ਰੀਦ ਸਕਦੇ ਸਨ; ਵਾਰਤਾਲਾਪ ਲਿਖਣਾ ਵੀ ਪੇਸ਼ਾ ਬਣ ਚੁੱਕਾ ਸੀ; ਹੋਰ ਕੁਝ ਨਹੀਂ ਤਾਂ ਬੰਦਾ ਆਪ ਫ਼ਿਲਮ ਬਣਾ ਸਕਦਾ ਸੀ। ਇਕ ਤੋਂ ਇਕ ਚੜ੍ਹਦੀ ਕਾਮਨੀ ਦੀ ਸੰਗਤ ਤੇ ਕੁਸੰਗਤ ਏਥੇ ਪ੍ਰਾਪਤ ਸੀ, ਪ੍ਰਗਤੀਵਾਦੀ ਸੁਰਖਿਆ ਦੀ ਹਮਖ਼ਿਆਲ ਸੁਹਬਤ ਮੌਜੂਦ ਸੀ; ਧਾਰਮਿਕ ਤੇ ਸਮਾਜਿਕ ਰਹਤਾਂ ਤੋਂ ਬੇਮੁਖਤਾ ਵਰਤਣ ਵਾਲੇ ਲਈ ਬੜਾ ਸਿਹੰਦੜ ਮਾਹੌਲ ਸੀ। ਬੰਬਈ ਦਾ ਵਾਸ ਉਨ੍ਹਾਂ ਨੂੰ ਸੂਤ ਬੈਠ ਗਿਆ, ਭਾਵੇਂ ਇਸ ਦੀ ਕੀਮਤ ਵਜੋਂ ਘਰੋਗੀ ਸੁਖ ਦੀ ਕੁਰਬਾਨੀ ਦੇਣੀ ਪਈ।

ਏਧਰ ਮੈਨੂੰ ਦਾਣੇ-ਪਾਣੀ ਨੇ ਪੰਜਾਬ ਵਿਚ ਤਾੜੀ ਰਖਿਆ। ਤੰਗਦਸਤੀ ਵਿਚ ਕਿਸੇ ਨੂੰ ਮਿਲਣ ਲਈ ਉਚੇਚਾ ਪਟਿਆਲੇ ਤੋਂ ਬੰਬਈ ਜਾਣਾ ਮੇਰੇ ਸੁਭਾ ਦਾ ਹਿੱਸਾ ਨਹੀਂ, ਭਾਵੇਂ ਅੱਗੇ ਮਿਲਣ ਵਾਲਾ ਰਾਜਿੰਦਰ ਸਿੰਘ ਬੇਦੀ ਹੀ ਕਿਉਂ ਨਾ ਹੋਵੇ। ਮੈਂ ਜੇ ਨਿੱਘੇ ਜ਼ਾਤੀ ਸਬੰਧਾਂ ਨੂੰ ਜਾਣਕਾਰੀ ਦੀ ਕਸਵੱਟੀ ਬਣਾਉਣਾ ਹੋਵੇ ਤਾਂ ਇਸ ਮਾਮਲੇ ਰਾਜਿੰਦਰ ਸਿੰਘ ਬੇਦੀ ਨੂੰ ਜਾਣਦਾ ਸਾਂ ਪਰ ਜੇ ਸਹੁੰ ਨਾ ਖਵਾਓ ਤਾਂ ਮੇਰਾ ਜਵਾਬ ਇਸ ਦੇ ਬਿਲਕੁਲ ਉਲਟ ਹੋਵੇਗਾ।

ਜਾਣਦਾ ਤਾਂ ਏਸ ਤਰ੍ਹਾਂ ਸੀ ਕਿ ਉਨ੍ਹਾਂ ਦਾ ਛੋਟਾ ਵੀਰ, ਨਰਿੰਦਰ ਸਿੰਘ, ਕਿਸੇ ਮੁਕਾਬਲੇ ਦੇ ਇਮਤਿਹਾਨ ਵਿਚ ਪਾਸ ਹੋ ਕੇ ਸਰਕਾਰੀ ਅਫ਼ਸਰ ਲੱਗਣ ਤੋਂ ਪਹਿਲਾਂ, ਸਿੱਖ ਨੈਸ਼ਨਲ ਕਾਲਜ, ਲਾਹੌਰ ਵਿਚ ਮੇਰਾ ਅਧਿਆਪਕ-ਸਾਥੀ ਹੁੰਦਾ ਸੀ। ਉਸ ਨਾਲ ਮੇਰੀ ਬਹੁਤ ਡੂੰਘੀ ਅਪਣੱਤ ਸੀ, ਪਰ ਫ਼ਤਹ ਫ਼ਤੂਹੀ ਤਾਂ ਹੈ ਹੀ ਸੀ। ਉਸ ਨੂੰ ਵੇਖਣ ਜਾਂ ਮਿਲਣ ਨਾਲ ਬੇਦੀ ਸਾਹਿਬ ਦੀ ਯਾਦ ਸਹਿਜ ਸੁਭਾ ਹੀ ਤਾਜ਼ਾ ਹੋ ਜਾਂਦੀ ਸੀ। ਬੇਦੀ ਸਾਹਿਬ ਦੀ ਕੋਈ ਨਵੀਂ ਕਹਾਣੀ ਛਪਦੀ ਤਾਂ ਬੇਦੀ ਸਾਹਿਬ ਦਾ ਅਣਵੇਖਿਆ ਕਲਬੂਤ ਸਾਹਮਣੇ ਆ ਖੜਾ ਹੁੰਦਾ। ਕਿਸੇ ਅਖ਼ਬਾਰ ਜਾਂ ਰਿਸਾਲੇ ਵਿਚ ਉਨ੍ਹਾਂ ਦੇ ਹੱਕ ਜਾਂ ਵਿਰੋਧ ਵਿਚ ਚਰਚਾ ਛਪਦੀ ਤਾਂ ਵੀ ਉਹ ਹਾਜ਼ਰ-ਨਾਜ਼ਰ ਹੁੰਦੇ। ਇਕ ਵਾਰੀ 'ਐਨੀਥਿੰਗੇਰੀਅਨਜ਼' ਦੀ ਬੈਠਕ ਪ੍ਰੋ. ਗੁਰਬਚਨ ਸਿੰਘ ਤਾਲਿਬ ਦੇ ਘਰ ਹੋਣੀ ਸੀ। ਕਾਲਜ ਵਿਚ ਇਕ ਦੂਜੇ ਦੇ ਕੁਝ ਵਧੇਰੇ ਨੇੜ ਵਾਲੇ ਬਾਰਾਂ-ਚੌਦਾਂ ਲੈਕਚਰਾਰਾਂ ਨੇ ਰਲ ਕੇ ਆਪਣੀ ਸੱਥ ਜਿਹੀ ਬਣਾਈ ਹੋਈ ਸੀ ਜਿਸ ਦਾ ਨਾਂ 'ਐਨੀਥਿੰਗੇਰੀਅਨਜ਼' ਰੱਖਿਆ ਹੋਇਆ ਸੀ। ਹਰ ਮਹੀਨੇ ਦੇ ਪਹਿਲੇ ਐਤਵਾਰ ਕਦੇ ਇਕ ਮੈਂਬਰ ਦੇ ਘਰ ਤੇ ਕਦੇ ਦੂਜੇ ਦੇ ਘਰ ਇਹ ਨਿੰਦਿਆ-ਦਰਬਾਰ ਲਗਦਾ। ਥਾਨ ਇੱਕੋ ਸੀ ਕਿ ਮੇਜ਼ਬਾਨ ਦੇ ਪ੍ਰਾਹੁਣਚਾਰੀ ਉੱਤੇ ਤਿੰਨ ਰੁਪਈਆਂ ਤੋਂ ਵਧ ਇਕ ਪੈਸਾ ਵੀ ਨਹੀਂ ਖਰਚਣਾ। ਮੈਂਬਰਾਂ ਤੋਂ ਇਲਾਵਾ ਸਿਰਫ਼ ਮੇਜ਼ਬਾਨ ਨੂੰ ਪ੍ਰਾਹੁਣੇ ਬੁਲਾਉਣ ਦਾ ਹੱਕ ਸੀ। ਤਾਲਿਬ ਸਾਹਿਬ ਨੇ ਆਪਣੇ ਹੱਕ ਦੀ ਵਰਤੋਂ ਕਰਦਿਆਂ ਆਪਣੇ ਮਿੱਤਰ ਰਾਜਿੰਦਰ ਸਿੰਘ ਬੇਦੀ ਨੂੰ ਬੁਲਾਇਆ ਹੋਇਆ ਸੀ। ਬੇਦੀ ਸਾਹਿਬ ਨਾਲ ਮੇਰੀ ਪਹਿਲੀ ਆਹਮੋ-ਸਾਹਮਣੀ ਮੁਲਾਕਾਤ ਉਸ ਬੈਠਕ ਵਿਚ ਹੋਈ। ਨਾਮ ਬੜੇ ਔਰ ਦਰਸ਼ਨ ਛੋਟੇ। ਆਪਣੇ ਨਾਂ ਦੇ ਮੁਕਾਬਲੇ ਉੱਤੇ ਪਿੱਦਾ ਜਿਹਾ ਲੱਗਿਆ, ਮੈਨੂੰ ਤਾਲਿਬ ਸਾਹਿਬ ਦੀ ਨਰੋਈ ਦੇਹ ਦੀ ਕੱਛ ਵਿਚ ਬੈਠਾ ਹੋਇਆ ਇਹ ਬੇਦੀ। ਮੈਂ ਤਾਂ ਉਸ ਨੂੰ ਚੰਗੀ ਤਰ੍ਹਾਂ ਵੇਖਿਆ ਤਾਂ ਜੋ ਲੋੜ ਪੈਣ ਉੱਤੇ ਪਛਾਣ ਸਕਾਂ ਪਰ ਮੈਨੂੰ ਯਕੀਨ ਹੈ, ਪ੍ਰੋਫੈਸਰਾਂ ਦੇ ਏਨੇ ਜਮਘਟੇ ਵਿਚ ਮੇਰੇ ਨਾਂ ਤੇ ਮੇਰੀ ਸ਼ਕਲ ਦਾ ਜੋੜ ਉਸ ਦੇ ਜ਼ਿਹਨ ਵਿਚ ਬਿਲਕੁਲ ਨਹੀਂ ਜੁੜਿਆ ਹੋਣਾ। ਸਿਵਾਏ ਪ੍ਰੋਫ਼ੈਸਰੀ ਦੇ ਜੋ ਉਸ ਬੈਠਕ ਵਿਚ ਥੋਕ ਦੇ ਹਿਸਾਬ ਨਾਲ ਮੌਜੂਦ ਸੀ, ਮੇਰੀ ਹੋਰ ਪਛਾਣ ਓਸ ਵੇਲੇ ਸੀ ਵੀ ਕਿਹੜੀ?


ਦੇਸ਼ ਦੀ ਵੰਡ ਪਿੱਛੋਂ, ਜਦੋਂ ਸਾਹਿਤ ਤੇ ਫਿਲਮ ਦੇ ਜਗਤ ਵਿਚ ਬੇਦੀ ਸਾਹਿਬ ਦਾ ਕੱਦ-ਬੁੱਤ ਢੇਰ ਉੱਚਾ ਹੋ ਗਿਆ ਸੀ, ਓਦੋਂ ਉਸ ਨੂੰ ਮਹਿੰਗੇ ਦਰਜੀਆਂ ਨੇ ਬੜੇ ਵਧੀਆ ਤੇ ਫਸਵੇਂ ਸੂਟ ਪਹਿਨਾ ਕੇ ਤੇ ਚੀਨੀ ਮੋਚੀਆਂ ਨੇ ਉੱਚੀ ਅੱਡੀ ਵਾਲੇ ਲਿਸ਼ਕਦੇ ਬੂਟ ਪੁਆ ਕੇ ਦਰਸ਼ਨੀ ਸ਼ਖ਼ਸੀਅਤ ਦਾ ਮਾਲਕ ਬਣਾ ਦਿੱਤਾ ਸੀ ਪਰ ਵਿਚ ਹਾਲਤ ਲਾਹੌਰ ਤੋਂ ਵੀ ਗਈ-ਗੁਜ਼ਰੀ ਸੀ। ਲਾਹੌਰ ਵਿਚ ਤਾਂ ਮਿਲਣ ਦੀਆਂ ਸੰਭਾਵਨਾਵਾਂ ਦਾ ਕੋਈ ਅੰਤ ਨਹੀਂ ਸੀ ਪਰ ਏਥੇ ਉੱਕਾ ਪਤਾ ਨਹੀਂ ਸੀ, ਕਦੀ ਸੰਭਾਵਨਾ ਨੂੰ ਭਾਗ ਲੱਗਣਗੇ ਵੀ ਕਿ ਨਹੀਂ। ਫ਼ਰਕ ਸਿਰਫ਼ ਏਨਾ ਪਿਆ ਸੀ ਕਿ ਜਿਵੇਂ ਬੇਦੀ ਹੁਰਾਂ ਦਾ ਨਾਂ ਕਈ ਦੇਸਾਂ ਦੀਆਂ ਭੂਗੋਲਿਕ ਸਰਹੱਦਾਂ ਉਲੰਘ ਗਿਆ ਸੀ, ਮੇਰਾ ਨਾਂ ਵੀ ਪੰਜਾਬ ਅੰਦਰਲੇ ਕੁਝ ਵਿਦਿਅਕ-ਸਭਿਆਚਾਰਕ ਇਦਾਰਿਆਂ ਦੀਆਂ ਸਰਹੱਦਾਂ ਟੱਪਣ ਲਗ ਪਿਆ ਸੀ। ਲਾਹੌਰ ਵਾਲੀ ਅਗਿਆਤ ਹੋਣ ਦੀ ਮੌਜ ਦਾ ਖ਼ਾਤਮਾ ਹੋ ਚੁੱਕਾ ਸੀ। ਲਗਦਾ ਹੈ ਬੇਦੀ ਸਾਹਿਬ ਨੂੰ ਵੀ ਮੇਰੀ ਤੇ ਮੇਰੇ ਨਾਂ ਦੀ ਜੁਗਲਬੰਦੀ ਦੀ ਸੁਹਾਣ ਹੋਣ ਲਗ ਪਈ ਸੀ- ਸ਼ਾਇਦ ਇਸ ਕਰ ਕੇ ਕਿ ਇਕ ਵਾਰੀ ਅਸੀਂ ਰੱਬ-ਸਬਬੀ ਬੜੀ ਲੰਮੀ ਤੇ ਬਹੁਤ ਖੱਪੀ ਬੈਠਕ ਵਿਚ ਇਕੱਠੇ ਹੋ ਗਏ ਸਾਂ। ਬੈਠਕ ਪ੍ਰੋ. ਮੋਹਨ ਸਿੰਘ ਦੇ ਘਰ ਜਲੰਧਰ ਵਿਚ ਸਾਰੀ ਰਾਤ ਚਲਦੀ ਰਹੀ ਸੀ। ਇਸ ਵਿਚ ਗੌਰਮਿੰਟ ਕਾਲਜ, ਲਾਹੌਰ ਦੇ ਪ੍ਰੋ. ਸਫ਼ਦਰ ਮੀਰ ਹੁਰੀਂ ਵੀ ਹਾਜ਼ਰ ਸਨ। ਏਥੇ ਬੇਦੀ ਸਾਹਿਬ ਦੇ ਮੂੰਹੋਂ ਉਨ੍ਹਾਂ ਦੇ ਜਵਾਬੀ ਲਤੀਫ਼ੇ ਸੁਣਨ ਦਾ ਅਭੁੱਲ ਮੌਕਾ ਮਿਲਿਆ। ਚੱਲਦੀ ਚੱਲਦੀ, ਗੱਲ ਚੱਲ ਨਿਕਲੀ ਉਨ੍ਹਾਂ ਲਤੀਫ਼ਿਆਂ ਦੀ ਜੋ ਪਾਕਿਸਤਾਨ ਵਿਚ ਸਿੱਖਾਂ ਬਾਰੇ ਚਾਲੂ ਸਨ। ਪ੍ਰੋ. ਸਫ਼ਦਰ ਮੀਰ ਹੁਰਾਂ ਜਿਹੜੇ ਲਤੀਫ਼ੇ ਸੁਣਾਏ, ਉਨ੍ਹਾਂ ਵਿਚੋਂ ਇਕ ਸੀ 'ਪਹਿਲਾਂ-ਸੋਚ-ਕਮੇਟੀ' ਵਾਲਾ:

ਸਿੱਖਾਂ ਦੇ ਇਕ ਪਿੰਡ ਦੀ ਪੰਚਾਇਤ ਇਸ ਗੱਲੋਂ ਬੜੀ ਔਖੀ ਸੀ ਕਿ ਸਾਡੇ ਲੋਕ ਬਿਨਾ ਸੋਚੇ-ਸਮਝੇ ਪਹਿਲਾਂ ਕੁਝ ਕਰ ਬੈਠਦੇ ਨੇ ਤੇ ਜਦੋਂ ਨਤੀਜਾ ਉਲਟਾ ਪੈ ਜਾਂਦੈ ਤਾਂ ਬੈਠ ਜਾਂਦੇ ਨੇ ਝੁਰਨ। ਦਿਮਾਗ਼ ਖ਼ੁਰਚ ਖ਼ੁਰਚ ਕੇ ਸਿਆਣਿਆਂ ਦੀ 'ਪਹਿਲਾਂ-ਸੋਚ-ਕਮੇਟੀ' ਬਣਾਉਣ ਦਾ ਫ਼ੈਸਲਾ ਹੋਇਆ। ਕਮੇਟੀ ਬਣਾ ਕੇ ਡੌਂਡੀ ਪਿਟਵਾ ਦਿੱਤੀ ਗਈ। ਕੋਈ ਵੀ ਮਾਮਲਾ ਪਹਿਲਾਂ ਸੋਚਣ ਲਈ ਪੇਸ਼ ਕੀਤਾ ਜਾ ਸਕਦਾ ਹੈ। ਪਹਿਲਾ ਮੁਕੱਦਮਾ ਇਕ ਖੇਤ ਦੇ ਮਾਲਕ ਵੱਲੋਂ ਪੇਸ਼ ਹੋਇਆ। ਪਿੰਡ ਦੇ ਬੱਚੇ ਸਕੂਲ ਜਾਂਦਿਆਂ ਤੇ ਮੁੜਦਿਆਂ, ਗੰਨਿਆਂ ਦੇ ਲਾਲਚ ਵਿਚ, ਉਸ ਦੀ ਢੇਰ ਸਾਰੀ ਪੈਲੀ ਬਰਬਾਦ ਕਰ ਦੇਂਦੇ ਸਨ। ਮਾਲਕ ਦੀ ਦਰਖ਼ਾਸਤ ਸੀ ਕਿ ਉਸ ਨੂੰ, ਡੂੰਘੀ ਸੋਚ ਪਿੱਛੋਂ, ਇਸ ਬਰਬਾਦੀ ਤੋਂ ਬਚਣ ਦਾ ਉਪਾਅ ਦੱਸਿਆ ਜਾਵੇ। 'ਪਹਿਲਾਂ ਸੋਚ ਕਮੇਟੀ' ਦੇ ਸਿਆਣੇ ਮੈਂਬਰ, ਸਿਰ ਸੁੱਟ ਕੇ ਲੱਗੇ ਸੋਚਣ। ਦੋ ਚਾਰ ਬੈਠਕਾਂ ਪਿੱਛੋਂ ਕਮੇਟੀ ਇਸ ਨਤੀਜੇ ਉੱਤੇ ਪਹੁੰਚੀ ਕਿ ਬੁਨਿਆਦੀ ਕਸੂਰ ਖੇਤ ਦੇ ਮਾਲਕ ਦਾ ਹੈ, ਜਿਸ ਨੇ ਬੱਚਿਆਂ ਦੇ ਰਾਹ ਵਿਚ ਗੰਨੇ ਬੀਜ ਕੇ ਪਿੰਡ ਦੀ ਅੱਲੀ ਪਨੀਰੀ ਨੂੰ ਚੋਰੀ ਕਰਨ ਦਾ ਲਾਲਚ ਪੇਸ਼ ਕੀਤਾ ਹੈ। ਸਕੂਲ ਆਪਣੀ ਥਾਂ ਤੋਂ ਹਟਾਇਆ ਨਹੀਂ ਜਾ ਸਕਦਾ, ਖੇਤ ਵੀ ਆਪਣੀ ਥਾਂ ਤੋਂ ਹਟ ਨਹੀਂ ਸਕਦਾ ਪਰ ਫ਼ਸਲ ਬੜੀ ਸੌਖ ਨਾਲ ਹਟਾਈ ਜਾ ਸਕਦੀ ਹੈ। ਸੋ ਮੁਕੱਦਮੇ ਦੇ ਧੁਰ ਅੰਦਰੋਂ ਅਸਲ ਮੁੱਦਾ ਇਹ ਨਿਕਲਦਾ ਹੈ ਕਿ ਬੱਚਿਆਂ ਨੂੰ ਚੋਰੀ ਦੀ ਆਦਤ ਤੋਂ ਕਿਵੇਂ ਬਚਾਇਆ ਜਾਵੇ? ਇਸ ਦਾ ਹੱਲ ਬਿਲਕੁਲ ਸੌਖਾ ਸੀ... ਬੱਚਿਆਂ ਦੇ ਰਾਹ ਵਿਚੋਂ ਕਮਾਦ ਹਟਾ ਦਿੱਤਾ ਜਾਏ ਤਾਂ ਨਾ ਚੋਰੀ ਹੋਵੇਗੀ, ਨਾ ਚੋਰੀ ਦੀ ਸ਼ਿਕਾਇਤ ਰਹੇਗੀ। ਬਾਂਸ ਹੀ ਨਾ ਹੋਇਆ ਤਾਂ ਬੰਸਰੀ ਕਿਵੇਂ ਵੱਜੇਗੀ? ਤੇ ਇਸ ਤੋਂ ਪਹਿਲਾਂ ਕਿ ਮਾਲਕ ਨੂੰ ਖ਼ਬਰ ਹੁੰਦੀ, ਕਮੇਟੀ ਦੇ ਸਿਆਣੇ ਮੈਂਬਰਾਂ ਨੇ ਆਪ ਖੇਚਲ ਕੀਤੀ ਤੇ ਮੌਕੇ ਉੱਤੇ ਜਾ ਕੇ ਕਮਾਦ ਨੂੰ ਅੱਗ ਲਾ ਦਿੱਤੀ। ਕਮੇਟੀ ਨੇ ਇਕ ਗੱਲ ਹੋਰ ਵੀ ਕੀਤੀ, ਰਾਹ ਵਿਚ ਗੰਨੇ ਬੀਜ ਕੇ ਪਿੰਡ ਦੇ ਸਾਰੇ ਬੱਚਿਆਂ ਦੇ ਚਾਲ-ਚਲਨ ਨੂੰ ਵਿਗਾੜ ਸੁੱਟਣ ਦੇ ਸੰਗੀਨ ਜੁਰਮ ਵਿਚ ਮਾਲਕ ਨੂੰ ਮੁਨਾਸਬ ਸਜ਼ਾ ਦੇਣ ਦਾ ਮਾਮਲਾ, ਵਧੇਰੇ ਡੂੰਘਿਆਈ ਨਾਲ ਸੋਚਣ ਲਈ, ਅਗਲੀ ਬੈਠਕ ਤਕ ਮੁਲਤਵੀ ਕਰ ਦਿੱਤਾ। ਅਜੇ ਇਹ ਲਤੀਫ਼ਾ ਮੁੱਕਿਆ ਸੀ ਕਿ ਬੇਦੀ ਸਾਹਿਬ ਨੇ ਝੱਟ ਵਾਰੀ ਬੋਚ ਲਈ।



ਉਰਦੂ ਅਦਬ ਦੇ ਮਿਸਾਲੀ ਲਿਖਾਰੀ ਰਾਜਿੰਦਰ ਸਿੰਘ ਬੇਦੀ

*ਮੈਂ ਪਟਿਆਲੇ ਪਹੁੰਚ ਕੇ ਪਹਿਲਾ ਕੰਮ ਇਹ ਕੀਤਾ ਕਿ ਬੇਦੀ ਹੁਰਾਂ ਦੀ ਉੱਚ ਪਾਏ ਦੀ ਕਹਾਣੀ 'ਲਾਜਵੰਤੀ' ਪੰਜਾਬੀ ਵਿਚ ਪਰਤਾਈ ਤੇ ਛਪਣ ਲਈ 'ਆਰਸੀ' ਵਿਚ ਭੇਜ ਦਿੱਤੀ। ਮੈਂ ਛਪੀ ਹੋਈ ਕਹਾਣੀ ਦੀ ਇਕ ਕਾਪੀ ਬੇਦੀ ਜੀ ਨੂੰ ਭੇਜ ਕੇ ਉਨ੍ਹਾਂ ਦੀ ਮੂਲ ਭਾਸ਼ਾ ਦੇ ਮਿਆਰ ਤਕ ਪਹੁੰਚਣ ਦੀ ਆਪਣੀ ਅਸਮਰੱਥਾ ਦੀ ਖਿਮਾ ਮੰਗੀ ਤੇ ਆਪਣੇ ਜਤਨ ਨੂੰ ਜਾਰੀ ਰੱਖਣ ਜਾਂ ਕਿਸੇ ਹੋਰ ਵਧੇਰੇ ਪ੍ਰਬੀਨ ਅਨੁਵਾਦਕ ਦੀ ਭਾਲ ਕਰਨ ਬਾਰੇ ਉਨ੍ਹਾਂ ਦੀ ਰਾਏ ਜਾਣਨੀ ਚਾਹੀ। ਕੁਝ ਦਿਨਾਂ ਪਿਛੋਂ ਲੜਖੜਾਉਂਦੇ ਹੱਥ ਨਾਲ ਘੜੀਸੇ ਹੋਏ ਉਰਦੂ ਦੇ ਸ਼ਿਕਸਤੇ ਜਿਹੇ ਵਿਚ ਲਿਖਿਆ ਪੋਸਟ ਕਾਰਡ ਆਇਆ ਜਿਸ ਵਿਚ ਮੇਰੇ ਅਨੁਵਾਦ ਉੱਤੇ ਭਰਪੂਰ ਤਸੱਲੀ ਪ੍ਰਗਟਾਈ ਸੀ।*




ਪ੍ਰੋ. ਪ੍ਰੀਤਮ ਸਿੰਘ ਦੀ ਅਨੁਵਾਦ ਕੀਤੀ ਕਿਤਾਬ ਦਾ ਮੁਖੜਾ।

ਬੋਲੇ: ਏਧਰ ਵੀ ਅੱਜ ਕੱਲ੍ਹ ਇਕ ਗੱਲ ਬੜੀ ਚੱਕਰ ਲਾ ਰਹੀ ਹੈ, ਹੋ ਸਕਦਾ ਹੈ, ਤੁਹਾਡੇ ਕੰਨੀਂ ਪੈ ਚੁੱਕੀ ਹੋਵੇ। ਇਕ ਨਿਹੰਗ ਤੇ ਮੌਲਵੀ ਇਕੱਠੇ ਕਿਸੇ ਪਿੰਡ ਵੱਲ ਜਾ ਰਹੇ ਸਨ। ਰਾਹ ਵਿਚ ਇਕ ਬਹੁਤ ਸੜਾਂਦ-ਮਾਰਦੇ, ਬੁਲਬੁਲੇ ਛੱਡਦੇ, ਖੜੋਤੇ ਪਾਣੀ ਦੀ ਗੰਦੀ ਖਾਲ ਜਿਹੀ ਟੱਪਣੀ ਪੈ ਗਈ। ਮੌਲਵੀ ਨੇ ਛਾਲ ਮਾਰੀ ਤੇ ਟੱਪ ਗਿਆ। ਨਿਹੰਗ ਵੀ ਟੱਪ ਤਾਂ ਗਿਆ ਪਰ ਕੱਛੇ ਦੀ ਡੱਬ ਵਿਚ ਜਿਹੜਾ ਆਨਾ ਅੜੁੰਗਿਆ ਹੋਇਆ ਸੀ, ਉਹ ਖਾਲ ਵਿਚ ਜਾ ਪਿਆ। 'ਠਹਿਰਿਓ ਮੌਲਵੀ ਸਾਅਬ, ਫ਼ੌਜਾਂ ਦਾ ਖਜ਼ਾਨਾ ਏਸ ਗਾਰ ਵਿਚ ਜਾ ਪਿਐ, ਜ਼ਰਾ ਉਸ ਦੀ ਸਾਰ ਲੈ ਲਈਏ', ਤੇ ਆਪਣੇ ਚੋਲੇ ਦੀ ਬਾਂਹ ਤੇ ਕੜੇ-ਕੁੜੇ ਉੱਚੇ ਕਰ ਕੇ ਗਾਰ ਫਰੋਲਣ ਲਗ ਪਿਆ ਤੇ, ਨਾਲੋ-ਨਾਲ, ਗੱਜ ਕੇ ਬੋਲਣ ਲੱਗ ਪਿਆ, 'ਯਾ ਅੱਲਾਹ! ਫ਼ੌਜਾਂ ਦਾ ਖ਼ਜ਼ਾਨਾ ਲਭਾ ਦੇ, ਯਾ ਅੱਲਾਹ! ਫ਼ੌਜਾਂ ਦਾ ਖ਼ਜ਼ਾਨਾ ਲਭਾ ਦੇ।

ਮੌਲਵੀ ਕੋਲੋਂ ਚੁੱਪ ਨਾ ਰਿਹਾ ਗਿਆ। ਉਹ ਫੁੱਟ ਈ ਪਿਆ, 'ਕਿਉਂ ਓਏ ਨਿਹੰਗਾ! ਔਖੇ ਵੇਲੇ ਅਖ਼ੀਰ ਅੱਲਾਹ ਤਾਅਲਾ ਦਾ ਈ ਲੜ ਫੜਨਾ ਪਿਆ ਈ ਨਾ।'

ਨਿਹੰਗ ਨੇ ਬਦਬੂ ਮਾਰਦੀ ਗਾਰ ਦੀ ਮੁੱਠ ਭਰ ਕੇ ਬਾਹਰ ਕੱਢੀ ਤੇ ਮੌਲਵੀ ਨੂੰ ਵਿਖਾਉਂਦਿਆਂ ਬੋਲਿਆ, 'ਓਏ, ਕੁਝ ਤਾਂ ਸੋਚ, ਭਲਿਆ ਮਾਣਸਾ! ਐਸ ਗੰਦ ਵਿਚ ਟੁੱਭੀ ਮਾਰਨ ਲਈ ਅੱਲਾਹ ਨੂੰ ਨਹੀਂ ਤਾਂ ਹੋਰ ਵਾਹਿਗੁਰੂ ਨੂੰ ਬੁਲਾਵਾਂ?

ਇਹ ਸੀ ਬੇਦੀ ਦੇ ਮੂੰਹੋਂ ਸੁਣਿਆ ਲਤੀਫ਼ਾ। ਇਹੋ ਜਿਹੇ ਏਧਰੋਂ-ਓਧਰੋਂ ਪਹੁੰਚੇ ਲਤੀਫ਼ਿਆਂ, ਹਾਜ਼ਰ ਜਵਾਬੀ ਦੇ ਚੁਸਤ ਨਮੂਨਿਆਂ, ਰਿਸਾਲਿਆਂ ਵਿਚ ਛਪਦੀਆਂ ਕਹਾਣੀਆਂ, ਫ਼ਿਲਮਾਂ ਤੇ ਸਾਹਿਤਿਕ ਵਿਵਾਦਾਂ ਰਾਹੀਂ ਬੇਦੀ ਹੁਰਾਂ ਨਾਲ ਮਾਨਸਿਕ ਸਬੰਧ ਜੋੜਨ ਦਾ ਮੇਰਾ ਸ਼ੁਗਲ ਤਾਂ ਬਣਿਆ ਰਿਹਾ ਪਰ ਰਿਹਾ ਇਹ ਇਕ-ਪਾਸੜ ਹੀ। ਸਪਸ਼ਟ ਹੈ ਕਿ ਇਨ੍ਹਾਂ ਨਾਲ ਬੇਦੀ ਦਾ ਨਿਜ-ਸਰੂਪ ਮੇਰੇ ਨਿਜ ਦਾ ਹਿੱਸਾ ਨਹੀਂ ਸੀ ਬਣ ਸਕਦਾ। ਇਹ ਹਿੱਸਾ ਬਣਨ ਲਈ ਦੁਪਾਸੀਂ ਵਧੇਰੇ ਸੰਘਣੇ ਜ਼ਾਤੀ ਨੇੜ ਦੀ ਲੋੜ ਸੀ। ਬਦਕਿਸਮਤੀ ਨਾਲ ਇਸ ਨੇੜੇ ਦਾ ਸਬਬ ਬਣ ਨਾ ਸਕਿਆ।

(4)

ਇਹ ਤਾਂ ਬੇਦੀ ਸਾਹਿਬ ਨਾਲ ਮੇਰੇ 'ਗਹਿਰੇ ਜ਼ਾਤੀ ਸਬੰਧਾਂ' ਦੀ ਅਸਲ ਕਹਾਣੀ। ਸਪਸ਼ਟ ਹੈ ਕਿ ਨਿਰੋਲ ਇਨ੍ਹਾਂ ਦੇ ਆਧਾਰ ਉੱਤੇ ਮੈਂ ਉਨ੍ਹਾਂ ਦੀਆਂ ਕਹਾਣੀਆਂ ਨਾਲ ਕਿਸੇ ਤਰ੍ਹਾਂ ਦਾ ਗੰਢ-ਚਿਤਰਾਵਾ ਨਹੀਂ ਸਾਂ ਕਰ ਸਕਦਾ। ਇਸ ਦੇ ਲਈ ਕਿਸੇ ਵਧੇਰੇ ਜ਼ੋਰਾਵਰ ਜਜ਼ਬਾਤੀ ਧੂੰਸ ਦੀ ਲੋੜ ਸੀ ਜੋ ਅਸਲੋਂ ਤੇ ਬਿਲਕੁਲ ਅਚਾਨਕ ਪੈਦਾ ਹੋ ਗਈ, ਬੇਦੀ ਸਾਹਿਬ ਦੇ ਜੀਉਂਦੇ ਜੀਅ ਤੇ ਉਹ ਵੀ ਉਨ੍ਹਾਂ ਦੇ ਘਰ ਦੇ ਅੰਦਰਵਾਰ ਬੇਦੀ ਸਾਹਿਬ ਵਾਲੀ ਉੱਚ ਸ਼੍ਰੇਣੀ ਦੇ ਕੁਝ ਹੋਰ ਉਰਦੂ ਕਹਾਣੀਕਾਰ ਉਨ੍ਹਾਂ ਦੇ ਹਾਣੀ ਸਨ, ਜਿਵੇਂ ਕ੍ਰਿਸ਼ਨ ਚੰਦਰ, ਸੁਆਦਤ ਹਸਨ ਮੰਟੋ ਤੇ ਇਸਮਤ ਚੁਗ਼ਤਾਈ। ਮੇਰੀ ਚੋਣ ਦੇ ਸਹੀ ਕਾਰਨ ਦੇ ਪਤਾ ਨਾ ਹੋਣ ਦੀ ਸੂਰਤ ਵਿਚ ਮੇਰੇ ਪਾਸੋਂ ਯਕੀਨਨ ਪੁੱਛਿਆ ਜਾ ਸਕਦਾ ਹੈ ਕਿ ਮੇਰਾ ਗੁਣਾਂ ਇਨ੍ਹਾਂ ਵਿਚੋਂ ਕਿਸੇ ਉੱਤੇ ਕਿਉਂ ਨਹੀਂ ਪਿਆ, ਬੇਦੀ ਸਾਹਿਬ ਉੱਤੇ ਹੀ ਕਿਉਂ ਪਿਆ? ਕਿਸੇ ਵੇਲੇ ਮੈਂ ਮੁਨਸ਼ੀ ਪ੍ਰੇਮ ਚੰਦ ਦੀਆਂ 26 ਕਹਾਣੀਆਂ ਨੂੰ ਉਲਥਾਉਣ ਦਾ ਕੰਮ ਕੀਤਾ ਸੀ। ਇਹ ਬਹੁਤ ਸੁਆਦਲਾ ਕੰਮ ਸੀ ਪਰ ਸੀ ਭਾੜੇ ਦਾ। ਭਾਸ਼ਾ ਵਿਭਾਗ, ਪੰਜਾਬ ਨੇ ਕਰਵਾਇਆ, ਮੈਂ ਕਰ ਦਿੱਤਾ। ਸ੍ਰੀ ਲਾਲ ਸ਼ੁਕਲ ਹੁਰਾਂ ਦੇ ਪ੍ਰਸਿੱਧ ਹਿੰਦੀ ਨਾਵਲ 'ਰਾਗ ਦਰਬਾਰੀ' ਨੂੰ ਪੰਜਾਬੀ ਵਿਚ ਪਰਤਾਉਣ ਦਾ ਕੰਮ ਵੀ ਮੈਂ ਕੀਤਾ ਸੀ ਪਰ ਉਹ ਭਾੜੇ ਦਾ ਕੰਮ ਸੀ। ਨੈਸ਼ਨਲ ਬੁਕ ਟ੍ਰਸਟ, ਨਵੀਂ ਦਿੱਲੀ ਨੇ ਕਿਹਾ, ਮੈਂ ਕਰ ਦਿੱਤਾ। ਇਨ੍ਹਾਂ ਤੋਂ ਪਹਿਲਾਂ, ਖੁਸ਼ਹਾਲ ਖ਼ਾਨ ਖੱਟਕ ਦੀਆਂ ਪਸ਼ਤੋ ਦੀਆਂ ਚੋਣਵੀਆਂ ਕਵਿਤਾਵਾਂ ਦਾ ਅਨੁਵਾਦ ਕੀਤਾ ਸੀ; ਉਹ ਵੀ ਭਾੜੇ ਉੱਤੇ ਕੀਤਾ ਸੀ- ਪੰਜਾਬੀ ਯੂਨੀਵਰਸਿਟੀ, ਪਟਿਆਲੇ ਦੀ ਬੇਨਤੀ ਉੱਤੇ। 'ਖ਼ੈਰੁਲ ਮਜਾਲਿਸ' (ਫਾਰਸੀ ਵਿਚੋਂ) ਅਨੁਵਾਦ ਕੀਤਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਸਤੇ। ਅੰਗਰੇਜ਼ੀ ਪੁਸਤਕ 'ਫੋਕਲੋਰ ਆਫ ਤਾਮਿਲ ਨਾਡੂ' ਦਾ ਅਨੁਵਾਦ ਕੀਤਾ ਨੈਸ਼ਨਲ ਬੁਕ ਟ੍ਰਸਟ, ਨਵੀਂ ਦਿੱਲੀ ਲਈ।

ਪਰ ਬੇਦੀ ਸਾਹਿਬ ਦੀਆਂ ਕਹਾਣੀਆਂ ਨੂੰ ਅਨੁਵਾਦਣ ਦਾ ਕੰਮ ਕਿਸੇ ਵੀ ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਜਾਂ ਸੰਗਠਨ ਵੱਲੋਂ

(ਬਾਕੀ ਅਗਲੇ ਸਫੇ 'ਤੇ)

ਸੌਂਪਿਆ ਹੋਇਆ ਕੰਮ ਨਹੀਂ ਸੀ। ਇਸ ਦਾ ਕੋਈ ਇਵਜਾਨਾ ਨਹੀਂ ਸੀ ਮਿਲਣਾ। ਇਹ ਨਿਰੋਲ ਆਪਣੀ ਖੁਸ਼ੀ ਨਾਲ ਆਪ ਸਹੇੜੀ ਵਗਾਰ ਸੀ, ਭਾਵੇਂ ਸੀ ਬੜੀ ਸੁਖਾਵੀਂ ਜਿਸ ਨੂੰ ਮੈਂ ਖਿੜੇ ਮੱਥੇ, ਫ਼ਰਜ਼ ਸਮਝ ਕੇ ਨਿਭਾਇਆ ਹੈ। ਇਹ 'ਆਪਣੀ ਖੁਸ਼ੀ ਨਾਲ ਆਪ-ਸਹੇੜੀ ਵਗਾਰ', ਜਿਵੇਂ ਮੈਂ ਉੱਪਰ ਦੱਸ ਆਇਆ ਹਾਂ, ਬੇਦੀ ਸਾਹਿਬ ਦੇ ਜੀਉਂਦੇ ਜੀਅ ਉਨ੍ਹਾਂ ਦੇ ਘਰ ਤੋਂ ਸ਼ੁਰੂ ਹੋਈ ਸੀ। ਉਦਾਰ ਪਾਠਕ ਸ਼ਾਇਦ ਇਹ ਸਮਝ ਬੈਠੇ ਕਿ ਬੇਦੀ ਸਾਹਿਬ ਨੇ ਅਨੁਵਾਦ ਲਈ ਤਰਲਾ ਮਾਰਿਆ ਹੋਵੇਗਾ, ਜੋ ਮੈਂ ਮੰਨ ਲਿਆ ਹੋਵੇਗਾ ਤੇ ਇਸੇ ਨੂੰ ਮੈਂ ਬੇਦੀ ਸਾਹਿਬ ਦੇ ਆਦਰ ਵਜੋਂ 'ਆਪ ਸਹੇੜੀ' ਦੱਸ ਰਿਹਾ ਹਾਂ ਪਰ ਨਹੀਂ, ਮੈਂ ਖੀਰ ਨੂੰ ਤਸਮਈ ਨਹੀਂ ਕਹਿ ਰਿਹਾ, ਬਿਲਕੁਲ ਸਹੀ ਬਿਆਨ ਦੇ ਰਿਹਾ ਹਾਂ।

(5)

ਇਹ ਗੱਲ ਇਉਂ ਵਾਪਰੀ ਸੀ: ਬੰਬਈ ਤੋਂ ਮੇਰੇ ਮਿੱਤਰ ਸ. ਹੁਕਮ ਸਿੰਘ ਭੱਟੀ ਦਾ ਲੈਕਚਰ ਲਈ ਬੁਲਾਵਾ ਪਹੁੰਚਿਆ। ਮੈਂ ਚਲਿਆ ਗਿਆ ਤੇ ਭੱਟੀ ਸਾਹਿਬ ਦੇ ਘਰ ਠਹਿਰਿਆ। ਮੈਂ ਜਾਂਦਿਆਂ ਆਪਣੀ ਇਕ ਮੰਗ ਉਨ੍ਹਾਂ ਦੇ ਸਾਹਮਣੇ ਰੱਖ ਦਿੱਤੀ: ਤੁਸੀਂ ਮੈਨੂੰ ਦੋ ਬੰਦਿਆਂ ਨਾਲ ਜ਼ਰੂਰ ਮਿਲਾਉਣਾ- ਇਕ ਸੁਖਬੀਰ, ਦੂਜੇ ਬੇਦੀ। ਸੁਖਬੀਰ ਨੂੰ ਭੱਟੀ ਹੁਰਾਂ ਟੈਲੀਫ਼ੋਨ ਕਰ ਕੇ ਬੁਲਾ ਲਿਆ ਤੇ ਝੱਟ ਕੁ ਪਿੱਛੋਂ ਸਾਡਾ ਤਿੰਨਾਂ ਦਾ ਕਾਫ਼ਲਾ ਬੇਦੀ ਸਾਹਿਬ ਦੇ ਦਰਸ਼ਨਾਂ ਲਈ ਚੱਲ ਪਿਆ। ਭੱਟੀ ਸਾਹਿਬ ਦੀ ਗੱਡੀ ਨੇ ਬੇਦੀ ਜੀ ਦੇ ਟਿਕਾਣੇ ਉੱਤੇ ਪਹੁੰਚਾਉਣ ਵਿਚ ਬਹੁਤੀ ਦੇਰ ਨਾ ਲਾਈ। ਘੰਟੀ ਵਜਾ ਕੇ ਆਪਣੇ ਪਹੁੰਚਣ ਦੀ ਸੂਚਨਾ ਦਿੱਤੀ ਤੇ ਭੱਟੀ ਹੁਰਾਂ ਦੀ ਅਗਵਾਈ ਵਿਚ ਅਸੀਂ ਪੌੜੀਆਂ ਚੜ੍ਹ ਕੇ ਉੱਪਰ ਚਲੇ ਗਏ। ਬੇਦੀ ਜੀ ਦੇ ਸੇਵਾਦਾਰ ਨੇ ਸਾਨੂੰ ਕਮਰੇ ਵਿਚ ਪਈਆਂ ਕੁਰਸੀਆਂ ਤਕ ਸਾਡੀ ਅਗਵਾਈ ਕੀਤੀ। ਕੁਝ ਚਿਰ ਪਿੱਛੋਂ ਕੀ ਵੇਖਦੇ ਹਾਂ, ਬੇਦੀ ਸਾਹਿਬ ਦੇ ਸਰੀਰ ਦਾ ਲੜਖੜਾਉਂਦਾ, ਥਿੜਕਦਾ, ਡਾਵਾਂਡੋਲ ਜਿਹਾ ਖੰਡਰ, ਕੀੜੀ ਤੋਰ, ਸਾਡੇ ਵੱਲ ਆ ਰਿਹਾ ਸੀ। ਦਿੱਸਦਾ ਪਿਆ ਸੀ ਕਦਮ ਆਪਣੀ ਲੈਅ ਗਵਾ ਚੁੱਕੇ ਹਨ। ਬੇਦੀ ਜੀ ਨੇ ਆਪਣੇ ਪ੍ਰਾਹੁਣਿਆਂ ਦੇ ਆਦਰ ਵਿਚ ਆਪਣੀ ਬਚੀ-ਖੁਚੀ ਦੇਹ ਨੂੰ ਕਮੀਜ਼ ਨਾਲ ਕੱਜਣ ਦੀ ਕੋਸ਼ਿਸ਼ ਕੀਤੀ ਸੀ ਪਰ ਸਾਰੇ ਬਟਣ ਬੰਦ ਨਹੀਂ ਸਨ ਹੋ ਸਕੇ। ਮੈਨੂੰ ਇਹ ਤਾਂ ਪਤਾ ਸੀ ਕਿ ਬੇਦੀ ਸਾਹਿਬ ਦੀ ਤਬੀਅਤ ਨਾਸਾਜ਼ ਹੈ ਪਰ ਅਧਰੰਗ ਨੇ ਉਨ੍ਹਾਂ ਨੂੰ ਏਨਾ ਹੰਗਾਲ ਸੁੱਟਿਆ ਹੋਵੇਗਾ, ਇਸ ਦਾ ਚਿਤ-ਚੇਤਾ ਵੀ ਨਹੀਂ ਸੀ ਤੇ ਬਿਨ ਵੇਖੇ, ਇਸ ਦਾ ਅਨੁਭਵ ਹੋ ਵੀ ਨਹੀਂ ਸੀ ਹੋ ਸਕਦਾ। ਉਨ੍ਹਾਂ ਦੇ ਬੁੱਲ੍ਹਾਂ ਦੀ ਰੁਚੀ ਉਨ੍ਹਾਂ ਦੀ ਮਰਜ਼ੀ ਤੋਂ ਬਿਨਾ ਥੱਲੇ ਵੱਲ ਲਟਕਣ ਦੀ ਸੀ, ਉਨ੍ਹਾਂ ਨੇ ਮਿਲਾਉਣ ਲਈ ਜਿਹੜਾ ਠੰਢਾ-ਠਾਰ, ਰੱਤਹੀਣ ਪੰਜਾ ਸਾਡੇ ਵੱਲ ਵਧਾਇਆ, ਉਹ ਕਦੀ ਉਨ੍ਹਾਂ ਦਾ ਗਰਮਜੋਸ਼ੀ ਨਾਲ ਦਸਤਪੰਜਾ ਕਰਦਾ ਹੁੰਦਾ ਸੀ ਪਰ ਹੁਣ ਆਪਣੇ ਸੁਆਮੀ ਦੇ ਹੁਕਮ ਦੇ ਬਾਵਜੂਦ ਅੱਗੇ ਵਧਣ ਤੋਂ ਹਿਚਕਿਚਾ ਰਿਹਾ ਸੀ। ਸਿਰ ਉੱਤੇ ਪਟਕਾ ਲਪੇਟਿਆ ਹੋਇਆ ਸੀ, ਉਘੜ-ਦੁਘੜ। ਕਿਸੇ ਵੇਲੇ ਇਹ ਪੁਰ ਜਲਾਲ ਚਿਹਰਾ ਆਪਣੀ ਦੱਖ ਕਾਇਮ ਰੱਖਣ ਲਈ ਦਾੜ੍ਹੀ-ਮੁੱਛ ਦੀ ਫ਼ਸਲ ਵਿਚ ਅਣਚਾਹੇ ਵਾਧੇ ਉੱਤੇ ਕੈਂਚੀ ਦੀ ਨਿਗਰਾਨੀ ਰੱਖਣ ਦਾ ਸ਼ੌਕੀਨ ਹੁੰਦਾ ਸੀ। ਹੁਣ ਬੇਵੱਸ ਸੀ, ਇਸ ਲਈ ਬਗੀਚਾ ਜੰਗਲ ਦਾ ਪ੍ਰਭਾਵ ਦੇ ਰਿਹਾ ਸੀ। ਜਿਸ ਮੇਜ਼ ਉੱਤੇ ਬੈਠ ਕੇ ਇਹ ਬੇਦੀ ਇਸ ਤਰ੍ਹਾਂ ਦੇ ਫੁੰਕਾਰੇ ਮਾਰਦਾ ਹੁੰਦਾ ਸੀ, 'ਮੈਨੂੰ ਕਿਸੇ ਧਰਮ-ਗ੍ਰੰਥ ਦੀ ਲੋੜ ਨਹੀਂ ਕਿਉਂਕਿ ਇਨ੍ਹਾਂ ਛੁੱਟੜ ਕਿਤਾਬਾਂ ਤੋਂ ਵਧੀਆ ਮੈਂ ਆਪ ਲਿਖ ਸਕਦਾਂ। ਮੈਨੂੰ ਕਿਸੇ ਗੁਰੂ, ਉਸਤਾਦ, ਕਿਸੇ ਦੀਖਿਆ ਦੀ ਭਾਲ ਨਹੀਂ ਕਿਉਂਕਿ ਹਰ ਬੰਦਾ ਆਪਣਾ ਗੁਰੂ ਆਪ ਹੀ ਹੋ ਸਕਦੈ ਤੇ ਆਪ ਈ ਚੇਲਾ ਵੀ। ਬਾਕੀ ਸਭ ਦੁਕਾਨਦਾਰੀ'। ਹੁਣ ਉਸੇ ਮੇਜ਼ ਉੱਤੇ ਰੂਹਾਨੀ ਮਿਸ਼ਨ ਵਾਲੇ ਸੰਤ ਕਿਰਪਾਲ ਸਿੰਘ ਹੁਰਾਂ ਦੀ ਤਸਵੀਰ ਬੜੇ ਆਦਰ ਨਾਲ ਸਜਾਈ ਹੋਈ ਸੀ। ਇਨ੍ਹਾਂ ਹੀ ਸੰਤਾਂ ਦੀ ਇਕ ਹੋਰ ਵੱਡੀ ਤਸਵੀਰ ਕੰਧ ਉੱਤੇ ਲਟਕ ਰਹੀ ਸੀ। ਕਿਸੇ ਨੂੰ ਮਿਲਣ ਵੇਲੇ ਬੇਦੀ ਸਾਹਿਬ ਦੀਆਂ ਅੱਖਾਂ ਵਿਚ ਜਿਹੜੀ ਰੌਣਕ ਆਉਂਦੀ ਸੀ ਤੇ ਬੁੱਲ੍ਹਾਂ ਉੱਤੇ ਜੋ ਮੁਸਕਰਾਹਟ ਨੱਚਦੀ ਹੁੰਦੀ ਸੀ, ਉਸ ਨੂੰ ਬਹਾਲ ਕਰਨ ਦੀ ਕੋਸ਼ਿਸ਼ ਵਿਚ ਅਸਫਲ ਹੋਣ ਉਪਰੰਤ, ਉਹ ਸਾਡੇ ਸਾਹਮਣੇ ਪਈ ਕੁਰਸੀ ਉੱਤੇ ਢੇਰ ਹੋ ਗਏ।

ਭੱਟੀ ਹੁਰਾਂ ਸਾਡੀ ਜਾਣ-ਪਛਾਣ ਕਰਾਈ। ਉਨ੍ਹਾਂ ਦੇ ਮੂੰਹ ਵਿਚੋਂ ਜੋ ਅਵਾਜ਼ਾਂ ਨਿਕਲੀਆਂ, ਉਸ ਤੋਂ ਮੈਂ ਅੰਦਾਜ਼ਾ ਲਾਇਆ ਕਿ ਉਹ 'ਮੈਂ ਜਾਣਦਾਂ, ਮੈਂ ਪਛਾਣ ਲਿਐ' ਕਹਿ ਰਹੇ ਹੋਣਗੇ। ਅਸੀਂ ਪੁੱਛਦੇ ਰਹੇ- ਸਿਹਤ ਬਾਰੇ, ਦਾਰੂ-ਦਰਮਲ ਬਾਰੇ, ਦਿਲ ਲਾਉਣ ਲਈ ਟੀ.ਵੀ. ਵੇਖਣ ਬਾਰੇ, ਮਿਲਣ ਵਾਲਿਆਂ ਬਾਰੇ ਤੇ ਲਿਖਣ-ਪੜ੍ਹਨ ਬਾਰੇ। ਜੋ ਵੀ ਢੁੱਕਵਾਂ ਜਾਂ ਨਾ-ਢੁੱਕਵਾਂ ਸਵਾਲ ਸਾਡੇ ਤਿੰਨਾਂ ਵਿਚੋਂ ਕਿਸੇ ਨੂੰ ਸੁੱਝਦਾ ਗਿਆ, ਅਸੀਂ ਗੱਲਬਾਤ ਜਾਰੀ ਰੱਖਣ ਦੇ ਖ਼ਿਆਲ ਨਾਲ ਕਰਦੇ ਗਏ। ਉਨ੍ਹਾਂ ਦਾ ਜੀਅ ਲੱਗ ਗਿਆ, ਉਨ੍ਹਾਂ ਦੇ ਬੋਲ ਵਿਚ ਕੁਝ ਸਪਸ਼ਟਤਾ ਆ ਗਈ। ਉਨ੍ਹਾਂ ਨੂੰ ਹਮਦਰਦੀ ਦੀ ਸਖ਼ਤ ਲੋੜ ਸੀ ਤੇ ਉਨ੍ਹਾਂ ਨੂੰ ਲੱਗਿਆ ਹੋਵੇਗਾ ਕਿ ਇਹ ਮੇਰੇ ਹਮਦਰਦ ਹਨ। ਉਨ੍ਹਾਂ ਨੇ ਉਸ ਨਾਵਲ ਬਾਰੇ ਦੱਸਿਆ ਜੋ ਉਨ੍ਹਾਂ ਨੇ ਛੋਹਿਆ ਹੋਇਆ ਸੀ ਤੇ ਜਿਸ ਨੂੰ ਰਾਜ਼ੀ ਹੋਣ ਉਪਰੰਤ ਉਨ੍ਹਾਂ ਨੇ ਪੂਰਾ ਕਰਨ ਦੀ ਠਾਨੀ ਹੋਈ ਸੀ। ਅਸੀਂ ਉਨ੍ਹਾਂ ਦੀ ਛੇਤੀ ਰਾਜ਼ੀ ਹੋ ਜਾਣ ਦੀ ਉਮੀਦ ਲਈ ਭਰਪੂਰ ਹੁੰਗਾਰੇ ਭਰੇ। ਗੱਲਾਂ ਕਰਦਿਆਂ ਥਕਾਵਟ ਮਹਿਸੂਸ ਕਰਨ ਦੀ ਥਾਂ, ਉਨ੍ਹਾਂ ਦੀ ਤਬੀਅਤ ਕੁਝ ਸੰਭਲ ਗਈ ਲੱਗੀ। ਉਨ੍ਹਾਂ ਸਾਨੂੰ ਰੋਟੀ ਲਈ ਠਹਿਰਨ ਉੱਤੇ ਮਜਬੂਰ ਕੀਤਾ। ਅਸੀਂ ਉਨ੍ਹਾਂ ਦੇ ਨਾਲ ਮੇਜ਼ ਉੱਤੇ ਬੈਠ ਕੇ ਰੋਟੀ ਖਾ ਰਹੇ ਸਾਂ ਜਦ ਮੇਰੇ ਮੂੰਹੋਂ ਨਿਕਲਿਆ, "ਬੇਦੀ ਸਾਹਿਬ! ਪੰਜਾਬ ਦੇ ਲੋਕ ਤੁਹਾਨੂੰ ਬਹੁਤ ਯਾਦ ਕਰਦੇ ਨੇ ਪਰ ਨਾਲ ਹੀ ਗਿਲਾ ਵੀ ਕਰਦੇ ਨੇ ਕਿ ਤੁਸੀਂ ਪੰਜਾਬੀ ਜ਼ਬਾਨ ਦੀ ਬੋਲੀ ਸੱਖਣੀ ਰਹਿਣ ਦਿੱਤੀ ਹੈ।"

"ਉਹ ਇਸ ਗੱਲ ਉੱਤੇ ਫ਼ਖ਼ਰ ਨਹੀਂ ਕਰਦੇ ਕਿ ਉਨ੍ਹਾਂ ਦੇ ਇਕ ਪੁੱਤਰ ਨੇ ਉਰਦੂ ਦੀ ਸਰਜ਼ਮੀਨ ਵਿਚ ਕਿੱਡੀਆਂ ਵੱਡੀਆਂ ਮੱਲਾਂ ਮਾਰੀਆਂ ਨੇ?"

ਬੇਦੀ ਸਾਹਿਬ ਦਾ ਦਿਮਾਗ਼ ਸਾਵਧਾਨ ਸੀ ਤੇ ਉਨ੍ਹਾਂ ਦੀ ਹਾਜ਼ਰ ਜਵਾਬੀ ਅਜੇ ਵੀ ਉਨ੍ਹਾਂ ਦਾ ਸਾਥ ਦੇ ਰਹੀ ਸੀ।

ਉੱਤਰ ਵਿਚ ਮੈਂ ਕਿਹਾ, "ਤੁਹਾਡੀ ਕਮਾਈ ਉੱਤੇ ਤਾਂ ਉਹ ਨਾਜ਼ ਕਰਦੇ ਹੀ ਨੇ, ਉਨ੍ਹਾਂ ਦਾ ਝੋਰਾ ਤਾਂ ਆਪਣੇ ਨੁਕਸਾਨ ਬਾਰੇ ਹੈ। ਉਰਦੂ ਵਿਚ ਤੁਹਾਡੀ ਪਦਵੀ ਬਾਰੇ ਤਾਂ ਦੋ ਰਾਵਾਂ ਨਹੀਂ ਹਨ।"

"ਪੰਜਾਬੀ ਵਾਲਿਆਂ ਨੂੰ ਹੀ ਨਹੀਂ, ਮੈਂ ਤਾਂ ਉਰਦੂ ਵਾਲਿਆਂ ਨੂੰ ਵੀ ਯਾਦ ਨਹੀਂ ਰਿਹਾ। ਮੈਨੂੰ ਹੁਣ ਕੌਣ ਪੁੱਛਦੈ?"

ਮੈਂ ਮਹਿਸੂਸ ਕੀਤਾ ਕਿ ਮੈਂ ਉਨ੍ਹਾਂ ਦੀ ਦੁਖਦੀ ਰਗ ਉੱਤੇ ਹੱਥ ਰੱਖ ਬੈਠਾ ਹਾਂ। ਚੜ੍ਹਦੀ ਕਲਾ ਵਿਚ ਜਾਣ ਦੀ ਥਾਂ ਉਨ੍ਹਾਂ ਉਤੇ ਢਹਿੰਦੀ ਕਲਾ ਸਵਾਰ ਹੋ ਚੱਲੀ ਸੀ। ਮੈਂ ਗੱਲ ਦਾ ਰੁਖ਼ ਬਦਲਣ ਦੇ ਖ਼ਿਆਲ ਨਾਲ ਕਿਹਾ, "ਤੁਹਾਡੀਆਂ ਕੁਝ ਕਹਾਣੀਆਂ ਤਾਂ ਪੰਜਾਬੀ ਵਿਚ ਛਪ ਹੀ ਚੁੱਕੀਆਂ ਨੇ...।"

ਉਨ੍ਹਾਂ ਨੇ ਵਿਚੋਂ ਟੋਕ ਕੇ ਕਿਹਾ, "ਮੈਨੂੰ ਤਾਂ ਇਕ ਅੱਧੀ ਕਹਾਣੀ ਦਾ ਈ ਪਤੈ।"

"ਅਸੀਂ ਕੋਸ਼ਿਸ਼ ਕਰਾਂਗੇ ਕਿ ਤੁਹਾਡੀਆਂ ਬਾਕੀ ਕਹਾਣੀਆਂ ਵੀ ਪੰਜਾਬੀ ਵਿਚ ਤਰਜਮਾਈਆਂ ਜਾਣ।"

"ਵਾਅਦੇ ਤਾਂ ਅੱਗੇ ਵੀ ਕਈ ਕਰ ਗਏ ਨੇ। ਮੇਰੀਆਂ ਕਹਾਣੀਆਂ ਨੂੰ ਤਰਜਮਾਏ ਬਗੈਰ ਕਿਸੇ ਦਾ ਕਿਹੜਾ ਕੰਮ ਥੁੜਿਆ ਪਿਐ?"

ਮੇਰਾ ਅੰਦਰਲਾ ਦ੍ਰਵ ਗਿਆ। ਮੇਰੀਆਂ ਅੱਖਾਂ ਦੇ ਸਾਹਮਣੇ ਸ਼ੁਹਰਤ ਦਾ ਅਜ਼ੀਮ ਬੁਰਜ ਡਿਗੂੰ-ਡਿਗੂੰ ਕਰ ਰਿਹਾ, ਆਤਮ-ਵਿਸ਼ਵਾਸ ਦਾ ਪਹਾੜ ਡੋਲ ਰਿਹਾ ਸੀ, ਗਰਾਂਡੀਲ ਦੁਰਗ ਦੀ ਫ਼ਸੀਲ ਭੁਰ-ਭੁਰ ਕੇ ਰੇਤ ਦਾ ਢੇਰ ਬਣਦੀ ਦਿੱਸ ਰਹੀ ਸੀ। ਕੈਸਾ ਦਰਦਨਾਕ ਦ੍ਰਿਸ਼ ਸੀ ਕਿ ਉਰਦੂ ਕਹਾਣੀ ਦਾ ਸਰਤਾਜ, ਆਪਣੇ ਤਖ਼ਤ ਉੱਤੇ ਬੈਠਾ ਛੁੱਟੜ ਹੋਣ ਦਾ ਅਨੁਭਵ ਹੰਢਾਅ ਰਿਹਾ ਸੀ। ਰੋਗ ਦੇ ਮਾਰੂ ਲਫੜੇ ਨੇ ਬੇਦੀ ਸਾਹਿਬ ਦੇ ਮਨ ਨੂੰ ਗੋਹਾ ਬਣਾ ਛੱਡਿਆ ਸੀ। ਸਰੀਰਵਾਦ, ਭੋਗਵਾਦ, ਬਿਲਾਸਵਾਦ, ਪਦਾਰਥਵਾਦ- ਸਭ ਪਿੱਛੇ ਰਹਿ ਗਏ ਸਨ। ਇਨ੍ਹਾਂ ਵਿਚੋਂ ਕੋਈ ਭਵਿੱਖ ਦਾ ਸਾਥ ਨਹੀਂ ਸੀ ਦੇ ਰਿਹਾ। ਹੁਣ ਆਸ ਦੀ ਤੰਦ ਇੱਕੋ ਸੀ- ਆਤਮਾ... ਸ਼ਾਇਦ? ਪਰਮ-ਆਤਮਾ ... ਸ਼ਾਇਦ? ਤੇ ਸੰਤ ਕਿਰਪਾਲ ਸਿੰਘ ਹੁਰੀਂ ਮੱਲਾਹ ਸਨ ਜੋ ਭਵਸਾਗਰ ਤੋਂ ਪਾਰ ਉਤਾਰਨ ਦਾ ਧਰਵਾਸ ਦੇ ਰਹੇ ਸਨ ...।

ਮੇਰਾ ਮਨ ਇਸ ਮਹਾ ਕਹਾਣੀਕਾਰ ਦੀ ਸਰੀਰਕ ਤੇ ਮਾਨਸਿਕ ਦਸ਼ਾ ਉੱਤੇ ਕੁਝ ਜ਼ਿਆਦਾ ਹੀ ਪਿਘਲਿਆ ਹੋਇਆ ਸੀ। ਮੈਂ ਉਨ੍ਹਾਂ ਦਾ ਢਾਰਸ ਬਨ੍ਹਾਉਣ ਦੇ ਖ਼ਿਆਲ ਨਾਲ ਬੋਲਿਆ, "ਬੇਦੀ ਜੀ। ਸੁਖਬੀਰ ਹੁਰੀਂ ਤੁਹਾਡੇ ਕੋਲ ਹੀ ਨੇ, ਉਨ੍ਹਾਂ ਨੂੰ ਬੇਨਤੀ ਕਰਾਂਗੇ, ਉਹ ਤੁਹਾਡੀਆਂ ਕਹਾਣੀਆਂ ਪੰਜਾਬੀ ਵਿਚ ਪਰਤਾ ਦੇਣਗੇ। ਤੁਸੀਂ ਨਿਸਚਿੰਤ ਰਹੋ।"

ਇਸ ਤੋਂ ਪਹਿਲਾਂ ਕਿ ਬੇਦੀ ਹੁਰੀਂ ਕੁਝ ਕਹਿੰਦੇ, ਸੁਖਬੀਰ ਹੁਰਾਂ ਮੇਰੇ ਕੰਨ ਵਿਚ ਕਿਹਾ, "ਮੈਂ ਵਕਤ ਨਹੀਂ ਕੱਢ ਸਕਣ ਲੱਗਾ, ਪ੍ਰੋਫੈਸਰ ਸਾਹਿਬ।"

ਲਗਦਾ ਸੀ, ਇਹ ਜਵਾਬ ਬੇਦੀ ਹੁਰਾਂ ਦਿਆਂ ਕੰਨਾਂ ਤਕ ਪਹੁੰਚ ਗਿਆ ਹੈ। ਉਨ੍ਹਾਂ ਦੀਆਂ ਅੱਖਾਂ ਵਿਚੋਂ ਦੋ ਸੱਜਰੇ ਹੰਝੂ ਡਿਗਦੇ ਮੇਰੀ ਨਜ਼ਰ ਪਏ।

ਮੈਂ ਮੌਕੇ ਨੂੰ ਸੰਭਾਲਣ ਦੀ ਖ਼ਾਤਰ ਇਕ ਦਮ ਕਿਹਾ, "ਬੇਦੀ ਸਾਹਿਬ, ਤੁਸੀਂ ਫ਼ਿਕਰ ਨਾ ਕਰੋ, ਇਹ ਸੇਵਾ ਮੈਂ ਆਪ ਕਰਾਂਗਾ। ਇਕ ਤਾਂ ਤੁਸੀਂ ਮੈਨੂੰ ਆਪਣੀਆਂ ਕਿਤਾਬਾਂ ਦੇ ਨਾਂ ਲਿਖ ਦਿਓ, ਦੂਜੇ ਇਹ ਦੱਸ ਦਿਓ ਕਿ ਤੁਸੀਂ ਕਿਹੜੀਆਂ ਕਹਾਣੀਆਂ ਪੰਜਾਬੀ ਵਿਚ ਪਰਤਾਉਣੀਆਂ ਚਾਹੋਗੇ।"

ਮੇਰੀ ਆਵਾਜ਼ ਵਿਚ ਦ੍ਰਿੜਤਾ ਦੀ ਟੁਣਕਾਰ ਨੂੰ ਪਛਾਣ ਕੇ ਉਹ ਇਕਦਮ ਉੱਠ ਖੜ੍ਹੇ ਹੋਏ ਤੇ ਕਮਰੇ ਦੀ ਇਕ ਅਲਮਾਰੀ ਵਿਚੋਂ ਆਪਣੀਆਂ ਕਿਤਾਬਾਂ ਦੀ ਇਕ-ਇਕ ਜਿਲਦ ਲਿਆ ਕੇ ਮੇਰੇ ਸਾਹਮਣੇ ਰੱਖ ਦਿੱਤੀ।

ਮੈਂ ਕਿਹਾ, "ਬੇਦੀ ਜੀ, ਜਿਨ੍ਹਾਂ ਕਹਾਣੀਆਂ ਨੂੰ ਜ਼ਰੂਰ ਤਰਜਮਾਉਣਾ ਹੈ, ਉਨ੍ਹਾਂ ਦੀ ਨਿਸ਼ਾਨਦੇਹੀ ਕਰ ਦਿਓ।"

ਉਨ੍ਹਾਂ ਦੇ ਕੰਬਦੇ ਹੱਥ ਨੇ ਆਪਣੀ ਕਲਮ ਨਾਲ ਸਾਰੀਆਂ ਕਿਤਾਬਾਂ ਵਿਚ ਨਿਸ਼ਾਨ ਲਾ ਦਿੱਤੇ। ਬਾਅਦ ਵਿਚ ਜਦੋਂ ਮੈਂ ਇਹ ਨਿਸ਼ਾਨ ਗਿਣੇ ਤਾਂ ਕੁੱਲ 31 ਕਹਾਣੀਆਂ ਬਣਦੀਆਂ ਸਨ।

ਮੇਰਾ ਬੇਦੀ ਸਾਹਿਬ ਨੂੰ ਜੀਉਂਦੇ ਜੀਅ ਉਨ੍ਹਾਂ ਦੇ ਘਰ ਵਿਚ ਦਿੱਤਾ ਹੋਇਆ ਇਹ ਬਚਨ ਸੀ ਜਿਸ ਨੇ ਮੈਨੂੰ ਪਿਛਲੇ ਕਈ ਵਰ੍ਹਿਆਂ ਤੋਂ ਬੇਦੀ ਹੁਰਾਂ ਦੀਆਂ ਕਹਾਣੀਆਂ ਨਾਲ ਜੋੜੀ ਰੱਖਿਆ।

(6)

ਮੈਂ ਪਟਿਆਲੇ ਪਹੁੰਚ ਕੇ ਪਹਿਲਾ ਕੰਮ ਇਹ ਕੀਤਾ ਕਿ ਬੇਦੀ ਹੁਰਾਂ ਦੀ ਉੱਚ ਪਾਏ ਦੀ ਕਹਾਣੀ 'ਲਾਜਵੰਤੀ' ਪੰਜਾਬੀ ਵਿਚ ਪਰਤਾਈ ਤੇ ਛਪਣ ਲਈ 'ਆਰਸੀ' ਵਿਚ ਭੇਜ ਦਿੱਤੀ। ਮੈਂ ਛਪੀ ਹੋਈ ਕਹਾਣੀ ਦੀ ਇਕ ਕਾਪੀ ਬੇਦੀ ਜੀ ਨੂੰ ਭੇਜ ਕੇ ਉਨ੍ਹਾਂ ਦੀ ਮੂਲ ਭਾਸ਼ਾ ਦੇ ਮਿਆਰ ਤਕ ਪਹੁੰਚਣ ਦੀ ਆਪਣੀ ਅਸਮਰੱਥਾ ਦੀ ਖਿਮਾ ਮੰਗੀ ਤੇ ਆਪਣੇ ਜਤਨ ਨੂੰ ਜਾਰੀ ਰੱਖਣ ਜਾਂ ਕਿਸੇ ਹੋਰ ਵਧੇਰੇ ਪ੍ਰਬੀਨ ਅਨੁਵਾਦਕ ਦੀ ਭਾਲ ਕਰਨ ਬਾਰੇ ਉਨ੍ਹਾਂ ਦੀ ਰਾਏ ਜਾਣਨੀ ਚਾਹੀ। ਕੁਝ ਦਿਨਾਂ ਪਿਛੋਂ ਲੜਖੜਾਉਂਦੇ ਹੱਥ ਨਾਲ ਘੜੀਸੇ ਹੋਏ ਉਰਦੂ ਦੇ ਸ਼ਿਕਸਤੇ ਜਿਹੇ ਵਿਚ ਲਿਖਿਆ ਪੋਸਟ ਕਾਰਡ ਆਇਆ ਜਿਸ ਵਿਚ ਮੇਰੇ ਅਨੁਵਾਦ ਉੱਤੇ ਭਰਪੂਰ ਤਸੱਲੀ ਪ੍ਰਗਟਾਈ ਸੀ। ਮੈਨੂੰ ਖੁਸ਼ੀ ਹੋਈ ਕਿ ਮੈਂ ਉਨ੍ਹਾਂ ਦੇ ਮਿਆਰ ਉੱਤੇ ਪੂਰਾ ਉਤਰ ਸਕਿਆ ਹਾਂ ਪਰ ਅਜੇ ਬਹੁਤ ਦਿਨ ਨਹੀਂ ਸਨ ਗੁਜ਼ਰੇ ਕਿ ਉਨ੍ਹਾਂ ਦੇ ਪੂਰੇ ਹੋ ਜਾਣ ਦੀ ਮਨਹੂਸ ਖਬਰ ਪੜ੍ਹ ਲਈ। ਬੜਾ ਦੁੱਖ ਹੋਇਆ ਕਿ ਉਹ ਆਪਣੀਆਂ ਕਹਾਣੀਆਂ ਦੇ ਪੰਜਾਬੀ ਅਨੁਵਾਦ ਦੀ ਇਕ ਵੀ ਜਿਲਦ ਨਾ ਵੇਖ ਸਕੇ ਪਰ ਜੋ ਬਚਨ ਮੈਂ ਉਨ੍ਹਾਂ ਨੂੰ ਦਿੱਤਾ ਸੀ, ਵੇਲੇ ਕੁਵੇਲੇ, ਕਦੀ ਇਕ ਸਫ਼ਾ, ਕਦੀ ਦੋ ਸਫ਼ੇ ਕਰ ਕੇ ਉਸ ਨੂੰ 'ਗਰਮ ਕੋਟ' ਦੇ ਛਪਣ ਨਾਲ ਸਿਰੇ ਚਾੜ੍ਹ ਕੇ, ਆਪਣੇ ਆਪ ਨੂੰ ਹੌਲਾ-ਫੁੱਲ ਮਹਿਸੂਸ ਕਰ ਰਿਹਾ ਹਾਂ।

ਆਸ ਹੈ, ਹੁਣ ਪੰਜਾਬੀਆਂ ਦੇ ਇਸ ਗਿਲੇ ਵਿਚ ਅੱਗੇ ਵਾਲੀ ਤੁਰਸ਼ੀ ਨਹੀਂ ਰਹੇਗੀ ਕਿ ਬੇਦੀ ਜੀ ਨੇ ਪੰਜਾਬੀ ਵਿਚ ਨਾ ਲਿਖ ਕੇ ਉਨ੍ਹਾਂ ਨਾਲ ਬੜਾ ਅਨਿਆਂ ਕੀਤਾ ਹੈ।


'ਗਰਮ ਕੋਟ' ਦੀਆਂ ਕਹਾਣੀਆਂ ਸਮੇਤ ਮੇਰੇ ਵੱਲੋਂ ਹੁਣ ਤਕ ਬੇਦੀ ਜੀ ਦੀਆਂ 31 ਦੀ ਥਾਂ 37 ਕਹਾਣੀਆਂ ਅਨੁਵਾਦੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੀਆਂ ਚੋਣਵੀਆਂ ਕਹਾਣੀਆਂ ਦਾ ਪਹਿਲਾ ਪਰਾਗਾ ਸੰਨ 1985 ਵਿਚ ਨਵਯੁਗ ਪਬਲਿਸ਼ਰਜ਼ ਵੱਲੋਂ ਛਪਿਆ ਸੀ। ਇਸ ਵਿਚ 8 ਕਹਾਣੀਆਂ ਸਨ (ਗ੍ਰਹਿਣ, ਰਹਿਮਾਨ ਦੀ ਜੁੱਤੀ, ਲਾਜਵੰਤੀ, ਆਪਣੇ ਦੁੱਖ ਮੈਨੂੰ ਦੇ ਦਿਓ, ਗੁਲਾਮੀ, ਬੁੱਕੀ, ਲੰਮੀ ਕੁੜੀ ਤੇ ਕੁੱਖ-ਸੜੀ) ਤੇ ਭੂਮਿਕਾ ਵਜੋਂ ਬੇਦੀ ਜੀ ਦਾ ਕਹਾਣੀ ਕਲਾ ਬਾਰੇ ਸੋਝੀ ਜਗਾਉਂਦਾ ਲੇਖ ਸੀ (ਕਹਾਣੀ ਅਨੁਭਵ ਦੀਆਂ ਰਚਣੇਈ ਸਮੱਸਿਆਵਾਂ)। ਦੂਜੀ ਕਿਤਾਬ ਸੰਨ 1986 ਵਿਚ ਛਪੀ। ਨਾਂ ਇਸ ਦਾ ਵੀ ਪਹਿਲੀ ਕਿਤਾਬ ਵਾਲਾ ਹੀ ਰੱਖਿਆ ਗਿਆ- ਰਾਜਿੰਦਰ ਸਿੰਘ ਬੇਦੀ ਦੀਆਂ ਚੋਣਵੀਆਂ ਕਹਾਣੀਆਂ: ਭਾਗ ਦੂਜਾ। ਇਸ ਵਾਰ 9 ਕਹਾਣੀਆਂ ਸਨ (ਬੱਬਲ, ਟਰਮੀਨਸ ਤੋਂ ਪਰੇ, ਵਿਹਲੜ ਰੱਬ, ਜ਼ੈਨੁਲਆਬਿਦੀਨ, ਨਾਈ ਅਲਾਹਬਾਦ ਦੇ, ਯੂਕਲਿਪਟਸ, ਇਕ ਪਿਓ ਵਿਕਾਊ ਹੈ, ਦਿਵਾਲਾ ਤੇ ਨਾਮੁਰਾਦ)। ਤੀਜੀ ਕਿਤਾਬ 'ਹੱਡੀਆਂ ਤੇ ਫੁੱਲ' ਨਾਂ ਹੇਠ ਸੰਨ 1990 ਵਿਚ ਛਪੀ। ਇਹ ਕਿਤਾਬ ਭਾਰਤੀ ਸਾਹਿਤ ਅਕਾਡਮੀ, ਨਵੀਂ ਦਿੱਲੀ ਵੱਲੋਂ ਅਨੁਵਾਦ ਦੇ ਸੰਨ 1994 ਦੇ ਸ਼੍ਰੋਮਣੀ ਅਵਾਰਡ ਲਈ ਚੁਣੀ ਗਈ ਸੀ। ਇਸ ਵਿਚ 10 ਕਹਾਣੀਆਂ ਸਨ (ਜੋਗੀਆ, ਉਧਾਲਾ, ਲਾਰਵੇ, ਹੱਡੀਆਂ ਤੇ ਫੁੱਲ, ਘਰ ਵਿਚ ਬਾਜ਼ਾਰ ਵਿਚ, ਬੋਲੇ, ਸਿਰਫ਼ ਇਕ ਸਿਗਰਟ, ਮਾਲਕ ਤੇ ਨੌਕਰ, ਆਲੂ ਤੇ ਜਦੋਂ ਮੈਂ ਛੋਟਾ ਹੁੰਦਾ ਸੀ)। ਗਰਮ ਕੋਟ ਇਸ ਲੜੀ ਦੀ ਚੌਥੀ ਅਤੇ ਮੇਰੇ ਵੱਲੋਂ ਆਖ਼ਰੀ ਕਿਤਾਬ ਹੈ। ਇਸ ਵਿਚ ਵੀ 10 ਕਹਾਣੀਆਂ ਹਨ (ਗਰਮ ਕੋਟ, ਮਿਥੁਨ, ਤੇਈਆ ਤਾਪ, ਅਖ਼ੀਰਲਾ ਟੇਸ਼ਨ, ਇਕ ਔਰਤ, ਖਿੱਚ-ਧੂਹ, ਸਿੱਧੀ ਲੀਕ ਤੇ ਅੱਧ ਗੋਲਾਈਆਂ, ਉਸ ਤੋਂ ਇਲਾਵਾ, ਨੜੋਆ ਕਿੱਥੇ ਐ? ਤੇ ਗਾਲ੍ਹ)। ਇਨ੍ਹਾਂ ਤੋਂ ਛੁੱਟ ਬੇਦੀ ਜੀ ਦਾ ਆਪਣੇ ਬਾਰੇ ਲਿਖਿਆ ਲੇਖ (ਪਰਮਾਤਮਾ ਦੇ ਪਜਾਮੇ ਦਾ ਆਖ਼ਰੀ ਤਰੋਪਾ) ਵੀ ਹੈ। ਇਸ ਤਰ੍ਹਾਂ ਜਿਨ੍ਹਾਂ ਕਹਾਣੀਆਂ ਉੱਤੇ ਬੇਦੀ ਸਾਹਿਬ ਨੇ ਨਿਸ਼ਾਨ ਲਾਏ ਸਨ, ਉਪ੍ਰੋਕਤ ਚਾਰ ਕਿਤਾਬਾਂ ਵਿਚ ਉਨ੍ਹਾਂ ਤੋਂ ਇਲਾਵਾ ਛੇ ਕਹਾਣੀਆਂ ਅਤੇ ਦੋ ਲੇਖ ਹੋਰ ਵੀ ਅਨੁਵਾਦੇ ਜਾ ਚੁਕੇ ਹਨ।


ਸ਼ੁਕਰ ਹੈ, ਮੈਂ ਆਪਣੇ ਪ੍ਰਾਣਾਂ ਦੇ ਹੁੰਦਿਆਂ ਬੇਦੀ ਸਾਹਿਬ ਨੂੰ ਦਿੱਤੇ ਬਚਨ ਉੱਤੇ ਪੂਰਾ ਉਤਰ ਸਕਿਆ ਹਾਂ।




*ਇਕ ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਪ੍ਰੋ. ਦੇਸਨਵੀ ਅਤੇ ਸਟੇਜ ਉਤੇ ਬੈਠੇ ਹਨ (ਖੱਬਿਓਂ) ਰਾਜਿੰਦਰ ਸਿੰਘ ਬੇਦੀ, ਡਾ. ਅਫਾਕ ਅਲੀ ਅਤੇ ਬਲਵੰਤ ਸਿੰਘ।*

*ਬੰਬਈ ਤੋਂ ਮੇਰੇ ਮਿੱਤਰ ਸ. ਹੁਕਮ ਸਿੰਘ ਭੱਟੀ ਦਾ ਲੈਕਚਰ ਲਈ ਬੁਲਾਵਾ ਪਹੁੰਚਿਆ। ਮੈਂ ਚਲਿਆ ਗਿਆ ਤੇ ਭੱਟੀ ਸਾਹਿਬ ਦੇ ਘਰ ਠਹਿਰਿਆ। ਮੈਂ ਜਾਂਦਿਆਂ ਆਪਣੀ ਇਕ ਮੰਗ ਉਨ੍ਹਾਂ ਦੇ ਸਾਹਮਣੇ ਰੱਖ ਦਿੱਤੀ: ਤੁਸੀਂ ਮੈਨੂੰ ਦੋ ਬੰਦਿਆਂ ਨਾਲ ਜ਼ਰੂਰ ਮਿਲਾਉਣਾ- ਇਕ ਸੁਖਬੀਰ, ਦੂਜੇ ਬੇਦੀ। ਸੁਖਬੀਰ ਨੂੰ ਭੱਟੀ ਹੁਰਾਂ ਟੈਲੀਫ਼ੋਨ ਕਰ ਕੇ ਬੁਲਾ ਲਿਆ ਤੇ ਝੱਟ ਕੁ ਪਿੱਛੋਂ ਸਾਡਾ ਤਿੰਨਾਂ ਦਾ ਕਾਫ਼ਲਾ ਬੇਦੀ ਸਾਹਿਬ ਦੇ ਦਰਸ਼ਨਾਂ ਲਈ ਚੱਲ ਪਿਆ। ਭੱਟੀ ਸਾਹਿਬ ਦੀ ਗੱਡੀ ਨੇ ਬੇਦੀ ਜੀ ਦੇ ਟਿਕਾਣੇ ਉੱਤੇ ਪਹੁੰਚਾਉਣ ਵਿਚ ਬਹੁਤੀ ਦੇਰ ਨਾ ਲਾਈ। ਘੰਟੀ ਵਜਾ ਕੇ ਆਪਣੇ ਪਹੁੰਚਣ ਦੀ ਸੂਚਨਾ ਦਿੱਤੀ ਤੇ ਭੱਟੀ ਹੁਰਾਂ ਦੀ ਅਗਵਾਈ ਵਿਚ ਅਸੀਂ ਪੌੜੀਆਂ ਚੜ੍ਹ ਕੇ ਉੱਪਰ ਚਲੇ ਗਏ।*







*ਰਾਜਿੰਦਰ ਸਿੰਘ ਬੇਦੀ ਦੀਆਂ ਕੁਝ ਕਿਤਾਬਾਂ ਦੇ ਮੁਖੜੇ: (ਖੱਬਿਓਂ) 'ਏਕ ਚਾਦਰ ਮੈਲੀ ਸੀ', 'ਅਪਨੇ ਦੁੱਖ ਮੁਝੇ ਦੇ ਦੋ' ਅਤੇ 'ਦਾਨ-ਓ-ਦਾਮ'*

*ਮੇਰਾ ਅੰਦਰਲਾ ਦ੍ਰਵ ਗਿਆ। ਮੇਰੀਆਂ ਅੱਖਾਂ ਦੇ ਸਾਹਮਣੇ ਸ਼ੁਹਰਤ ਦਾ ਅਜ਼ੀਮ ਬੁਰਜ ਡਿਗੂੰ-ਡਿਗੂੰ ਕਰ ਰਿਹਾ, ਆਤਮ-ਵਿਸ਼ਵਾਸ ਦਾ ਪਹਾੜ ਡੋਲ ਰਿਹਾ ਸੀ, ਗਰਾਂਡੀਲ ਦੁਰਗ ਦੀ ਫ਼ਸੀਲ ਭੁਰ-ਭੁਰ ਕੇ ਰੇਤ ਦਾ ਢੇਰ ਬਣਦੀ ਦਿੱਸ ਰਹੀ ਸੀ। ਕੈਸਾ ਦਰਦਨਾਕ ਦ੍ਰਿਸ਼ ਸੀ ਕਿ ਉਰਦੂ ਕਹਾਣੀ ਦਾ ਸਰਤਾਜ, ਆਪਣੇ ਤਖ਼ਤ ਉੱਤੇ ਬੈਠਾ ਛੁੱਟੜ ਹੋਣ ਦਾ ਅਨੁਭਵ ਹੰਢਾਅ ਰਿਹਾ ਸੀ। ਰੋਗ ਦੇ ਮਾਰੂ ਲਫੜੇ ਨੇ ਬੇਦੀ ਸਾਹਿਬ ਦੇ ਮਨ ਨੂੰ ਗੋਹਾ ਬਣਾ ਛੱਡਿਆ ਸੀ। ਸਰੀਰਵਾਦ, ਭੋਗਵਾਦ, ਬਿਲਾਸਵਾਦ, ਪਦਾਰਥਵਾਦ- ਸਭ ਪਿੱਛੇ ਰਹਿ ਗਏ ਸਨ। ਇਨ੍ਹਾਂ ਵਿਚੋਂ ਕੋਈ ਭਵਿੱਖ ਦਾ ਸਾਥ ਨਹੀਂ ਸੀ ਦੇ ਰਿਹਾ। ਹੁਣ ਆਸ ਦੀ ਤੰਦ ਇੱਕੋ ਸੀ- ਆਤਮਾ... ਸ਼ਾਇਦ? ਪਰਮ-ਆਤਮਾ ... ਸ਼ਾਇਦ?*

# ਸਿਰਫ਼ ਇੱਕ ਪੋਸਟਮੈਨ

ਹਿੰਦੀ ਕਹਾਣੀ

ਅਵਧੇਸ਼ ਸ਼੍ਰੀਵਾਸਤਵ : ਸੀਨੀਅਰ ਪੱਤਰਕਾਰ ਅਤੇ ਕਹਾਣੀਕਾਰ। ਲੇਖਨ ਦਾ ਲੰਮਾ ਅਨੁਭਵ। 'ਆਵਾਜ਼', 'ਵਿਮਲ ਮਹਿਤਾ ਸੈਕਿੰਡ', 'ਭ੍ਰਿਸ਼ਟ ਹੋਤਾ ਭਵਿੱਸ਼ਯ', 'ਅਪਨੀ ਅਪਨੀ ਦੁਨੀਆ' (ਕਹਾਣੀ ਸੰਗ੍ਰਹਿ) ਅਤੇ ਆਲੋਚਨਾ ਪੁਸਤਕ 'ਸ਼ਬਦ ਵਿਚਾਰ ਔਰ ਸਮਾਜ' ਪ੍ਰਕਾਸ਼ਿਤ। ਕਹਾਣੀਆਂ ਦਾ ਅੰਗਰੇਜ਼ੀ, ਉੜੀਆ, ਪੰਜਾਬੀ, ਕੰਨੜ ਆਦਿ ਭਾਸ਼ਾਵਾਂ ਵਿਚ ਅਨੁਵਾਦ। ਹੁਣ ਤੱਕ ਪੰਜ ਦਰਜਨ ਤੋਂ ਵੱਧ ਕਹਾਣੀਆਂ ਦਾ ਵਿਵਸਾਇਕ ਅਤੇ ਸਾਹਿਤਕ ਪੱਤਰ-ਪੱਤ੍ਰਿਕਾਵਾਂ ਵਿਚ ਪ੍ਰਕਾਸ਼ਨ। ਆਕਾਸ਼ਵਾਣੀ ਤੋਂ ਕਹਾਣੀਆਂ ਅਤੇ ਫ਼ਿਲਮ ਸਮੀਖਿਆਵਾਂ ਦਾ ਪ੍ਰਸਾਰਣ। ਵਿਭਿੰਨ ਸਾਹਿਤਕ


* ਮੂਲ : ਅਵਧੇਸ਼ ਸ਼੍ਰੀਵਾਸਤਵ

* ਅਨੁ : ਪ੍ਰੋ. ਨਵ ਸੰਗੀਤ ਸਿੰਘ


ਤੇ ਵਿਵਸਾਇਕ ਪੱਤਰ-ਪੱਤ੍ਰਿਕਾਵਾਂ ਵਿਚ ਫ਼ਿਲਮਾਂ ਤੇ ਰਚਨਾਤਮਕ ਲੇਖ ਪ੍ਰਕਾਸ਼ਿਤ। ਦੂਰਦਰਸ਼ਨ ਲਈ ਡਾਕੂਮੈਂਟਰੀ ਲਈ ਪਟਕਥਾ ਲੇਖਨ। ਹਿੰਦੀ ਅਕਾਦਮੀ ਦਿੱਲੀ ਦੀ ਕਾਰਜਕਾਰਨੀ ਕਮੇਟੀ ਦਾ ਸਾਬਕਾ ਮੈਂਬਰ।

'ਮਾਧਵ ਨੂੰ, ਲੱਗਦਾ ਹੈ, ਕਿਸੇ ਨਾਲ ਇਸ਼ਕ ਹੋ ਗਿਆ ਹੈ।' ਬੁੱਢੇ ਪੋਸਟਮੈਨ ਰਾਜਾਰਾਮ ਨੇ ਵਿਅੰਗ ਕੀਤਾ।

ਅਚਾਨਕ ਪੋਸਟਮੈਨ ਮਾਧਵ ਤ੍ਰਭਕ ਜਿਹਾ ਗਿਆ। ਥੋੜ੍ਹੀ ਦੇਰ ਤਾਂ ਉਹ ਕੁਝ ਕਹਿ ਸਕਣ ਦੀ ਸਥਿਤੀ ਵਿਚ ਨਹੀਂ ਰਿਹਾ, ਪਰ ਅਗਲੇ ਪਲ ਹੀ ਉਹਨੇ ਤਿੱਖੀ ਆਵਾਜ਼ ਵਿਚ ਕਿਹਾ, "ਰਾਜਾਰਾਮ, ਜ਼ਰਾ ਸੋਚ-ਸਮਝ ਕੇ ਗੱਲ ਕਰਿਆ ਕਰ। ਤੇਰੀ ਬੇਟੀ ਤਾਂ ਅਜੇ ਸਿਰਫ਼ ਸੋਲਾਂ ਸਾਲ ਦੀ ਹੈ!"

ਰਾਜਾਰਾਮ ਦੇ ਚਿਹਰੇ 'ਤੇ ਅਜੀਬ ਜਿਹੀ ਸ਼ਰਮਿੰਦਗੀ ਉਭਰ ਆਈ। ਮਾਧਵ ਦੇ ਤੇਵਰ ਵੇਖਦੇ ਹੋਏ ਉਹਨੇ ਆਪਣੇ-ਆਪ ਨੂੰ ਸੀਮਿਤ ਕੀਤਾ, 'ਕਿਉਂ ਤੂੰ ਭਰੀ ਜਵਾਨੀ ਵਿਚ ਇਉਂ ਗੁੰਮਸੁੰਮ ਜਿਹਾ ਰਹਿੰਦਾ ਹੈਂ!'

ਉਨ੍ਹਾਂ ਦੋਹਾਂ ਦੀ ਤੂੰ-ਤੂੰ ਮੈਂ-ਮੈਂ ਵਿਚ ਦੂਜਿਆਂ ਨੇ ਕੋਈ ਦਿਲਚਸਪੀ ਨਹੀਂ ਲਈ। ਸਾਰੇ ਪੋਸਟਮੈਨ ਆਪੋ-ਆਪਣੀ ਡਾਕ ਛਾਂਟਣ ਵਿਚ ਰੁੱਝੇ ਰਹੇ। ਮਾਧਵ ਜੋਸ਼ ਵਿਚ ਇੰਨੀ ਗੱਲ ਤਾਂ ਕਹਿ ਗਿਆ, ਪਰ ਮਨ ਹੀ ਮਨ ਪਛਤਾਵੇ ਨਾਲ ਵੀ ਭਰ ਗਿਆ।

"ਓ ਬਈ ਮਾਧਵ, ਏਧਰ ਆਈਂ ਜ਼ਰਾ!" ਵੱਡੇ ਬਾਬੂ ਨੇ ਪਾਨ-ਭਰੇ ਮੂੰਹ ਤੋਂ ਕੜਕਦੀ ਆਵਾਜ਼ ਮਾਰੀ, "ਤੇਰਾ ਕੰਮ ਸਭ ਤੋਂ ਢਿੱਲਾ ਹੈ।" ਵੱਡੇ ਬਾਬੂ ਦੀ ਆਵਾਜ਼ ਨੇ ਉਹਨੂੰ ਵਰਤਮਾਨ ਵਿਚ ਲੈ ਆਂਦਾ। ਚਿੱਠੀਆਂ ਛਾਂਟਣੀਆਂ ਬੰਦ ਕਰ ਕੇ ਉਹ ਵੱਡੇ ਬਾਬੂ ਦੇ ਕੈਬਿਨ ਵੱਲ ਚੱਲ ਪਿਆ।

"ਮਾਧਵ, ਤੇਰੇ ਕੋਲ ਇਕ ਹਫ਼ਤੇ ਤੋਂ ਬੀ ਬਲਾਕ, ਕਲਪਨਾ ਕਲੋਨੀ ਦੀ ਇਕ ਰਜਿਸਟਰੀ ਪਈ ਹੈ। ਨਾ ਹੀ ਤੂੰ ਉਹਦੀ ਰਿਸੀਵਿੰਗ ਦਿੱਤੀ ਤੇ ਨਾ ਹੀ ਉਹਨੂੰ ਜਮ੍ਹਾਂ ਕਰਵਾਇਆ।" ਵੱਡੇ ਬਾਬੂ ਨੇ ਰਜਿਸਟਰੀ ਅਤੇ ਮਨੀਆਰਡਰ ਉਹਨੂੰ ਸੌਂਪਦਿਆਂ ਕਿਹਾ, "ਕਲਪਨਾ ਕਲੋਨੀ ਦੀ ਇੱਕ ਹੋਰ ਰਜਿਸਟਰੀ ਆਈ ਹੈ ਤਾਂ ਮੈਨੂੰ ਯਾਦ ਆਇਆ।"

ਉਹਨੇ ਰਜਿਸਟਰੀ ਦੇ ਬੰਡਲ ਵਿਚ ਕਲਪਨਾ ਕਲੋਨੀ ਦੀ ਰਜਿਸਟਰੀ ਵੇਖੀ ਤਾਂ ਉਹ ਵੀ ਦੀਪਾ ਨੰਦਨੀ ਦੀ ਹੀ ਸੀ।

ਮਾਧਵ ਜੁਲਾਈ ਦੀ ਪਹਿਲੀ ਤਰੀਕ ਤੋਂ ਹੀ ਦੀਪਾ ਦੀ ਉਡੀਕ ਕਰ ਰਿਹਾ ਹੈ। ਇਸੇ ਲਈ ਇਕ ਹਫ਼ਤਾ ਪਹਿਲਾਂ ਆਈ ਇਕ ਰਜਿਸਟਰੀ ਨੂੰ ਆਪਣੇ ਕੋਲ ਰੱਖੀ ਬੈਠਾ ਹੈ। ਪਰ ਕਲਪਨਾ ਕਲੋਨੀ ਵਿਚ ਦੀਪਾ ਦੇ ਘਰ ਦੇ ਬਾਹਰ ਕੱਲ੍ਹ ਵੀ ਤਾਲਾ ਲੱਗਿਆ ਸੀ। ਉਹਨੂੰ ਇਕ ਵਾਰ ਸ਼ੱਕ ਵੀ ਹੋਇਆ ਸੀ ਕਿ ਕਿਤੇ ਦੀਪਾ ਮਕਾਨ ਹੀ ਨਾ ਛੱਡ ਗਈ ਹੋਵੇ! ਦੁਬਾਰਾ ਸਕੂਲ ਵੀ ਗਿਆ ਪਰ ਚੌਕੀਦਾਰ ਵੱਲੋਂ ਇਹ ਕਹਿਣ 'ਤੇ ਕਿ "ਦੀਪਾ ਮੈਡਮ ਅਜੇ ਘਰੋਂ ਹੀ ਵਾਪਸ ਨਹੀਂ ਆਏ" ਫਿਰ ਉਹਦੀ ਸਕੂਲ ਜਾਣ ਦੀ ਹਿੰਮਤ ਨਹੀਂ ਹੋਈ।

ਉਹਨੇ ਚਿੱਠੀਆਂ ਦਰਾਜ ਵਿਚ ਬੰਦ ਕੀਤੀਆਂ। ਗੈਲਰੀ 'ਚੋਂ ਸਾਈਕਲ ਕੱਢ ਕੇ ਕਲਪਨਾ ਕਲੋਨੀ ਵੱਲ ਹੈਂਡਲ ਮੋੜ ਦਿੱਤਾ। ਅੱਜ ਤੋਂ ਕੋਈ ਇਕ ਸਾਲ ਪਹਿਲਾਂ ਦੀਪਾ ਇਸ ਕਲੋਨੀ ਵਿਚ ਆਈ ਸੀ। ਅਚਾਨਕ ਇੱਕ ਦਿਨ ਦਰਵਾਜ਼ੇ 'ਤੇ ਚਿੱਠੀ ਸੁੱਟਣ ਸਮੇਂ ਦੀਪਾ ਅੰਦਰੋਂ ਦੌੜੀ ਆਈ ਸੀ- "ਓ ਜੀ ਪੋਸਟਮੈਨ, ਜ਼ਰਾ ਸੁਣਿਓ!"

ਉਹ ਇਕਦਮ ਤ੍ਰਭਕ ਜਿਹਾ ਗਿਆ ਸੀ। ਇਉਂ ਅਪਣੱਤ ਭਰੀ ਆਵਾਜ਼ ਵਿਚ ਪਹਿਲੀ ਵਾਰ ਕਿਸੇ ਨੇ ਉਹਨੂੰ ਬੁਲਾਇਆ ਸੀ। ਜ਼ਿਆਦਾਤਰ ਲੋਕ ਤਾਂ ਡਾਕ ਲੈ ਕੇ ਝਿੜਕਾਂ ਹੀ ਦਿੰਦੇ ਰਹਿੰਦੇ ਸਨ। ਸਾਈਕਲ ਮੋੜ ਕੇ ਉਹ ਦਰਵਾਜ਼ੇ 'ਤੇ ਖੜ੍ਹਾ ਹੋ ਗਿਆ ਸੀ- "ਤੁਸੀਂ ਮੈਨੂੰ ਬੁਲਾਇਆ?" "ਹਾਂ ਹਾਂ", ਦੀਪਾ ਨੇ ਮੁਸਕਰਾਉਂਦੇ ਹੋਏ ਕਿਹਾ ਸੀ, "ਤੁਸੀਂ ਇਸ ਬਲਾਕ ਦੇ ਪੋਸਟਮੈਨ ਹੋ?"

"ਜੀ ਹਾਂ।" ਉਹਨੂੰ ਮਨ ਹੀ ਮਨ ਇਸ ਬੇਤੁਕੇ ਸੁਆਲ 'ਤੇ ਹਾਸਾ ਆਇਆ ਸੀ। "ਆਓ ਆਓ, ਅੰਦਰ ਆਓ!" ਇੰਨਾ ਕਹਿ ਕੇ ਦੀਪਾ ਅੰਦਰ ਨੂੰ ਚਲੀ ਗਈ ਸੀ। ਉਹ ਹੈਰਾਨੀ ਦੇ ਭਾਵ ਵਿਚ ਕੁਝ ਚਿਰ ਸਾਈਕਲ 'ਤੇ ਟਿਕਿਆ ਖੜ੍ਹਾ ਰਿਹਾ। ਫਿਰ ਸਾਈਕਲ ਖੜ੍ਹਾ ਕਰ ਕੇ ਡਰਦੇ ਕਦਮਾਂ ਨਾਲ ਕਮਰੇ ਵਿਚ ਆਇਆ ਸੀ। "ਤੁਹਾਡਾ ਨਾਂ ਕੀ ਹੈ? ਤੁਸੀਂ ਕਦੋਂ ਤੋਂ ਇਸ ਨੌਕਰੀ ਵਿਚ ਹੋ?" ਕਹਿ ਕੇ ਦੀਪਾ ਨੇ ਚਾਹ ਦਾ ਇਕ ਕੱਪ ਉਸ ਵੱਲ ਵਧਾਇਆ ਸੀ।

ਉਹਨੇ ਆਪਣੀ ਨੌਕਰੀ ਵਿਚ ਨਿਯਮ ਬਣਾਇਆ ਹੋਇਆ ਸੀ ਕਿ ਕਦੇ ਕਿਸੇ ਤੋਂ ਕੋਈ ਗਿਫਟ ਨਹੀਂ ਲਵੇਗਾ ਅਤੇ ਨਾ ਹੀ ਚਾਹ ਪੀਵੇਗਾ ਪਰ ਜਿਸ ਤਰ੍ਹਾਂ ਦੀਪਾ ਨੇ ਚਾਹ ਲਈ ਕਿਹਾ ਸੀ, ਉਹਨੇ ਚਾਹ ਪ੍ਰਵਾਨ ਕਰ ਲਈ ਸੀ।

"ਮਾਧਵ ਸੋਲੰਕੀ।" ਉਹਨੇ ਚਾਹ ਦੀਆਂ ਤੇਜ਼ ਘੁੱਟਾਂ ਗਲੇ ਵਿਚ ਉਤਾਰੀਆਂ ਸਨ, "ਦੋ ਸਾਲ ਪਹਿਲਾਂ ਐਮ ਏ ਕੀਤੀ ਸੀ। ਕੋਈ ਢੰਗ ਦੀ ਨੌਕਰੀ ਨਹੀਂ ਮਿਲੀ ਤਾਂ ਪੋਸਟਮਾਸਟਰ ਅੰਕਲ ਨੇ ਇਹ ਨੌਕਰੀ ਦਿਵਾ ਦਿੱਤੀ।"

"ਬੇਰੁਜ਼ਗਾਰੀ ਇੱਕ ਸਮੱਸਿਆ ਹੈ।" ਦੀਪਾ ਨੇ ਗੱਲਾਂ ਦਾ ਸਿਲਸਿਲਾ ਸ਼ੁਰੂ ਕੀਤਾ ਸੀ, "ਮੇਰੇ ਸਕੂਲ ਵਿਚ ਹੀ ਰੋਜ਼ ਐਮ ਏ, ਬੀ ਐਡ ਕੁੜੀਆਂ ਚੱਕਰ ਲਾਉਂਦੀਆਂ ਰਹਿੰਦੀਆਂ ਨੇ ਕਿ ਉਨ੍ਹਾਂ ਨੂੰ ਦੋ ਹਜ਼ਾਰ ਵਿਚ ਹੀ ਰੱਖ ਲਓ।"

"ਤੁਸੀਂ...?"

"ਮੈਂ ਇੱਥੇ ਮਾਡਰਨ ਕਾਨਵੈਂਟ ਸਕੂਲ ਵਿਚ ਪ੍ਰਿੰਸੀਪਲ ਹਾਂ, ਜੋ ਰੇਲਵੇ ਪਾਰਕ ਦੇ ਸਾਹਮਣੇ ਹੈ", ਦੀਪਾ ਨੇ ਕਿਹਾ ਸੀ, "ਉਂਜ ਸਰਵਿਸ ਮੇਰੀ ਮਜਬੂਰੀ ਨਹੀਂ ਹੈ। ਇਸ ਸਕੂਲ ਵਿਚ ਮੇਰੀ ਕਜ਼ਨ ਪ੍ਰਿੰਸੀਪਲ ਸੀ। ਸ਼ਾਦੀ ਪਿੱਛੋਂ ਉਹਨੇ ਜੌਬ ਛੱਡ ਦਿੱਤੀ ਅਤੇ ਮੈਨੂੰ ਕਿਹਾ, ਤਾਂ ਮੈਂ ਏਥੇ ਜਾਇਨ ਕਰ ਲਿਆ।"

ਅਚਾਨਕ ਮਾਧਵ ਨੇ ਘੜੀ 'ਤੇ ਨਜ਼ਰ ਮਾਰੀ, ਬਾਰਾਂ ਵੱਜ ਚੁੱਕੇ ਸਨ। ਅਜੇ ਬਹੁਤ ਸਾਰੀ ਡਾਕ ਵੰਡਣੀ ਸੀ। "ਅੱਛਾ, ਮੈਂ ਚੱਲਦਾ ਹਾਂ।" ਇੰਨਾ ਕਹਿ ਕੇ ਉਹ ਉਠ ਖੜ੍ਹਾ ਹੋਇਆ। "ਜੇਕਰ ਤੁਸੀਂ ਮੇਰੀ ਡਾਕ ਸਕੂਲ ਵਿਚ ਹੀ ਪਹੁੰਚਾ ਦਿਆ ਕਰੋ ਤਾਂ ਧੰਨਵਾਦੀ ਹੋਵਾਂਗੀ।" ਦੀਪਾ ਦਰਵਾਜ਼ੇ ਤੱਕ ਨਾਲ ਆਈ।

ਉਸ ਦਿਨ ਉਹ ਹਾਮੀ ਭਰ ਆਇਆ ਸੀ, ਪਰ ਪਿੱਛੋਂ ਸੋਚਿਆ ਸੀ ਕਿ ਸਕੂਲ ਤੱਕ ਜਾਣ ਵਿਚ ਇਕ ਕਿਲੋਮੀਟਰ ਹੋਰ ਚੱਲਣਾ ਪਵੇਗਾ। ਉਦੋਂ ਤੋਂ ਉਹ ਅਕਸਰ ਦੀਪਾ ਦੀ ਰਜਿਸਟਰੀ-ਪਾਰਸਲ ਦੇਣ ਸਕੂਲ ਹੀ ਚਲਾ ਜਾਂਦਾ ਸੀ।

ਸਾਈਕਲ 'ਤੇ ਆਉਂਦਾ ਵੇਖ ਕੇ ਸਕੂਲ ਦੇ ਬੱਚੇ ਰੌਲਾ ਪਾਉਣ ਲੱਗ ਪੈਂਦੇ ਸਨ, "ਵੱਡੀ ਮਿਸ ਦਾ ਪੋਸਟਮੈਨ ਆਇਆ ਹੈ।" ਕਦੇ ਕਦੇ ਦੀਪਾ ਸਕੂਲ ਵਿਚ ਵੀ ਉਹਨੂੰ ਚਾਹ ਪਿਆ ਦਿੰਦੀ ਸੀ।



ਇਕ ਵਾਰ ਉਹ ਡਾਕ ਲੈ ਕੇ ਸਕੂਲ ਪਹੁੰਚਿਆ ਤਾਂ ਵੇਖਿਆ ਦੀਪਾ ਸਕੂਲ ਤੋਂ ਨਿਕਲ ਰਹੀ ਸੀ। "ਵੱਡੀ ਮਿਸ ਦਾ ਸਕੂਲ ਅੱਜ ਛੇਤੀ ਬੰਦ ਹੋ ਗਿਆ?" ਉਹਨੇ ਇੰਨੀ ਗੱਲ ਕਹਿ ਕੇ ਦੀਪਾ ਦੇ ਚਿਹਰੇ ਵੱਲ ਵੇਖਿਆ ਸੀ।

"ਅੱਜ ਕੁਝ ਤਬੀਅਤ ਠੀਕ ਨਹੀਂ ਹੈ।" ਦੀਪਾ ਦੇ ਚਿਹਰੇ 'ਤੇ ਕੋਈ ਭਾਵ ਨਹੀਂ ਆਇਆ ਸੀ, "ਇਸ ਲਈ ਛੇਤੀ ਆ ਗਈ ਹਾਂ।" ਮਾਧਵ ਨੇ ਰਾਹ ਵਿਚ ਹੀ ਰਜਿਸਟਰੀ ਦੇ ਕੇ ਦਸਤਖ਼ਤ ਕਰਵਾ ਲਏ ਸਨ।

ਪੱਕਾ ਬਾਗ਼ ਚੌਰਾਹੇ 'ਤੇ ਰੈਸਟੋਰੈਂਟ ਦੇ ਸਾਹਮਣੇ ਦੀਪਾ ਨੇ ਅਚਾਨਕ ਕਦਮ ਰੋਕ ਦਿੱਤੇ ਸਨ, "ਚਾਹ ਪੀਓਗੇ ਤੁਸੀਂ?" "ਨਹੀਂ, ਅੱਜ ਮੈਂ ਬਹੁਤ ਡਾਕ ਵੰਡਣੀ ਹੈ।" ਉਹਨੇ ਸਾਈਕਲ 'ਤੇ ਪੈਡਲ ਮਾਰਨੇ ਸ਼ੁਰੂ ਕਰ ਦਿੱਤੇ ਸਨ। ਦੀਪਾ ਰਿਕਸ਼ੇ 'ਤੇ ਘਰ ਚਲੀ ਗਈ ਸੀ। ਹਾਲਾਂਕਿ ਉਹਦੇ ਦਿਲ ਵਿਚ ਦੀਪਾ ਨਾਲ ਕਿਸੇ ਰੈਸਟੋਰੈਂਟ ਵਿਚ ਚਾਹ ਪੀਣ ਦੀ ਬੜੀ ਇੱਛਾ ਸੀ।

ਅਗਲੇ ਦਿਨ ਵੱਡੇ ਬਾਬੂ ਨਾਲ ਲੜ ਕੇ ਉਹਨੇ ਛੁੱਟੀ ਲਈ ਸੀ। ਨਵੇਂ ਕੱਪੜੇ ਪਾ ਕੇ ਜਦੋਂ ਉਹ ਸ਼ੀਸ਼ੇ ਦੇ ਸਾਹਮਣੇ ਖੜ੍ਹਾ ਹੋਇਆ ਸੀ ਤਾਂ ਉਹਨੂੰ ਆਪਣੀ ਹੀ ਸ਼ਕਲ ਖਿੱਚ ਭਰਪੂਰ ਲੱਗੀ ਸੀ। ਉਸ ਦਿਨ ਉਹਨੂੰ ਖੁਦ 'ਤੇ ਗੁੱਸਾ ਵੀ ਆਇਆ ਸੀ, ਕਿਉਂ ਉਹ ਆਪਣੀ ਜ਼ਿੰਦਗੀ ਪ੍ਰਤੀ ਲਾਪ੍ਰਵਾਹੀ ਵਰਤਦਾ ਰਿਹਾ ਹੈ ਅਤੇ ਇਕ ਉਦਾਸੀ ਦਾ ਮਾਹੌਲ ਆਪਣੇ ਆਲੇ-ਦੁਆਲੇ ਬਣਾਈ ਰੱਖਦਾ ਹੈ!

ਛੁੱਟੀ ਸਮੇਂ ਉਹ ਸਕੂਲ ਦੇ ਗੇਟ ਦੇ ਸਾਹਮਣੇ ਖੜ੍ਹਾ ਹੋ ਗਿਆ ਸੀ। ਬੱਚਿਆਂ ਦੀ ਭੀੜ ਨਿਕਲਣ ਪਿੱਛੋਂ ਦੀਪਾ ਦੇ ਆਉਂਦਿਆਂ ਹੀ ਉਹ ਉਹਦੇ ਸਾਹਮਣੇ ਆ ਗਿਆ ਸੀ- "ਅੱਜ ਵੱਡੀ ਮਿਸ ਨਾਲ ਚਾਹ ਪੀਣ ਦਾ ਮੂਡ ਹੈ।"

"ਓਹ..." ਦੀਪਾ ਨੇ ਉਹਨੂੰ ਇਕ ਵਾਰ ਧਿਆਨ ਨਾਲ ਵੇਖਿਆ, "ਚੱਲੋ!" ਪੱਕਾ ਬਾਗ਼ ਚੌਰਾਹੇ ਦੇ ਰੈਸਟੋਰੈਂਟ ਵਿਚ ਚਾਹ ਪੀਣ ਸਮੇਂ ਹੀ ਉਹਨੇ ਦੀਪਾ ਨੂੰ ਪੁੱਛਿਆ, "ਤੁਹਾਡਾ ਘਰ ਕਿੱਥੇ ਹੈ?"

"ਕਾਨਪੁਰ ਵਿਚ। ਉੱਥੇ ਹੀ ਮੇਰੇ ਮਾਤਾ-ਪਿਤਾ ਅਤੇ ਭੈਣ-ਭਰਾ ਰਹਿੰਦੇ ਹਨ।" ਦੀਪਾ ਨੇ ਦੱਸਿਆ ਸੀ।

"ਤੁਹਾਡੀ ਦੇਸ਼-ਵਿਦੇਸ਼ ਤੋਂ ਇੰਨੀ ਡਾਕ ਕਿਉਂ ਆਉਂਦੀ ਹੈ?"

"ਦਰਅਸਲ ਮੈਨੂੰ ਬਚਪਨ ਤੋਂ ਹੀ ਪੈੱਨ-ਫਰੈਂਡਸ਼ਿਪ ਦਾ ਸ਼ੌਕ ਰਿਹਾ ਹੈ, ਇਸ ਕਰਕੇ ਮੇਰੇ ਜਾਣਕਾਰਾਂ ਦਾ ਦਾਇਰਾ ਵਧ ਗਿਆ ਹੈ।"

ਮਾਧਵ ਦੇ ਬਹੁਤ ਕਹਿਣ 'ਤੇ ਵੀ ਦੀਪਾ ਨੇ ਚਾਹ ਦੀ ਪੇਮੈਂਟ ਆਪ ਹੀ ਕੀਤੀ ਸੀ। ਉਸ ਰਾਤ ਉਹ ਕਈ ਘੰਟੇ ਦੀਪਾ ਬਾਰੇ ਸੋਚਦਾ ਰਿਹਾ ਸੀ। ਦੀਪਾ ਇਕ ਬਦਚਲਨ ਕੁੜੀ ਵੀ ਤਾਂ ਹੋ ਸਕਦੀ ਹੈ! ਇਸ ਤਰ੍ਹਾਂ ਦੀਆਂ ਕੁੜੀਆਂ ਬਾਹਰ ਦੇ ਸਕੂਲਾਂ ਵਿਚ ਹਜ਼ਾਰ-ਡੇਢ ਹਜ਼ਾਰ ਦੀ ਨੌਕਰੀ ਕਰ ਲੈਂਦੀਆਂ ਹਨ ਅਤੇ ਰੋਜ਼ ਪੰਜ ਸੌ ਰੁਪਏ ਦੀਆਂ ਸਾੜੀਆਂ ਬਦਲਦੀਆਂ ਹਨ। ਸ਼ਹਿਰ ਆ ਕੇ ਉਹ ਨਵੇਂ-ਨਵੇਂ ਲੋਕਾਂ ਨਾਲ ਸੰਪਰਕ ਕਰ ਕੇ ਉਨ੍ਹਾਂ ਤੋਂ ਪੈਸੇ ਠੱਗਦੀਆਂ ਹਨ। ਨਹੀਂ ਤਾਂ ਕੋਈ ਕੁੜੀ ਕਿਸੇ ਅਣਜਾਣ ਨਾਲ ਬਹਿ ਕੇ ਚਾਹ ਕਿਵੇਂ ਪੀ ਸਕਦੀ ਹੈ? ਅਗਲੇ ਪਲ ਹੀ ਉਹਦੇ ਮਨ ਨੇ ਉਹਨੂੰ ਫਿਟਕਾਰਿਆ ਸੀ ਕਿ ਦੀਪਾ ਬਾਰੇ ਉਹਦਾ ਇਉਂ ਸੋਚਣਾ ਗਲਤ ਹੈ।

ਸਮਰ ਵੈਕੇਸ਼ਨ ਆ ਗਈ ਸੀ। ਦੀਪਾ ਨੇ ਘਰੇ ਜਾਣ ਦੀ ਤਿਆਰੀ ਕਰ ਲਈ ਸੀ। ਦੀਪਾ ਨੇ ਸਕੂਲ ਦੇ ਚੌਕੀਦਾਰ ਰਾਹੀਂ ਮਾਧਵ ਨੂੰ ਸੁਨੇਹਾ ਭਿਜਵਾਇਆ ਸੀ ਕਿ ਉਹ ਜੁਲਾਈ ਵਿਚ ਵਾਪਸ ਆਵੇਗੀ। ਉਹਨੇ ਸਾਰੇ ਮਿੱਤਰਾਂ ਨੂੰ ਲਿਖ ਦਿੱਤਾ ਹੈ ਕਿ ਉਹ ਕਾਨਪੁਰ ਦੇ ਪਤੇ 'ਤੇ ਹੀ ਚਿੱਠੀ-ਪੱਤਰ ਕਰਨ, ਫਿਰ ਵੀ ਕੋਈ ਡਾਕ ਆਵੇ ਤਾਂ ਉਹ ਸਕੂਲ ਦੇ ਚੌਕੀਦਾਰ ਨੂੰ ਦੇ ਦੇਵੇ।... ਕਲਪਨਾ ਕਲੋਨੀ ਵਿਚ ਪਹੁੰਚਦੇ ਹੀ ਯਾਦਾਂ ਨੇ ਮਾਧਵ ਨੂੰ ਵਰਤਮਾਨ ਵਿਚ ਲੈ ਆਂਦਾ।

ਦੀਪਾ ਦੇ ਕਮਰੇ ਦੇ ਬਾਹਰ ਅੱਜ ਤਾਲਾ ਨਹੀਂ ਸੀ, ਸਗੋਂ ਇਕ ਪਰਦਾ ਲਟਕ ਰਿਹਾ ਸੀ। ਉਹਨੇ ਸਾਈਕਲ ਖੜ੍ਹਾ ਕਰ ਕੇ ਦੀਪਾ ਦੀਆਂ ਦੋਵੇਂ ਰਜਿਸਟਰੀਆਂ ਹੱਥ 'ਚ ਲੈ ਕੇ ਦਰਵਾਜ਼ੇ ਦੇ ਪਰਦੇ ਨੂੰ ਪਰੇ ਕੀਤਾ। "ਕੌਣ ਹੋ ਤੁਸੀਂ?" ਇਕ ਸਮਾਰਟ ਜਿਹੇ ਆਦਮੀ ਨੇ ਸਖ਼ਤ ਆਵਾਜ਼ ਵਿਚ ਕਿਹਾ ਸੀ। "ਦੀਪਾ ਨੰਦਨੀ ਦੀ ਰਜਿਸਟਰੀ ਹੈ।" ਅਚਾਨਕ ਉਹ ਘਬਰਾ ਕੇ ਦਰਵਾਜ਼ੇ 'ਤੇ ਹੀ ਰੁਕ ਗਿਆ।

"ਅੱਛਾ, ਤੁਸੀਂ ਉੱਥੇ ਹੀ ਠਹਿਰੋ।" ਉਹ ਆਦਮੀ ਅੰਦਰ ਨੂੰ ਚਲਾ ਗਿਆ ਸੀ - "ਪਤਾ ਨਹੀਂ ਇਸ ਦੇਸ਼ ਦੇ ਲੋਕਾਂ ਨੂੰ ਸਿਵਿਲ ਸੈਂਸ ਕਦੋਂ ਆਵੇਗੀ?" ਉਸ ਆਦਮੀ ਨੇ ਇਹ ਗੱਲ ਕਹੀ ਤਾਂ ਹੌਲੀ ਜਿਹੀ ਸੀ, ਪਰ ਉਹਦੇ ਸ਼ਬਦ ਸਾਫ਼-ਸਾਫ਼ ਬਾਹਰ ਵੀ ਸੁਣਾਈ ਦੇ ਰਹੇ ਸਨ।

ਉਸ ਆਦਮੀ ਨੇ ਫ਼ੇਰ ਤੇਜ਼ ਆਵਾਜ਼ ਵਿਚ ਕਿਹਾ, "ਦੀਪਾ, ਬਾਹਰ ਆ ਬਈ, ਪੋਸਟਮੈਨ ਤੇਰੀ ਰਜਿਸਟਰੀ ਲੈ ਕੇ ਆਇਆ ਹੈ।" ਉਸ ਆਦਮੀ ਦੇ ਪਿੱਛੇ-ਪਿੱਛੇ ਦੀਪਾ ਕਮਰੇ ਵਿਚ ਆਈ। ਉਹਨੇ ਮਾਧਵ ਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ। ਉਹਦੀ ਨਜ਼ਰ ਇਕ ਪਲ ਦੀਪਾ ਦੇ ਚਿਹਰੇ 'ਤੇ ਠਹਿਰ ਗਈ- ਮੱਥੇ 'ਤੇ ਵੱਡੀ ਸਾਰੀ ਗੋਲ ਬਿੰਦੀ, ਬੁੱਲ੍ਹਾਂ 'ਤੇ ਹਲਕੀ ਜਿਹੀ ਲਿਪਸਟਿਕ, ਸੰਧੂਰ ਨਾਲ ਸਜੀ ਹੋਈ ਲੰਮੀ ਮਾਂਗ, ਚੂੜੀਆਂ ਨਾਲ ਭਰੀਆਂ ਕਲਾਈਆਂ। ਇੰਨੇ ਲੰਮੇ ਸਮੇਂ ਤੋਂ ਕੀ ਉਹ ਇਸੇ ਦੀਪਾ ਦੀ ਉਡੀਕ ਕਰ ਰਿਹਾ ਸੀ?

"ਇਹ ਮੇਰੇ ਪਤੀ ਹਨ- ਮਿਸਟਰ ਆਰ ਸੀ ਕਮਲ ਅਤੇ..." ਦੀਪਾ ਖਾਮੋਸ਼ ਹੋ ਗਈ। ਉਹ ਕੁਝ ਚਿਰ ਤੱਕ ਚੁੱਪ ਰਿਹਾ ਕਿ ਸ਼ਾਇਦ ਦੀਪਾ ਨੂੰ ਉਹਦਾ ਨਾਂ ਯਾਦ ਆ ਜਾਵੇ! ਰਜਿਸਟਰੀ ਦੀ ਸਲਿੱਪ 'ਤੇ ਦਸਤਖ਼ਤ ਲਈ ਪੈੱਨ ਦਿੰਦੇ ਹੋਏ ਉਹਨੇ ਕਿਹਾ, "ਮੈਂ ਹਾਂ ਪੋਸਟਮੈਨ, ਸਿਰਫ਼ ਇਕ ਪੋਸਟਮੈਨ!"

ਉਹਨੇ ਤੇਜ਼ ਰਫ਼ਤਾਰ ਨਾਲ ਦਰਵਾਜ਼ੇ ਵੱਲ ਕਦਮ ਵਧਾਏ।

ਪਿੱਛੇ ਤੋਂ ਆਵਾਜ਼ ਆਈ- "ਚਾਹ ਪੀ ਕੇ ਜਾਣਾ!"

"ਅੱਜ ਬੜੀ ਡਾਕ ਵੰਡਣੀ ਹੈ।" ਉਹਨੇ ਬਿਨਾਂ ਪਿੱਛੇ ਮੁੜਿਆਂ ਹਵਾ ਵਿਚ ਸ਼ਬਦ ਉਛਾਲੇ। ਸਾਈਕਲ ਲੈ ਕੇ ਕੁਝ ਚਿਰ ਉਹ ਐਵੇਂ ਹੀ ਪੈਦਲ ਚਲਦਾ ਰਿਹਾ। ਉਹਨੇ ਫੈਸਲਾ ਕੀਤਾ ਕਿ ਵੱਡੇ ਬਾਬੂ ਦੀਆਂ ਚਾਹੇ ਕਿੰਨੀਆਂ ਵੀ ਮਿੰਨਤਾਂ ਕਰਨੀਆਂ ਪੈਣ, ਪਰ ਉਹ ਕੱਲ੍ਹ ਤੋਂ ਇਸ ਬਲਾਕ ਦੀ ਡਾਕ ਨਹੀਂ ਵੰਡੇਗਾ।

ਉਹਨੂੰ ਲੱਗਿਆ ਕਿ ਉਹਦੇ ਪੈਰ ਬਹੁਤ ਭਾਰੀ ਹੋ ਗਏ ਹਨ ਅਤੇ ਲੁੱਕ ਦੀਆਂ ਸੜਕਾਂ ਦਲਦਲ ਬਣ ਗਈਆਂ ਹਨ...ਉਹਨੇ ਪੈਡਲ 'ਤੇ ਪੈਰ ਰੱਖ ਕੇ ਪੂਰਾ ਜ਼ੋਰ ਲਾਇਆ ਅਤੇ ਸਾਈਕਲ ਤੇਜ਼ ਰਫ਼ਤਾਰ ਨਾਲ ਭਜਾ ਲਿਆ।

# ਪੁਸਤਕ ਸਮੀਖਿਆ - ਲੇਬਰ ਚੌਂਕ ਦੀਆਂ ਅੱਖਾਂ (ਨਾਟਕ)


ਨਾਟਕਕਾਰ ਸੁਖਮਿੰਦਰ ਸੇਖੋਂ
ਕੀਮਤ 200 ਰੁਪਏ
ਪ੍ਰਕਾਸ਼ਕ ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ

ਸਰਬਾਂਗੀ ਸਾਹਿਤਕਾਰ ਸੁਖਮਿੰਦਰ ਸੇਖੋਂ ਨੇ ਸਾਹਿਤ ਦੇ ਖੇਤਰ ਵਿਚ ਬੜੀਆਂ ਮੱਲਾਂ ਮਾਰੀਆਂ


ਸਤਿੰਦਰ ਸਿੰਘ ਨੰਦਾ
ਫੋਨ: 95010-28851


ਹਨ ਅਤੇ ਸਾਹਿਤ ਦੀ ਹਰ ਵਿਧਾ ਵਿਚ ਆਪਣਾ ਲੋਹਾ ਮਨਵਾਇਆ ਹੈ। ਹੁਣ ਤੱਕ ਉਸ ਦੀਆਂ ਡੇਢ ਦਰਜਨ ਮੌਲਿਕ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਨਾਟ ਸੰਗ੍ਰਹਿ ਵਿਚ ਸੇਖੋਂ ਦੇ 5 ਨਾਟਕ ਦਰਜ ਹਨ। ਪਹਿਲੇ ਨਾਟਕ ਅਸੀਂ ਜੰਗਲ ਦੇ ਜਾਏ, ਜੰਗਲੀ ਜਾਨਵਰਾਂ ਨੂੰ ਪਾਤਰੀ-ਪ੍ਰਤੀਕਾਂ ਤੇ ਜੰਗਲੀ ਵਾਤਾਵਰਨ ਦੇ ਦੁਆਲੇ ਸਿਰਜਿਆ ਗਿਆ। ਜੰਗਲਿਸਤਾਨ ਤੇ ਮਨੁੱਖਿਸਤਾਨ ਦੇ ਆਪਸੀ ਵਰਤਾਓ ਤੇ ਟਕਰਾਓ ਨੂੰ ਨਾਟਕਕਾਰ ਨੇ ਬਹੁਤ ਖ਼ੂਬਸੂਰਤੀ ਨਾਲ ਚਿਤਰਿਆ ਹੈ। ਟਾਈਟਲ ਨਾਟਕ 'ਲੇਬਰ ਚੌਂਕ ਦੀਆਂ ਅੱਖਾਂ' ਵਿਚ ਕੇਵਲ ਤਿੰਨ ਪਾਤਰ ਹਨ, ਪੰਜਾਬ ਸਿੰਘ, ਭਰਤ ਰਾਮ ਤੇ ਫਕੀਰੀਆ। ਇਹ ਨਾਵਲ ਸਮਾਜਿਕ ਬਰਾਬਰਤਾ, ਬੇਰੁਜ਼ਗਾਰੀ ਤੇ ਸਟੇਟ ਦੇ ਜਬਰ ਨੂੰ ਕਲਾਤਮਕ ਰੂਪ ਵਿਚ ਪੇਸ਼ ਕਰਦਾ ਇਕ ਸਸ਼ਕਤ ਨਾਟਕ ਹੋ ਨਿੱਬੜਿਆ ਹੈ।

7 ਦ੍ਰਿਸ਼ਾਂ ਵਾਲਾ ਨਾਟਕ 'ਅਸੀਂ ਜੀਉਂਦੇ ਅਸੀਂ ਜਾਗਦੇ' ਇਸ ਨਾਟਕ ਸੰਗ੍ਰਹਿ ਦੀ ਜਿੰਦ




ਜਾਨ ਹੈ। ਸਾਧਨ ਸੰਪੰਨ ਤੇ ਸਾਧਣ ਵਿਹੂਣਿਆਂ ਦੀ ਪੇਸ਼ਕਾਰੀ ਨਾਲ ਇਸ ਨਾਟਕ ਵਿਚ ਕੁਝ ਸੰਜੀਦਾ ਮਸਲਿਆਂ ਨੂੰ ਅੰਜਾਮ ਦਿੱਤਾ ਗਿਆ ਹੈ। ਕੁੱਲ ਮਿਲਾ ਕੇ ਸਮਾਜਿਕ ਬੁਰਾਈਆਂ, ਭ੍ਰਿਸ਼ਟਾਚਾਰ ਤੇ ਮਨੁੱਖ ਦੇ ਦੋਗਲੇਪਣ ਨੂੰ ਰੂਪਮਾਨ ਕਰਦਾ ਇਹ ਇਕ ਬੇਹਤਰ ਨਾਟਕ ਹੈ। 'ਔਰਤ ਬੋਲੇ ਆਜ਼ਾਦੀ' ਕੇਵਲ ਇਸਤਰੀ ਪਾਤਰਾਂ ਦਾ ਨਾਟਕ ਹੈ। ਔਰਤਾਂ ਸਮਾਜ ਵਿਚ ਬਹੁਤ ਕੁਝ ਕਰਨਾ ਚਾਹੁੰਦੀਆਂ ਹਨ ਤੇ ਆਪੋ ਆਪਣੇ ਖਿੱਤਿਆਂ ਵਿਚ ਆਪਣੀ ਭੂਮਿਕਾ ਨਿਭਾਉਂਦੀਆਂ ਵੀ ਹਨ ਪ੍ਰੰਤੂ ਇਨ੍ਹਾਂ ਨੂੰ ਇਕਮੁੱਠ ਕਰਨਾ ਸੰਭਵ ਨਹੀਂ ਜਾਪਦਾ। ਆਪਸੀ ਈਰਖਾ ਤੇ ਹਉਮੈ ਵੱਡਾ ਕਾਰਨ ਹਨ। ਪਰ ਇਸ ਦੇ ਬਾਵਜੂਦ ਉਹ ਆਪੋ ਆਪਣੀ ਜ਼ਮੀਰ ਦੇ ਮੱਦੇਨਜ਼ਰ ਅੱਗੇ ਵਧਣਾ ਚਾਹੁੰਦੀਆਂ ਹਨ ਤੇ ਬਹੁਤ ਕੁਝ ਕਰਨਾ ਲੋਚਦੀਆਂ ਹਨ।

ਪੰਜਵਾਂ ਤੇ ਅੰਤਲਾ ਨਾਟਕ 8 ਦ੍ਰਿਸ਼ਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਨ੍ਹਾਂ ਨੂੰ ਵੱਖੋ ਵੱਖ ਸਿਰਲੇਖ ਦਿੰਦਿਆਂ ਵਿਭਿੰਨ ਵਿਸ਼ਿਆਂ ਦਾ ਵੱਖਰਾ ਤਜਰਬਾ ਕੀਤਾ ਗਿਆ ਹੈ। ਕਹਾਣੀਕਾਰ ਦਾ ਪਾਤਰ ਬਹੁਤ ਸੰਜਮੀ ਤੇ ਢੁਕਵਾਂ ਹੈ। ਆਪੋ ਆਪਣੇ ਵਿਸ਼ਿਆਂ ਦੀ ਪੂਰਤੀ ਕਰਦਾ ਇਹ ਨਾਟਕ ਅਛੋਪਲੇ ਹੀ ਕਿਰਸਾਨੀ ਸੰਘਰਸ਼ ਵੱਲ ਮੋੜ ਕੱਟਦਾ ਹੈ। ਸਾਰਾ ਨਾਟਕ ਜੀਉਂਦਾ ਜਾਗਦਾ ਪ੍ਰਤੀਤ ਹੁੰਦਾ ਹੈ। ਸਾਰੇ ਨਾਟਕ ਗੌਲਣਯੋਗ ਤੇ ਖੇਡਣਯੋਗ ਹਨ। ਆਸ ਹੈ ਕਿ ਬੰਬਈ (ਹੁਣ ਮੁੰਬਈ) ਤੋਂ ਗ੍ਰਹਿਣ ਕੀਤੀ ਨਾਟਕੀ ਜੁਗਤ ਨੂੰ ਅਗਲੀਆਂ ਪੇਸ਼ਕਾਰੀਆਂ ਸਮੇਂ ਸੁਖਮਿੰਦਰ ਸੇਖੋਂ ਘੱਟ ਜਾਂ ਮੱਧਮ ਨਹੀਂ ਹੋਣ ਦਿੱਤਾ ਜਾਵੇਗਾ।

# ਸੁਪਰੀਮ ਕੋਰਟ ਦਾ ਚੋਣ ਕਮਿਸ਼ਨ ਬਾਰੇ ਫੈਸਲਾ ਸ਼ਲਾਘਾਯੋਗ

2 ਮਾਰਚ ਦੇਸ਼ ਦੇ ਇਤਿਹਾਸ ਵਿਚ ਯਾਦਗਾਰੀ ਦਿਨ ਵਜੋਂ ਜਾਣਿਆ ਜਾਵੇਗਾ, ਜਿਸ ਦੀ ਇਬਾਰਤ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਵੇਗੀ! ਇਸ ਦਿਨ ਸੁਪਰੀਮ ਕੋਰਟ ਦੇ ਪੰਜ-ਮੈਂਬਰੀ ਸੰਵਿਧਾਨਕ ਬੈਂਚ ਨੇ ਇਕਮੱਤ ਹੋ ਕੇ ਅਜਿਹਾ ਫੈਸਲਾ ਸੁਣਾਇਆ ਜੋ ਵਿਸ਼ਵ ਦੇ ਸਭ ਤੋਂ ਵਡੇ ਲੋਕਤੰਤਰਿਕ ਦੇਸ਼ ਦੇ ਲੋਕਤੰਤਰ ਦੀ ਪਵਿੱਤਰਤਾ ਕਾਇਮ ਰੱਖਣ ਲਈ ਮੋਟੇ ਅੱਖਰਾਂ ਵਿਚ ਅੰਕਿਤ ਕੀਤਾ ਗਿਆ ਮੀਲ ਪੱਥਰ ਸਾਬਤ ਹੋਵੇਗਾ।

ਲੱਗਦੈ ਸੱਚਮੁੱਚ ਹੀ ਆਜ਼ਾਦੀ ਦਾ 'ਅੰਮ੍ਰਿਤ ਕਾਲ' ਆ ਗਿਐ ਅਤੇ 'ਅੱਛੇ ਦਿਨ' ਵੀ ਪਰਤਣ ਲੱਗੇ ਹਨ!

ਸਿਖਰਲੀ ਅਦਾਲਤ ਦੇ ਪੰਜ-ਮੈਂਬਰੀ ਬੈਂਚ, ਜਿਸ ਦੀ ਅਗਵਾਈ ਜਸਟਿਸ ਕੇ.ਐਮ. ਜੋਸਫ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਕਰ ਰਹੇ ਸਨ, ਨੇ ਸਰਬਸੰਮਤੀ ਨਾਲ ਫੈਸਲਾ ਲਿਆ ਕਿ ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਅਤੇ ਬਾਕੀ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਤਿੰਨ ਮੈਂਬਰੀ ਪੈਨਲ ਦੀ ਸਿਫਾਰਸ਼ ਉਪਰ ਰਾਸ਼ਟਰਪਤੀ ਕਰਨਗੇ। ਇਸ ਪੈਨਲ ਵਿਚ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਨੇਤਾ ਜਾਂ ਸਭ ਤੋਂ ਵੱਡੀ ਪਾਰਟੀ ਦੇ ਨੇਤਾ ਅਤੇ ਸਰਵਉੱਚ ਅਦਾਲਤ ਦੇ ਚੀਫ ਜਸਟਿਸ ਵੀ ਸ਼ਾਮਲ ਹੋਣਗੇ। ਇਹ ਇਕ ਕਿਸਮ ਦਾ ਚੋਣ ਕਮਿਸ਼ਨ ਦੀ ਚੋਣ ਦਾ ਕੌਲਿਜੀਅਮ ਹੀ ਹੋਵੇਗਾ। ਅਜਿਹਾ ਜਮਹੂਰੀਅਤ ਦੀ ਪਾਕੀਜ਼ਗੀ ਲਈ ਲਾਜ਼ਮੀ ਹੈ।

ਇਸ ਜੱਜਮੈਂਟ ਵਿਚ ਨਾਗਰਿਕਾਂ ਦੇ ਵੋਟ ਪਾਉਣ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਕਹਿੰਦਿਆਂ ਬੈਂਚ ਨੇ ਆਪਣੇ ਇਸ ਫੈਸਲੇ ਲਈ 4-5 ਹੋਰ ਬਹੁਤ ਹੀ ਅਹਿਮ ਨੁਕਤੇ ਉਠਾਏ ਹਨ। ਸਾਨੂੰ ਜਿਸ ਗੱਲ ਨੇ ਪ੍ਰਭਾਵਿਤ ਕੀਤਾ ਅਤੇ ਇਸ ਫੈਸਲੇ ਨੂੰ 'ਧੰਨ ਧੰਨ' ਕਰਵਾਉਣ ਵਾਲਾ ਕਹਿਣ ਲਈ ਪ੍ਰੇਰਿਤ ਕੀਤਾ, ਉਹ ਹੈ ਬੈਂਚ ਵਲੋਂ ਇਹ ਕਹਿਣਾ ਕਿ, 'ਜਿਹੜਾ ਬੰਦਾ ਸ਼ਕਤੀਸ਼ਾਲੀ ਵਿਵਸਥਾਵਾਂ ਸਾਹਮਣੇ ਦਿਲ-ਗੁਰਦਾ ਨਾ ਰੱਖਦਾ ਹੋਵੇ ਉਹ ਚੋਣ ਕਮਿਸ਼ਨਰ ਨਿਯੁਕਤ ਨਹੀਂ ਕੀਤਾ ਜਾ ਸਕਦਾ'।

ਬੈਂਚ ਨੇ ਹੋਰ ਕਿਹਾ ਕਿ ਸਮੇਂ ਦੀ ਇਕ ਮਿਆਦ ਦੌਰਾਨ ਚੋਣ ਪ੍ਰਕਿਰਿਆ ਦੀ 'ਬੇਰਹਿਮੀ ਨਾਲ ਕੀਤੀ ਦੁਰਵਰਤੋਂ ਲੋਕਤੰਤਰ ਦੀ ਕਬਰ ਪੁੱਟਣ ਦਾ ਸਭ ਤੋਂ ਪੱਕਾ ਰਾਹ ਹੈ ਅਤੇ 'ਲੋਕਤੰਤਰ ਵਿਚ 'ਚੋਣਾਂ ਦੀ ਪਵਿੱਤਰਤਾ ਕਾਇਮ ਰੱਖਣੀ ਬਹੁਤ ਜ਼ਰੂਰੀ ਹੈ, ਜਾਂ ਫਿਰ ਇਸ ਦੇ ਤਬਾਹਕੁਨ ਨਤੀਜੇ ਭੁਗਤਣੇ ਹੋਣਗੇ'।

ਬੈਂਚ ਨੇ ਕਿਹਾ ਕਿ ਸਿਰਫ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਉਮੀਦਵਾਰਾਂ ਦੀ ਹੀ ਨਹੀਂ ਸਗੋਂ ਲੋਕਤੰਤਰ ਦੀ ਕਿਸਮਤ ਵੀ ਚੋਣ ਕਮਿਸ਼ਨ ਦੇ ਹੱਥਾਂ ਵਿਚ ਹੁੰਦੀ ਹੈ।

ਜ਼ਰਾ ਦੂਸਰੇ ਨਿਵੇਕਲੇ ਨੁਕਤੇ ਵੀ ਦੇਖੋ- 1. ਨਿਯੁਕਤੀ ਵਿਚ ਰਤੀ ਭਰ ਵੀ ਇਹ ਖਿਆਲੀ ਧਾਰਨਾ ਨਹੀਂ ਹੋਣੀ ਚਾਹੀਦੀ ਕਿ ਇਕ 'ਜੀ-ਹਜ਼ੂਰੀਆ' ਲੋਕਤੰਤਰ ਦੀ ਕਿਸਮਤ ਦਾ ਫੈਸਲਾ ਕਰੇਗਾ; 2. ਇਕ ਅਜਿਹਾ ਵਿਅਕਤੀ ਜੋ ਨਿਯੁਕਤ ਕਰਨ ਵਾਲੇ ਪ੍ਰਤੀ ਅਹਿਸਾਨਮੰਦੀ ਦੀ ਭਾਵਨਾ ਜਾਂ ਆਭਾਰ ਰੱਖਦੈ ਉਸ ਨੂੰ ਨਿਯੁਕਤ ਨਹੀਂ ਕਰਨਾ ਚਾਹੀਦਾ ਕਿਉਂਕਿ ਉਹ ਰਾਸ਼ਟਰ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ 'ਚ 'ਫੇਲ੍ਹ' ਹੋਵੇਗਾ ਅਤੇ ਚੋਣਾਂ, ਜੋ ਕਿ ਲੋਕਤੰਤਰ ਦਾ ਮੂਲ ਆਧਾਰ ਹਨ, ਵਿਚ ਉਸ ਦਾ ਕੋਈ ਸਥਾਨ ਨਹੀਂ ਹੋਣਾ ਚਾਹੀਦਾ; 3. ਇਕ ਆਜ਼ਾਦ ਵਿਅਕਤੀ ਪੱਖਪਾਤੀ ਨਹੀਂ ਹੁੰਦਾ, ਭਿਅੰਕਰ ਝੱਖੜਾਂ ਵੇਲੇ ਵੀ ਉਹ ਤੱਕੜੀ ਦੇ ਪੱਲੇ ਸਾਵੇਂ ਢੰਗ ਨਾਲ ਫੜਦਿਆਂ, ਤਾਕਤਵਰਾਂ ਦਾ ਧੁਤਾ ਨਾ ਬਣਦਿਆਂ, ਸਗੋਂ ਕਮਜ਼ੋਰਾਂ/ਨਿਤਾਣਿਆਂ ਅਤੇ ਬੇਇਨਸਾਫੀ ਦੇ ਸ਼ਿਕਾਰ ਲੋਕਾਂ, ਜੋ ਉਂਜ ਸਹੀ ਹੁੰਦੇ ਹਨ, ਦੀ ਬਾਂਹ ਫੜਦਿਆਂ ਉਨ੍ਹਾਂ ਦਾ ਬਚਾ ਕਰੇਗਾ, ਹੀ ਅਸਲੀ ਅਰਥਾਂ ਵਿਚ ਆਜ਼ਾਦ ਕਹਾਏਗਾ; 4. ਇਹ ਗੱਲ ਮਹੱਤਵਪੂਰਨ ਹੈ ਕਿ ਨਿਯੁਕਤੀ ਕਿਸੇ ਤਰ੍ਹਾਂ ਵੀ ਰੀਣ ਭਰ ਖਿਆਲੀ ਕਾਰਨਾਂ ਦੇ ਅਜਿਹੇ ਪ੍ਰਛਾਵੇਂ ਹੇਠਾਂ ਨਹੀਂ ਦੱਬਣੀ ਚਾਹੀਦੀ ਕਿ ਇਕ ਜੀ ਹਜ਼ੂਰੀਆ ਵਿਅਕਤੀ ਦੇਸ਼ ਦੇ ਲੋਕਤੰਤਰ ਅਤੇ ਇਸ ਨਾਲ ਜੁੜੇ ਹੋਏ ਸਭ ਵਾਅਦਿਆਂ ਦੀ ਕਿਸਮਤ ਦਾ ਫੈਸਲੇ ਕਰੇਗਾ''!

ਜਸਟਿਸ ਜੋਸਫ ਤੋਂ ਇਲਾਵਾ ਇਸ ਬੈਂਚ ਵਿਚ ਜਸਟਿਸ ਅਜੈ ਰਸਤੋਗੀ, ਅਨਿਰੁੱਧ ਬੋਸ, ਰਿਸ਼ੀਕੇਸ਼ ਰੌਏ, ਅਤੇ ਸੀ.ਟੀ. ਰਵੀ ਕੁਮਾਰ ਸ਼ਾਮਿਲ ਹਨ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ ਕਿਧਰੇ ਇਸ ਫੈਸਲੇ ਨੂੰ ਨਿਆਂਪਾਲਿਕਾ ਵਲੋਂ ਵਿਧਾਨ ਪਾਲਿਕਾ/ਸੰਸਦ ਦੇ ਕੰਮ ਵਿਚ ਦਖਲ ਅੰਦਾਜ਼ੀ ਜਾਂ ਕਾਰਜ ਪਾਲਿਕਾ ਦਾ ਰੋਲ ਧਾਰਨ ਕਰਨ ਦੇ ਖਦਸ਼ੇ ਨਾ ਪ੍ਰਗਟ ਕੀਤੇ ਜਾਣ, ਬੈਂਚ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਪੈਨਲ-ਆਧਾਰਤ ਚੋਣ ਵਾਲੀ ਵਿਵਸਥਾ ਉਨਾ ਚਿਰ ਚਲਦੀ ਰਹੇਗੀ ਜਿੰਨਾ ਚਿਰ ਸੰਸਦ ਇਸ ਸਬੰਧੀ ਕੋਈ ਕਾਨੂੰਨ ਨਹੀਂ ਬਣਾਉਂਦੀ।



ਬੈਂਚ ਨੇ ਸੰਸਦ/ਸਰਕਾਰ ਨੂੰ ਬਹੁਤ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਚੋਣ ਕਮਿਸ਼ਨ ਦੇ ਇਕ ਪੱਕੇ ਸਕੱਤਰੇਤ ਸਬੰਧੀ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਜਾਣ ਅਤੇ ਇਸ ਨੂੰ ਸੱਚੀਂ ਮੁੱਚੀਂ ਆਜ਼ਾਦ ਬਣਾਉਣ ਲਈ ਇਸ ਦੇ ਖਰਚੇ/ਬਜਟ ਦਾ ਪ੍ਰਬੰਧ ਹੋਵੇ।

ਸਰਵਉੱਚ ਅਦਾਲਤ ਦੀਆਂ ਨਿਯੁਕਤੀਆਂ ਅਤੇ ਹਾਈ ਕੋਰਟ ਦੇ ਚੀਫ ਜੱਜਾਂ ਦੀਆਂ ਨਿਯੁਕਤੀਆਂ ਅਤੇ ਬਦਲੀਆਂ ਸਬੰਧੀ ਬਣੇ ਕੌਲਿਜੀਅਮ, ਜਿਸ ਦਾ ਮੌਜੂਦਾ ਸਰਕਾਰ ਬਹੁਤ ਵਿਰੋਧ ਕਰਦੀ ਹੈ ਅਤੇ ਕਾਨੂੰਨ ਮੰਤਰੀ ਕਿਰਨ ਰਿਜੀਜੂ ਜਨਤਕ ਬਿਆਨਬਾਜ਼ੀ ਰਾਹੀਂ ਇਹ ਵਿਰੋਧ ਅਨੇਕ ਵਾਰ ਪ੍ਰਗਟ ਕਰਦੇ ਰਹਿੰਦੇ ਹਨ, ਵਰਗਾ ਹੀ ਚੋਣ ਕਮਿਸ਼ਨ ਬਾਰੇ ਕੌਲਿਜੀਅਮ ਬਣਾਉਂਦਿਆਂ ਬੈਂਚ ਨੇ ਸਪੱਸ਼ਟ ਕੀਤਾ ਕਿ ਪਹਿਲਾਂ ਵੀ ਸੀ.ਬੀ.ਆਈ ਦੇ ਡਾਇਰੈਕਟਰ ਅਤੇ ਲੋਕਪਾਲ ਦੀ ਚੋਣ ਸਬੰਧੀ ਅਜਿਹੀ ਵਿਵਸਥਾ ਮੌਜੂਦ ਹੈ।

ਇਹ ਗੱਲ ਅਤੇ ਸੰਸਦ ਉਪਰ ਵੱਖਰੀ ਵਿਵਸਥਾ ਬਣਾਉਣ ਤਕ ਪੈਨਲ ਚਲਦੇ ਰਹਿਣ ਦੀ ਗੱਲ ਕਰ ਕੇ ਬੈਂਚ ਨੇ ਉਨ੍ਹਾਂ ਲੋਕਾਂ ਦਾ ਮੂੰਹ ਬੰਦ ਕਰ ਦਿੱਤੈ ਜੋ ਨਿਆਂਪਾਲਿਕਾ ਵਲੋਂ ਵਿਧਾਨ ਪਾਲਿਕਾ/ਸਰਕਾਰ ਦੇ ਕੰਮਾਂ ਵਿਚ ਦਖਲ ਅੰਦਾਜ਼ੀ ਅਤੇ ਸ਼ਕਤੀਆਂ ਦੀ ਵੰਡ ਦੇ ਸਿਧਾਂਤ ਦਾ ਵਿਰੋਧ ਕਰਨ ਦਾ ਇਲਜ਼ਾਮ ਲਗਾਉਂਦੇ ਰਹਿੰਦੇ ਹਨ।

ਸੰਵਿਧਾਨ ਦੀ ਧਾਰਾ 142 ਵਿਚ ਸਾਫ ਦਰਜ ਹੈ-'ਸੁਪਰੀਮ ਕੋਰਟ, ਆਪਣੇ ਅਧਿਕਾਰ ਖੇਤਰ ਦੀਆਂ ਸ਼ਕਤੀਆਂ ਦਾ ਇਸਤੇਮਾਲ ਕਰਦਿਆਂ, ਪੂਰਨ ਇਨਸਾਫ ਮੁਹੱਈਆ ਕਰਵਾਉਣ ਹਿਤ, ਕੋਈ ਵੀ ਅਜਿਹਾ ਫਰਮਾਨ (ਡਿਕਰੀ/ਡਿਗਰੀ) ਜਾਂ ਹੁਕਮ ਪਾਸ ਕਰ ਸਕਦੀ ਹੈ ਜੋ ਕਿਸੇ ਵੀ ਅਜਿਹੇ ਮਾਮਲੇ/ਮਸਲੇ ਬਾਰੇ ਪਾਸ ਕਰਨਾ ਜ਼ਰੂਰੀ ਹੈ ਜੋ ਇਸ ਅੱਗੇ ਪੇਸ਼ ਹੋਇਐ...ਜਿੰਨਾ ਚਿਰ ਸੰਸਦ ਜਾਂ ਰਾਸ਼ਟਰਪਤੀ ਕੋਈ ਹੋਰ ਅਜਿਹੀ ਵਿਵਸਥਾ ਨਹੀਂ ਬਣਾਉਂਦੇ'।

ਬੈਂਚ ਵਲੋਂ ਇਹ ਕਹਿਣਾ ਕਿ ਪੈਨਲ ਦੁਆਰਾ ਚੋਣ ਕਮਿਸ਼ਨ ਬਾਰੇ ਸਿਫਾਰਸ਼ ਦੀ ਵਿਵਸਥਾ ਓਨੀ ਦੇਰ ਤੀਕ ਚਲੇਗੀ ਜਿੰਨੀ ਦੇਰ ਸੰਸਦ ਇਸ ਸਬੰਧੀ ਕੋਈ ਹੋਰ ਕਾਨੂੰਨ ਨਹੀਂ ਬਣਾ ਲੈਂਦੀ, ਇਸੇ ਹੀ ਧਾਰਾ ਨੂੰ ਸਨਮੁਖ ਰੱਖਦਿਆਂ ਕਿਹਾ ਗਿਐ।

ਜਸਟਿਸ ਰਸਤੋਗੀ ਨੇ ਵੱਖਰੀ ਪਰ ਸਹਿਮਤੀ ਵਾਲੀ ਜੱਜਮੈਂਟ ਵਿਚ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਦੂਸਰੇ ਚੋਣ ਕਮਿਸ਼ਨਰਾਂ ਨੂੰ ਹਟਾਏ ਜਾਣ ਦਾ ਵੀ ਓਹੀ ਨਿਯਮ ਹੋਣਾ ਚਾਹੀਦੈ ਜੋ ਕਿ ਮੁੱਖ ਚੋਣ ਕਮਿਸ਼ਨਰ ਨੂੰ ਹਟਾਉਣ ਦਾ ਹੈ।

ਬੈਂਚ ਨੇ ਉਪਰੋਕਤ ਲੈਂਡਮਾਰਕ ਜੱਜਮੈਂਟ ਕਈ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਦਿੱਤੀ ਜਿਨ੍ਹਾਂ ਤਹਿਤ ਚੋਣ ਕਮਿਸ਼ਨਰ ਵਜੋਂ ਅਰੁਨ ਗੋਇਲ ਦੀ 'ਬਿਜਲਈ ਤੇਜ਼ੀ' ਅਤੇ 'ਤੂਫਾਨੀ ਰਫਤਾਰ' ਨਾਲ ਕੀਤੀ ਗਈ ਨਿਯੁਕਤੀ ਨੂੰ ਚੈਲੇਂਜ ਕੀਤਾ ਗਿਆ ਸੀ। ਯਾਦ ਰਹੇ ਕਿ ਪੰਜਾਬ ਕਾਡਰ ਦੇ ਆਈ.ਏ.ਐਸ. ਅਫਸਰ ਅਰੁਨ ਗੋਇਲ ਨੂੰ ਪਿਛਲੇ ਸਾਲ 19 ਨਵੰਬਰ ਨੂੰ ਕੇਂਦਰ ਸਰਕਾਰ ਨੇ ਚੋਣ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਸੀ। ਗੋਇਲ 31 ਦਸੰਬਰ, 2022 ਨੂੰ ਸੇਵਾ ਮੁਕਤ ਹੋਣ ਵਾਲੇ ਸਨ ਪਰ ਉਹ 18 ਨਵੰਬਰ ਨੂੰ ਸਵੈ-ਇੱਛਾ ਨਾਲ ਸੇਵਾ ਮੁਕਤ ਹੋ ਗਏ ਅਤੇ ਅਗਲੇ ਦਿਨ ਹੀ ਉਨ੍ਹਾਂ ਦੀ ਚੋਣ ਕਮਿਸ਼ਨਰ ਵਜੋਂ ਨਿਯੁਕਤੀ ਕਰ ਦਿੱਤੀ ਗਈ!

ਬੈਂਚ ਨੇ ਇਸ ਗੱਲ ਉਪਰ ਖੇਦ ਪ੍ਰਗਟ ਕੀਤਾ ਕਿ ਮੀਡੀਆ ਦਾ ਇਕ ਵੱਡਾ ਹਿੱਸਾ ਆਪਣੀ ਜ਼ਿੰਮੇਵਾਰੀ ਤੋਂ ਭੱਜ ਗਿਐ ਅਤੇ ਪੱਖਪਾਤੀ ਹੋ ਗਿਐ। ''ਧਨ ਨਾਲ ਭਾਰੀਆਂ ਥੈਲੀਆਂ ਦੇ ਪ੍ਰਭਾਵ ਨਾਲ ਚੋਣਾਂ ਉਪਰ ਅਸਰ ਪੈਣਾ ਅਤੇ ਮੀਡੀਆ ਦੇ ਕੁਝ ਸੈਕਸ਼ਨਾਂ ਵਲੋਂ ਪ੍ਰਭਾਵ ਪਾਉਣਾ ਵੀ ਇਸ ਗੱਲ ਨੂੰ ਲਾਜ਼ਮੀ ਕਰ ਦਿੰਦੇ ਹਨ ਕਿ ਚੋਣ ਕਮਿਸ਼ਨ ਦੀ ਨਿਯੁਕਤੀ ਦਾ ਮਾਮਲਾ ਹੋਰ ਮੁਲਤਵੀ ਨਹੀਂ ਕੀਤਾ ਜਾ ਸਕਦਾ', ਬੈਂਚ ਨੇ ਕਿਹਾ। ਬੈਂਚ ਵਲੋਂ ਕਈ ਵੱਖ ਵੱਖ ਸਰਕਾਰਾਂ ਵਲੋਂ ਚੋਣ ਕਮਿਸ਼ਨ ਦੀ ਨਿਯੁਕਤੀ ਬਾਰੇ ਕਾਨੂੰਨ ਬਣਾਉਣ ਵਿਚਲੀ ਅਸਫਲਤਾ ਦਾ ਵੀ ਜ਼ਿਕਰ ਕੀਤਾ ਗਿਆ।

ਯਾਦ ਰਹੇ ਪਹਿਲਾਂ ਚੋਣ ਕਮਿਸ਼ਨ ਦੀ ਨਿਯੁਕਤੀ ਸੰਵਿਧਾਨ ਦੀ ਧਾਰਾ 324 ਅਧੀਨ ਕੇਂਦਰੀ ਸਰਕਾਰ ਦੀ ਸਿਫਾਰਸ਼ ਉਪਰ ਰਾਸ਼ਟਰਪਤੀ ਕਰਦਾ ਸੀ।

ਬੈਂਚ ਵਲੋਂ ਕੀਤੇ ਗਏ ਇਸ ਇਤਿਹਾਸਕ ਫੈਸਲੇ ਦੇ ਦੂਰਗਾਮੀ ਨਤੀਜੇ ਨਿਕਲਣਗੇ। ਚੋਣ ਕਮਿਸ਼ਨਰ ਹੁਣ 'ਪਿੰਜਰੇ ਦਾ ਤੋਤਾ' ਨਹੀਂ ਰਹੇਗਾ, ਕਮ-ਜ਼-ਕਮ ਓਨੀ ਦੇਰ ਤੀਕਰ ਤਾਂ ਨਹੀਂ ਜਿੰਨੀ ਦੇਰ ਇਸ ਦੀ ਨਿਯੁਕਤੀ ਦੀ ਸਿਫਾਰਸ਼ ਨਵਾਂ ਬਣਾਇਆ 3-ਮੈਂਬਰੀ ਉੱਚ-ਪੈਨਲ ਕਰੇਗਾ। ਬਾਕੀ ਸੰਸਦ ਕਿਸੇ ਵੇਲੇ ਵੀ ਇਸ ਸਬੰਧੀ ਕਾਨੂੰਨ ਬਣਾ ਕੇ ਨਿਯੁਕਤੀ ਦੀ ਹੋਰ ਕੋਈ ਤਰਕ-ਸੰਗਤ ਵਿਵਸਥਾ ਕਰ ਸਕਦੀ ਹੈ (ਭਾਵੇਂ ਅੱਜ ਕੱਲ੍ਹ ਸਰਕਾਰਾਂ ਕੋਲੋਂ ਅਜਿਹੀ ਉਮੀਦ ਘੱਟ ਵੱਧ ਹੀ ਕੀਤੀ ਜਾ ਸਕਦੀ ਹੈ)।

ਇਸ ਫੈਸਲੇ ਨੂੰ ਵਿਰੋਧੀ ਪਾਰਟੀਆਂ ਨੇ ਰੱਜ ਕੇ ਸਲਾਹਿਆ ਹੈ। ਹੋਰ ਤਾਂ ਹੋਰ ਦੋ ਸੇਵਾ-ਮੁਕਤ ਮੁੱਖ ਚੋਣ ਕਮਿਸ਼ਨਰਾਂ ਐਸ. ਐਸ. ਗਿੱਲ ਅਤੇ ਐਸ. ਵਾਈ. ਕੁਰੈਸ਼ੀ ਨੇ ਵੀ ਇਸ ਫੈਸਲੇ ਦਾ ਸਵਾਗਤ ਕੀਤਾ ਹੈ ਅਤੇ ਨਾਲ ਹੀ ਚੇਤੇ ਕਰਵਾਇਆ ਹੈ ਕਿ ਉਨ੍ਹਾਂ ਆਪਣੇ ਅਹੁਦੇ ਸਮੇਂ ਵੀ ਅਜਿਹੇ ਸੁਝਾਅ ਦਿੱਤੇ ਸਨ। ਇਹ ਦੋਵੇਂ ਕ੍ਰਮਵਾਰ ਦਸੰਬਰ 12, 1996 ਤੋਂ ਜੂਨ 13, 2001 ਅਤੇ ਜੁਲਾਈ 30, 2010 ਤੋਂ ਜੂਨ 10, 2012 ਤਕ ਮੁੱਖ ਚੋਣ ਕਮਿਸ਼ਨਰਾਂ ਦੇ ਅਹੁਦੇ ਉਪਰ ਸੁਸ਼ੋਭਿਤ ਰਹਿ ਚੁੱਕੇ ਹਨ।

ਪਰ ਕਈਆਂ ਨੇ ਇਸ ਫੈਸਲੇ ਨੂੰ ਨਿਆਂ ਪਾਲਿਕਾ ਵਲੋਂ ਸੰਸਦ ਦੇ ਅਧਿਕਾਰ ਖੇਤਰ ਵਿਚ ਪ੍ਰਵੇਸ਼ ਕਰਨ ਦਾ ਦੋਸ਼ ਲਗਾਇਆ ਹੈ।

ਇਸ ਫੈਸਲੇ ਦੀ ਇਮਤਿਹਾਨ ਦੀ ਘੜੀ ਅਗਲੇ ਸਾਲ ਆਵੇਗੀ ਜਦੋਂ 14 ਫਰਵਰੀ, 2024 ਨੂੰ ਚੋਣ ਕਮਿਸ਼ਨਰ ਅਨੂਪ ਚੰਦਰ ਪਾਂਡੇ 65 ਸਾਲ ਹੋਣ ਕਾਰਨ ਸੇਵਾ ਮੁਕਤ ਹੋਣਗੇ। ਤੇ ਅਗਲੇ ਸਾਲ ਹੀ ਲੋਕ ਸਭਾ ਦੀਆਂ ਚੋਣਾਂ ਵੀ ਹਨ!

**ਇਕ ਗੱਲ ਹੋਰ:**

ਐਸ ਵੇਲੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਕਈ ਕ੍ਰਾਂਤੀਕਾਰੀ ਫੈਸਲੇ ਲੈ ਰਹੇ ਹਨ। ਕਈਆਂ ਨੇ ਪੰਜ-ਮੈਂਬਰੀ ਸੰਵਿਧਾਨਕ ਬੈਂਚ ਦੇ ਚੋਣ ਕਮਿਸ਼ਨਰ ਸਬੰਧੀ ਲਏ ਫੈਸਲੇ ਲਈ ਵੀ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਹੈ।

ਸਾਡੀ ਇਹ 'ਇਕ ਗੱਲ' ਵੀ ਚੀਫ ਜਸਟਿਸ ਸਾਹਿਬ ਨੂੰ ਹੀ ਸੰਬੋਧਤ ਹੈ। ਦੇਸ਼ ਦੇ ਮੁੱਖ ਨਿਆਂਧੀਸ਼ ਜੀ/ਮੀ ਲਾਰਡ, ਜ਼ਰਾ ਸਿਖਰਲੀ ਅਦਾਲਤ ਦੇ ਜੱਜ ਸਾਹਿਬਾਨ ਨੂੰ ਇਸ ਗੱਲ ਲਈ ਤਾਂ ਰਾਜ਼ੀ ਕਰੋ ਕਿ ਉਹ ਸੇਵਾ-ਮੁਕਤ ਹੁੰਦੇ ਸਾਰ ਹੀ ਸਿਆਸੀ ਅਹੁਦਿਆਂ ਮਗਰ ਨਾ ਭੱਜਣ। ਇਕ ਸੇਵਾ-ਮੁਕਤ ਚੀਫ ਜਸਟਿਸ ਸਾਹਿਬ ਰਾਜ ਸਭਾ ਵਿਚ ਨਾਮਜ਼ਦ ਹੋ ਗਏ, ਇਕ ਸਾਬਕਾ ਜਸਟਿਸ, ਗਵਰਨਰ ਬਣ ਬੈਠੇ ਅਤੇ ਇਕ ਹੋਰ ਨੇ ਕੋਈ ਹੋਰ ਪੋਸਟ ਮੱਲ ਲਈ। ਅਜਿਹਾ ਹੋਣ ਨਾਲ ਨਿਆਂ ਪਾਲਿਕਾ ਦੀ ਛਵੀ ਧੁੰਦਲੀ ਹੁੰਦੀ ਹੈ। ਅੱਬਲ ਤਾਂ ਸਿਖਰਲੀ ਅਦਾਲਤ ਦੇ ਜੱਜਾਂ ਨੂੰ ਸੇਵਾ-ਮੁਕਤੀ ਉਪਰੰਤ ਕੋਈ ਅਹੁਦਾ ਸਵੀਕਾਰਨਾ ਹੀ ਨਹੀਂ ਚਾਹੀਦਾ, ਵਰਨਾ ਤਾਂ ਆਪਣੇ ਹੀ ਕੁਝ ਸਾਬਕਾ ਜੱਜਾਂ ਦਾ 'ਦੋ ਸਾਲ ਸਾਹ ਲੈਣ' (ਕੂਲਿੰਗ ਆਫ ਪੀਰੀਅਡ) ਵਾਲਾ ਸੁਝਾਅ ਤਾਂ ਮੰਨ ਹੀ ਲੈਣਾ ਚਾਹੀਦੈ।

ਖੈਰ, ਇਹ ਤਾਂ ਇਕ ਨਿਮਾਣੀ ਟਟੀਹਰੀ ਦਾ ਵਿਸ਼ਾਲ ਨਿਆਂਇਕ ਅੰਬਰ ਨੂੰ ਸੁਝਾਅ ਦੇ ਕੇ 'ਛੋਟਾ ਮੂੰਹ ਬੜੀ ਬਾਤ' ਕਰਨ ਦੀ ਗੁਸਤਾਖੀ ਸੀ। ਵਰਨਾ, ਪੰਜ-ਮੈਂਬਰੀ ਬੈਂਚ ਦਾ ਫੈਸਲਾ ਤਾਂ ਉਨ੍ਹਾਂ ਲੋਕਾਂ ਲਈ ਪਚਾਉਣਾ ਮੁਸ਼ਕਿਲ ਜਿਹਾ ਹੋਵੇਗਾ ਜੋ ਕੌਲਿਜੀਅਮ ਦਾ ਵਿਰੋਧ ਕਰ ਰਹੇ ਸਨ। ਹੁਣ ਕਰ ਲਓ ਘਿਓ ਨੂੰ ਭਾਂਡਾ, ਇਸ ਨੂੰ ਕਹਿੰਦੇ ਹਨ ਨਮਾਜ਼ ਬਖਸ਼ਾਉਣ ਗਏ, ਰੋਜ਼ੇ ਸਹੇੜ ਬੈਠੇ!

# ਸੁਪਰੀਮ ਕੋਰਟ ਦੀ ਜੱਜ ਜਸਟਿਸ ਕੋਹਲੀ ਵਲੋਂ ਸ਼ਕਤੀਆਂ ਦੀ ਵੰਡ ਦੀ ਨਿਵੇਕਲੀ ਵਿਆਖਿਆ

ਸੁਪਰੀਮ ਕੋਰਟ ਦੀ ਜੱਜ ਜਸਟਿਸ ਹਿਮਾ ਕੋਹਲੀ ਨੇ ਦੇਸ਼ ਦੇ ਸ਼ਾਸਨ ਦੇ ਤਿੰਨ ਅੰਗਾਂ ਵਿਚਲੀ ਸ਼ਕਤੀਆਂ ਦੀ ਵੰਡ ਦੀ ਨਿਵੇਕਲੀ ਵਿਆਖਿਆ ਕੀਤੀ ਹੈ। ਉਨ੍ਹਾਂ ਅਨੁਸਾਰ ''ਲੋਕਤੰਤਰਿਕ ਪ੍ਰਣਾਲੀ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਇਹ ਅਤਿਅੰਤ ਜ਼ਰੂਰੀ ਹੈ ਕਿ ਦੇਸ਼ ਦੇ ਤਿੰਨ ਥੰਮ੍ਹਾਂ (ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ) ਨੂੰ ਇਕ ਦੂਜੇ ਦੇ ਸਮਾਨਾਂਤਰ (ਪੈਰੇਲਲ) ਕੰਮ ਕਰਨਾ ਚਾਹੀਦੈ, ਨਾ ਕਿ ਇਕ ਦੂਜੇ ਦੇ ਮਗਰ ਜੁੜ ਕੇ, ਵਾਜਿਬ ਦੂਰੀ ਰੱਖਣੀ ਚਾਹੀਦੀ ਹੈ, ਨਾ ਕਿ ਹੱਥ ਵਿਚ ਹੱਥ ਪਾ ਕੇ''!

'ਇਸ ਨਾਲ ਨਿਆਂਪਾਲਿਕਾ ਦੀ ਆਜ਼ਾਦੀ ਖੁਦ-ਬ-ਖੁਦ ਮਹਿਫੂਜ਼ ਹੋ ਜਾਏਗੀ ਅਤੇ ਇਸ ਦੀ ਖੁਦਮੁਖਤਿਆਰੀ ਤੇ ਨਿਰਪੱਖਤਾ ਸੁਰੱਖਿਅਤ ਹੋ ਜਾਏਗੀ'। ਉਹ ਕੋਲਕਾਤਾ ਵਿਚ 4 ਮਾਰਚ ਨੂੰ 'ਆਜ਼ਾਦ ਨਿਆਂਪਾਲਿਕਾ-ਧੜਕਦੇ/ਵਧਦੇ-ਵਿਕਾਸ ਕਰਦੇ ਲੋਕਤੰਤਰ ਲਈ ਜ਼ਰੂਰੀ' ਵਿਸ਼ੇ 'ਤੇ ਕਰਵਾਈ ਗਈ ਗੋਸ਼ਟੀ ਵਿਚ ਬੋਲ ਰਹੇ ਸਨ। ਇਹ ਗੋਸ਼ਟੀ ਭਾਰਤ ਚੈਂਬਰ ਆਫ ਕਾਮਰਸ ਅਤੇ ਫਿਕੀ ਵਲੋਂ ਕਰਵਾਈ ਗਈ ਸੀ। ਜਸਟਿਸ ਕੋਹਲੀ ਨੇ ਕਿਹਾ ਕਿ ਨਿਆਂਪਾਲਿਕਾ ਨੂੰ ਹੀ ਸੰਵਿਧਾਨ ਦੀ ਵਿਆਖਿਆ ਕਰਨ ਦੇਣੀ ਚਾਹੀਦੀ ਹੈ। 'ਇਹ ਵੀ ਓਨਾ ਹੀ ਜ਼ਰੂਰੀ ਹੈ ਕਿ ਸੰਵਿਧਾਨਕ ਸੰਵਾਦ ਵਿਚ ਨਿਆਂਪਾਲਿਕਾ ਦਾ ਯੋਗਦਾਨ ਪਹਿਚਾਣਿਆ ਜਾਵੇ ਕਿਉਂਕਿ ਇਹ ਸਾਡੀਆਂ ਲੋਕਤੰਤਰਿਕ ਕਦਰਾਂ-ਕੀਮਤਾਂ ਦੇ ਵਿਕਾਸ ਵਿਚ 'ਸੇਫਟੀ ਵਾਲਵ' ਵਜੋਂ ਕੰਮ ਕਰੇਗਾ'।

ਸਾਨੂੰ ਸਭ ਨੂੰ ਪਤਾ ਹੈ ਕਿ ਸਾਡਾ ਸੰਵਿਧਾਨ ਦੇਸ਼ ਦੇ 3 ਅੰਗਾਂ ਵਿਚਾਲੇ ਸ਼ਕਤੀਆਂ ਦੀ ਵੰਡ ਕਰਦਾ ਹੈ। ਇਸ ਵਿਚ 'ਚੈਕਸ ਐਂਡ ਬੈਲੇਂਸਜ਼' (ਲੋੜੀਂਦੇ ਅੰਕੁਸ਼) ਦਾ ਵੀ ਪ੍ਰਾਵਧਾਨ ਹੈ। ਸੰਵਿਧਾਨ ਦੇ ਅਨੁਛੇਦ 123 ਵਿਚ ਇਸ ਵੰਡ ਦਾ ਉਲੇਖ ਹੈ। ਵਿਧਾਨਪਾਲਿਕਾ ਕਾਨੂੰਨ ਬਣਾਉਂਦੀ ਹੈ, ਕਾਰਜਪਾਲਿਕਾ ਇਨ੍ਹਾਂ ਨੂੰ ਲਾਗੂ ਕਰਦੀ ਹੈ ਅਤੇ ਨਿਆਂਪਾਲਿਕਾ ਇਨ੍ਹਾਂ ਦੀ ਵਿਆਖਿਆ ਕਰਦੀ ਹੈ। ਨਿਆਂਪਾਲਿਕਾ ਝਗੜਿਆਂ ਦੇ ਫੈਸਲੇ ਕਰਕੇ ਨਾਗਰਿਕਾਂ ਨੂੰ ਇਨਸਾਫ ਦਿਵਾਉਣ ਦਾ ਕਾਰਜ ਵੀ ਕਰਦੀ ਹੈ।

ਜਸਟਿਸ ਹਿਮਾ ਕੋਹਲੀ ਦੀ ਉਪਰੋਕਤ ਨਿਵੇਕਲੀ ਵਿਆਖਿਆ ਇਸ ਲਈ ਵੀ ਵਧੇਰੇ ਮਹੱਤਵਪੂਰਨ ਹੈ ਕਿਉਂਕਿ ਅੱਜ ਕੱਲ੍ਹ ਨਿਆਂਪਾਲਿਕਾ ਦੇ ਕੰਮ-ਕਾਜ ਉਪਰ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਲੋਂ ਬੜਾ ਕਿੰਤੂ-ਪ੍ਰੰਤੂ ਕੀਤਾ ਜਾ ਰਿਹੈ।

ਆਪਣੇ ਸੰਬੋਧਨ ਵਿਚ ਉਨ੍ਹਾਂ ਕਿਹਾ, 'ਨਿਆਂਪਾਲਿਕਾ ਨੂੰ ਹਰ ਹਾਲਤ ਵਿਚ ਸੰਵਿਧਾਨ ਦੀ ਵਿਆਖਿਆ ਕਰਨ ਦੇਣੀ ਚਾਹੀਦੀ ਹੈ ਅਤੇ ਨਿਆਂਪਾਲਿਕਾ ਦੀ ਆਜ਼ਾਦੀ ਕੇਵਲ ਇਕ ਕਾਨੂੰਨੀ ਨਿਯਮ ਹੀ ਨਹੀਂ ਹੈ ਸਗੋਂ ਇਕ ਉਭਰਦੇ ਲੋਕਤੰਤਰ ਦਾ ਮੂਲ ਥੰਮ੍ਹ ਹੈ। ਭਾਰਤ ਦੀ ਨਿਆਂਪਾਲਿਕਾ ਨੇ ਆਪਣੀ ਆਜ਼ਾਦੀ ਅਤੇ ਇਮਾਨਦਾਰੀ ਬਰਕਰਾਰ ਰੱਖਣ ਅਤੇ ਆਪਣਾ ਸੰਵਿਧਾਨਕ ਫਰਜ਼ ਨਿਭਾਉਣ ਲਈ ਸ਼ਾਨਦਾਰ ਲਚਕ ਅਤੇ ਦ੍ਰਿੜਤਾ ਦਿਖਾਈ ਹੈ। ਨਿਆਂਪਾਲਿਕਾ ਨੂੰ ਸਿਰਫ ਸੰਵਿਧਾਨ ਅਤੇ ਕਾਨੂੰਨ ਉਪਰ ਆਧਾਰਤ ਨਿਰਣੇ ਕਰਨ ਦੇਣੇ ਚਾਹੀਦੇ ਹਨ ਅਤੇ ਹਰ ਹੀਲੇ ਸੰਵਿਧਾਨ ਦੀ ਵਿਆਖਿਆ ਕਰਨ ਦੇਣੀ ਚਾਹੀਦੀ ਹੈ। ਇਹ ਵਿਆਖਿਆ ਹੀ ਅਜਿਹੀ ਗਰੰਟੀ ਦਿੰਦੀ ਹੈ ਜੋ ਸੰਵਿਧਾਨ ਨੂੰ ਜੀਉਂਦਾ-ਜਾਗਦਾ ਦਸਤਾਵੇਜ਼ ਬਣਾਉਂਦੀ ਹੈ, ਜੋ ਸਮੇਂ ਦੇ ਨਾਲ ਨਾਲ ਹੋਰ ਵਿਕਸਿਤ ਹੁੰਦਾ ਜਾਂਦੈ ਅਤੇ ਆਪਣੇ ਮੂਲ ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਵਿਚ ਵੀ ਆਪਣੀਆਂ ਮਜ਼ਬੂਤ ਜੜ੍ਹਾਂ ਗੱਡੀ ਰੱਖਦੈ''।

ਜਸਟਿਸ ਕੋਹਲੀ ਨੇ ਇਕ ਹੋਰ ਅਰਥ ਭਰਪੂਰ ਟਿੱਪਣੀ ਕੀਤੀ। ਉਨ੍ਹਾਂ ਕਿਹਾ, 'ਜ਼ਰਾ ਚੈਕਸ ਐਂਡ ਬੈਲੇਂਸਜ਼' (ਅੰਕੁਸ਼ ਅਤੇ ਸੰਤੁਲਨ) 'ਚੋਂ ਨਿਆਂਪਾਲਿਕਾ ਦਾ ਰੋਲ ਗੈਰਹਾਜ਼ਰ ਕਰ ਕੇ ਦੇਖੋ ਤਾਂ ਲੋਕਤੰਤਰਿਕ ਸੰਸਥਾਵਾਂ ਭ੍ਰਿਸ਼ਟਾਚਾਰ, ਤਾਕਤ ਦੀ ਦੁਰਵਰਤੋਂ ਅਤੇ ਨਾਗਰਿਕਾਂ ਦੇ ਸਰਕਾਰ ਵਿਚੋਂ ਭਰੋਸੇ ਨੂੰ ਖੋਰਾ ਲੱਗਣ ਵਰਗੀਆਂ ਦੁਰਬਲਤਾਵਾਂ ਦਾ ਸਾਹਮਣਾ ਕਰਨਗੀਆਂ। ਕੋਰਟਾਂ ਦੁਆਰਾ ਕਾਨੂੰਨ ਦੇ ਸ਼ਾਸਨ ਅਤੇ ਸਟੇਟ ਦੇ ਦੂਸਰੇ ਅੰਗਾਂ ਉਪਰ ਅੰਕੁਸ਼ ਬਣਾਈ ਰੱਖਣਾ ਹੀ ਨਿਆਂਪਾਲਿਕਾ ਨੂੰ ਲੋਕਤੰਤਰ ਦਾ ਨਾਜ਼ੁਕ ਥੰਮ੍ਹ ਬਣਾਉਂਦੈ''।

ਉਨ੍ਹਾਂ ਕਿਹਾ ਕਿ ਨਿਆਂਪਾਲਿਕਾ ਨਾਗਰਿਕਾਂ ਨੂੰ ਆਪਹੁਦਰੀਆਂ ਸ਼ਕਤੀਆਂ ਤੋਂ ਬਚਾਉਂਦੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਉਨ੍ਹਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਦਾ ਸਤਿਕਾਰ ਕੀਤਾ ਜਾਵੇ। ਉਨ੍ਹਾਂ ਸ਼ਾਸਨ ਦੇ ਤਿੰਨਾਂ ਅੰਗਾਂ ਵਲੋਂ ਇਕ ਦੂਜੇ ਦਾ ਸਤਿਕਾਰ ਕਰਨ ਦੀ ਵਕਾਲਤ ਕੀਤੀ।

ਉਨ੍ਹਾਂ ਕਿਹਾ, 'ਭਾਰਤ ਵਿਚ ਇਕ ਸਿਹਤਮੰਦ ਸੰਵਿਧਾਨਕ ਸੰਵਾਦ ਜ਼ਰੂਰੀ ਹੈ ਜਿਸ ਤਹਿਤ ਸਟੇਟ ਦੀਆਂ ਤਿੰਨੋਂ ਬਰਾਂਚਾਂ ਇਕ ਦੂਸਰੇ ਨਾਲ ਅਰਥਭਰਪੂਰ ਗੱਲਬਾਤ ਵਿਚ ਸ਼ਾਮਲ ਹੋਣ ਅਤੇ ਨਾਲ ਹੀ ਇਕ ਦੂਸਰੇ ਦੀ ਆਜ਼ਾਦੀ ਅਤੇ ਤੈਅਸ਼ੁਦਾ ਰੋਲਾਂ ਦਾ ਸਤਿਕਾਰ ਕਰਨ ਕਿਉਂਕਿ ਅਜਿਹਾ ਧੜਕਦੇ/ਵਿਕਾਸ ਕਰਦੇ ਲੋਕਤੰਤਰ ਲਈ ਸ੍ਰੇਸ਼ਟਤਮ ਹੈ'। ਇਸੇ ਗੋਸ਼ਟੀ ਵਿਚ ਸਿਖਰਲੀ ਅਦਾਲਤ ਦੇ ਸੇਵਾ-ਮੁਕਤ ਚੀਫ ਜਸਟਿਸ ਯੂ ਯੂ ਲਲਿਤ ਨੇ ਕਿਹਾ ਕਿ ਨਿਆਂਪਾਲਿਕਾ ਨੇ ਆਪਣੀ ਆਜ਼ਾਦੀ ਬਰਕਰਾਰ ਰੱਖਣ ਲਈ ਹੋਰਨਾਂ ਵਲੋਂ ਕੀਤੀ ਜਾ ਰਹੀ ਦਖਲ-ਅੰਦਾਜ਼ੀ ਨਾਲ ਬਹੁਤ ਮੁਨਾਸਬ ਢੰਗ ਨਾਲ ਨਿਪਟਿਆ ਹੈ।

ਉਨ੍ਹਾਂ ਕਿਹਾ, 'ਕਈ ਚੁਣੌਤੀਆਂ ਹਨ ਜਿਨ੍ਹਾਂ ਦਾ ਸਾਹਮਣਾ ਅੱਜ ਨਿਆਂਪਾਲਿਕਾ ਕਰ ਰਹੀ ਹੈ, ਇਸ ਲਈ ਸਾਨੂੰ ਨਿਆਂਇਕ ਭਾਈਚਾਰੇ ਵਜੋਂ ਮਜ਼ਬੂਤ ਹੋਣਾ ਪਵੇਗਾ, ਹਰ ਤਰ੍ਹਾਂ ਦੇ ਹੱਲਿਆਂ ਤੇ ਦਖਲ ਦਾ ਟਾਕਰਾ ਕਰਨਾ ਪਵੇਗਾ... ਨਿਆਂਪਾਲਿਕਾ ਦੀ ਆਜ਼ਾਦੀ ਨਿਰਪੱਖਤਾ, ਸਹੀ ਤੇ ਵਾਜਬ ਕਦਮਾਂ ਅਤੇ ਸੰਪੂਰਨ ਇਮਾਨਦਾਰੀ ਵਿਚੋਂ ਨਿਕਲਦੀ ਹੈ...ਕਿਲਾ ਕਦੇ ਬਾਹਰੋਂ ਨਹੀਂ, ਅੰਦਰੋਂ ਹੀ ਢਹਿੰਦਾ ਹੈ...ਇਸ ਲਈ ਜ਼ਿਲ੍ਹਾ ਪੱਧਰੀ ਕੋਰਟਾਂ ਦੀ ਹਿਫਾਜ਼ਤ ਕਰਨੀ ਲਾਜ਼ਮੀ ਹੈ...ਨਿਆਂਪਾਲਿਕਾ ਦੀ ਕਾਰਜ ਪ੍ਰਣਾਲੀ ਵਿਚ ਕੋਈ ਬਾਹਰੀ ਦਖਲ ਨਹੀਂ ਹੋਣਾ ਚਾਹੀਦਾ...ਲੋਕਤੰਤਰ ਦੀ ਤਰੱਕੀ ਲਈ ਆਜ਼ਾਦ ਨਿਆਂਪਾਲਿਕਾ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਵਿਵਾਦਾਂ ਦੇ ਹੱਲ ਰਾਹੀਂ ਹੀ ਸਮਾਜ ਨੂੰ ਇਹ ਯਕੀਨ ਦਿਵਾਇਆ ਜਾ ਸਕਦੈ ਕਿ ਸ਼ਾਸਨ ਕਾਨੂੰਨ ਦੇ ਰਾਜ ਅਧੀਨ ਹੈ...ਨਿਆਂਪਾਲਿਕਾ ਦੇ ਮੋਢੇ ਕਿਸੇ ਵੀ ਬਾਹਰੀ ਤਾਕਤ ਦੇ ਹੱਲੇ ਨੂੰ ਝੱਲਣ ਲਈ ਸਮਰੱਥ ਹਨ!'

ਸਾਨੂੰ ਜਿੱਥੇ ਸਿਖਰਲੀ ਅਦਾਲਤ ਦੇ ਮੌਜੂਦਾ ਜੱਜ ਜਸਟਿਸ ਹਿਮਾ ਕੋਹਲੀ ਦੀ ਸ਼ਕਤੀਆਂ ਦੀ ਵੰਡ ਦੀ ਹਟਵੀਂ ਵਿਆਖਿਆ ਨੇ ਬਹੁਤ ਪ੍ਰਭਾਵਤ ਕੀਤੈ, ਓਥੇ ਹੀ ਸਾਬਕਾ ਚੀਫ ਜਸਟਿਸ ਜਸਟਿਸ ਯੂ ਯੂ ਲਲਿਤ ਦੀਆਂ ਖਰੀਆਂ ਖਰੀਆਂ ਗੱਲਾਂ ਬਹੁਤ ਪ੍ਰਸ਼ੰਸਾਯੋਗ ਲੱਗੀਆਂ।

# ਮਨੁੱਖੀ ਮਨ ਦੀਆਂ ਪਰਤਾਂ ਫੋਲਦਾ ਹੈ ਕੁਲਬੀਰ ਬਡੇਸਰੋਂ ਦਾ ਨਵਾਂ ਕਹਾਣੀ-ਸੰਗ੍ਰਹਿ

## 'ਕੁਲਬੀਰ ਬਡੇਸਰੋਂ ਦੀਆਂ ਇਕੱਤੀ ਕਹਾਣੀਆਂ'

ਰਵਿੰਦਰ ਚੋਟ
ਫੋਨ-98726-73703

**ਪੁਸਤਕ ਚਰਚਾ**

ਕੁਲਬੀਰ ਬਡੇਸਰੋਂ ਦਾ ਨਵਾਂ ਛਪਿਆ ਕਹਾਣੀ-ਸੰਗ੍ਰਹਿ ਜਿਹੜਾ ਕਿ ਉੱਘੇ ਕਹਾਣੀਕਾਰ ਤੇ ਚਿੰਤਕ ਬਲਬੀਰ ਮਾਧੋਪੁਰੀ ਵਲੋਂ ਸੰਪਾਦਤ ਕੀਤਾ ਗਿਆ ਹੈ, ਪੜ੍ਹ ਕੇ ਹਟਿਆਂ ਹਾਂ। ਇਸ ਵਿਚ ਬਡੇਸਰੋਂ ਦੀਆਂ ਇਕੱਤੀ ਕਹਾਣੀਆਂ ਹਨ, ਜਿਹੜੀਆਂ ਸਮਾਂ, ਸਥਾਨ ਤੇ ਆਤਮਾ ਪੱਖੋਂ ਵਖਰੇਵਾਂ ਰੱਖਦੀਆਂ ਹਨ। ਇਨ੍ਹਾਂ ਵਿਚੋਂ ਕੁਝ ਕਹਾਣੀਆਂ ਉਸ ਦੀਆਂ ਪਹਿਲਾਂ ਛਪੀਆਂ ਪੁਸਤਕਾਂ 'ਇਕ ਖ਼ਤ ਪਾਪਾ ਦੇ ਨਾਂ','ਹਉਕੇ ਦੀ ਭਟਕਣ','ਕਦੋਂ ਆਏਂਗੀ' ਅਤੇ 'ਤੁਮ ਕਿਉਂ ਉਦਾਸ ਹੋ?' ਆਦਿ ਕਹਾਣੀ ਸੰਗ੍ਰਿਹਾਂ ਵਿਚ ਵੀ ਛਪੀਆਂ ਹਨ ਤੇ ਕੁਝ ਅਸਲੋਂ ਨਵੀਆਂ ਹਨ।

ਬਲਬੀਰ ਮਾਧੋਪੁਰੀ ਨੇ ਕੁਲਬੀਰ ਦੀਆਂ ਤਿੱਖੀ ਸੰਵੇਦਨਸ਼ੀਲਤਾ ਭਰਪੂਰ ਅਤੇ ਜ਼ਿੰਦਗੀ ਦੇ ਨਾਜ਼ੁਕ ਪਲਾਂ ਨੂੰ ਫੜਨ ਦੀ ਸ਼ਮਤਾ ਰੱਖਦੀਆਂ ਕਹਾਣੀਆਂ ਦੀ ਚੋਣ ਕੀਤੀ ਹੈ। ਬਲਬੀਰ ਮਾਧੋਪੁਰੀ ਨੇ ਇਨ੍ਹਾਂ ਕਹਾਣੀਆਂ ਬਾਰੇ ਪ੍ਰਸਿੱਧ ਕਹਾਣੀਕਾਰ ਤੇ ਨਾਵਲਕਾਰ ਰਾਮ ਸਰੂਪ ਅਣਖੀ ਦਾ ਕਥਨ ਲਿਖਿਆ ਹੈ, 'ਜ਼ਿੰਦਗੀ ਦੀਆਂ ਤੰਗੀਆਂ-ਤੁਰਸ਼ੀਆਂ, ਤਣਾਓ ਦੇ ਘੇਰੇ, ਸਮਾਜ ਦੀਆਂ ਵਲਗਣਾਂ, ਲਗਾਓ ਦਾ ਅਮੁੱਕ ਬਿਰਤਾਂਤ, ਮਨ ਦੀਆਂ ਉੱਚੀਆਂ ਉਡਾਰੀਆਂ ਉਤੇ ਛਾਏ ਕਾਲੇ ਬੱਦਲ, ਉਸ ਦੀਆਂ ਕਹਾਣੀਆਂ ਸਭ ਕਾਸੇ ਨੂੰ ਸਮੇਟਦੀਆਂ ਤੁਰੀਆਂ ਜਾਂਦੀਆਂ ਹਨ।' ਇਹ ਕਥਨ ਬਡੇਸਰੋਂ ਦੀਆਂ ਕਹਾਣੀਆਂ 'ਤੇ ਪੂਰਾ ਢੁਕਦਾ ਹੈ। ਕੁਲਬੀਰ ਤਹਿਸੀਲਦਾਰ ਦੀ ਪੁੱਤਰੀ ਤੇ ਆਰਥਿਕ ਤੌਰ 'ਤੇ ਖੁਸ਼ਹਾਲ ਪਰਿਵਾਰ ਨਾਲ ਸਬੰਧ ਰੱਖਦੀ ਲੜਕੀ ਜਿਸ ਦਾ ਬਚਪਨ ਖੁਸ਼ਹਾਲ ਹੀ ਬੀਤਿਆ ਪਰ ਉਸ ਦੇ ਧੁਰ ਅੰਦਰ ਜ਼ਿਹਨ ਵਿਚ ਰੁਲੀਆਂ ਹੋਈਆਂ ਜਮਾਤਾਂ ਨਾਲ ਹਮਦਰਦੀ ਭਰੀ ਪਈ ਹੈ। ਮਨੋਵਿਗਿਆਨੀ ਦੱਸਦੇ ਹਨ ਕਿ ਮਨੁੱਖ ਦੇ ਬਚਪਨ ਵਿਚ ਹੀ ਨਕਾਰਾਤਮਕ ਅਤੇ ਸਕਾਰਾਤਮਕ ਹਾਲਾਤ ਉਸ ਦੇ ਜ਼ਿਹਨ 'ਚ ਬਹੁਤ ਸਾਰੀਆਂ ਗੋਲ ਗੰਢਾਂ ਦੇ ਦਿੰਦੇ ਹਨ ਜਿਹੜੀਆਂ ਸਾਰੀ ਜ਼ਿੰਦਗੀ ਹੌਲੀ ਹੌਲੀ ਉਸ ਦੇ ਵਿਅਕਤੀਤਵ ਦੀਆਂ ਪਰਤਾਂ ਬਣ ਕੇ ਖੁੱਲ੍ਹਦੀਆਂ ਰਹਿੰਦੀਆਂ ਹਨ। ਬਡੇਸਰੋਂ ਦੀਆਂ ਕਹਾਣੀਆਂ ਦੇ ਬਹੁਤੇ ਪਾਤਰ ਰੁਲੀ ਹੋਈ ਸ਼੍ਰੇਣੀ ਵਿਚੋਂ ਆਉਂਦੇ ਹਨ ਭਾਵੇਂ ਉਹ ਆਰਥਿਕ ਤੌਰ 'ਤੇ ਰੁਲੇ ਹੋਣ ਜਾਂ ਮਾਨਸਿਕ ਤੌਰ 'ਤੇ। ਉਂਜ ਬਡੇਸਰੋਂ ਕੋਲ ਮਨੁੱਖੀ ਵਰਤਾਰੇ ਨੂੰ ਫੜਨ ਦੀ ਸੰਵੇਦਨਾ ਤੇ ਡੂੰਘੀ ਨੀਝ ਹੈ। ਬਲਬੀਰ ਮਾਧੋਪੁਰੀ ਨੇ ਇਸ ਪੁਸਤਕ ਦੇ ਮੁੱਖਬੰਦ ਵਿਚ ਪੰਜਾਬੀ ਗਲਪ ਆਲੋਚਕ ਡਾਕਟਰ ਹਰਿੰਦਰ ਸਿੰਘ ਦਾ ਕੁਲਬੀਰ ਦੀਆਂ ਕਹਾਣੀਆਂ ਬਾਰੇ ਕਥਨ ਵੀ ਕੋਟ ਕੀਤਾ ਹੈ 'ਕੁਲਬੀਰ ਬਡੇਸਰੋਂ ਨੂੰ ਕਹਾਣੀ ਬੁਣਨੀ ਆਉਂਦੀ ਹੈ। ਉਸ ਦੀਆਂ ਕਹਾਣੀਆਂ ਪੜ੍ਹਦਿਆਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਨਾਲ ਦੀ ਨਾਲ ਦੇਖ ਰਹੇ ਹੋਈਏ। ਉਸ ਨੂੰ ਘਟਨਾਵਾਂ 'ਤੇ ਦ੍ਰਿਸ਼ ਚਿਤਰਨ ਵਿਚ ਮੁਹਾਰਤ ਹੈ।' ਉਸ ਦੀਆਂ ਕਹਾਣੀਆਂ ਕਿਸੇ ਵਾਦ ਨਾਲ ਬੱਝੀਆਂ ਹੋਈਆਂ ਨਹੀਂ ਹਨ ਸਗੋਂ ਸੁਤੰਤਰ ਹੋਂਦ ਰੱਖਦੀਆਂ ਹੋਈਆਂ ਆਪਣੀ ਹੋਂਦ ਨੂੰ ਬਚਾਉਂਦੇ ਮਨੁੱਖ ਦੇ ਮਨ ਨੂੰ ਤੀਖਣਤਾ ਨਾਲ ਫਰੋਲਦੀਆਂ ਹਨ। ਪਹਿਲੀਆਂ ਕਹਾਣੀਆਂ ਜਿਵੇਂ 'ਮੈਂ ਕੀ ਕਰਾਂ?', 'ਮੇਰਾ ਘਰ', 'ਬਾਹਰਲੀ ਬੈਠਕ', 'ਔਂਤਰੀ', 'ਬਣਵਾਸ', 'ਭਟਕਣ' ਆਦਿ ਜਜ਼ਬਾਤੀ ਰੌਂਅ ਵਿਚ ਲਿਖੀਆਂ ਕਹਾਣੀਆਂ ਹਨ। 'ਤੁਮ ਕਿਉਂ ਉਦਾਸ ਹੋ', 'ਸਕੂਲ ਟਰਿਪ', 'ਭੈਣ ਜੀ', 'ਮਿਸਿਜ਼ ਮੈਨਾ', 'ਕਦੋਂ ਆਏਂਗੀ', 'ਮਜਬੂਰੀ', 'ਅਕਰੋਸ਼' ਤੇ 'ਬਕ ਬਕ' ਇਸ ਸੰਗ੍ਰਿਹ ਦੀਆਂ ਪ੍ਰਤੀਨਿਧ ਕਹਾਣੀਆਂ ਹਨ।

ਕੁਲਬੀਰ ਸਾਰੀ ਜ਼ਿੰਦਗੀ ਛੋਟੇ ਵੱਡੇ ਫਿਲਮੀ ਪਰਦੇ 'ਤੇ ਵਿਚਰਦੀ ਰਹੀ ਹੈ। ਗਲੈਮਰ ਦੇ ਪਰਦੇ ਪਿੱਛੇ ਲੁਕੀਆਂ ਦੁਸ਼ਵਾਰੀਆਂ ਅਤੇ ਨਿਘਾਰ ਦਾ ਡੂੰਘਾ ਅਨੁਭਵ ਹੈ। ਇਸ ਲਈ ਇਨ੍ਹਾਂ ਕਹਾਣੀਆਂ ਵਿਚ ਬਾਹਰੋਂ ਲਿਸ਼ਕਦੀ ਫਿਲਮੀ ਦੁਨੀਆ ਵਿਚ ਕੀ ਕੁਝ ਢਕਿਆ ਰਿੱਝਦਾ ਹੈ- ਵਿਅਕਤ ਹੋਇਆ ਹੈ। ਪੰਜਾਬੀ ਵਿਚ ਸ਼ਾਇਦ ਬਲਰਾਜ ਸਾਹਨੀ ਤੋਂ ਬਾਅਦ ਪਹਿਲੀ ਵਾਰ ਬਡੇਸਰੋਂ ਦੀ ਕਲਮ ਨੇ ਫਿਲਮੀ ਦੁਨੀਆ ਦੇ ਢਕੇ ਹੋਏ ਕੋਹਜ਼ ਤੋਂ ਢੱਕਣ ਚੁਕਿਆ ਹੈ। ਉਹ ਤੱਥ ਆਧਾਰਤ ਗੱਲ ਕਰਦੀ ਹੋਈ ਪਿਆਜ਼ ਦੇ ਛਿਲਕੇ ਬਰੀਕੀ ਨਾਲ ਲਾਹੁੰਦੀ ਹੈ। ਉਸ ਨੇ 'ਤੁਮ ਕਿਉਂ ਉਦਾਸ' ਕਹਾਣੀ ਵਿਚ ਪੰਜਾਹ ਬਾਲ-ਮਜ਼ਦੂਰਾਂ ਦੀ ਕਰੁਣਾਮਈ ਜ਼ਿੰਦਗੀ ਨੂੰ ਪਰਤ ਦਰ ਪਰਤ ਖੋਲ੍ਹ ਕੇ ਪਾਠਕ ਸਾਹਮਣੇ ਰੱਖ ਦਿਤਾ। ਇਹ ਮਜ਼ਦੂਰ ਵੀ ਉਘੇ ਕਵੀ ਸੰਤ ਰਾਮ ਉਦਾਸੀ ਦੇ ਕੰਮੀਆਂ ਦੇ ਵੇਹੜੇ ਵਾਲੀ ਕਵਿਤਾ ਵਾਂਗ ਇਕ ਸ਼ਹਿਰੀ ਕੰਮੀਆਂ ਦੇ ਵੇਹੜੇ ਦੇ ਵਾਂਗ ਨਹੀਂ ਜਾਣਦੇ ਕਿ ਉਹ ਮਜਬੂਰੀ ਵਿਚ ਤੰਗੀਆਂ ਕਟ ਰਹੇ ਹਨ। ਉਸ ਮਾਹੌਲ ਦਾ ਪੁਰਜ਼ਾ ਬਣੇ ਹੋਏ ਸਰੀਰਕ ਅਤੇ ਮਾਨਸਿਕ ਤੌਰ 'ਤੇ ਭੁਰਦੇ ਰਹਿੰਦੇ ਹਨ। ਮਜ਼ਦੂਰ ਬੱਚੇ ਆਪਣੇ ਮਾਪਿਆਂ ਤੋਂ ਦੂਰ ਰਹਿ ਕੇ ਭੁੱਖੇ ਢਿੱਡ ਕੰਮ ਕਰਦੇ ਹਨ, ਮੈਨੇਜਰ ਦੀਆ ਗਾਲਾਂ ਖਾਂਦੇ ਹਨ, ਫੈਕਟਰੀ ਦੀ ਗੰਦਗੀ ਤੇ ਬਦਬੂਦਾਰ ਮਾਹੌਲ ਵਿਚ ਵਿਚਰਦੇ ਹੋਏ ਵੀ ਕੋਈ ਤੰਗੀ ਮਹਿਸੂਸ ਨਹੀਂ ਕਰਦੇ ਸਗੋਂ ਇਸ ਦੇ ਆਦੀ ਹੋ ਗਏ ਹਨ। ਫਿਲਮ ਯੂਨਿਟ ਜਿਹੜਾ ਕਿ ਉਨ੍ਹਾਂ ਦੀ ਇਸ ਤਰਾਸਦੀ ਦੀ ਫਿਲਮ ਬਣਾਉਣ ਫੈਕਟਰੀ ਵਿਚ ਆਇਆ, ਉਸ ਨਾਲ ਆਈ ਕਲਾਕਾਰ ਲੜਕੀ ਮਜ਼ਦੂਰ ਮੁੰਡੇ ਦੇ ਮੋਢੇ 'ਤੇ ਹੱਥ ਰੱਖਦੀ ਹੈ ਤਾਂ ਉਦਾਸ ਚੇਹਰਾ, ਅੰਦਰਲਾ ਬਾਲਪਨ, ਘਰ ਦਾ ਵਿਛੋੜਾ, ਪਿਆਰ ਦੀ ਭੁੱਖ, ਉਸ ਦੇ ਅੰਦਰ ਬਣੀਆਂ ਉਸ ਦੀਆਂ ਖਾਹਿਸ਼ਾਂ ਦੀਆਂ ਕਬਰਾਂ ਸਭ ਜਾਗ ਪੈਂਦੀਆਂ ਹਨ। ਕੁਲਬੀਰ ਦੀ ਕਲਪਨਾ ਬਾਲ ਮਨ ਨੂੰ ਕਿੰਨਾ ਕੁ ਫੜ ਸਕੀ ਹੈ ਇਹ ਤਾਂ ਕਹਾਣੀ ਨੂੰ ਪੜ੍ਹ ਕੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

ਸੰਵੇਦਨਸ਼ੀਲ ਲੇਖਕ ਲਈ ਚੋਭਾਂ ਤੇ ਚੋਟਾਂ ਹੀ ਸਾਹਿਤ ਸਿਰਜਣ ਦਾ ਕਾਰਨ ਬਣਦੀਆਂ ਹਨ। ਉਂਜ ਤਾਂ ਲੇਖਕ ਦੀ ਹਰ ਰਚਨਾ ਵਿਚ ਉਸ ਦੀ ਆਪਣੀ ਜ਼ਿੰਦਗੀ ਕਤਰਾ ਕਤਰਾ ਹੋ ਕੇ ਵਿਅਕਤ ਹੁੰਦੀ ਰਹਿੰਦੀ ਹੈ। ਕੁਲਬੀਰ ਦੀ ਕਲਮ ਵਿਚ ਇਹ ਗੁਣ ਹੈ ਕਿ ਉਹ ਜੱਗ ਬੀਤੀ ਨੂੰ ਆਪ ਬੀਤੀ ਅਤੇ ਆਪ ਬੀਤੀ ਨੂੰ ਜੱਗ ਬੀਤੀ ਬਣਾ ਕੇ ਪੇਸ਼ ਕਰ ਸਕਦੀ ਹੈ। ਪਾਠਕ ਇਹ ਨਿਰਣਾ ਕਰਦਾ ਕਰਦਾ ਹੀ ਸਾਰੀ ਕਹਾਣੀ ਵਿਚੋਂ ਗੁਜ਼ਰ ਜਾਂਦਾ ਹੈ ਕਿ ਇਹ ਆਤਮ ਕਥਾ ਹੈ ਜਾਂ ਕਹਾਣੀ। ਬਡੇਸਰੋਂ ਦੀਆਂ ਕਹਾਣੀਆਂ ਵਿਚ ਉਹ ਪਾਠਕ ਨੂੰ ਜ਼ਿੰਦਗੀ ਦੇ ਬਹੁਤ ਸਾਰੇ ਪੱਖਾਂ 'ਤੇ ਝਾਤ ਪੁਆ ਕੇ ਛੋਟੇ ਜਿਹੇ ਵਾਕ ਰਾਹੀਂ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰਦੀ ਹੈ। ਉਸ ਦੀ ਕਹਾਣੀ 'ਸਕੂਲ ਟਰਿਪ' ਵਿਚ ਇਕ ਵਾਕ ਹੀ ਸਾਰੀ ਕਹਾਣੀ ਦੀ ਰੂਹ ਬਣ ਜਾਂਦਾ ਹੈ। ਇਸ ਵਿਚ ਉਹ ਲਿਖਦੀ ਹੈ 'ਮਾਂ ਬੇਟੀ ਦੇ ਦਿਲ ਦੀ ਗੱਲ ਜਾਣਦੀ ਸੀ ਪਰ ਬੇਟੀ ਵੀ ਕਿਹੜਾ ਘੱਟ ਸੀ, ਉਹ ਵੀ ਮਾਂ ਦੇ ਦਿਲ ਦੀ ਗੱਲ ਜਾਣਦੀ ਸੀ। ਮਾਂ ਦੀਆਂ ਥੁੜ੍ਹਾਂ, ਮਾਂ ਦੀਆਂ ਮਜਬੂਰੀਆਂ...ਮਾਂ ਦੀਆਂ ਜ਼ਿੰਮੇਵਾਰੀਆਂ...। 'ਬਸ ਇਸੇ ਵਿਚ ਸਾਰੀ ਕਹਾਣੀ ਸਮਾਈ ਹੋਈ ਹੈ। ਮਾਂ-ਧੀ ਦੋਵਾਂ ਦੀ ਇਨਸਿਕਿਓਰਿਟੀ ਦੀ ਭਾਵਨਾ ਪ੍ਰਗਟ ਹੋ ਜਾਂਦੀ ਹੈ ਪਰ ਇਸੇ ਭਾਵਨਾ ਦੁਆਲੇ ਕੁਲਬੀਰ ਨੇ ਕਮਾਲ ਦੀ ਕਹਾਣੀ ਗੁੰਦੀ ਹੈ। ਮਾਂ ਅੰਜਲੀ ਇਹੀ ਭਾਵਨਾ ਕਿਸੇ ਡਾਕਟਰ ਮਿੱਤਰ ਤੋਂ ਆਪਣੇ ਲਈ ਅਤੇ ਆਪਣੀ ਬੇਟੀ ਲਈ ਸੁਰੱਖਿਅਤਾ ਭਾਲਦੀ ਹੈ।

ਇਹ ਜ਼ਰੂਰੀ ਨਹੀਂ ਕਿ ਨੀਂਦ 'ਚ ਆਇਆ ਸਾਡਾ ਹਰ ਸੁਪਨਾ ਸੱਚ ਹੋਵੇ ਪਰ ਕਦੀ ਕਦੀ ਸਾਡਾ ਅਚੇਤਨ ਮਨ ਸਾਨੂੰ ਸੁਪਨੇ ਵਿਚ ਕਿਸੇ ਘਟਨਾ-ਦੁਰਘਟਨਾ ਦਾ ਸੰਕੇਤ ਦਿੰਦਾ ਹੈ। ਇਸ ਗੱਲ ਨੂੰ ਕੁਝ ਹੱਦ ਤਕ ਕੁੱਝ ਮਨੋਵਿਗਿਆਨੀ ਵੀ ਮੰਨਦੇ ਹਨ, ਇਸੇ ਤੱਥ 'ਤੇ ਬੁਣੀ ਹੈ ਬਡੇਸਰੋਂ ਨੇ ਖੂਬਸੂਰਤ ਕਹਾਣੀ ;'ਫੇਰ'। ਇਸ ਕਹਾਣੀ ਦੀ ਮੁੱਖ ਪਾਤਰ ਐਕਸੀਡੈਂਟ ਤੋਂ ਬਾਅਦ ਆਪਣੇ ਅੰਦਰਲੇ ਦੁੱਖ ਦੇ ਕਥਾਰਸਿਸ ਲਈ ਆਪਣੀ ਕਹਾਣੀ ਕਿਸੇ ਨੂੰ ਸੁਣਾਉਣੀ ਚਾਹੁੰਦੀ ਹੈ ਪਰ ਹਰ ਹਾਲ ਪੁੱਛਣ ਵਾਲਾ ਆਪਣੀ ਕਹਾਣੀ ਸੁਣਾ ਕੇ ਤੁਰ ਜਾਂਦਾ ਹੈ। ਕਹਾਣੀ 'ਮਾਂ ਨੀ' ਦਾ ਪਹਿਲਾ ਫਿਕਰਾ ਹੀ ਸਾਰੀ ਕਹਾਣੀ ਕਹਿ ਜਾਂਦਾ, 'ਮਾਂ ਨੀ ਤੈਨੂੰ ਏਨੀ ਉਦਾਸ ਵੇਖ ਕੇ ਮੈਂ ਵੀ ਉਦਾਸ ਹੋ ਜਾਂਦੀ ਹਾਂ।' ਕਿਸੇ ਬੱਚੇ ਨੂੰ ਸਮੇਂ ਸਿਰ ਉਸ ਦੇ ਕੀਤੇ ਕੰਮਾਂ, ਪ੍ਰਾਪਤ ਕੀਤੇ ਇਨਾਮਾਂ ਅਤੇ ਗੁਣਾਂ ਦੀ ਵੱਡਿਆਂ ਵਲੋਂ ਪ੍ਰਸ਼ੰਸਾ ਨਾ ਮਿਲਣੀ ਉਸ ਦੀ ਪਰਸਨੈਲਿਟੀ ਲਈ ਕਿੰਨੀ ਘਾਤਕ ਹੋ ਸਕਦੀ ਹੈ—ਇਹ ਗੱਲ 'ਭੈਣ ਜੀ' ਕਹਾਣੀ ਪੜ੍ਹ ਕੇ ਤਾ ਲੱਗਦੀ ਹੈ। ਕਹਾਣੀ 'ਮਜਬੂਰੀ' ਨੂੰ ਰੋਚਕ ਬਣਾਉਣ ਅਤੇ ਸਿਰੇ ਚੜ੍ਹਾਉਣ ਵਾਲੀ ਇਸ ਸੀਰੀਅਲ ਦੀ ਡਾਇਰੈਕਟਰ ਤੇ ਪ੍ਰੋਡਿਊਸਰ ਨਿਹਲਾਨੀ ਇਕ ਸਾਈਕਿਕ ਕਰੈਕਟਰ ਹੈ। ਉਹ ਉਸਦੇ ਯੂਨਿਟ ਵਿਚ ਕੰਮ ਕਰਦੇ ਹਰ ਕਾਮੇ ਤੋਂ ਆਪਣਾ ਕੰਮ ਕਢਵਾਉਣ ਲਈ ਹਰ ਹੱਥਕੰਡਾ ਵਰਤਦੀ ਹੈ। ਕਲਾਕਾਰਾਂ ਨੂੰ ਕਿਵੇਂ ਪਾੜ ਕੇ ਰੱਖਣਾ ਹੈ ਉਹ ਬਾਖੂਬੀ ਜਾਣਦੀ ਹੈ। ਉਸ ਨੇ ਬਚਪਨ ਤੋਂ ਹੀ ਇਸੇ ਗਲੈਮਰ-ਦੁਨੀਆ ਦੀਆਂ ਠੋਕਰਾਂ ਖਾਧੀਆਂ ਹਨ, ਹਰ ਤਰ੍ਹਾਂ ਦੇ ਸਮਝੌਤੇ ਕੀਤੇ ਹਨ, ਹਮੇਸ਼ਾ ਮਾਨਸਿਕ ਤੌਰ 'ਤੇ ਅਸੁਰੱਖਿਅਤ ਰਹੀ ਹੈ, ਗੰਦੀ ਮੰਦੀ ਭਾਸ਼ਾ ਸੁਣੀ ਹੈ ਜੋ ਉਸ ਦੇ ਸੁਭਾਆ ਦਾ ਅੰਗ ਬਣ ਗਈ ਹੈ। ਇਸੇ ਲਈ ਹੁਣ ਉਹ ਆਪਣੇ ਹੇਠ ਕੰਮ ਕਰਨ ਵਾਲਿਆਂ ਨੂੰ ਕੋਠਿਆਂ ਵਾਲੀ ਭਾਸ਼ਾ ਵਿਚ ਗੰਦੀਆਂ ਗਾਲਾਂ ਕੱਢਦੀ ਹੈ ਜਿਹੜੀਆਂ ਕਿ ਪਾਠਕ ਨੂੰ ਵਲਗਰ ਲੱਗਦੀਆਂ ਹਨ। ਇਸ ਪਾਤਰ ਦੇ ਸਹੀ ਚਿੱਤਰਨ ਲਈ ਕਹਾਣੀਕਾਰਾ ਇਸ ਦੀ ਗੰਦੀ ਭਾਸ਼ਾ ਨੂੰ ਕਹਾਣੀ ਦਾ ਹਿੱਸਾ ਬਣਾਉਣ ਲਈ ਮਜਬੂਰ ਹੈ। ਉਂਜ ਨੀਤੀ ਦੇ ਮਾਧਿਅਮ ਨਾਲ ਉਹ ਦੱਸ ਜਾਂਦੀ ਹੈ ਕਿ ਇਸ ਮਾਹੌਲ ਦੀ ਨੰਗੀ ਭਾਸ਼ਾ ਨੂੰ ਉਹ ਸਵੀਕਾਰ ਨਹੀਂ ਕਰਦੀ ਸਗੋਂ ਉਸ ਨੂੰ ਤਾਂ ਕਿਤਾਬਾਂ ਨਾਲ, ਸਾਹਿਤ ਨਾਲ ਪਿਆਰ ਹੈ।




*ਕਹਾਣੀ-ਸੰਗ੍ਰਹਿ 'ਕੁਲਬੀਰ ਬਡੇਸਰੋਂ ਦੀਆਂ ਇਕੱਤੀ ਕਹਾਣੀਆਂ' ਦਾ ਮੁਖੜਾ*

ਗਲੈਮਰ ਦੀ ਦੁਨੀਆ ਆਮ ਲੋਕਾਂ ਲਈ ਸਵਰਗਾਂ ਦਾ ਝੂਟਾ ਜਾਪਦੀ ਹੈ ਪਰ ਅੰਦਰੋਂ ਖਾਰੀ ਹੈ, ਕਿੰਨੀ ਖੁਰਦਰੀ ਹੈ, ਕਿੰਨੀ ਖੁਦਗਰਜ਼ ਹੈ ਪਰ ਇਸ ਦੇ ਵਾਸੀ, ਕੰਮ ਕਰਨ ਵਾਲੇ, ਮਨ 'ਤੇ ਪੱਥਰ ਰੱਖ ਕੇ ਮਜਬੂਰੀ ਵੱਸ ਇਸ ਸਰਕਲ ਵਿਚ ਘੁੰਮਦੇ ਰਹਿੰਦੇ ਹਨ, ਸਭ ਕੁਝ ਸਹਿੰਦੇ ਰਹਿੰਦੇ ਹਨ। ਕਹਾਣੀ ਦੇ ਅੰਤ ਵਿਚ ਮੁੱਖ ਪਾਤਰ ਨੀਤੀ ਦੇ ਮਜਬੂਰ ਹੰਝੂ ਪਾਠਕ ਦੇ ਕੋਏ ਵੀ ਗਿੱਲੇ ਕਰ ਜਾਂਦੇ ਹਨ।

ਇਸੇ ਤਰ੍ਹਾਂ 'ਨੂੰਹ ਸੱਸ' ਕਹਾਣੀ ਵੀ ਇਸ ਮਨੋਵਿਗਿਆਨਕ ਤੱਥ 'ਤੇ ਆਧਾਰਤ ਹੈ ਕਿ ਪਿਆਰ ਵਿਹੂਣੀ ਔਰਤ ਕਿਸੇ ਵੀ ਖੂਹ ਖਾਤੇ ਡਿੱਗਣ ਲਈ ਤਿਆਰ ਹੋ ਜਾਂਦੀ ਹੈ। 'ਆਕਰੋਸ਼' ਕਹਾਣੀ ਪਾਠਕ ਦਾ ਧਿਆਨ ਖਾਸ ਤੌਰ 'ਤੇ ਆਪਣੇ ਵੱਲ ਖਿੱਚਦੀ ਹੈ। ਜਦੋਂ ਕਿਸੇ ਔਰਤ ਦਾ ਪਤੀ ਦੂਸਰੀ ਔਰਤ ਖੋਹ ਲੈਂਦੀ ਹੈ ਤਾਂ ਬਦਲੇ ਦੀ ਭਾਵਨਾ ਦੀ ਅੱਗ ਧੁਖਦੀ ਰਹਿੰਦੀ ਹੈ ਤੇ ਮੌਕਾ ਮਿਲਣ 'ਤੇ ਭਾਂਬੜ ਮੱਚ ਉਠਦੇ ਹਨ। ਬਹੁਤ ਹੀ ਵਧੀਆ ਕਹਾਣੀ ਨਿਭੀ ਹੈ। 'ਤੂੰ ਵੀ ਖਾ ਲੈ' ਕਹਾਣੀ ਵੀ ਰਿਸ਼ਤਿਆਂ ਵਿਚ ਪਈਆਂ ਮਹੀਨ ਦਰਾੜਾਂ ਲੁਕਾਉਂਦੀ ਹੋਈ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਸਚਾਈਆਂ ਪੇਸ਼ ਕਰ ਜਾਂਦੀ ਹੈ। ਕੁਲਬੀਰ ਭਾਵੇਂ ਤਿੰਨ-ਚਾਰ ਦਹਾਕਿਆਂ ਤੋਂ ਮਹਾਂਨਗਰ ਵਿਚ ਵਿਚਰ ਰਹੀ ਹੈ ਪਰ ਅਜੇ ਵੀ ਪੰਜਾਬ-ਠੇਠ ਪੰਜਾਬੀ ਉਸ ਦੀਆਂ ਰਗਾਂ ਵਿਚ ਵੱਸਦੀ ਹੈ। ਉਹ ਅੰਦਰੋਂ ਅਜੇ ਵੀ ਪੰਜਾਬੀ ਸਭਿਆਚਾਰ ਨਾਲ ਜੁੜੀ ਹੋਈ ਹੈ। 'ਦੋ ਔਰਤਾਂ' ਕਹਾਣੀ ਘਰੋਂ ਭੱਜ ਗਏ ਪਤੀ ਦੀ ਪਤਨੀ ਦੀਆਂ ਦੁਸ਼ਵਾਰੀਆਂ ਦਾ ਬਿਰਤਾਂਤ ਹੈ, ਕਹਾਣੀ ਹਰ ਪੱਖੋਂ ਪੂਰੀ ਨਿਭਦੀ ਹੈ ਪਰ ਭਾਸ਼ਾ ਪੱਖੋਂ ਪਾਠਕ ਨੂੰ ਅੱਖਰਦੀ ਹੈ।

ਕੁਲਬੀਰ ਕੋਲ ਮਨੁੱਖੀ ਮਨ ਅੰਦਰਲੇ ਸੰਤਾਪ ਨੂੰ ਫੜਨ ਦੀ ਸ਼ਕਤੀ ਹੈ ਅਤੇ ਉਹ ਮਾਨਸਿਕ ਸੰਤਾਪ ਨੂੰ ਕਹਾਣੀਆਂ ਵਿਚ ਗੁੰਦਣ ਦੀ ਮੁਹਾਰਤ ਰੱਖਦੀ ਹੈ। ਸਾਹਿਤ ਵਿਚ ਜ਼ਰੂਰੀ ਨਹੀਂ ਵਾਪਰੀ ਹਰ ਗੱਲ ਹੂਬਹੂ ਲਿਆਂਦੀ ਜਾਵੇ। ਬਾਕੀ ਇਸ ਦਾ ਫੈਸਲਾ ਮੈਂ ਹੋਰ ਸੂਝਵਾਨ ਵਿਦਵਾਨਾਂ ਅਤੇ ਪਾਠਕਾਂ 'ਤੇ ਛੱਡਦਾ ਹਾਂ। ਕਹਾਣੀਆਂ ਨੂੰ ਪੜ੍ਹ ਕੇ ਆਪਣਾ ਪ੍ਰਤੀਕਰਮ ਦੇਣਗੇ। ਇਸ ਗੱਲ ਨੂੰ ਛੱਡ ਕੇ ਕਹਾਣੀਆਂ ਪੜ੍ਹਨ ਯੋਗ ਹਨ। ਕੁਲਬੀਰ ਬਡੇਸਰੋਂ ਦੀਆਂ ਸਾਰੀਆਂ ਪ੍ਰਤੀਨਿਧ ਕਹਾਣੀਆਂ ਨੂੰ ਇਕੋ ਪੁਸਤਕ ਵਿਚ ਇਕੱਠੀਆਂ ਪੇਸ਼ ਕਰਨ ਲਈ ਬਲਬੀਰ ਮਾਧੋਪੁਰੀ ਵਧਾਈ ਅਤੇ ਧੰਨਵਾਦ ਦੇ ਹੱਕਦਾਰ ਹਨ। ਕੁਲਬੀਰ ਬਡੇਸਰੋਂ ਨੂੰ ਉਸ ਦੀ ਨਵੀਂ ਕਿਤਾਬ ਦੀ ਆਮਦ 'ਤੇ ਵਧਾਈ!!!

# ਕੈਲੇਫੋਰਨੀਆ ਡਾਇਰੀ (6) -ਸੁਫਨਿਆਂ ਦਾ ਸ਼ਹਿਰ

***ਡਾ. ਅੰਬਰੀਸ਼, ਡਾ. ਕਰਨੈਲ ਸਿੰਘ ਦਾ ਸਾਹਿਤਕ ਨਾਂ ਹੈ। ਉਹ ਲੰਮਾ ਸਮਾਂ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਫਿਰ ਉਥੋਂ ਹੀ ਪ੍ਰਿੰਸੀਪਲ ਵਜੋਂ ਕੰਮ ਮੁਕਤ (ਸੇਵਾ-ਮੁਕਤ) ਹੋਏ ਹਨ। ਉਨ੍ਹਾਂ ਦੀਆਂ ਕਈ ਕਾਵਿ-ਕਿਤਾਬਾਂ ਛਪ ਚੁੱਕੀਆਂ ਹਨ। ਸੈਰ ਸਪਾਟੇ ਦਾ ਵੀ ਬੇਹੱਦ ਸ਼ੌਕ ਰੱਖਦੇ ਹਨ। ਉਹ ਆਪਣੇ ਡਾ. ਬੇਟੇ ਕੋਲ ਕੈਲੇਫੋਰਨੀਆ ਆਉਂਦੇ-ਜਾਂਦੇ ਰਹਿੰਦੇ ਹਨ। ਇਸੇ 'ਚੋਂ ਉਨ੍ਹਾਂ ਦੀ ਡਾਇਰੀ ਲਿਖਣ ਵਿਚ ਆਉਂਦੀ ਹੈ।***



ਡਾ. ਅੰਬਰੀਸ਼
ਫੋਨ: 98143-89522

ਅੱਜ ਸ਼ਾਮ ਬੇਟਾ ਮੈਨੂੰ ਕਾਰ 'ਚ ਸ਼ਹਿਰ ਦਾ ਮੁੜ ਇਕ ਚੱਕਰ ਲੁਆ ਰਿਹਾ ਹੈ। ਤੁਲਨਾ ਕਰਨੀ ਸ਼ਾਇਦ ਕਦੇ ਵੀ ਸਹੀ ਨਹੀਂ ਹੁੰਦੀ, ਪਰ ਕੀ ਕੀਤਾ ਜਾਏ, ਅਮੋੜ ਮਨ ਇਹ ਕਾਰਜ ਹਰ ਪਲ ਕਰਦਾ ਹੈ। ਹੋਲਿਸਟਰ ਦੀਆਂ ਸੜਕਾਂ 'ਤੇ ਘੁੰਮਦਿਆਂ ਮੈਂ ਉਹ ਮਹਿਸੂਸ ਕਰ ਰਿਹਾਂ ਜੋ ਮੈਂ ਪਹਿਲਾਂ ਕਈ ਵਾਰ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਦੇ ਕੁਝ ਸ਼ਹਿਰਾਂ 'ਚ ਘੁੰਮਦਿਆਂ ਕੀਤਾ ਹੈ। ਕੀ ਕੋਈ ਸ਼ਹਿਰ ਏਨਾ ਵਿਵਸਥਿਤ, ਖੁੱਲ੍ਹਾ, ਸਾਫ ਤੇ ਨੇਮ-ਕਾਨੂੰਨਬੱਧ ਹੋ ਸਕਦਾ ਹੈ? ਤੇ ਨਿੱਕਾ ਹੋਣ ਦੇ ਬਾਵਜੂਦ ਖਰੀਦਦਾਰੀ, ਗਰੋਸਰੀ, ਸਕੂਲਾਂ ਅਤੇ ਸਿਹਤ ਆਦਿ ਦੀਆਂ ਸਭ ਸਹੂਲਤਾਂ ਨਾਲ ਲੈਸ ਵੀ? ਪੈਦਲ ਸੈਰ ਕਰਨ ਵਾਲਿਆਂ ਵਾਸਤੇ ਚੌੜੀਆਂ, ਪੱਧਰੀਆਂ, ਖਾਲੀ ਤੇ ਸਾਫ-ਸੁਥਰੀਆਂ ਪਟੜੀਆਂ ਤੇ ਹੋਰ ਨਿਰਧਾਰਤ ਥਾਂਵਾਂ ਨੇ; ਪਟੜੀਆਂ 'ਤੇ ਕਈ ਜਗ੍ਹਾ ਵੱਖ ਵੱਖ ਵਰਜਿਸ਼ਾਂ ਵਾਸਤੇ ਬੀਮ ਤੇ ਰੇਲਿੰਗਾਂ ਆਦਿ ਲੱਗੇ ਹੋਏ ਨੇ। ਕੀ ਇੰਜ ਦੇ ਸ਼ਹਿਰਾਂ 'ਚ ਰਹਿੰਦਾ ਕੋਈ ਵੀ ਬੰਦਾ ਉਦਾਸ ਜਾਂ ਅਵਸਾਦ 'ਚ ਹੋ ਸਕਦਾ ਹੈ? ਪਰ ਬਹੁਤੀ ਵਾਰ ਇਨ੍ਹਾਂ ਸ਼ਾਨਦਾਰ ਪਟੜੀਆਂ, ਆਸੇ ਪਾਸੇ ਦਿਆਂ ਪਹਾੜਾਂ, ਤੇ ਦੁਆਲੇ ਘਾਟੀ 'ਚ ਫੈਲੇ ਖੇਤਾਂ ਅਤੇ ਫਲਾਂ ਦੇ ਬਾਗਾਂ ਦੇ ਦ੍ਰਿਸ਼ਾਂ ਅਤੇ ਪੰਛੀਆਂ ਦੀਆਂ ਅਵਾਜ਼ਾਂ ਦਾ ਅਨੰਦ ਲੈਣ ਵਾਲਾ ਮੈਂ 'ਕੱਲਾ ਹੁੰਦਾ ਹਾਂ।

ਫਿਰ ਇਹ ਸ਼ਹਿਰ ਤਾਂ ਹੈ ਵੀ ਪਹਾੜਾਂ ਦੇ ਪੈਰਾਂ 'ਚ। ਅਸੀਂ ਡਰਾਈਵ 'ਤੇ ਉਨ੍ਹਾਂ ਪਹਾੜਾਂ ਵੱਲ ਜਾ ਰਹੇ ਹਾਂ ਜਿਹੜੇ ਮੈਨੂੰ ਆਪਣੀ ਪਹਿਲੀ ਮੰਜ਼ਿਲ 'ਤੇ ਸੌਣ-ਕਮਰੇ 'ਚੋਂ ਦਿਸਦੇ ਨੇ। ਸਾਉਲੇ ਤੇ ਧੁਆਂਖੇ-ਨੀਲੇ। ਕੋਲ ਪੁੱਜਦੇ ਹਾਂ ਤਾਂ ਪਹਾੜਾਂ ਤੋਂ ਉਰ੍ਹਾਂ ਪਹਾੜੀਆਂ 'ਤੇ ਸੰਘਣੇ ਰੁੱਖ ਦਿਸਣ ਲੱਗਦੇ ਤੇ ਪਹਾੜ ਬਹੁਤ ਨੇੜੇ ਜਾਪਣ ਲੱਗਦੇ ਨੇ। ਬੇਟਾ ਕਹਿੰਦਾ, ਇਹ ਏਨੀ ਨੇੜੇ ਹੈ ਨਹੀਂ ਜਿੰਨਾ ਜਾਪਦੇ ਨੇ। ਘੱਟੋ-ਘੱਟ 30 ਮੀਲ ਦੂਰ ਹੋਣਗੇ। ਪਹਾੜਾਂ ਤੋਂ ਪਾਰ ਪ੍ਰਸ਼ਾਂਤ ਮਹਾਂਸਾਗਰ ਹੈ। ਪਹਾੜਾਂ ਨੇ ਇਸ ਸ਼ਹਿਰ ਨੂੰ ਤਕਰੀਬਨ ਹਰ ਪਾਸਿਓਂ ਘੇਰਿਆ ਹੋਇਆ ਹੈ।

ਪਹਾੜਾਂ ਦਾ ਨਾਮ ਆਉਂਦਿਆਂ ਹੀ ਮੇਰੇ ਅੰਦਰ ਗੁਰਦਾਸਪੁਰ ਜ਼ਿਲ੍ਹੇ 'ਚ ਆਪਣੇ ਪਿੰਡ ਡਾਲੀਆ ਤੋਂ ਬਚਪਨ 'ਚ ਸਾਫ ਦਿਸਦੇ ਧੌਲਾਧਾਰ ਤੇ ਸ਼ਾਇਦ ਹਿਮਾਲਿਆ ਪਰਬਤਮਾਲਾ ਦੇ ਹੋਰ ਪਹਾੜਾਂ ਦਾ ਅਕਸ ਉੱਭਰ ਆਉਂਦਾ ਹੈ - ਵਿਸ਼ਾਲ, ਬਹੁਤ ਉੱਚੇ ਤੇ ਉੱਤਰ-ਪੂਰਬੀ ਦਿਸਹੱਦੇ ਦਾ ਬਹੁਤ ਵੱਡਾ ਇਲਾਕਾ ਮੱਲਦੇ। ਹੋਲਿਸਟਰ ਤੋਂ ਦਿਸਦੇ ਪਹਾੜ ਓਨੇ ਵਿਸ਼ਾਲ ਨਹੀਂ, ਪਰ ਏਨੇ ਨੀਵੇਂ ਵੀ ਨਹੀਂ, ਕਿਉਂਕਿ ਜਦੋਂ ਕਦੇ ਬੱਦਲਵਾਈ ਹੁੰਦੀ ਹੈ ਤਾਂ ਕਈ ਵਾਰ ਸਫੈਦ ਬਦਲੋਟੀਆਂ ਉਨ੍ਹਾਂ ਦੀਆਂ ਸਾਉਲੀਆਂ-ਨੀਲੀਆਂ ਚੋਟੀਆਂ ਤੋਂ ਹੇਠਾਂ ਵਿਖਾਈ ਦੇਂਦੀਆਂ ਨੇ। ਇੰਜ ਦੇ ਮੌਸਮ 'ਚ ਕਦੇ ਮੀਂਹ ਵਰ੍ਹਨ ਲੱਗਦਾ ਤੇ ਠੰਢ ਵਧ ਜਾਂਦੀ ਤਾਂ ਕਮਰੇ ਦੀ ਖਿੜਕੀ 'ਚੋਂ ਬਾਹਰ ਵੇਖਿਆਂ ਕਿਸੇ ਹਿੱਲ-ਸਟੇਸ਼ਨ 'ਤੇ ਹੋਣ ਦਾ ਅਹਿਸਾਸ ਹੁੰਦਾ ਹੈ।

ਪਰ ਕਾਸ਼! ਇਹ ਛੋਟਾ ਸ਼ਹਿਰ ਫੈਲ ਰਿਹਾ ਹੈ। ਸ਼ਹਿਰ ਦੇ ਬਾਹਰਵਾਰ ਨਵੀਆਂ ਕਲੋਨੀਆਂ ਉਸਾਰੀਆਂ ਜਾ ਰਹੀਆਂ ਨੇ। ਮੈਨੂੰ ਰੁੱਖਾਂ ਹੇਠ ਛਿਪੀਆਂ ਪਹਾੜੀਆਂ ਦਾ ਸੋਚ ਕੇ ਡਰ ਲੱਗਦਾ ਹੈ। ਮੈਂ ਹੋਲਿਸਟਰ ਦੇ ਆਸਪਾਸ, ਤੇ ਕੈਲੇਫੋਰਨੀਆ ਅਤੇ ਯੂਟਾਹ, ਨੈਵੇਡਾ ਅਤੇ ਐਰੀਜ਼ੋਨਾ ਦੇ ਹੋਰ ਇਲਾਕਿਆਂ 'ਚ ਜਿੱਥੇ ਵੀ ਘੁੰਮਿਆ ਹਾਂ, ਇਹ ਵੇਖ ਕੇ ਹੈਰਾਨ ਤੇ ਉਦਾਸ ਹੋਇਆ ਹਾਂ ਉਨ੍ਹਾਂ ਬਹੁਤਿਆਂ ਦੁਆਲੇ, ਸੋਹਣੀਆਂ ਗੋਲ ਹਰੀਆਂ ਪਹਾੜੀਆਂ ਤੇ ਨਿਰਜਨ ਬੰਜਰਾਂ ਸਮੇਤ, ਵਾੜਾਂ ਵਲੀਆਂ ਹੋਈਆਂ ਨੇ, ਮਤਲਬ ਉਹ ਕਿਸੇ ਮਨੁੱਖ ਦੀ ਮਲਕੀਅਤ ਨੇ, ਮਤਲਬ ਉਹ ਜੰਗਲੀ ਨਹੀਂ। ਮਨੁੱਖ ਕੋਲ ਮੰਗਲ ਗ੍ਰਹਿ 'ਤੇ ਜਾ ਕਲੋਨੀਆਂ ਵਸਾਉਣ ਦੀ ਸਮਰੱਥਾ ਹੈ, ਉਹ ਪਰਮਾਣੂ ਦੇ ਧੁਰ ਅੰਦਰ ਤੱਕ ਝਾਕ ਸਕਦਾ ਹੈ, ਉਹ ਬ੍ਰਹਿਮੰਡ ਦੇ ਕੁਝ ਗੂੜ੍ਹ ਰਹੱਸਾਂ ਦਾ ਗਿਆਤਾ ਹੈ, ਕੀ ਉਹ ਕੋਈ ਐਸਾ ਤਰੀਕਾ ਨਹੀਂ ਲੱਭ ਸਕਦਾ ਕਿ ਉਹਦੇ ਘਰ ਵੀ ਬਣੀ ਜਾਣ ਤੇ ਇਨ੍ਹਾਂ ਸੋਹਣੀਆਂ ਪਹਾੜੀਆਂ 'ਤੇ ਰੁੱਖ ਤੇ ਉਨ੍ਹਾਂ 'ਤੇ ਪਏ ਪੰਛੀਆਂ ਦੇ ਘਰ ਵੀ ਬਚੇ ਰਹਿਣ, ਉਹ ਜੰਗਲੀ ਵੀ ਬਣੇ ਰਹਿਣ?

# ਸੰਗੀਤ ਅਤੇ ਸਿਨੇਮਾ ਦਾ ਸਰਤਾਜ

ਸਮੁੱਚੇ ਸੰਗੀਤ ਜਗਤ ਵਿਚ ਸੂਫ਼ੀਆਨਾ ਗਾਇਕੀ ਸਦਕਾ ਇੱਕ ਵੱਖਰਾ ਸਰੋਤਾ ਵਰਗ ਪੈਦਾ ਕਰਨ ਵਾਲਾ ਸਤਿੰਦਰ ਸਰਤਾਜ ਅੱਜ ਕੱਲ੍ਹ ਸਿਨੇਮਾ ਜਗਤ ਵੱਲ ਆਇਆ ਹੈ। ਪਿਛਲੇ ਦਿਨੀਂ ਉਸ ਦੀ ਤੀਸਰੀ ਫਿਲਮ 'ਕਲੀ ਜੋਟਾ' ਸਿਨੇਮਾ ਘਰਾਂ ਦਾ ਸ਼ਿੰਗਾਰ ਬਣੀ ਹੈ। ਇਸ ਨੂੰ ਦਰਸ਼ਕਾਂ ਦਾ ਭਰਪੂਰ ਪਿਆਰ ਮਿਲ ਰਿਹਾ ਹੈ। ਸਤਿੰਦਰ ਸਰਤਾਜ ਦੀਆਂ ਫਿਲਮ ਕਲਾ ਸਰਗਰਮੀਆਂ ਨੂੰ ਵੇਖਦਿਆਂ ਕਹਿ ਸਕਦੇ ਹਾਂ

**ਸੁਰਜੀਤ ਜੱਸਲ**
ਫੋਨ: +91-98146-07737

ਉਹ ਆਪਣੀ ਗਾਇਕੀ ਵਾਂਗ ਫਿਲਮਾਂ ਪ੍ਰਤੀ ਵੀ ਵੱਖਰੀ ਸੋਚ ਲੈ ਕੇ ਤੁਰਿਆ ਹੈ। ਮਨੋਰੰਜਨ ਦੇ ਨਾਲ ਨਾਲ ਸਮਾਜ ਨੂੰ ਚੰਗਾ ਸੁਨੇਹਾ ਦੇਣਾ ਉਸ ਦਾ ਅਹਿਮ ਮਕਸਦ ਹੈ। ਭਾਵੇਂ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਅੱਜ ਦੇ ਦੌਰ ਵਿਚ ਅਜਿਹੀਆਂ ਫਿਲਮਾਂ ਵਪਾਰਕ ਨਜ਼ਰੀਏ ਤੋਂ ਉਣੀਆਂ ਰਹਿ ਜਾਂਦੀਆਂ ਹਨ, ਪਰ ਸਮਾਜ ਨਾਲ ਜੁੜੇ ਲੋਕ ਮੁੱਦਿਆਂ ਦੀ ਗੱਲ ਕਰਨਾ ਅੱਜ ਸਿਨੇਮਾ ਦੀ ਅਹਿਮ ਲੋੜ ਹੈ। ਸਤਿੰਦਰ ਬੜੀ ਸਹਿਜਤਾ ਵਾਲਾ ਕਲਾਕਾਰ ਹੈ। ਉਹ ਜੁੱਤੀਆਂ ਲਾਹ ਕੇ ਨਹੀਂ ਭੱਜਦਾ ਬਲਕਿ ਬੜੀ ਗੰਭੀਰ ਸੋਚ ਅਤੇ ਸੱਚੀ ਲਗਨ ਨਾਲ ਕਦਮ ਪੁੱਟਣ ਵਾਲਾ ਬੰਦਾ ਹੈ। ਉਸ ਨੇ ਹੌਲੀਵੁੱਡ ਦੀ ਫਿਲਮ 'ਦਿ ਬਲੈਕ ਪ੍ਰਿੰਸ' ਨਾਲ ਫਿਲਮ ਜਗਤ ਵੱਲ ਕਦਮ ਵਧਾਇਆ। ਮਹਾਰਾਜਾ ਰਣਜੀਤ ਸਿੰਘ ਦੇ ਬੇਟੇ ਮਹਾਰਾਜਾ ਦਲੀਪ ਸਿੰਘ ਦੀ ਅਸਲ ਜ਼ਿੰਦਗੀ 'ਤੇ ਆਧਾਰਿਤ ਇਸ ਫਿਲਮ ਵਿਚ ਉਸ ਨੇ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਨਿਭਾਇਆ। ਉਘੀ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਇਸ ਵਿਚ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦਾ ਦੀ ਭੂਮਿਕਾ ਨਿਭਾਈ ਸੀ।

ਭਾਵੇਂ ਇਸ ਪਹਿਲੀ ਫਿਲਮ ਨੂੰ ਪੰਜਾਬੀ ਦਰਸ਼ਕਾਂ ਨੇ ਕੋਈ ਵੱਡਾ ਹੁੰਗਾਰਾ ਨਾ ਦਿੱਤਾ ਪਰ ਸਰਤਾਜ ਦੀ ਅਦਾਕਾਰੀ, ਫਿਲਮ ਦੀ ਤਕਨੀਕ ਅਤੇ ਕੁਆਲਿਟੀ ਦੀ ਪਾਰਖੂ ਲੋਕਾਂ ਨੇ ਖੂਬ ਸਲਾਘਾ ਕੀਤੀ। 2017 ਵਿਚ ਆਈ ਇਹ ਪਹਿਲੀ ਫਿਲਮ ਅੰਗਰੇਜ਼ੀ, ਪੰਜਾਬੀ ਤੇ ਹੋਰ ਖੇਤਰੀ ਭਾਸ਼ਾਵਾਂ ਵਿਚ ਵੀ ਡੱਬ ਹੋਈ। 2020 ਵਿਚ ਸਤਿੰਦਰ ਸਰਤਾਜ ਆਪਣੀ ਦੂਸਰੀ ਫਿਲਮ 'ਇੱਕੋ ਮਿੱਕੇ' ਲੈ ਕੇ ਆਇਆ। ਭਾਵੇਂ ਇਹ ਕਰੋਨਾ ਮਹਾਮਾਰੀ ਦੀ ਲਪੇਟ ਵਿਚ ਆ ਗਈ ਸੀ, ਪਰ ਫਿਰ ਵੀ ਦਰਸ਼ਕਾਂ ਨੇ ਇਸ ਨੂੰ ਪਿਆਰ ਦਿੱਤਾ।

ਹੁਣ ਸਰਤਾਜ ਦੀ ਤੀਜੀ ਫਿਲਮ ਵੀ ਤਿੰਨ ਸਾਲ ਦੇ ਵਕਫ਼ੇ ਮਗਰੋਂ ਰਿਲੀਜ਼ ਹੋਈ ਹੈ। ਇਸ ਫਿਲਮ ਦੇ ਗੀਤ ਤਾਂ ਪਹਿਲਾਂ ਹੀ ਹਿੱਟ ਹੋ ਚੁੱਕੇ ਹਨ ਜਦੋਂਕਿ ਹੁਣ ਵਿਸ਼ੇ ਅਤੇ ਅਦਾਕਾਰੀ ਪੱਖੋਂ ਵੀ 'ਕਲੀ ਜੋਟਾ' ਫਿਲਮ ਨੂੰ ਪਸੰਦ ਕੀਤਾ ਗਿਆ ਹੈ। ਇਹ ਫਿਲਮ ਇੱਕ ਔਰਤ ਦੀ ਲੇਖਣੀ ਦੀ ਸੋਚ 'ਤੇ ਆਧਾਰਿਤ ਹੈ। ਪੰਜਾਬੀ ਸਾਹਿਤ ਵਿਚ ਅਜਿਹੀਆਂ ਬਹੁਤ ਕਹਾਣੀਆਂ ਹਨ ਜੋ ਪੰਜਾਬੀ ਸਿਨਮਿਆਂ ਦਾ ਹਿੱਸਾ ਬਣਨ ਯੋਗ ਹਨ। 'ਕਲੀ ਜੋਟਾ' ਦੀ ਗੱਲ ਕਰੀਏ ਤਾਂ ਇਹ ਔਰਤ ਦੀ ਆਜ਼ਾਦੀ ਅਤੇ ਹੱਕਾਂ ਨੂੰ ਦਬਾਉਣ ਦੇ ਯਤਨ ਸਦਕਾ ਹੋਏ ਸ਼ੋਸ਼ਣ ਦੀ ਸੱਚੀ ਦਾਸਤਾਨ ਹੈ। ਇਸ ਫਿਲਮ ਦੀ ਨਾਇਕਾ ਰਾਬੀਆ ਹੈ ਜਿਸ ਦਾ ਕਿਰਦਾਰ ਨੀਰੂ ਬਾਜਵਾ ਨੇ ਬੜੀ ਗੰਭੀਰਤਾ ਨਾਲ ਨਿਭਾਇਆ ਹੈ। ਇਹ ਨੀਰੂ ਬਾਜਵਾ ਦੀਆਂ ਹੁਣ ਤੱਕ ਆਈਆਂ ਫਿਲਮਾਂ ਤੋਂ ਬਹੁਤ ਹਟਕੇ ਅਤੇ ਚੁਣੌਤੀ ਭਰਿਆ ਕਿਰਦਾਰ ਹੈ। ਚੁਲਬੁਲੇ ਸੁਭਾਅ ਵਾਲੀ 'ਰਾਬੀਆ' ਆਪਣੀ ਜ਼ਿੰਦਗੀ ਮਰਜ਼ੀ ਨਾਲ ਜਿਉਣ ਦੀ ਇੱਛੁਕ ਹੈ। ਉਸ ਦੇ ਸੁਪਨੇ ਵੱਡੇ ਹਨ, ਉਸ ਕੋਲ ਹੌਸਲਾ ਹੈ, ਲਗਨ ਹੈ, ਇੱਕ ਜਨੂੰਨ ਹੈ। ਦੀਦਾਰ (ਸਤਿੰਦਰ ਸਰਤਾਜ) ਉਸ ਦਾ ਪਹਿਲਾ ਤੇ ਆਖਰੀ ਪਿਆਰ ਹੈ। ਲੇਖਿਕਾ ਹਰਿੰਦਰ ਕੌਰ ਨੇ ਆਪਣੀ ਇਸ ਕਹਾਣੀ ਵਿਚ ਔਰਤ ਦੀ ਆਜ਼ਾਦੀ ਅਤੇ ਸਮਾਜ ਦੇ ਚਿਹਰਿਆਂ ਨੂੰ ਪਰਦੇ 'ਤੇ ਉਤਾਰਨ ਦਾ ਯਤਨ ਕਰਦਿਆਂ ਔਰਤ ਦੇ ਹੱਕ ਸੱਚ ਦੀ ਗੱਲ ਕੀਤੀ ਹੈ। ਫਿਲਮ ਦਾ ਨਿਰਦੇਸ਼ਨ ਵਿਜੇ ਕੁਮਾਰ ਅਰੋੜਾ ਨੇ ਕੀਤਾ ਹੈ। ਭਾਵੇਂ ਇਹ ਔਰਤ ਪ੍ਰਧਾਨ ਫਿਲਮ ਹੈ, ਪਰ ਸਤਿੰਦਰ ਸਰਤਾਜ ਦੀ ਅਦਾਕਾਰੀ ਅਤੇ ਗੀਤਾਂ ਨੇ ਦਰਸ਼ਕਾਂ ਦਾ ਰੱਜਵਾਂ ਪਿਆਰ ਲਿਆ ਹੈ। ਇਸ ਫਿਲਮ ਦਾ ਗੀਤ 'ਕਿਤੇ ਨੀਂ ਤੇਰਾ ਰੁਤਬਾ ਘਟਦਾ...' ਅੱਜ ਹਰ ਇੱਕ ਦੀ ਜ਼ੁਬਾਨ 'ਤੇ ਹੈ। ਚਿਰਾਂ ਬਾਅਦ ਕੋਈ ਅਜਿਹੀ ਫਿਲਮ ਆਈ ਹੈ ਜਿਸ ਦੇ ਸੰਗੀਤ ਹਿੱਸੇ ਐਨੀ ਮਕਬੂਲੀਅਤ ਆਈ ਹੋਵੇ। ਸਤਿੰਦਰ ਦੇ ਗਾਇਕੀ ਪਿਛੋਕੜ ਦੀ ਗੱਲ ਕਰੀਏ ਤਾਂ ਉਸ ਨੇ 'ਪਾਣੀ ਪੰਜਾਂ ਦਰਿਆਵਾਂ ਵਾਲਾ ਜ਼ਹਿਰੀ ਹੋ ਗਿਆ' ਦਾ ਹੋਕਾ ਦੇ ਕੇ ਸਰੋਤਿਆਂ ਦੀ ਸੋਚ ਬਦਲਣ ਦਾ ਯਤਨ ਕੀਤਾ। ਫਿਰ 'ਅੱਧੀ ਕਿੱਕ 'ਤੇ ਸਟਾਰਟ ਮੇਰਾ ਯਾਮਹਾ..' ਵਰਗੇ ਗੀਤਾਂ ਨਾਲ ਉਸ ਨੇ ਨੌਜਵਾਨ ਵਰਗ ਨੂੰ ਆਪਣੇ ਕਲਾਵੇ 'ਚ ਲਿਆ। ਉਸ ਦੇ ਗੀਤ 'ਨਿੱਕੀ ਜਿਹੀ ਕੁੜੀ...' ਵਿਚੋਂ ਅੱਜ ਵੀ ਗਰੀਬ ਬਾਲੜੀ ਦੀ ਮਾਸੂਮੀਅਤ ਝਲਕਦੀ ਹੈ। ਸਰਤਾਜ ਵੱਲੋਂ ਆਪਣੀ ਗਾਇਕੀ ਦੇ ਹੁਣ ਤੱਕ ਦੇ ਸਫ਼ਰ ਦੌਰਾਨ ਅਨੇਕਾਂ ਹੀ ਮੀਲ-ਪੱਥਰ ਗੱਡੇ ਜਾ ਚੁੱਕੇ ਹਨ। ਇੱਕ ਤੋਂ ਬਾਅਦ ਇੱਕ ਐਲਬਮ 'ਇਬਾਦਤ', 'ਚੀਰੇ ਵਾਲਾ ਸਰਤਾਜ', 'ਅਫ਼ਸਾਨੇ ਸਰਤਾਜ ਦੇ', 'ਰੰਗਰੇਜ਼', 'ਹਮਜ਼ਾ' ਅਤੇ ਸਿੰਗਲ ਟਰੈਕ ਗੀਤ 'ਸਰਦਾਰ' ਆਦਿ ਸਦਕਾ ਨਿਰੰਤਰ ਹੀ ਸਫਲਤਾ ਦਾ ਪਾਂਧੀ ਬਣਿਆ ਹੋਇਆ ਹੈ। ਸਰਤਾਜ ਦੀ ਸੂਫ਼ੀਆਨਾ ਮਹਿਫਲ ਜਿੱਥੇ ਇੰਗਲੈਂਡ ਦੇ 'ਰਾਇਲ ਐਲਬਰਟ ਹਾਲ' ਦੀ ਸ਼ਾਨ ਬਣੀ ਹੈ, ਉੱਥੇ ਹੀ ਉਸ ਦੇ ਗੀਤਾਂ ਨੂੰ 'ਬ੍ਰਿਟਿਸ਼ ਬਰੌਡਕਾਸਟ ਕਾਰਪੋਰੇਸ਼ਨ' (ਬੀ.ਬੀ.ਸੀ.) 'ਤੇ ਵੀ ਵੱਜਦੇ ਦੇਖਿਆ ਜਾ ਸਕਦਾ ਹੈ ਜੋ ਕਿ ਪੰਜਾਬ ਅਤੇ ਸਮੂਹ ਪੰਜਾਬੀਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਮਪਲ ਸਤਿੰਦਰ ਸਰਤਾਜ ਨੇ ਸੰਗੀਤ ਦੀ ਉੱਚ ਪੜ੍ਹਾਈ ਕਰਦਿਆਂ ਕਈ ਖ਼ਿਤਾਬ ਹਾਸਲ ਕੀਤੇ ਹਨ। ਆਪਣੇ ਗੀਤਾਂ ਵਾਂਗ ਬੇਹੱਦ ਮਿਲਾਪੜੇ ਸੁਭਾਅ ਦੇ ਮਾਲਕ ਸਤਿੰਦਰ ਸਰਤਾਜ ਤੋਂ ਪੰਜਾਬੀ ਸੰਗੀਤ ਅਤੇ ਫਿਲਮ ਜਗਤ ਨੂੰ ਬਹੁਤ ਉਮੀਦਾਂ ਹਨ।












*ਅਦਾਕਾਰ ਸਤਿੰਦਰ ਸਰਤਾਜ ਅਤੇ (ਹੇਠਾਂ) ਉਸ ਦੀਆਂ ਫਿਲਮਾਂ 'ਦਿ ਬਲੈਕ ਪ੍ਰਿੰਸ', 'ਇੱਕੋ ਮਿੱਕੇ' ਤੇ 'ਕਲੀ ਜੋਟਾ' ਦੇ ਪੋਸਟਰ।*

# ਸ਼ਾਹਰੁਖ ਖਾਨ ਦੀ ਹਜ਼ਾਰ ਕਰੋੜੀ 'ਪਠਾਨ'

ਅਦਾਕਾਰ ਸ਼ਾਹਰੁਖ ਖਾਨ ਦੀ ਫਿਲਮ 'ਪਠਾਨ' ਭਾਰਤ ਦੇ ਇਤਿਹਾਸ ਵਿਚ ਹੁਣ ਤਕ ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਹਿੰਦੀ ਫਿਲਮ ਬਣ ਗਈ ਹੈ। ਜਨਵਰੀ ਵਿਚ ਰਿਲੀਜ਼ ਹੋਈ ਇਸ ਫਿਲਮ ਨੇ ਹੁਣ ਤਕ ਦੇਸ਼ ਤੇ ਵਿਦੇਸ਼ ਵਿਚ 1028 ਕਰੋੜ ਰੁਪਏ ਦੀ ਕਮਾਈ ਕਰ ਲਈ ਹੈ। ਇਸ ਫਿਲਮ ਦਾ ਨਿਰਦੇਸ਼ਨ ਸਿਧਾਰਥ ਆਨੰਦ ਨੇ ਕੀਤਾ ਹੈ ਤੇ ਇਸ ਫਿਲਮ ਨੇ ਭਾਰਤ ਵਿਚ 641.50 ਕਰੋੜ ਰੁਪਏ ਦਾ ਕਾਰੋਬਾਰ ਕੀਤਾ ਹੈ ਜਦਕਿ ਭਾਰਤ ਵਿਚ ਸ਼ੁੱਧ ਕਮਾਈ 529.96 ਕਰੋੜ ਰੁਪਏ ਹੈ ਜਿਸ ਵਿਚ ਹਿੰਦੀ ਤੋਂ 511.70 ਕਰੋੜ ਤੇ ਹੋਰ ਭਾਸ਼ਾਵਾਂ ਵਿਚ 18.26 ਕਰੋੜ ਰੁਪਏ ਸ਼ਾਮਲ ਹਨ।

ਸ਼ਾਹਰੁਖ ਖਾਨ ਨੇ ਇਸ ਫਿਲਮ ਜ਼ਰੀਏ ਚਾਰ ਸਾਲਾਂ ਬਾਅਦ ਮੁੱਖ ਅਦਾਕਾਰ ਵਜੋਂ ਵਾਪਸੀ ਕੀਤੀ ਹੈ। ਇਹ ਫਿਲਮ 25 ਜਨਵਰੀ ਨੂੰ ਰਿਲੀਜ਼ ਹੋਈ ਸੀ ਤੇ ਇਸ ਫਿਲਮ ਨੇ ਐਡਵਾਂਸ ਬੁਕਿੰਗ ਦੇ ਵੀ ਨਵੇਂ ਰਿਕਾਰਡ ਬਣਾ ਲਏ ਹਨ।

ਸਿਧਾਰਥ ਆਨੰਦ ਨੇ ਕਿਹਾ, "ਮੈਂ ਫਿਲਮ 'ਪਠਾਨ' ਦੀ ਸਫਲਤਾ ਤੋਂ ਬਾਗੋਬਾਗ ਹਾਂ ਤੇ ਇਹ ਫਿਲਮ ਭਾਰਤੀ ਇਤਿਹਾਸ ਦੀ ਨੰਬਰ ਇਕ ਫਿਲਮ ਬਣ ਗਈ ਹੈ। ਇਸ ਫਿਲਮ ਲਈ ਦਰਸ਼ਕਾਂ ਨੇ ਜੋ ਪਿਆਰ ਦਿਖਾਇਆ ਹੈ ਉਹ ਇਤਿਹਾਸਕ ਹੈ ਤੇ ਬਾਕਸ ਆਫਿਸ ਦੇ ਨਤੀਜੇ ਸਭ ਦੇ ਸਾਹਮਣੇ ਹਨ। ਮੈਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਮੈਂ ਜੋ ਫਿਲਮ ਬਣਾਈ ਹੈ, ਉਸ ਨੇ ਦੇਸ਼ ਤੇ ਵਿਦੇਸ਼ ਵਿਚ ਲੋਕਾਂ ਦਾ ਮਨੋਰੰਜਨ ਕੀਤਾ ਹੈ।" ਯਾਦ ਰਹੇ ਕਿ ਇਹ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਵਿਵਾਦਾਂ ਵਿਚ ਘਿਰ ਗਈ ਸੀ। ਕੁਝ ਹਿੰਦੂ ਕੱਟੜਪੰਥੀ ਜਥੇਬੰਦੀਆਂ ਇਸ ਫਿਲਮ ਖ਼ਿਲਾਫ ਡਟ ਗਈਆਂ ਸਨ।




# ਜ਼ੀਨਤ ਅਮਾਨ ਦਾ ਜ਼ਮਾਨਾ

ਆਪਣੇ ਵੇਲਿਆਂ ਦੀ ਚਰਚਿਤ ਅਦਾਕਾਰਾ ਜ਼ੀਨਤ ਅਮਾਨ ਨੇ ਸਪਸ਼ਟ ਕੀਤਾ ਹੈ ਕਿ ਸੋਸ਼ਲ ਮੀਡੀਆ 'ਤੇ ਉਸ ਦੀ ਮੌਜੂਦਗੀ ਤੋਂ ਇਹ ਨਾ ਸਮਝਿਆ ਜਾਵੇ ਕਿ ਉਹ ਵੱਡੇ ਪਰਦੇ 'ਤੇ ਵਾਪਸੀ ਕਰੇਗੀ ਪਰ ਉਸ ਨੇ ਨਾਲ ਇਹ ਵੀ ਕਿਹਾ ਕਿ ਉਸ ਨੇ ਫਿਲਮ ਜਗਤ ਲਈ ਦਰਵਾਜ਼ੇ ਹਾਲ ਦੀ ਘੜੀ ਬੰਦ ਨਹੀਂ ਕੀਤੇ। ਜ਼ੀਨਤ ਨੇ ਇੰਸਟਾਗ੍ਰਾਮ 'ਤੇ ਆਪਣੇ 16 ਸਾਲ ਦੀ ਉਮਰ ਵਿਚ ਫਿਲਮੀ ਸਫਰ ਦੀ ਸ਼ੁਰੂਆਤ ਕਰਨ ਵੇਲੇ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ।

ਉਸ ਨੇ ਤਸਵੀਰ ਦੀ ਕੈਪਸ਼ਨ ਵਿਚ ਲਿਖਿਆ, "ਇਹ ਅਨੁਮਾਨ ਲਾਏ ਜਾ ਰਹੇ ਹਨ ਕਿ ਮੈਂ ਸੋਸ਼ਲ ਮੀਡੀਆ 'ਤੇ ਤਾਂ ਆਈ ਹਾਂ ਕਿਉਂਕਿ ਮੈਂ ਸਿਨੇਮਾ ਵਿਚ ਵਾਪਸੀ ਕਰ ਰਹੀ ਹਾਂ ਪਰ ਮੈਂ ਵੱਖਰੀ ਤਰ੍ਹਾਂ ਦੀ ਗੱਲ ਹਾਂ ਅਤੇ ਮੈਨੂੰ ਲਗਦਾ ਹੈ ਕਿ ਸੋਸ਼ਲ ਮੀਡੀਆ 'ਤੇ ਅਚਾਨਕ ਆਉਣ ਨਾਲ ਕਈਆਂ ਦੇ ਦੰਦਾਂ ਹੇਠ ਜੀਭ ਆ ਗਈ ਹੈ। ਮੈਂ ਸਿਨੇਮਾ ਵਿਚ ਵਾਪਸੀ ਨਹੀਂ ਕਰ ਰਹੀ ਪਰ ਮੈਂ ਇਸ ਲਈ ਦਰਵਾਜ਼ੇ ਵੀ ਬੰਦ ਨਹੀਂ ਕੀਤੇ।" 71 ਸਾਲਾ ਅਦਾਕਾਰਾ ਨੇ ਦੱਸਿਆ ਕਿ ਰਚਨਾਤਮਕਤਾ ਕਦੇ ਵੀ ਸੇਵਾਮੁਕਤ ਨਹੀਂ ਹੁੰਦੀ।

ਜ਼ੀਨਤ ਅਮਾਨ ਦਾ ਜਨਮ 19 ਨਵੰਬਰ 1951 ਦਾ ਹੈ। ਪਹਿਲਾਂ ਪਹਿਲ ਉਸ ਦੀ ਚਰਚਾ ਫੈਸ਼ਨ ਮਾਡਲ ਵਜੋਂ ਹੋਈ ਸੀ। 1970 ਵਿਚ ਉਸ ਨੇ ਫੈਮਿਨਾ ਮਿਸ ਇੰਡੀਆ ਅਤੇ ਮਿਸ ਏਸ਼ੀਆ ਪੈਸਿਫਿਕ ਇੰਟਰਨੈਸ਼ਨਲ ਮੁਕਾਬਲਾ ਜਿੱਤਿਆ। ਉਦੋਂ ਹੀ ਉਸ ਨੇ ਫਿਲਮੀ ਦੁਨੀਆ ਵਿਚ ਪ੍ਰਵੇਸ਼ ਕੀਤਾ। 1970 ਵਿਚ ਉਸ ਦੀ ਫਿਲਮ 'ਦਿ ਈਵਲ ਵਿਦਿਨ' ਅਤੇ 1971 ਵਿਚ 'ਹਲਚਲ' ਆਈ ਪਰ ਉਸ ਨੂੰ ਸ਼ੁਹਰਤ 1971 ਵਿਚ ਰਿਲੀਜ਼ ਹੋਈ ਫਿਲਮ 'ਹਰੇ ਰਾਮਾ ਹਰੇ ਕ੍ਰਿਸ਼ਨਾ' ਨਾਲ ਮਿਲੀ। ਇਸ ਫਿਲਮ ਲਈ ਉਸ ਨੂੰ ਫਿਲਮਫੇਅਰ ਦਾ ਸਹਾਇਕ ਅਦਾਕਾਰਾ ਦਾ ਇਨਾਮ ਵੀ ਮਿਲਿਆ। ਫਿਰ ਜਦੋਂ 1973 ਵਿਚ ਉਸ ਦੀ ਫਿਲਮ 'ਯਾਦੋਂ ਕੀ ਬਰਾਤ' ਆਈ ਤਾਂ ਫਿਲਮੀ ਦੁਨੀਆ ਵਿਚ ਉਹ ਪੱਕੇ ਪੈਰੀਂ ਹੋ ਗਈ।

ਜ਼ੀਨਤ ਅਮਾਨ ਦੇ ਪਿਤਾ ਅਮਾਨ-ਉੱਲਾ ਖਾਨ ਕਹਿੰਦੇ-ਕਹਾਉਂਦੇ ਪਟਕਥਾ ਲੇਖਕ ਸਨ। ਉਨ੍ਹਾਂ 'ਮੁਗ਼ਲ-ਏ-ਆਜ਼ਮ' ਅਤੇ 'ਪਾਕੀਜ਼ਾ' ਵਰਗੀਆਂ ਚਰਚਿਤ ਅਤੇ ਲਾਮਿਸਾਲ ਸਾਬਤ ਹੋਈਆਂ ਫਿਲਮਾਂ ਦੀਆਂ ਪਟਕਥਾਵਾਂ ਲਿਖੀਆਂ।





*ਅੱਜ ਵਾਲੀ ਜ਼ੀਨਤ ਅਮਾਨ ਅਤੇ (ਸੱਜੇ) ਚੜ੍ਹਦੀ ਉਮਰ ਵਾਲੀ ਇਕ ਤਸਵੀਰ।*

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020




## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976




**Heavy duty Trucks & Trailer Parts**

**7401 Brookville Road**
**Indianapolis, IN 46239**

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020